4-AUG-PAGE-1.qxd 8/3/2025 10:17 PM Page 1

ਸੋਮਵਾਰ, 4 ਅਗਸਤ, 2025
20 ਸਾਉਣ { ਨਾਨਕਸ਼ਾਹੀ 557 / ਬਿਕਰਮੀ 2082 }
ਜਿਲਦ/VOL. : 74
ਅੰਕ/NO. : 64

ਰੋਜ਼ਾਨਾ
# ਨਵਾਂ ਜ਼ਮਾਨਾ

DAILY NAWAN ZAMANA • MONDAY, 4 AUGUST, 2025 — ਜਲੰਧਰ

'ਨਵਾਂ ਜ਼ਮਾਨਾ' ਦੇ ਫ਼ੋਨ ਨੰਬਰ
ਪੁੱਛ-ਗਿੱਛ (ਰਿਸੈਪਸ਼ਨ) 0181-5097300
ਇਸ਼ਤਿਹਾਰ ਵਿਭਾਗ 0181-5097302
ਸਾਹਿਤ ਸੰਪਾਦਕ (ਐਤਵਾਰਤਾ) 0181-5097305
ਕੰਪਿਊਟਰ ਰੂਮ 0181-5097310
ਵੈੱਬ ਟੀ ਵੀ 0181-5133160

You Tube nawan zamana TV

ਕੀਮਤ/PRICE : 5.00 ਰੁਪਏ Regd. No : L-4/Pb-JL-0023/2024-26, (R.N.I.)-00068/57 E-mail : nawanzamana@gmail.com www.nawanzamana.in ਸਫ਼ੇ : 12

## ਕਮਿਊਨਿਸਟ ਪਾਰਟੀਆਂ ਫਾਸ਼ੀ ਤਾਕਤਾਂ ਦਾ ਟਾਕਰਾ ਕਰਨ ਲਈ ਇੱਕ ਮੰਚ 'ਤੇ ਇਕੱਠੀਆਂ ਹੋਣ : ਬੰਤ ਬਰਾੜ



**ਮੋਗਾ (ਇਕਬਾਲ ਸਿੰਘ ਖਹਿਰਾ)**

ਭਾਰਤੀ ਕਮਿਊਨਿਸਟ ਪਾਰਟੀ ਦੇ 25ਵੇਂ ਮਹਾਂ-ਸੰਮੇਲਨ ਦੀ ਕਾਮਯਾਬੀ ਲਈ ਪੰਜਾਬ ਸੂਬੇ ਦਾ ਹਰ ਪਾਰਟੀ ਵਰਕਰ, ਆਗੂ ਅਤੇ ਪਾਰਟੀ ਹਮਦਰਦ ਪੂਰੀ ਤਨਦੇਹੀ, ਲਗਨ ਅਤੇ ਸਖ਼ਤ ਮਿਹਨਤ ਨਾਲ ਲੱਗਿਆ ਹੋਇਆ ਹੈ।ਇਸ ਮਹਾਂ-ਸੰਮੇਲਨ ਨੂੰ ਸਫ਼ਲ ਬਣਾਉਣ ਲਈ ਪੰਜਾਬ ਭਰ ਵਿੱਚ ਮੀਟਿੰਗਾਂ ਅਤੇ ਕੈਂਪ ਲਗਾਏ ਜਾ ਰਹੇ ਹਨ। ਇਸੇ ਲੜੀ ਤਹਿਤ ਇਸ ਸੰਮੇਲਨ ਵਿੱਚ ਵੱਡੀ ਗਿਣਤੀ ਵਿੱਚ ਆ ਰਹੇ ਡੈਲੀਗੇਟਾਂ ਨੂੰ ਹਰ ਤਰ੍ਹਾਂ ਦੀ ਸੁਵਿਧਾ ਦੇਣ ਲਈ ਸਥਾਨਕ ਸ਼ਹੀਦ ਨਛੱਤਰ ਸਿੰਘ ਧਾਲੀਵਾਲ ਭਵਨ ਵਿਖੇ ਪਾਰਟੀ ਵਲੰਟੀਅਰਜ਼ ਦਾ ਇਕ ਟ੍ਰੇਨਿੰਗ ਕੈਂਪ ਲਗਾਇਆ ਗਿਆ। ਇਸ ਵਲੰਟੀਅਰ ਕੈਂਪ ਨੂੰ ਵਿਸ਼ੇਸ਼ ਤੌਰ ਤੇ ਸੰਬੋਧਨ ਕਰਨ ਲਈ ਪਹੁੰਚੇ ਸੀ ਪੀ ਆਈ ਦੇ ਸੂਬਾ ਸਕੱਤਰ ਬੰਤ ਸਿੰਘ ਬਰਾੜ ਨੇ ਕਿਹਾ ਕਿ ਹਰ ਚੰਗੇ ਕਾਰਜ ਨੂੰ ਨੇਪਰੇ ਚਾੜ੍ਹਨ ਲਈ ਨੌਜਵਾਨਾਂ ਦਾ ਵਿਸ਼ੇਸ਼ ਯੋਗਦਾਨ ਹੁੰਦਾ ਹੈ। ਕਾਮਰੇਡ ਬਰਾੜ ਨੇ ਕਿਹਾ ਕਿ ਪਾਰਟੀ ਦੇ ਕੌਮੀ ਮਹਾਂ-ਸੰਮੇਲਨ ਨੂੰ ਕਾਮਯਾਬ ਬਣਾਉਣ ਲਈ ਪਾਰਟੀ ਦੇ ਨੌਜਵਾਨ ਵਰਗ ਦਾ ਅਹਿਮ ਯੋਗਦਾਨ ਰਹੇਗਾ।ਉਹਨਾ ਕੌਮਾਂਤਰੀ ਸਥਿਤੀ 'ਤੇ ਗੱਲਬਾਤ ਕਰਦਿਆਂ ਕਿਹਾ ਕਿ ਜਿਸ ਦੌਰ ਵਿੱਚ ਅਸੀਂ ਪਾਰਟੀ ਦਾ ਮਹਾਂ-ਸੰਮੇਲਨ ਕਰਨ ਜਾ ਰਹੇ ਹਾਂ, ਉਸ ਦੌਰ ਵਿੱਚ ਕੌਮਾਂਤਰੀ ਪੱਧਰ 'ਤੇ ਆਰਥਿਕ ਲੁੱਟ ਲਈ ਸਰਮਾਏਦਾਰ ਕਾਰਪੋਰੇਟ ਘਰਾਣਿਆਂ ਅਤੇ ਅਮਰੀਕਾ ਵੱਲੋਂ ਇੱਕ ਵੱਡਾ ਜ਼ੁਲਮ ਢਾਹਿਆ ਜਾ ਰਿਹਾ ਹੈ। ਆਰਥਿਕ ਲੁੱਟ ਲਈ ਜੰਗਾਂ ਲਾਈਆਂ ਜਾ ਰਹੀਆਂ ਹਨ। ਔਰਤਾਂ, ਬੱਚਿਆਂ ਅਤੇ ਆਮ ਲੋਕਾਂ ਨੂੰ ਮੌਤ ਦੇ ਘਾਟ ਉਤਾਰਿਆ ਜਾ ਰਿਹਾ ਹੈ। ਫਲਸਤੀਨ ਵਿੱਚ ਲਗਾਤਾਰ ਲੱਗੀ ਜੰਗ ਦੌਰਾਨ 60 ਹਜ਼ਾਰ ਤੋਂ ਵੱਧ ਔਰਤਾਂ ਅਤੇ ਬੱਚਿਆਂ ਨੂੰ ਮੌਤ ਦੇ ਘਾਟ ਉਤਾਰ ਦਿੱਤਾ ਗਿਆ ਹੈ, ਜੋ ਕਿ ਵੱਡਾ ਮਨੁੱਖੀ ਘਾਣ ਹੈ। ਉਹਨਾ ਕਿਹਾ ਕਿ ਅਮਰੀਕਾ ਦਾ ਰਾਸ਼ਟਰਪਤੀ ਡੋਨਾਰਡ ਟਰੰਪ ਦੁਨੀਆ ਦੀ ਆਰਥਿਕਤਾ 'ਤੇ ਕਬਜ਼ਾ ਕਰਨ ਦੀ ਨੀਅਤ ਨਾਲ ਤਬਾਹੀ ਕਰ ਰਿਹਾ ਹੈ, ਜਿਸ ਖ਼ਿਲਾਫ਼ ਦੁਨੀਆ ਭਰ ਦੇ ਇਨਸਾਫਪਸੰਦ ਲੋਕਾਂ ਨੂੰ ਇੱਕ ਮੰਚ 'ਤੇ ਇਕੱਠਾ ਹੋਣਾ ਚਾਹੀਦਾ ਹੈ।

ਕਾਮਰੇਡ ਬਰਾੜ ਨੇ ਕੇਂਦਰ ਵਿੱਚ ਮੋਦੀ ਦੀ ਅਗਵਾਈ ਵਾਲੀ ਬੀ ਜੇ ਪੀ ਦੀ ਸਰਕਾਰ ਬਾਰੇ ਬੋਲਦਿਆਂ ਕਿਹਾ ਕਿ ਮੋਦੀ ਦੀ ਹਕੂਮਤ ਵੀ ਕਾਰਪੋਰੇਟ ਸੈਕਟਰ ਦੇ ਇਸ਼ਾਰੇ 'ਤੇ ਦੇਸ਼ ਵਿੱਚ ਫਾਸ਼ੀਵਾਦੀ ਮਾਹੌਲ ਸਿਰਜ ਕੇ ਲੋਕਾਂ ਖਿਲਾਫ਼ ਜ਼ੁਲਮ ਕਰ ਰਹੀ ਹੈ। ਕੇਂਦਰ ਸਰਕਾਰ ਵੱਲੋਂ ਸੰਵਿਧਾਨ 'ਤੇ ਹਮਲਾ ਕਰਕੇ ਉਸ ਨੂੰ ਬਦਲਣ ਦੀ ਕੋਝੀ ਕੋਸ਼ਿਸ਼ ਕੀਤੀ ਜਾ ਰਹੀ ਹੈ। ਕਮਿਊਨਿਸਟ ਏਕਤਾ ਬਾਰੇ ਬੋਲਦਿਆਂ ਉਹਨਾ ਕਿਹਾ ਕਿ ਸੀ ਪੀ ਆਈ ਦਾ ਕੌਮੀ ਮਹਾਂ-ਸੰਮੇਲਨ ਇਸ ਗੱਲ ਦਾ ਸੱਦਾ ਦੇ ਰਿਹਾ ਹੈ ਕਿ ਦੇਸ਼ ਪੱਧਰ 'ਤੇ ਕਮਿਊਨਿਸਟ ਮੌਜੂਦਾ ਫਾਸ਼ੀਵਾਦੀ ਤਾਕਤਾਂ ਦਾ ਟਾਕਰਾ ਕਰਨ ਲਈ ਇੱਕ ਪਲੇਟਫਾਰਮ 'ਤੇ ਇਕੱਠੇ ਹੋਣ। ਕਮਿਊਨਿਸਟ ਪਾਰਟੀਆਂ ਨੂੰ ਇੱਕ ਪਲੇਟਫਾਰਮ 'ਤੇ ਇਕੱਠਾ ਕਰਨ ਦਾ ਸੀ ਪੀ ਆਈ ਪਹਿਲਾਂ ਦੀ ਤਰ੍ਹਾਂ ਇਸ ਵਾਰ ਵੀ ਆਪਣਾ ਅਗਾਂਹਵਧੂ ਯਤਨ ਜਾਰੀ ਰੱਖੇਗੀ।

ਇਸ ਮੌਕੇ ਕਾਮਰੇਡ ਜਗਰੂਪ, ਕੁਲਦੀਪ ਭੋਲਾ, ਹੰਸ ਰਾਜ ਗੋਲਡਨ, ਸੁਖਜਿੰਦਰ ਮਹੇਸਰੀ, ਸੁਰਿੰਦਰ ਢੰਡੀਆਂ, ਪਰਮਜੀਤ ਢਾਬਾਂ, ਕਰਮਵੀਰ ਕੌਰ ਬੱਧਨੀ, ਸੁਖਵਿੰਦਰ ਮਲੋਟ, ਰਮਨ ਧਰਮੂ ਵਾਲਾ, ਗੁਰਜੀਤ ਕੌਰ ਸਰਦੂਲਗੜ੍ਹ ਅਤੇ ਰਾਹੁਲ ਪੰਜਾਬੀ ਯੂਨੀਵਰਸਿਟੀ ਪਟਿਆਲਾ ਨੇ ਵੀ ਸੰਬੋਧਨ ਕੀਤਾ।

## ਫੌਜੀ ਅਫਸਰ ਨੇ ਜਹਾਜ਼ ਦਾ ਅਮਲਾ ਕੁੱਟ'ਤਾ



**ਸ੍ਰੀਨਗਰ** : ਸਪਾਈਸਜੈੱਟ ਏਅਰਲਾਈਨ ਨੇ ਇੱਕ ਯਾਤਰੀ ਵੱਲੋਂ ਸ੍ਰੀਨਗਰ ਹਵਾਈ ਅੱਡੇ 'ਤੇ ਉਸ ਦੇ ਚਾਰ ਮੁਲਾਜ਼ਮਾਂ 'ਤੇ ਹਮਲਾ ਕੀਤੇ ਜਾਣ ਦਾ ਦਾਅਵਾ ਕੀਤਾ ਹੈ। ਏਅਰਲਾਈਨ ਦੇ ਤਰਜਮਾਨ ਨੇ ਕਿਹਾ ਕਿ ਇਹ ਘਟਨਾ 26 ਜੁਲਾਈ ਦੀ ਹੈ, ਜਦੋਂ ਯਾਤਰੀ ਨੇ ਸ੍ਰੀਨਗਰ ਤੋਂ ਦਿੱਲੀ ਜਾ ਰਹੀ ਉਡਾਣ ਦੌਰਾਨ ਗੇਟ 'ਤੇ ਸਪਾਈਸਜੈੱਟ ਦੇ ਚਾਰ ਮੁਲਾਜ਼ਮਾਂ 'ਤੇ ਮੁੱਕਿਆਂ ਨਾਲ ਹਮਲਾ ਕੀਤਾ। ਉਹ ਲਗਾਤਾਰ ਠੁੱਡੇ ਮਾਰਦਾ ਰਿਹਾ ਤੇ ਉਸ ਨੇ ਹਮਲੇ ਲਈ ਕਿਊ ਸਟੈਂਡ ਵੀ ਵਰਤਿਆ, ਜਿਸ ਕਰਕੇ ਸਾਡੇ ਸਟਾਫ ਮੈਂਬਰਾਂ ਦੀ ਗੀੜ੍ਹ ਦੀ ਹੱਡੀ ਵਿੱਚ ਫਰੈਕਚਰ ਤੇ ਜਬਾੜ੍ਹੇ 'ਤੇ ਗੰਭੀਰ ਸੱਟਾਂ ਲੱਗੀਆਂ ਹਨ। ਤਰਜਮਾਨ ਨੇ ਦਾਅਵਾ ਕੀਤਾ ਕਿ ਸਪਾਈਸਜੈੱਟ ਦਾ ਇਕ ਮੁਲਾਜ਼ਮ ਬੇਸੁੱਧ ਹੋ ਕੇ ਜ਼ਮੀਨ ਉੱਤੇ ਡਿੱਗ ਪਿਆ, ਪਰ ਯਾਤਰੀ ਇਸ ਮੁਲਾਜ਼ਮ ਨੂੰ ਲਗਾਤਾਰ ਠੁੱਡੇ ਮਾਰਦਾ ਰਿਹਾ। ਤਰਜਮਾਨ ਨੇ ਕਿਹਾ, 'ਇਕ ਹੋਰ ਸਟਾਫ ਮੈਂਬਰ, ਜਿਸ ਦੇ ਜਬਾੜ੍ਹੇ 'ਤੇ ਯਾਤਰੀ ਨੇ ਜ਼ੋਰ ਦੀ ਠੁੱਡ ਮਾਰਿਆ, ਦੇ ਨੱਕ ਤੇ ਮੂੰਹ 'ਚੋਂ ਖ਼ੂਨ ਵਗ ਰਿਹਾ ਸੀ। ਇਹ ਸਟਾਫ ਮੈਂਬਰ ਬੇਸੁਧ ਹੋ ਕੇ ਡਿੱਗੇ ਆਪਣੇ ਸਾਥੀ ਦੀ ਮਦਦ ਲਈ ਹੇਠਾਂ ਝੁਕਿਆ ਸੀ। ਇਨ੍ਹਾਂ ਜ਼ਖਮੀ ਮੁਲਾਜ਼ਮਾਂ ਨੂੰ ਹਸਪਤਾਲ ਲਿਜਾਇਆ ਗਿਆ, ਜਿੱਥੇ ਉਨ੍ਹਾਂ ਦੀਆਂ ਗੰਭੀਰ ਸੱਟਾਂ ਦਾ ਇਲਾਜ ਕੀਤਾ ਜਾ ਰਿਹਾ ਹੈ।'

ਏਅਰਲਾਈਨਜ਼ ਨੇ ਦੱਸਿਆ ਕਿ ਯਾਤਰੀ, ਜੋ ਇੱਕ ਫੌਜੀ ਅਧਿਕਾਰੀ ਹੈ, ਕੁੱਲ 16 ਕਿੱਲੋ ਵਜ਼ਨ ਦੇ ਦੋ ਕੈਬਿਨ ਬੈਗੇਜ ਲੈ ਕੇ ਜਾ ਰਿਹਾ ਸੀ, ਜੋ ਕਿ 7 ਕਿੱਲੋ ਦੀ ਨਿਰਧਾਰਤ ਹੱਦ ਨਾਲੋਂ ਦੁੱਗਣੇ ਤੋਂ ਵੀ ਵੱਧ ਸੀ। ਜਦੋਂ ਨਿਮਰਤਾ ਨਾਲ ਵਾਧੂ ਸਾਮਾਨ ਬਾਰੇ ਦੱਸਿਆ ਗਿਆ ਅਤੇ ਲਾਗੂ ਖਰਚੇ ਦਾ ਭੁਗਤਾਨ ਕਰਨ ਲਈ ਕਿਹਾ ਗਿਆ, ਤਾਂ ਯਾਤਰੀ ਨੇ ਇਨਕਾਰ ਕਰ ਦਿੱਤਾ ਅਤੇ ਬੋਰਡਿੰਗ ਪ੍ਰਕਿਰਿਆ ਨੂੰ ਪੂਰਾ ਕੀਤੇ ਬਿਨਾਂ ਜ਼ਬਰਦਸਤੀ ਏਅਰੋਬ੍ਰਿਜ ਵਿੱਚ ਦਾਖਲ ਹੋ ਗਿਆ, ਜੋ ਕਿ ਹਵਾਬਾਜ਼ੀ ਸੁਰੱਖਿਆ ਪ੍ਰੋਟੋਕੋਲ ਦੀ ਸਪੱਸ਼ਟ ਉਲੰਘਣਾ ਹੈ। ਉਸ ਨੂੰ ਸੀ ਆਈ ਐੱਸ ਐੱਫ ਦੇ ਇੱਕ ਅਧਿਕਾਰੀ ਵੱਲੋਂ ਗੇਟ ਤੱਕ ਵਾਪਸ ਲਿਜਾਇਆ ਗਿਆ। ਗੇਟ 'ਤੇ ਪਹੁੰਚ ਕੇ ਯਾਤਰੀ ਹੋਰ ਵੀ ਹਮਲਾਵਰ ਹੋ ਗਿਆ ਅਤੇ ਉਸ ਨੇ ਸਪਾਈਸਜੈੱਟ ਦੇ ਗਰਾਊਂਡ ਸਟਾਫ ਦੇ ਚਾਰ ਮੈਂਬਰਾਂ 'ਤੇ ਸਰੀਰਕ ਹਮਲਾ ਕੀਤਾ। ਏਅਰਲਾਈਨ ਨੇ ਸਥਾਨਕ ਪੁਲਸ ਕੋਲ ਐੱਫ ਆਈ ਆਰ ਦਰਜ ਕੀਤੀ ਹੈ ਅਤੇ ਨਾਗਰਿਕ ਹਵਾਬਾਜ਼ੀ ਨਿਯਮਾਂ ਅਨੁਸਾਰ ਯਾਤਰੀ ਨੂੰ ਨੋ-ਫਲਾਈ ਸੂਚੀ ਵਿੱਚ ਰੱਖਣ ਦਾ ਅਮਲ ਸ਼ੁਰੂ ਕਰ ਦਿੱਤਾ ਹੈ। ਸਪਾਈਸਜੈੱਟ ਨੇ ਸ਼ਹਿਰੀ ਹਵਾਬਾਜ਼ੀ ਮੰਤਰਾਲੇ ਨੂੰ ਪੱਤਰ ਲਿਖ ਕੇ ਆਪਣੇ ਸਟਾਫ 'ਤੇ ਹੋਏ ਹਮਲੇ ਬਾਰੇ ਜਾਣੂ ਕਰਵਾਇਆ ਹੈ ਅਤੇ ਯਾਤਰੀ ਵਿਰੁੱਧ ਢੁਕਵੀਂ ਕਾਰਵਾਈ ਦੀ ਬੇਨਤੀ ਕੀਤੀ ਹੈ।

## ਭਾਰਤ ਟਰੰਪ ਅੱਗੇ ਝੁਕਿਆ ਤਾਂ ਤੇਲ ਬਿੱਲ 11 ਅਰਬ ਡਾਲਰ ਤੱਕ ਵਧ ਜਾਏਗਾ

**ਨਵੀਂ ਦਿੱਲੀ** : ਮਾਹਰਾਂ ਦਾ ਕਹਿਣਾ ਹੈ ਕਿ ਅਮਰੀਕੀ ਰਾਸ਼ਟਰਪਤੀ ਡੋਨਾਲਡ ਟਰੰਪ ਦੀਆਂ ਧਮਕੀਆਂ ਅੱਗੇ ਝੁਕ ਕੇ ਜੇ ਭਾਰਤ ਨੇ ਰੂਸ ਤੋਂ ਕੱਚਾ ਤੇਲ ਖਰੀਦਣਾ ਬੰਦ ਕਰ ਦਿੱਤਾ ਤਾਂ ਇਸ ਦਾ ਸਾਲਾਨਾ ਤੇਲ ਦਰਾਮਦੀ ਬਿੱਲ 9 ਤੋਂ 11 ਅਰਬ ਡਾਲਰ ਤੱਕ ਵਧ ਸਕਦਾ ਹੈ। ਭਾਰਤ ਦੁਨੀਆ ਦਾ ਤੀਜਾ ਸਭ ਤੋਂ ਵੱਡਾ ਤੇਲ ਖਪਤਕਾਰ ਤੇ ਦਰਾਮਦਕਾਰ ਹੈ। ਰੂਸ ਦੀ 2022 ਵਿੱਚ ਯੂਕਰੇਨ ਨਾਲ ਜੰਗ ਛਿੜਨ ਤੋਂ ਬਾਅਦ ਪੱਛਮੀ ਦੇਸ਼ ਉਸ ਤੋਂ ਤੇਲ ਨਹੀਂ ਲੈ ਰਹੇ ਤੇ ਭਾਰਤ ਸਸਤੇ ਭਾਅ ਲੈ ਰਿਹਾ ਹੈ। ਜੰਗ ਤੋਂ ਪਹਿਲਾਂ ਭਾਰਤ ਰੂਸ ਤੋਂ ਕੁਲ ਦਰਾਮਦਾਂ ਦਾ ਸਿਰਫ 0.2 ਫੀਸਦੀ ਤੇਲ ਹੀ ਖਰੀਦਦਾ ਸੀ, ਜਿਹੜਾ ਹੁਣ ਵਧ ਕੇ 35-40 ਫੀਸਦੀ ਤੱਕ ਹੋ ਚੁੱਕਾ ਹੈ। ਤੇਲ ਸਸਤਾ ਮਿਲਣ ਨਾਲ ਭਾਰਤ ਨੋਟਪਸਾਰਾ ਰੋਕਣ ਵਿੱਚ ਵੀ ਕਾਫੀ ਹੱਦ ਤੱਕ ਸਫਲ ਰਿਹਾ ਹੈ।

ਭਾਰਤ ਰੂਸ ਤੋਂ ਸਸਤਾ ਕੱਚਾ ਤੇਲ ਤਾਂ ਲੈਂਦਾ ਹੀ ਹੈ, ਉਸ ਨੂੰ ਸਾਫ ਕਰਕੇ ਹੋਰਨਾਂ ਦੇਸ਼ਾਂ ਨੂੰ ਭੇਜ ਕੇ ਵੀ ਮੁਨਾਫਾ ਕਮਾਉਂਦਾ ਹੈ। ਇਸੇ ਦੌਰਾਨ ਟਰੰਪ ਵੱਲੋਂ ਅਪ੍ਰੈਲ ਵਿੱਚ ਟੈਰਿਫ ਦੇ ਐਲਾਨ ਦੇ ਬਾਅਦ ਭਾਰਤ ਨੇ ਅਮਰੀਕਾ ਤੋਂ ਕੱਚੇ ਤੇਲ ਦੀ ਖਰੀਦ ਦੁੱਗਣੀ ਕਰ ਦਿੱਤੀ ਹੈ। ਅਪ੍ਰੈਲ-ਜੂਨ ਦੀ ਤਿਮਾਹੀ 'ਚ ਅਮਰੀਕਾ ਤੋਂ ਤੇਲ ਖਰੀਦ ਵਿੱਚ ਸਾਲਾਨਾ ਆਧਾਰ 'ਤੇ 114 ਫੀਸਦੀ ਦਾ ਵਾਧਾ ਹੋਇਆ।

2024 ਦੇ ਅਪ੍ਰੈਲ-ਜੂਨ ਵਿੱਚ ਭਾਰਤ ਨੇ ਅਮਰੀਕਾ ਤੋਂ ਕਰੀਬ 15 ਹਜ਼ਾਰ ਕਰੋੜ ਦਾ ਤੇਲ ਖਰੀਦਿਆ ਸੀ, ਜਦਕਿ 2025 ਦੀ ਅਪ੍ਰੈਲ-ਜੂਨ ਵਿੱਚ 32 ਹਜ਼ਾਰ ਕਰੋੜ ਰੁਪਏ ਦਾ ਖਰੀਦਿਆ।

## ਪਾਕ ਵੱਲੋਂ ਈਰਾਨ ਦੇ ਪ੍ਰਮਾਣੂ ਪ੍ਰੋਗਰਾਮ ਦੀ ਹਮਾਇਤ



**ਇਸਲਾਮਾਬਾਦ** : ਪਾਕਿਸਤਾਨ ਨੇ ਸ਼ਾਂਤੀਪੂਰਨ ਉਦੇਸ਼ਾਂ ਲਈ ਪ੍ਰਮਾਣੂ ਸਮਰਥਾਵਾਂ ਵਿਕਸਤ ਕਰਨ ਦੇ ਈਰਾਨ ਦੇ ਅਧਿਕਾਰ ਦਾ ਸਮਰਥਨ ਕੀਤਾ ਹੈ। ਦੋਵਾਂ ਧਿਰਾਂ ਵੱਲੋਂ ਵੱਖ-ਵੱਖ ਖੇਤਰਾਂ ਵਿੱਚ ਸਹਿਯੋਗ ਵਧਾਉਣ ਲਈ ਕਈ ਸਮਝੌਤਿਆਂ 'ਤੇ ਦਸਤਖਤ ਕੀਤੇ ਗਏ। ਸਨਿੱਚਰਵਾਰ ਇਸਲਾਮਾਬਾਦ ਪਹੁੰਚੇ ਈਰਾਨ ਦੇ ਰਾਸ਼ਟਰਪਤੀ ਮਸੂਦ ਪੇਜ਼ੇਸ਼ਕੀਅਨ ਨੇ ਪ੍ਰਧਾਨ ਮੰਤਰੀ ਸ਼ਹਿਬਾਜ਼ ਸ਼ਰੀਫ ਨਾਲ ਉਨ੍ਹਾ ਦੀ ਰਿਹਾਇਸ਼ 'ਤੇ ਮੁਲਾਕਾਤ ਕੀਤੀ। ਮੁਲਾਕਾਤ ਮਗਰੋਂ ਸਾਂਝੀ ਪ੍ਰੈੱਸ ਕਾਨਫਰੰਸ ਵਿੱਚ ਸ਼ਰੀਫ ਨੇ ਜ਼ੋਰ ਦੇ ਕੇ ਕਿਹਾ ਕਿ ਈਰਾਨ ਨੂੰ ਪ੍ਰਮਾਣੂ ਊਰਜਾ ਦੀ ਸ਼ਾਂਤੀਪੂਰਨ ਕੰਮਾਂ ਲਈ ਵਰਤੋਂ ਦਾ ਅਧਿਕਾਰ ਹੈ। ਸ਼ਰੀਫ ਨੇ ਈਰਾਨ ਵਿਰੁੱਧ ਇਜ਼ਰਾਈਲੀ ਹਮਲਿਆਂ ਦੀ ਨਿਖੇਧੀ ਕੀਤੀ ਅਤੇ ਤਹਿਰਾਨ ਦੇ ਸਵੈ-ਰੱਖਿਆ ਦੇ ਅਧਿਕਾਰ ਨਾਲ ਇਕਜੁੱਟਤਾ ਪ੍ਰਗਟਾਈ।

## ਨਹਿਰ 'ਚ ਡਿੱਗਣ ਨਾਲ 11 ਮੌਤਾਂ



**ਗੌਂਡਾ** : ਯੂ ਪੀ ਦੇ ਗੌਂਡਾ ਜ਼ਿਲ੍ਹੇ ਵਿੱਚ ਐੱਸ ਯੂ ਵੀ ਸਰਯੂ ਨਹਿਰ ਵਿੱਚ ਡਿੱਗਣ ਕਾਰਨ 11 ਲੋਕਾਂ ਦੀ ਮੌਤ ਹੋ ਗਈ ਅਤੇ 4 ਗੰਭੀਰ ਜ਼ਖਮੀ ਹੋ ਗਏ। ਇਹ ਸਿਹਾਗਾਓਂ ਪਿੰਡ ਤੋਂ ਖੜਗਪੁਰ ਦੇ ਪ੍ਰਿਥਵੀਨਾਥ ਮੰਦਰ ਵਿੱਚ ਪਵਿੱਤਰ ਜਲ ਚੜ੍ਹਾਉਣ ਲਈ ਜਾ ਰਹੇ ਸਨ।

## ਡਾਂਸ ਬਾਰ 'ਚ ਭੰਨਤੋੜ

**ਮੁੰਬਈ** : ਮਹਾਰਾਸ਼ਟਰ ਨਵ-ਨਿਰਮਾਣ ਸੈਨਾ (ਮਨਸੇ) ਦੇ ਕਾਰਕੁਨਾਂ ਨੇ ਸਨਿੱਚਰਵਾਰ ਨਵੀਂ ਮੁੰਬਈ ਦੇ ਪਨਵੇਲ ਸਥਿਤ 'ਨਾਈਟ ਰਾਈਡਰਜ਼ ਬਾਰ' ਵਿੱਚ ਵੜ ਕੇ ਫਰਨੀਚਰ ਦੀ ਭੰਨਤੋੜ ਕੀਤੀ, ਸ਼ਰਾਬ ਦੀਆਂ ਬੋਤਲਾਂ ਤੋੜ ਦਿੱਤੀਆਂ ਤੇ ਜਾਇਦਾਦ ਨੂੰ ਭਾਰੀ ਨੁਕਸਾਨ ਪਹੁੰਚਾਇਆ। 'ਮਨਸੇ' ਦੇ ਇਕ ਅਹੁਦੇਦਾਰ ਨੇ ਨਾਂਅ ਨਸ਼ਰ ਨਾ ਕੀਤੇ ਜਾਣ ਦੀ ਸ਼ਰਤ 'ਤੇ ਕਿਹਾ, 'ਛਤਰਪਤੀ ਸ਼ਿਵਾਜੀ ਮਹਾਰਾਜ ਦੀ ਪਵਿੱਤਰ ਧਰਤੀ 'ਤੇ ਡਾਂਸ ਬਾਰ ਲਈ ਕੋਈ ਥਾਂ ਨਹੀਂ। ਅਸੀਂ ਪਨਵੇਲ ਜਾਂ ਸੂਬੇ ਵਿੱਚ ਕਿਤੇ ਵੀ ਅਜਿਹੀ ਅਸ਼ਲੀਲਤਾ ਨੂੰ ਵਧਣ-ਫੁੱਲਣ ਨਹੀਂ ਦੇਵਾਂਗੇ।'

## ਹਿਮਾਚਲ 'ਚ ਤਿੰਨ ਦਿਨ ਭਾਰੀ ਮੀਂਹ ਦਾ ਅਲਰਟ

**ਸ਼ਿਮਲਾ** : ਹਿਮਾਚਲ ਦੇ ਮੌਸਮ ਵਿਭਾਗ ਨੇ 6 ਅਗਸਤ ਤੱਕ ਭਾਰੀ ਬਾਰਿਸ਼ ਦੀ ਚੇਤਾਵਨੀ ਦਿੱਤੀ ਹੈ। 4 ਅਤੇ 5 ਅਗਸਤ ਲਈ ਸੰਤਰੀ ਚੇਤਾਵਨੀ ਜਾਰੀ ਕੀਤੀ ਗਈ ਹੈ। 4 ਅਗਸਤ ਨੂੰ ਸਿਰਮੌਰ, ਕੁੱਲੂ, ਕਾਂਗੜਾ, ਊਨਾ ਅਤੇ ਬਿਲਾਸਪੁਰ ਜ਼ਿਲ੍ਹਿਆਂ ਵਿੱਚ ਭਾਰੀ ਤੋਂ ਬਹੁਤ ਭਾਰੀ ਬਾਰਿਸ਼ ਦੀ ਚੇਤਾਵਨੀ ਹੈ, ਜਦੋਂ ਕਿ ਹਮੀਰਪੁਰ, ਚੰਬਾ, ਮੰਡੀ, ਸ਼ਿਮਲਾ ਅਤੇ ਸੋਲਨ ਵਿੱਚ ਭਾਰੀ ਬਾਰਿਸ਼ ਲਈ ਪੀਲਾ ਅਲਰਟ ਰਹੇਗਾ। 5 ਅਗਸਤ ਨੂੰ ਕਾਂਗੜਾ, ਮੰਡੀ, ਸੋਲਨ ਅਤੇ ਸਿਰਮੌਰ ਵਿੱਚ ਭਾਰੀ ਤੋਂ ਬਹੁਤ ਭਾਰੀ ਬਾਰਿਸ਼ ਲਈ ਸੰਤਰੀ ਅਲਰਟ ਰਹੇਗਾ, ਜਦੋਂ ਕਿ ਊਨਾ, ਹਮੀਰਪੁਰ, ਬਿਲਾਸਪੁਰ, ਚੰਬਾ, ਕੁੱਲੂ ਅਤੇ ਸ਼ਿਮਲਾ ਵਿੱਚ ਭਾਰੀ ਬਾਰਿਸ਼ ਲਈ ਪੀਲਾ ਅਲਰਟ ਰਹੇਗਾ। 6 ਅਗਸਤ ਨੂੰ ਕਾਂਗੜਾ, ਮੰਡੀ, ਸ਼ਿਮਲਾ ਅਤੇ ਸੋਲਨ ਵਿੱਚ ਭਾਰੀ ਬਾਰਿਸ਼ ਲਈ ਪੀਲਾ ਅਲਰਟ ਜਾਰੀ ਕੀਤਾ ਗਿਆ ਹੈ।

## ਕਠੂਆ ਨੇੜੇ ਗੱਡੀ ਖਾਈ 'ਚ, ਫਿਰੋਜ਼ਪੁਰ ਦੇ 2 ਜਣਿਆਂ ਦੀ ਮੌਤ, 3 ਜ਼ਖਮੀ

**ਫਿਰੋਜ਼ਪੁਰ (ਅਸ਼ੋਕ ਸ਼ਰਮਾ)**-ਕਠੂਆ-ਬਸੋਹਲੀ ਰੋਡ 'ਤੇ ਕੈਨਥਾ ਮੋੜ (ਦੱਖਨਕਾ) ਨੇੜੇ ਐਤਵਾਰ ਦੁਪਹਿਰ ਪੌਣੇ ਇੱਕ ਵਜੇ ਐੱਕਸ ਯੂ ਵੀ ਖਾਈ 'ਚ ਡਿੱਗਣ ਕਾਰਨ 2 ਵਿਅਕਤੀਆਂ ਦੀ ਮੌਤ ਹੋ ਗਈ, ਜਦਕਿ 3 ਗੰਭੀਰ ਜ਼ਖਮੀ ਗਏ। ਪੁਲਸ ਅਤੇ ਸਥਾਨਕ ਲੋਕਾਂ ਨੇ ਜ਼ਖਮੀਆਂ ਨੂੰ ਜੀ ਐੱਮ ਸੀ ਕਠੂਆ ਹਸਪਤਾਲ ਪਹੁੰਚਾਇਆ। ਗੱਡੀ ਵਿੱਚ ਸਵਾਰ ਸਾਰੇ ਪੰਜ ਜਣੇ ਫਿਰੋਜ਼ਪੁਰ ਦੇ ਸਨ। ਮ੍ਰਿਤਕਾਂ ਦੀ ਪਛਾਣ ਮਹਿੰਦਰ ਪਾਲ ਅਤੇ ਪਵਨ ਮਦਾਨ ਵਜੋਂ ਹੋਈ ਹੈ, ਜਦਕਿ ਜ਼ਖਮੀਆਂ ਦੀ ਪਛਾਣ ਫਿਰੋਜ਼ਪੁਰ ਦੇ ਅਨਿਲ ਮੋਂਗਾ, ਸੰਨੀ ਅਰੋੜਾ ਪੁੱਤਰ ਮਦਨ ਲਾਲ ਅਤੇ ਸੁਧੀਰ ਪੁੱਤਰ ਕਿਸ਼ਨ ਚੰਦ ਵਜੋਂ ਹੋਈ ਹੈ।

## ਗ੍ਰੇਨਾਈਟ ਖਾਣ 'ਚ ਚਟਾਨ ਡਿੱਗੀ, 6 ਮਜ਼ਦੂਰਾਂ ਦੀ ਮੌਤ



**ਹੈਦਰਾਬਾਦ** : ਆਂਧਰਾ ਪ੍ਰਦੇਸ਼ ਦੇ ਬਾਪਟਲਾ ਵਿੱਚ ਐਤਵਾਰ ਗ੍ਰੇਨਾਈਟ ਖਾਣ ਵਿੱਚ ਵਾਪਰੇ ਹਾਦਸੇ ਵਿੱਚ ਓਡੀਸ਼ਾ ਦੇ ਛੇ ਮਜ਼ਦੂਰਾਂ ਦੀ ਮੌਤ ਹੋ ਗਈ ਤੇ 10 ਹੋਰ ਮਜ਼ਦੂਰ ਵੀ ਜ਼ਖਮੀ ਹੋ ਗਏ। ਜ਼ਖਮੀਆਂ ਵਿੱਚੋਂ ਕੁਝ ਦੀ ਹਾਲਤ ਨਾਜ਼ੁਕ ਦੱਸੀ ਜਾ ਰਹੀ ਹੈ। ਮੁੱਖ ਮੰਤਰੀ ਚੰਦਰਬਾਬੂ ਨਾਇਡੂ ਨੇ ਘਟਨਾ ਦੀ ਜਾਂਚ ਦੇ ਹੁਕਮ ਦਿੱਤੇ ਹਨ। ਉਨ੍ਹਾ ਜ਼ਖਮੀਆਂ ਨੂੰ ਬਿਹਤਰ ਡਾਕਟਰੀ ਸਹੂਲਤਾਂ ਪ੍ਰਦਾਨ ਕਰਨ ਦੇ ਨਿਰਦੇਸ਼ ਵੀ ਦਿੱਤੇ ਹਨ। ਪੁਲਸ ਅਨੁਸਾਰ ਹਾਦਸਾ ਸਵੇਰੇ ਬਾਪਟਲਾ ਜ਼ਿਲ੍ਹੇ ਦੇ ਬੱਲੀਕੁਰਵਾ ਵਿੱਚ ਸੱਤਿਆਕ੍ਰਿਸ਼ਨ ਗ੍ਰੇਨਾਈਟ ਖਾਣ ਵਿੱਚ ਚਟਾਨ ਦਾ ਇੱਕ ਵੱਡਾ ਹਿੱਸਾ ਡਿੱਗਣ ਕਾਰਨ ਵਾਪਰਿਆ। ਹਾਦਸੇ ਸਮੇਂ ਖਾਣ ਵਿੱਚ 16 ਮਜ਼ਦੂਰ ਮੌਜੂਦ ਸਨ। ਸ਼ੁਰੂਆਤੀ ਜਾਂਚ ਵਿੱਚ ਸਾਹਮਣੇ ਆਇਆ ਹੈ ਕਿ ਢੁੱਕਵੇਂ ਸੁਰੱਖਿਆ ਉਪਾਵਾਂ ਦੀ ਘਾਟ ਹਾਦਸੇ ਦਾ ਕਾਰਨ ਹੋ ਸਕਦੀ ਹੈ।

## ਕੁੜੀ ਦੇ ਆਤਮਦਾਹ ਦਾ ਮਾਮਲਾ ਪਲਟ ਗਿਆ

**ਭੁਬਨੇਸ਼ਵਰ** : ਓਡੀਸ਼ਾ ਪੁਲਸ ਨੇ ਦਾਅਵਾ ਕੀਤਾ ਹੈ ਕਿ 15 ਸਾਲਾ ਕੁੜੀ ਦੇ ਅੱਗ ਨਾਲ ਝੁਲਸਣ, ਜਿਸ ਨੇ ਮਗਰੋਂ ਜ਼ਖਮਾਂ ਦੀ ਤਾਬ ਨਾ ਝਲਦਿਆਂ ਦਮ ਤੋੜ ਦਿੱਤਾ ਸੀ, ਦੇ ਮਾਮਲੇ ਵਿੱਚ ਕੋਈ ਵੀ ਵਿਅਕਤੀ ਸ਼ਾਮਲ ਨਹੀਂ ਸੀ। ਹਾਲਾਂਕਿ ਪੀੜਤਾ ਦੀ ਮਾਂ ਦਾ ਦਾਅਵਾ ਹੈ ਕਿ ਤਿੰਨ ਅਣਪਛਾਤੇ ਸ਼ਰਾਰਤੀ ਅਨਸਰਾਂ ਨੇ ਉਸ ਦੀ ਧੀ ਨੂੰ ਅੱਗ ਲਾਈ ਸੀ। ਪੀੜਤ ਕੁੜੀ ਪੁਰੀ ਜ਼ਿਲ੍ਹੇ ਦੇ ਬਲੰਗਾ ਇਲਾਕੇ ਵਿੱਚ 19 ਜੁਲਾਈ ਨੂੰ ਆਪਣੇ ਘਰ ਨੇੜੇ ਵਾਪਰੀ ਇਸ ਘਟਨਾ ਵਿੱਚ ਝੁਲਸਣ ਤੋਂ ਬਾਅਦ ਏਮਜ਼-ਦਿੱਲੀ ਵਿੱਚ ਇਲਾਜ ਅਧੀਨ ਸੀ ਤੇ ਸਨਿੱਚਰਵਾਰ ਨੂੰ ਉਸ ਦੀ ਮੌਤ ਹੋ ਗਈ। ਹਾਲਾਂਕਿ ਪੁਲਸ ਨੇ ਇਹ ਸਪੱਸ਼ਟ ਨਹੀਂ ਕੀਤਾ ਕਿ ਕੁੜੀ ਨੂੰ ਅੱਗ ਕਿਵੇਂ ਲੱਗੀ। ਉਧਰ ਨਾਬਾਲਗਾ ਦੇ ਪਿਤਾ ਨੇ ਦਾਅਵਾ ਕੀਤਾ ਕਿ ਉਸ ਦੀ ਧੀ ਮਾਨਸਕ ਤੌਰ 'ਤੇ ਪ੍ਰੇਸ਼ਾਨ ਸੀ, ਜਿਸ ਕਰਕੇ ਉਸ ਨੇ ਇਹ ਸਿਰੇ ਦਾ ਕਦਮ ਚੁੱਕਿਆ। ਪਿਤਾ ਨੇ ਇੱਕ ਵੀਡੀਓ ਵਿੱਚ ਕਿਹਾ, 'ਮੈਂ ਕਹਿਣਾ ਚਾਹੁੰਦਾ ਹਾਂ ਕਿ ਸਰਕਾਰ ਨੇ ਮੇਰੀ ਧੀ ਲਈ ਜੋ ਵੀ ਸੰਭਵ ਹੋ ਸਕਿਆ ਕੀਤਾ ਹੈ। ਮੇਰੀ ਧੀ ਹੁਣ ਨਹੀਂ ਰਹੀ। ਮੇਰੀ ਧੀ ਨੇ ਮਾਨਸਕ ਦਬਾਅ ਹੇਠ ਆ ਕੇ ਆਪਣੀ ਜਾਨ ਲੈ ਲਈ। ਇਸ ਲਈ ਮੈਂ ਸਾਰਿਆਂ ਨੂੰ ਬੇਨਤੀ ਕਰਦਾ ਹਾਂ ਕਿ ਇਸ ਮਾਮਲੇ ਦਾ ਸਿਆਸੀਕਰਨ ਨਾ ਕੀਤਾ ਜਾਵੇ ਅਤੇ ਉਸ ਦੀ ਆਤਮਾ ਦੀ ਸ਼ਾਂਤੀ ਲਈ ਪ੍ਰਾਰਥਨਾ ਕੀਤੀ ਜਾਵੇ।'

ਕੁੜੀ ਦੀ ਮਾਂ ਨੇ ਬਲੰਗਾ ਪੁਲਸ ਸਟੇਸ਼ਨ ਵਿੱਚ ਦਰਜ ਆਪਣੀ ਐੱਫ ਆਈ ਆਰ ਵਿੱਚ ਦੋਸ਼ ਲਗਾਇਆ ਸੀ ਕਿ ਉਸ ਦੀ ਧੀ ਨੂੰ ਤਿੰਨ ਲੋਕਾਂ ਨੇ ਅਗਵਾ ਕੀਤਾ ਸੀ, ਜਿਨ੍ਹਾਂ ਨੇ ਉਸ 'ਤੇ ਜਲਣਸ਼ੀਲ ਪਦਾਰਥ ਪਾ ਕੇ ਉਸ ਨੂੰ ਅੱਗ ਲਗਾ ਦਿੱਤੀ ਸੀ।

## ਕਰਨਲ ਬਾਠ ਕੇਸ 'ਚ ਸੁਣਵਾਈ ਅੱਜ

**ਨਵੀਂ ਦਿੱਲੀ** : ਸੁਪਰੀਮ ਕੋਰਟ ਸੋਮਵਾਰ ਨੂੰ ਉਸ ਪਟੀਸ਼ਨ 'ਤੇ ਸੁਣਵਾਈ ਕਰੇਗੀ, ਜਿਸ 'ਚ ਪੰਜਾਬ ਤੇ ਹਰਿਆਣਾ ਹਾਈ ਕੋਰਟ ਦੇ ਉਸ ਹੁਕਮ ਨੂੰ ਚੁਣੌਤੀ ਦਿੱਤੀ ਗਈ ਹੈ, ਜਿਸ 'ਚ ਮਾਰਚ ਵਿੱਚ ਪਾਰਕਿੰਗ ਵਿਵਾਦ ਨੂੰ ਲੈ ਕੇ ਪੰਜਾਬ ਪੁਲਸ ਦੇ ਜਵਾਨਾਂ ਵੱਲੋਂ ਕਰਨਲ 'ਤੇ ਕੀਤੇ ਗਏ ਕਥਿਤ ਹਮਲੇ ਦੀ ਜਾਂਚ ਸੀ ਬੀ ਆਈ ਹਵਾਲੇ ਕੀਤੀ ਗਈ ਹੈ।

ਘਟਨਾ 13 ਤੇ 14 ਮਾਰਚ ਦੀ ਦਰਮਿਆਨੀ ਰਾਤ ਨੂੰ ਵਾਪਰੀ ਸੀ, ਜਦੋਂ ਕਰਨਲ ਪੁਸ਼ਪਿੰਦਰ ਸਿੰਘ ਬਾਠ ਤੇ ਉਨ੍ਹਾ ਦਾ ਪੁੱਤਰ ਪਟਿਆਲਾ 'ਚ ਸੜਕ ਕਿਨਾਰੇ ਇੱਕ ਢਾਬੇ 'ਤੇ ਖਾਣਾ ਖਾ ਰਹੇ ਸਨ।

## 200 ਹੋਰ ਨਵੇਂ ਆਮ ਆਦਮੀ ਕਲੀਨਿਕ ਖੋਲ੍ਹਾਂਗੇ : ਮਾਨ

**ਚੰਡੀਗੜ੍ਹ (ਗੁਰਜੀਤ ਬਿੱਲਾ/ਕ੍ਰਿਸ਼ਨ ਗਰਗ)**



ਮੁੱਖ ਮੰਤਰੀ ਭਗਵੰਤ ਸਿੰਘ ਮਾਨ ਨੇ ਐਤਵਾਰ ਐਲਾਨ ਕੀਤਾ ਕਿ ਸੂਬੇ ਵਿੱਚ 200 ਹੋਰ ਆਮ ਆਦਮੀ ਕਲੀਨਿਕ ਖੋਲ੍ਹੇ ਜਾਣਗੇ ਤਾਂ ਕਿ ਲੋਕਾਂ ਨੂੰ ਇਲਾਜ ਲਈ ਦੂਰ-ਦੁਰਾਡੇ ਨਾ ਜਾਣਾ ਪਵੇ।

ਇੱਥੇ ਟੈਗੋਰ ਥੀਏਟਰ ਵਿਖੇ 881 ਆਮ ਆਦਮੀ ਕਲੀਨਿਕਾਂ ਨੂੰ 'ਵਟਸਐਪ ਚੈਟਬੋਟ' ਨਾਲ ਜੋੜਨ ਦੀ ਸ਼ੁਰੂਆਤ ਕਰਦੇ ਹੋਏ ਮੁੱਖ ਮੰਤਰੀ ਨੇ ਕਿਹਾ ਕਿ ਆਮ ਆਦਮੀ ਕਲੀਨਿਕ ਦੇਸ਼ ਦਾ ਸਭ ਤੋਂ ਸਫਲ ਸਿਹਤ ਮਾਡਲ ਸਾਬਤ ਹੋ ਰਿਹਾ ਹੈ, ਜਿੱਥੇ ਮਰੀਜ਼ਾਂ ਦਾ ਸਾਰਾ ਇਲਾਜ ਬਿਲਕੁਲ ਮੁਫ਼ਤ ਕੀਤਾ ਜਾ ਰਿਹਾ ਹੈ। ਉਨ੍ਹਾ ਕਿਹਾ ਕਿ ਸੂਬਾ ਸਰਕਾਰ ਛੇਤੀ ਹੀ 200 ਆਮ ਆਦਮੀ ਕਲੀਨਿਕ ਕਾਰਜਸ਼ੀਲ ਕਰੇਗੀ, ਜਿਸ ਨਾਲ ਸੂਬੇ ਵਿੱਚ ਇਨ੍ਹਾਂ ਕਲੀਨਿਕਾਂ ਦੀ ਗਿਣਤੀ ਵਧ ਕੇ 1081 ਹੋ ਜਾਵੇਗੀ। ਮਾਨ ਨੇ ਦੱਸਿਆ ਕਿ ਇਸ ਵੇਲੇ 565 ਆਮ ਆਦਮੀ ਕਲੀਨਿਕਾਂ ਪੇਂਡੂ ਇਲਾਕਿਆਂ ਵਿੱਚ, ਜਦਕਿ 316 ਕਲੀਨਿਕ ਸ਼ਹਿਰੀ ਇਲਾਕਿਆਂ ਵਿੱਚ ਹਨ, ਜਿੱਥੇ ਹੋਰ ਰੋਜ਼ ਲਗਭਗ 70,000 ਮਰੀਜ਼ ਆਉਂਦੇ ਹਨ, ਜਿਸ ਤੋਂ ਇਹ ਸਿੱਧ ਹੁੰਦਾ ਹੈ ਕਿ ਸਰਕਾਰੀ ਸਿਹਤ ਸਿਸਟਮ ਵਿੱਚ ਲੋਕਾਂ ਦਾ ਭਰੋਸਾ ਵਧ ਰਿਹਾ ਹੈ।

ਆਮ ਆਦਮੀ ਕਲੀਨਿਕਾਂ ਨੂੰ ਵਟਸਐਪ ਚੈਟਬੋਟ ਨਾਲ ਜੋੜਨ ਦੇ ਉਪਰਾਲੇ ਨੂੰ ਸਿਹਤ ਖੇਤਰ ਵਿੱਚ ਇਕ ਹੋਰ ਵੱਡੀ ਪ੍ਰਾਪਤੀ ਦੱਸਦਿਆਂ ਮੁੱਖ ਮੰਤਰੀ ਨੇ ਕਿਹਾ ਕਿ ਹੁਣ ਮਰੀਜ਼ ਜਦੋਂ ਚਾਹੁਣ ਆਪਣੀਆਂ ਦਵਾਈਆਂ ਜਾਂ ਜਾਂਚ ਰਿਪੋਰਟਾਂ ਮੋਬਾਇਲ ਉਤੇ ਦੇਖ ਸਕਦੇ ਹਨ। ਉਨ੍ਹਾ ਕਿਹਾ ਕਿ ਇਸ ਉਪਰਾਲੇ ਨਾਲ ਸਿਹਤ ਸਹੂਲਤਾਂ ਵਿੱਚ ਕ੍ਰਾਂਤੀਕਾਰੀ ਬਦਲਾਅ ਆਵੇਗਾ। ਮਾਨ ਨੇ ਕਿਹਾ ਕਿ ਤਕਰੀਬਨ 90 ਫੀਸਦੀ ਪੰਜਾਬੀਆਂ ਕੋਲ ਸਮਾਰਟ ਫੋਨ ਹਨ, ਜਿਸ ਕਰਕੇ ਵਟਸਐਪ ਰਾਹੀਂ ਉਨ੍ਹਾਂ ਕੋਲ ਸਿੱਧੀ ਪਹੁੰਚ ਕੀਤੀ ਜਾ ਸਕਦੀ ਹੈ।

ਆਮ ਲੋਕਾਂ ਲਈ ਵਟਸਐਪ ਚੈਟਬੋਟ ਦੇ ਲਾਭ ਦਾ ਜ਼ਿਕਰ ਕਰਦਿਆਂ ਮੁੱਖ ਮੰਤਰੀ ਨੇ ਦੱਸਿਆ ਕਿ ਡਾਕਟਰ ਦੀ ਦਵਾਈ ਵਾਲੀ ਪਰਚੀ, ਜਾਂਚ ਰਿਪੋਰਟਾਂ, ਡਾਕਟਰ ਵੱਲੋਂ ਦਿੱਤੀ ਅਗਲੀ ਤਰੀਕ ਬਾਰੇ ਸਮੇਂ-ਸਮੇਂ ਯਾਦ ਕਰਵਾਉਂਦੇ ਰਹਿਣਾ ਤੋਂ ਇਲਾਵਾ ਸ਼ੂਗਰ ਅਤੇ ਬਲੱਡ ਪ੍ਰੈਸ਼ਰ ਤੋਂ ਪੀੜਤ ਬਜ਼ੁਰਗਾਂ, ਗਰਭਵਤੀ ਮਹਿਲਾਵਾਂ, ਨਵਜੰਮੇ ਬੱਚਿਆਂ ਦੀ ਸੰਭਾਲ ਬਾਰੇ ਵਟਸਐਪ ਰਾਹੀਂ ਜਾਣਕਾਰੀ ਮਿਲਦੀ ਰਹੇਗੀ। ਉਨ੍ਹਾ ਦੱਸਿਆ ਕਿ ਇਸ ਨਾਲ ਮਰੀਜ਼ ਨੂੰ ਪਰਚੀਆਂ ਸਾਂਭਣ ਦੀ ਲੋੜ ਨਹੀਂ ਰਹੇਗੀ, ਸਗੋਂ ਉਹ ਜਦੋਂ ਚਾਹੁਣ ਵਟਸਐਪ ਤੋਂ ਜਾਣਕਾਰੀ ਲੈ ਸਕਦੇ ਹਨ। ਮੁੱਖ ਮੰਤਰੀ ਨੇ ਕਿਹਾ ਕਿ ਕੁੱਤੇ ਦੇ ਵੱਢਣ ਨਾਲ ਪੀੜਤ ਲੋਕਾਂ ਨੂੰ ਫੌਰੀ ਇਲਾਜ ਦੇਣ ਲਈ ਹੁਣ ਆਮ ਆਦਮੀ ਕਲੀਨਿਕਾਂ ਵਿੱਚ ਇਹ ਇਲਾਜ ਮੁਫ਼ਤ ਮਿਲੇਗਾ। ਐਂਟੀ-ਰੈਬੀਜ਼ ਟੀਕੇ ਇਨ੍ਹਾਂ ਕਲੀਨਿਕਾਂ ਵਿੱਚ ਹੀ ਉਪਲੱਬਧ ਹੋਣਗੇ। ਉਨ੍ਹਾ ਦੁੱਖ ਜ਼ਾਹਰ ਕਰਦਿਆਂ ਕਿਹਾ ਕਿ ਪਿਛਲੀਆਂ ਸਰਕਾਰਾਂ ਦੇ ਮੈਨੀਫੈਸਟੋ ਵਿੱਚ ਸਿਹਤ ਖੇਤਰ ਦਾ ਜ਼ਿਕਰ ਤੱਕ ਨਹੀਂ ਹੁੰਦਾ ਸੀ, ਜਿਸ ਕਰਕੇ ਲੋਕਾਂ ਨੂੰ ਉਨ੍ਹਾਂ ਦੇ ਰਹਿਮੋ-ਕਰਮ ਉਤੇ ਛੱਡ ਦਿੱਤਾ ਜਾਂਦਾ ਸੀ। ਉਨ੍ਹਾ ਕਿਹਾ ਕਿ ਹਾਲਾਤ ਇੱਥੋਂ ਤੱਕ ਪਹੁੰਚ ਗਏ ਸਨ ਕਿ ਪਿੰਡਾਂ ਵਿੱਚ ਗੰਭੀਰ ਬਿਮਾਰੀਆਂ ਤੋਂ ਪੀੜਤ ਮਰੀਜ਼ ਇਲਾਜ ਕਰਵਾਉਣਾ ਹੀ ਨਹੀਂ ਚਾਹੁੰਦੇ ਸਨ, ਕਿਉਂਕਿ ਇਲਾਜ ਮਹਿੰਗਾ ਹੋਣ ਕਰਕੇ ਉਹ ਆਪਣੇ ਪਰਵਾਰਾਂ ਨੂੰ ਕਰਜ਼ਾਈ ਨਹੀਂ ਦੇਖਣਾ ਚਾਹੁੰਦੇ ਸਨ।ਇਸ ਦੌਰਾਨ ਮੁੱਖ ਮੰਤਰੀ ਨੇ ਸਮਾਗਮ ਵਿੱਚ ਹਾਜ਼ਰ ਵਿਸ਼ਵ ਸਿਹਤ ਸੰਗਠਨ ਦੀ ਟੀਮ ਨੂੰ ਸੂਬੇ ਦੇ ਆਮ ਆਦਮੀ ਕਲੀਨਿਕਾਂ ਅਤੇ ਸਿਹਤ ਸੰਸਥਾਵਾਂ ਦਾ ਦੌਰਾ ਕਰਕੇ ਆਪਣੇ ਵਡਮੁੱਲੇ ਤਜਰਬੇ ਸਾਂਝੇ ਕਰਨ ਦੀ ਅਪੀਲ ਵੀ ਕੀਤੀ। ਮੁੱਖ ਮੰਤਰੀ ਨੇ ਚੰਗੀ ਕਾਰਗੁਜ਼ਾਰੀ ਦਿਖਾਉਣ ਵਾਲੇ ਡਾਕਟਰਾਂ ਨੂੰ ਵੀ ਸਨਮਾਨਤ ਕੀਤਾ।

ਇਸ ਮੌਕੇ ਸਿਹਤ ਤੇ ਪਰਵਾਰ ਭਲਾਈ ਮੰਤਰੀ ਡਾਕਟਰ ਬਲਬੀਰ ਸਿੰਘ ਨੇ ਮੁੱਖ ਮੰਤਰੀ ਤੇ ਹੋਰ ਮਹਿਮਾਨਾਂ ਦਾ ਸਵਾਗਤ ਕਰਦਿਆਂ ਸਿਹਤ ਖੇਤਰ ਵਿੱਚ ਕੀਤੇ ਜਾ ਰਹੇ ਉਪਰਾਲਿਆਂ ਦਾ ਜ਼ਿਕਰ ਕੀਤਾ।ਸਮਾਗਮ ਵਿੱਚ ਮੁੱਖ ਸਕੱਤਰ ਕੇ ਏ ਪੀ ਸਿਨਹਾ, ਸਿਹਤ ਸਕੱਤਰ ਕੁਮਾਰ ਰਾਹੁਲ ਤੇ ਹੋਰ ਸ਼ਖ਼ਸੀਅਤਾਂ ਹਾਜ਼ਰ ਸਨ।

## ਅੱਜ-ਨਾਮਾ

ਆਈ ਪਾਣੀ ਦੀ ਲਹਿਰ ਆ ਕਈ ਥਾਂਈਂ,
ਡਾਢੀ ਮੁਸ਼ਕਲ ਦੇ ਅੰਦਰ ਪੰਜਾਬ ਬੇਲੀ।
ਟੱਪਿਆ ਪਾਣੀ ਬਿਆਸ ਦਾ ਹੱਦ ਜਿਹੜੀ,
ਓਹਦਾ ਆਇਆ ਨਾ ਕਦੇ ਖਵਾਬ ਬੇਲੀ।
ਪ੍ਰਭਾਵਤ ਪਿੰਡਾਂ ਵਿੱਚ ਲੋਕ ਨੇ ਫਸੇ ਹੋਏ,
ਹੋਈ ਹੈ ਫਸਲ ਦੀ ਹਾਲਤ ਖਰਾਬ ਬੇਲੀ।
ਐਲਾਨ ਸਰਕਾਰ ਤੋਂ ਬੜੇ ਨੇ ਆਏ ਓਥੇ,
ਕਈ ਨੇ ਮਦਦ ਲਈ ਲੋਕ ਬੇਤਾਬ ਬੇਲੀ।
ਚੱਲ ਪਏ ਫਰਜ਼ ਨੂੰ ਸਮਝ ਸਮਾਜ ਸੇਵੀ,
ਜਿੰਨੀ ਹੋਈ ਉਹ ਕਰਨ ਇਮਦਾਦ ਬੇਲੀ।
ਔਖੀ ਘੜੀ ਵਿੱਚ ਫੜੀ ਸੀ ਬਾਂਹ ਕੀਹਨੇ,
ਰੱਖਦੇ ਹੁੰਦੇ ਫਿਰ ਲੋਕ ਉਹ ਯਾਦ ਬੇਲੀ।

-ਤੀਸ ਮਾਰ ਖਾਂ

## .ਗ਼ਦਰੀਆਂ ਵਰਗਾ ਸੱਚਾ-ਸੁੱਚਾ ਕਿਰਦਾਰ ਬਣਾਉਣਾ ਪੈਣਾ : ਸੁਰਿੰਦਰ ਕੁਮਾਰੀ ਕੋਛੜ

**ਬੰਗਾ (ਅਵਤਾਰ ਕਲੇਰ)**

.ਗ਼ਦਰੀਆਂ ਦੇ ਸੁਪਨਿਆਂ ਦੀ ਆਜ਼ਾਦੀ ਦਾ ਸੰਦੇਸ਼ ਹੋ ਨਿੱਬੜਿਆ ਬੀਬੀ ਗੁਲਾਬ ਕੌਰ ਸ਼ਤਾਬਦੀ ਸਮਾਗਮ



ਬੀਬੀ ਗੁਲਾਬ ਕੌਰ ਸਿਦਕ, ਸਿਰੜ, ਕੁਰਬਾਨੀ ਅਤੇ ਤਿਆਗ ਦਾ ਮੁਜੱਸਮਾ ਸਨ। ਸਾਨੂੰ ਅੱਜ ਦੇ ਸਮੇਂ ਵਿਚ ਸਮਾਜ ਵਿਚ ਇਨਕਲਾਬੀ ਤਬਦੀਲੀ ਲਿਆਉਣ ਲਈ ਯਤਨਸ਼ੀਲ ਤਾਕਤਾਂ ਨੂੰ ਸਾਡੇ ਮਹਾਨ .ਗ਼ਦਰੀਆਂ ਦੀਆਂ ਸ਼ਖਸੀਅਤਾਂ ਤੋਂ ਸਿੱਖਣਾ ਚਾਹੀਦਾ ਹੈ ਕਿ ਯੁਗ-ਪਲਟਾਊ ਕਾਰਕੁਨਾਂ ਦਾ ਕਿਰਦਾਰ ਕਿਸ ਤਰ੍ਹਾਂ ਦਾ ਸੱਚਾ-ਸੁੱਚਾ ਹੋਣਾ ਚਾਹੀਦਾ ਹੈ। ਇਹ ਵਿਚਾਰ ਐਤਵਾਰ ਬੀਬੀ ਅਮਰ ਕੌਰ ਯਾਦਗਾਰੀ ਹਾਲ ਖਟਕੜ ਕਲਾਂ ਵਿਖੇ ਸ਼ਹੀਦ ਭਗਤ ਸਿੰਘ ਸਿੱਖਿਆ ਸੇਵਾ ਸੁਸਾਇਟੀ ਵੱਲੋਂ ਬੀਬੀ ਗੁਲਾਬ ਕੌਰ ਸ਼ਤਾਬਦੀ ਸਮਾਗਮ ਨੂੰ ਸੰਬੋਧਨ ਕਰਦਿਆਂ ਦੇਸ਼ ਭਗਤ ਯਾਦਗਾਰ ਕਮੇਟੀ ਦੀ ਟਰੱਸਟੀ ਅਤੇ ਦੇਸ਼ ਭਗਤ ਲਹਿਰਾਂ ਦੀ ਮਹਾਨ ਵਿਰਾਸਤ ਦੀ ਝੰਡਾਬਰਦਾਰ ਬੀਬੀ ਸੁਰਿੰਦਰ ਕੁਮਾਰੀ ਕੋਛੜ ਨੇ ਪ੍ਰਗਟ ਕੀਤੇ।

ਸ਼ਹੀਦੀ ਯਾਦਗਾਰ ਕਮੇਟੀ ਬੰਗਾ, ਤਰਕਸ਼ੀਲ ਸੁਸਾਇਟੀ ਪੰਜਾਬ, ਪ੍ਰਗਤੀਸ਼ੀਲ ਲੇਖਕ ਸੰਘ ਅਤੇ ਹੋਰ ਅਗਾਂਹਵਧੂ ਸੰਸਥਾਵਾਂ ਦੇ ਸਹਿਯੋਗ ਨਾਲ ਆਯੋਜਿਤ ਸਮਾਗਮ ਨੂੰ ਸੰਬੋਧਨ ਕਰਦਿਆਂ ਸ਼ਹੀਦ ਭਗਤ ਸਿੰਘ ਦੇ ਭਾਣਜੇ ਪ੍ਰੋਫੈਸਰ ਜਗਮੋਹਨ ਸਿੰਘ, ਦੇਸ਼ ਭਗਤ ਯਾਦਗਾਰ ਕਮੇਟੀ ਦੇ ਟਰੱਸਟੀ ਰਣਜੀਤ ਸਿੰਘ ਔਲਖ, ਸੁਸਾਇਟੀ ਦੀ ਪ੍ਰਧਾਨ ਮਨਜੀਤ ਕੌਰ ਬੋਲਾ, ਰਣਜੀਤ ਕੌਰ ਮਹਿਮੂਦਪੁਰ, ਸਾਬਕਾ ਪ੍ਰਿੰਸੀਪਲ ਚਰਨਜੀਤ ਕੌਰ, ਕਿਸਾਨ ਆਗੂ ਤਲਵਿੰਦਰ ਹੀਰ ਨੇ ਕਿਹਾ ਕਿ ਬੀਬੀ ਗੁਲਾਬ ਕੌਰ 1914-15 'ਚ ਵਿਦੇਸ਼ਾਂ ਤੋਂ ਆਪਣੇ ਵਤਨ ਨੂੰ ਆਜ਼ਾਦ ਕਰਾਉਣ ਲਈ ਆਏ 8000 ਦੇ ਕਰੀਬ .ਗ਼ਦਰੀਆਂ ਵਿਚ ਇਕੱਲੀ ਔਰਤ ਸੀ। ਇਕ ਸਦੀ ਪਹਿਲਾਂ ਸਮਾਜਿਕ ਰਿਸ਼ਤਿਆਂ ਦੀਆਂ ਜ਼ੰਜੀਰਾਂ ਤੋੜ ਕੇ ਇਕ ਔਰਤ ਲਈ ਦੇਸ਼ ਦੀ ਆਜ਼ਾਦੀ ਲਈ ਵਤਨ ਵਾਪਸ ਪਰਤਣਾ ਅਤੇ ਤਾਉਮਰ ਆਜ਼ਾਦੀ ਸੰਗਰਾਮ ਦੇ ਲੇਖੇ ਲਾਉਣਾ ਆਪਣੇ ਆਪ ਵਿਚ ਇਤਿਹਾਸ ਦਾ ਬੇਮਿਸਾਲ ਸੁਨਹਿਰੀ ਪੰਨਾ ਹੈ। ਬੁਲਾਰਿਆਂ ਨੇ ਕਿਹਾ ਮਹਾਨ .ਗ਼ਦਰੀ ਵੀਰਾਂਗਣਾ ਦੀ ਕੁਰਬਾਨੀ ਤੋਂ ਪ੍ਰੇਰਣਾ ਲੈ ਕੇ ਹੋਰ ਵੀ ਧੜੱਲੇ ਅਤੇ ਗੰਭੀਰਤਾ ਨਾਲ ਸ਼ਹੀਦਾਂ ਦੇ ਸੁਪਨਿਆਂ ਦੀ ਸੱਚੀ ਆਜ਼ਾਦੀ ਲਈ ਜੂਝਣ ਦੀ ਜ਼ਰੂਰਤ ਹੈ।

ਸਮਾਗਮ ਨੂੰ ਹਰੀ ਕ੍ਰਿਸ਼ਨ, ਮੁਲਾਜ਼ਮ ਆਗੂ ਸ਼ਕੁੰਤਲਾ ਦੇਵੀ, ਸੱਤਪਾਲ ਸਲੋਹ ਤੇ ਰਾਜ ਕੁਮਾਰ ਮਾਹਲ ਖ਼ੁਰਦ ਨੇ ਵੀ ਸੰਬੋਧਨ ਕੀਤਾ। ਇਸ ਮੌਕੇ ਪਲਸ ਮੰਚ ਦੇ ਪ੍ਰਧਾਨ ਅਮੋਲਕ ਸਿੰਘ ਦਾ ਸੰਦੇਸ਼ ਵੀ ਸਾਂਝਾ ਕੀਤਾ ਗਿਆ। ਗੁਰਮਿੰਦਰ ਕੌਰ, ਧਰਮਿੰਦਰ ਮਸਾਣੀ, ਬਲਵਿੰਦਰ ਕੌਰ ਸਲੋਹ, ਮਾਸਟਰ ਬਲਵੀਰ ਕੁਮਾਰ, ਸੱਤਪਾਲ ਸਲੋਹ, ਸਰਬਜੀਤ ਮੰਗੂਵਾਲ ਅਤੇ ਹਾਜ਼ਰ ਬੱਚੀਆਂ ਵੱਲੋਂ ਗੀਤਾਂ ਤੇ ਕਵਿਤਾਵਾਂ ਰਾਹੀਂ ਸ਼ਰਧਾਂਜਲੀ ਭੇਟ ਕੀਤੀ ਗਈ। ਸੁਸਾਇਟੀ ਵੱਲੋਂ ਮੁੱਖ ਵਕਤਾ ਬੀਬੀ ਸੁਰਿੰਦਰ ਕੁਮਾਰੀ ਅਤੇ ਹੋਰ ਸ਼ਖ਼ਸੀਅਤਾਂ ਨੂੰ ਯਾਦ-ਚਿੰਨ੍ਹ ਦੇ ਕੇ ਸਨਮਾਨਤ ਕੀਤਾ ਗਿਆ। ਸਟੇਜ ਦਾ ਸੰਚਾਲਨ ਅਮਰਦੀਪ ਸਿੰਘ ਨੇ ਕੀਤਾ।

ਇਸ ਮੌਕੇ ਜੁਗਿੰਦਰ ਕੁੱਲੇਵਾਲ ਮੁਖੀ ਸੱਭਿਆਚਾਰਕ ਵਿਭਾਗ ਤਰਕਸ਼ੀਲ ਸੁਸਾਇਟੀ, ਕਮਲਜੀਤ ਕੌਰ ਕੁੱਲੇਵਾਲ, ਰਾਜਿੰਦਰ ਸਿੰਘ ਹੁਸ਼ਿਆਰਪੁਰ, ਲੋਕ ਕਵੀ ਤਲਵਿੰਦਰ ਸ਼ੇਰਗਿੱਲ, ਦੀਪ ਕਲੇਰ, ਜਸਵੰਤ ਖਟਕੜ, ਪੱਤਰਕਾਰ ਦੀਦਾਰ ਸ਼ੇਤਰਾ, ਰਾਜ ਹੀਓਂ, ਜਸਬੀਰ ਸਿੰਘ ਖਟਕੜ, ਖ਼ੁਸ਼ੀ ਰਾਮ ਗੁਣਾਚੌਰ, ਤੀਰਥ ਰਸੂਲਪੁਰੀ, ਨੰਦ ਲਾਲ, ਪਰਮਜੀਤ ਕੌਰ ਰਾਏਪੁਰ ਡੱਬਾ, ਕਮਲੇਸ਼ ਕੁਮਾਰੀ, ਡਾ. ਬਲਦੇਵ ਬੀਕਾ, ਐਡਵੋਕੇਟ ਪਰਮਜੀਤ ਸਿੰਘ ਖਟੜਾ, ਡਾ. ਗੁਰਮੀਤ ਸਿੰਘ, ਰੇਸ਼ਮ ਕਲੇਰ, ਜਸਵੀਰ ਮੋਰੋਂ, ਜਸਵੀਰ ਬੇਗਮਪੁਰੀ, ਸੁਖਵਿੰਦਰ ਲੰਗੇਰੀ, ਆਸ਼ਾ ਵਰਕਰਜ਼ ਆਗੂ ਰਾਜਵਿੰਦਰ ਕੌਰ, ਪੇਂਡੂ ਮਜ਼ਦੂਰ ਯੂਨੀਅਨ ਦੀ ਆਗੂ ਕਿਰਨ, ਡਾ. ਦਲਬੀਰ ਮਾਹਲ, ਮਦਨ ਲਾਲ, ਰੁਪਿੰਦਰ ਮਾਹਲ ਸਮੇਤ ਇਲਾਕੇ ਦੀਆਂ ਬਹੁਤ ਸਾਰੀਆਂ ਅਗਾਂਹਵਧੂ ਸ਼ਖ਼ਸੀਅਤਾਂ, ਸਮਾਜ ਸੇਵੀ, ਸਾਹਿਤਕਾਰ ਅਤੇ ਜਥੇਬੰਦੀਆਂ ਦੇ ਆਗੂ ਹਾਜ਼ਰ ਸਨ।

## ਪੁਲਸ ਵੱਲੋਂ 15 ਅਗਸਤ ਨੂੰ ਲੈ ਕੇ ਸੁਰੱਖਿਆ ਪ੍ਰਬੰਧ ਹੋਰ ਮਜ਼ਬੂਤ

### 60 ਤੋਂ ਵੱਧ ਬੈਂਕਾਂ, ਗੋਲਡ ਲੋਨ ਤੇ ਮਨੀ ਐਕਸਚੇਂਜ ਸੈਂਟਰਾਂ 'ਚ ਕੀਤੀ ਚੈਕਿੰਗ



**ਸ੍ਰੀ ਮੁਕਤਸਰ ਸਾਹਿਬ (ਸ਼ਮਿੰਦਰਪਾਲ, ਪੂਜਾ)** ਆਗਾਮੀ 15 ਅਗਸਤ ਦੇ ਮੱਦੇਨਜ਼ਰ ਸ੍ਰੀ ਮੁਕਤਸਰ ਸਾਹਿਬ ਪੁਲਸ ਵੱਲੋਂ ਲੋਕਾਂ ਦੀ ਸੁਰੱਖਿਆ ਨੂੰ ਮੁੱਖ ਰੱਖਦਿਆਂ ਜ਼ਿਲ੍ਹਾ ਪੱਧਰ 'ਤੇ ਸਖ਼ਤ ਸੁਰੱਖਿਆ ਪ੍ਰਬੰਧ ਕੀਤੇ ਗਏ ਹਨ।ਸ੍ਰੀ ਮੁਕਤਸਰ ਸਾਹਿਬ ਐੱਸ.ਐੱਸ.ਪੀ. ਡਾ. ਅਖਿਲ ਚੌਧਰੀ (ਆਈ.ਪੀ.ਐੱਸ.) ਦੀ ਅਗਵਾਈ ਹੇਠ ਚਾਰੇ ਸਬ-ਡਵੀਜ਼ਨਾਂ ਸ੍ਰੀ ਮੁਕਤਸਰ ਸਾਹਿਬ, ਮਲੋਟ, ਗਿੱਦੜਬਾਹਾ ਤੇ ਲੰਬੀ ਵਿੱਚ ਬੈਂਕਾਂ, ਮਨੀ ਐਕਸਚੇਂਜਰ ਤੇ ਗੋਲਡ ਲੋਨ ਸੈਂਟਰਾਂ 'ਤੇ ਸਪੈਸ਼ਲ ਨਿਗਰਾਨੀ ਤੇ ਜਾਂਚ ਮੁਹਿੰਮ ਚਲਾਈ ਗਈ।ਇਸ ਵਿਸ਼ੇਸ਼ ਜਾਂਚ ਦੌਰਾਨ ਐੱਸ ਪੀ (ਡੀ) ਮਨਮੀਤ ਸਿੰਘ ਢਿੱਲੋਂ ਦੀ ਨਿਗਰਾਨੀ ਹੇਠ ਡੀ.ਐੱਸ.ਪੀ. ਸ੍ਰੀ ਨਵੀਨ ਕੁਮਾਰ (ਸ੍ਰੀ ਮੁਕਤਸਰ ਸਾਹਿਬ), ਡੀ.ਐੱਸ.ਪੀ. ਸ੍ਰੀ ਅਵਤਾਰ ਸਿੰਘ (ਗਿੱਦੜਬਾਹਾ), ਡੀ.ਐੱਸ.ਪੀ. ਸ੍ਰੀ ਇਕਬਾਲ ਸਿੰਘ (ਮਲੋਟ) ਤੇ ਡੀ.ਐੱਸ.ਪੀ. ਸ੍ਰੀ ਜਸਪਾਲ ਸਿੰਘ (ਲੰਬੀ) ਨੇ ਸਿੱਧਾ ਮੌਕੇ 'ਤੇ ਚੈਕਿੰਗ ਦੀ ਅਗਵਾਈ ਕੀਤੀ।ਥਾਣਾ ਪੱਧਰ ਤੋਂ ਇਲਾਵਾ ਲਗਭਗ 200 ਪੁਲਸ ਅਧਿਕਾਰੀ ਤੇ ਮੁਲਾਜ਼ਮਾਂ ਦੀਆਂ 26 ਟੀਮਾਂ ਬਣਾ ਕੇ ਚੈਕਿੰਗ ਕੀਤੀ ਗਈ।ਐੱਸ.ਐੱਸ.ਪੀ. ਨੇ ਦੱਸਿਆ ਕਿ ਚੈਕਿੰਗ ਦੌਰਾਨ ਲਗਭਗ 60 ਬੈਂਕਾਂ, 15 ਗੋਲਡ ਲੋਨ ਸੈਂਟਰਾਂ ਤੇ 15 ਮਨੀ ਐਕਸਚੇਂਜਾਂ ਦੀ ਜਾਂਚ ਕੀਤੀ ਗਈ।ਇਸ ਦੌਰਾਨ ਐੱਸ ਪੀ ਨੇ ਜਾਣਕਾਰੀ ਸਾਂਝੀ ਕਰਦਿਆਂ ਦੱਸਿਆ ਕਿ ਪੁਲਸ ਟੀਮਾਂ ਵੱਲੋਂ ਬੈਂਕਾਂ, ਮਨੀ ਐਕਸਚੇਂਜਰਾਂ ਤੇ ਗੋਲਡ ਲੋਨ ਦੀਆਂ ਬ੍ਰਾਂਚ ਵਿੱਚ ਜਿੱਥੇ ਆਰਥਿਕ ਲੈਣ ਦੇਣ ਵਧੇਰੇ ਹੁੰਦਾ ਹੈ, ਇਸ ਲਈ ਇਨ੍ਹਾਂ ਅਦਾਰਿਆਂ ਦੇ ਸੁਰੱਖਿਆ ਪ੍ਰਬੰਧਾਂ ਦੀ ਜਾਂਚ ਕੀਤੀ ਗਈ।ਉਨ੍ਹਾਂ ਦੱਸਿਆ ਕਿ ਉੱਥੇ ਬਰਾਂਚਾਂ ਵਿੱਚ ਲੱਗੇ ਹੋਏ ਸੀ.ਸੀ.ਟੀ.ਵੀ. ਕੈਮਰਿਆਂ ਦੀ ਵਿਸਥਾਰਕ ਜਾਂਚ ਕੀਤੀ ਗਈ, ਜਿੱਥੇ ਕੈਮਰੇ ਚਾਲੂ ਹਾਲਤ ਵਿੱਚ ਸਨ, ਉਨ੍ਹਾਂ ਦੀ ਪੋਜ਼ੀਸ਼ਨਿੰਗ ਤੇ ਕਵਰੇਜ ਨੂੰ ਵੀ ਵੇਖਿਆ ਗਿਆ।ਜਿੱਥੇ ਕੈਮਰੇ ਖਰਾਬ ਹਾਲਤ ਵਿੱਚ ਮਿਲੇ, ਉਥੇ ਮੈਨੇਜਮੈਂਟ ਨੂੰ ਤੁਰੰਤ ਉਨ੍ਹਾਂ ਦੀ ਮੁਰੰਮਤ ਕਰਵਾਉਣ ਜਾਂ ਨਵੇਂ ਲਗਵਾਉਣ ਦੀ ਹਦਾਇਤ ਦਿੱਤੀ ਗਈ।ਇਸੇ ਤਰ੍ਹਾਂ ਸੁਰੱਖਿਆ ਗਾਰਡਾਂ ਦੀ ਹਾਜ਼ਰੀ ਰਜਿਸਟਰ ਚੈੱਕ ਕੀਤੀ ਗਈ, ਜੋ ਗਾਰਡ ਡਿਊਟੀ 'ਤੇ ਸਨ, ਉਨ੍ਹਾਂ ਦੀ ਹਾਜ਼ਰੀ, ਡਿਊਟੀ ਸ਼ੀਟ ਤੇ ਉਨ੍ਹਾਂ ਦੇ ਆਈ-ਡੀ ਕਾਰਡ ਵੀ ਵੇਖੇ ਗਏ।

ਡਿਊਟੀ ਰਜਿਸਟਰਾਂ ਰਾਹੀਂ ਉਨ੍ਹਾਂ ਵਿਅਕਤੀਆਂ ਦੀ ਐਂਟਰੀ-ਐਗਜ਼ਿਟ ਲਿਸਟ ਵੀ ਵੇਖੀ ਗਈ, ਜੋ ਰੁਟੀਨ ਵਿੱਚ ਬੈਂਕ ਜਾਂ ਐਕਸਚੇਂਜ ਵਿੱਚ ਆਉਂਦੇ-ਜਾਂਦੇ ਹਨ।ਐੱਸ.ਐੱਸ.ਪੀ. ਨੇ ਕਿਹਾ ਕਿ ਉਨ੍ਹਾਂ ਰਜਿਸਟਰਾਂ ਦੀ ਪੜਤਾਲ ਇਸ ਧਿਆਨ ਨਾਲ ਕੀਤੀ ਗਈ ਕਿ ਕਿਤੇ ਕੋਈ ਵਿਅਕਤੀ ਵਾਰ ਵਾਰ ਇੱਕੋ ਸਮੇਂ 'ਤੇ ਆ ਕੇ ਰੈਕੀ ਜਾਂ ਸ਼ੱਕੀ ਹਰਕਤ ਤਾਂ ਨਹੀਂ ਕਰ ਰਿਹਾ।ਇਸੇ ਤਰ੍ਹਾਂ ਸੁਰੱਖਿਆ ਅਲਾਰਮ ਸਿਸਟਮ ਦੀ ਵੀ ਜਾਂਚ ਕੀਤੀ ਗਈ। ਉਨ੍ਹਾਂ ਦੱਸਿਆ ਕਿ ਜਿੱਥੇ ਅਲਾਰਮ ਲੱਗੇ ਹੋਏ ਸਨ, ਉਨ੍ਹਾਂ ਦੀ ਵਰਕਿੰਗ ਸਥਿਤੀ ਨੂੰ ਚੈੱਕ ਕੀਤਾ ਗਿਆ, ਜਿੱਥੇ ਉਹ ਖ਼ਰਾਬ ਮਿਲੇ, ਉਥੇ ਸਟਾਫ ਨੂੰ ਤੁਰੰਤ ਸੰਭਾਲ ਕਰਨ ਦੇ ਹੁਕਮ ਦਿੱਤੇ ਗਏ।ਐੱਸ.ਐੱਸ.ਪੀ ਨੇ ਦੱਸਿਆ ਕਿ ਰਾਤ ਦੀ ਡਿਊਟੀ 'ਤੇ ਤਾਇਨਾਤ ਸੁਰੱਖਿਆ ਗਾਰਡਾਂ ਨਾਲ ਖਾਸ ਗੱਲਬਾਤ ਕੀਤੀ ਗਈ।

## ਬਿਲਡਿੰਗ ਠੇਕੇਦਾਰ ਐਸੋਸੀਏਸ਼ਨ ਦੀ ਮਹੀਨਾਵਾਰੀ ਮੀਟਿੰਗ



**ਜਗਰਾਉਂ (ਅਮਿਤ ਖੰਨਾ)**-ਬਿਲਡਿੰਗ ਠੇਕੇਦਾਰ ਐਸੋਸੀਏਸ਼ਨ (ਰਜਿ:133) ਜਗਰਾਉਂ ਦੀ ਮਹੀਨਾਵਾਰੀ ਮੀਟਿੰਗ ਪ੍ਰਧਾਨ ਜਿੰਦਰ ਪਾਲ ਧੀਮਾਨ ਦੀ ਪ੍ਰਧਾਨਗੀ ਹੇਠ ਗੁਰਦੁਆਰਾ ਰਾਮਗੜ੍ਹੀਆ ਘਰ ਜਗਰਾਉਂ ਵਿੱਚ ਹੋਈ।ਪ੍ਰਧਾਨ ਜਿੰਦਰ ਪਾਲ ਧੀਮਾਨ ਨੇ ਕਿਹਾ ਕਿ ਮਹੀਨਾਵਾਰ ਮੀਟਿੰਗ ਕਰਨ ਦਾ ਮੁੱਖ ਮੰਤਵ ਠੇਕੇਦਾਰਾਂ ਨੂੰ ਆ ਰਹੀਆਂ ਮੁਸ਼ਕਲਾਂ ਦਾ ਹੱਲ ਕਰਨਾ ਹੁੰਦਾ ਹੈ।ਮੀਟਿੰਗ ਵਿੱਚ ਸੰਸਥਾ ਵੱਲੋਂ ਭਵਿੱਖ ਵਿੱਚ ਲਗਾਏ ਜਾਣ ਵਾਲੇ ਸਮਾਜ ਸੇਵੀ ਪ੍ਰੋਜੈਕਟਾਂ ਬਾਰੇ ਵੀ ਵਿਚਾਰ ਕੀਤਾ ਗਿਆ।ਐਸੋਸੀਏਸ਼ਨ ਵੱਲੋਂ ਬੂਟੇ ਲਗਾਉਣ ਲਈ ਵੀ ਮਤਾ ਪਾਸ ਕੀਤਾ ਗਿਆ ਤੇ ਜਗਰਾਉਂ ਨਿਵਾਸੀਆਂ ਨੂੰ ਵਾਤਾਵਰਣ ਸ਼ੁੱਧ ਰੱਖਣ ਲਈ ਵੱਧ ਤੋਂ ਵੱਧ ਪੌਦੇ ਲਗਾਉਣ ਦੀ ਅਪੀਲ ਕੀਤੀ ਗਈ।ਵਿਸ਼ਵਕਰਮਾ ਦਿਵਸ ਮਨਾਉਣ ਸਬੰਧੀ ਵੀ ਵਿਚਾਰ ਕੀਤਾ ਗਿਆ। ਇਸ ਮੌਕੇ ਠੇਕੇਦਾਰ ਕਸ਼ਮੀਰੀ ਲਾਲ, ਠੇਕੇਦਾਰ ਗੁਰਮੇਲ ਸਿੰਘ ਚੁੱਡੀਕੇ, ਪ੍ਰਿਤਪਾਲ ਸਿੰਘ ਮਣਕੂ, ਪ੍ਰਧਾਨ ਜਿੰਦਰਪਾਲ ਸਿੰਘ ਧੀਮਾਨ, ਸੀਨੀਅਰ ਮੀਤ ਪ੍ਰਧਾਨ ਠੇਕੇਦਾਰ ਅਮਰਜੀਤ ਸਿੰਘ ਘਟੌੜੇ, ਸੀਨੀਅਰ ਮੀਤ ਪ੍ਰਧਾਨ ਠੇਕੇਦਾਰ ਮੰਗਲ ਸਿੰਘ ਸਿੱਧੂ, ਖਜ਼ਾਨਚੀ ਪ੍ਰੀਤਮ ਸਿੰਘ ਗੈਦੂ, ਜਰਨਲ ਸਕੱਤਰ ਜਸਪਾਲ ਸਿੰਘ ਕਲਿਆਣ, ਮੁੱਖ ਸਲਾਹਕਾਰ ਸੁੱਖਪਾਲ ਸਿੰਘ ਖਹਿਰਾ, ਪ੍ਰੀਤਮ ਸਿੰਘ ਜੰਡੂ, ਤਰਲੋਚਨ ਸਿੰਘ ਸੀਹਰਾ, ਸੁਰਿੰਦਰ ਸਿੰਘ ਮਠਾੜੂ, ਜਗਦੀਸ਼ ਸਿੰਘ ਦੀਸ਼ਾ, ਹੈਪੀ ਸੱਗੜ, ਕੁਲਦੀਪ ਸਿੰਘ ਬਿੱਟੂ, ਬੂਟਾ ਸਿੰਘ, ਮਨਦੀਪ ਸਿੰਘ ਮਨੀ, ਸੁਦਾਗਰ ਸਿੰਘ ਕਲਸੀ, ਸੋਹਣ ਸਿੰਘ ਸੱਗੂ, ਸੁਖਵਿੰਦਰ ਸਿੰਘ ਸੀਹਰਾ, ਧਰਮ ਸਿੰਘ ਰਾਜੂ, ਜਗਤਾਰ ਸਿੰਘ ਬਲੀ ਸਮੂਹ ਮੈਂਬਰ ਆਦਿ ਹਾਜ਼ਰ ਸਨ।

## ਸਪਰਿੰਗ ਫੀਲਡ ਸਕੂਲ ਵਿਖੇ ਤੀਆਂ ਦਾ ਤਿਉਹਾਰ ਮਨਾਇਆ




**ਬਾਘਾ ਪੁਰਾਣਾ (ਮਨੀ ਸਿੰਗਲਾ)**-ਸਪਰਿੰਗ ਫੀਲਡ ਕਾਨਵੈਂਟ ਸਕੂਲ ਬਾਘਾ ਪੁਰਾਣਾ ਵਿਖੇ ਸਕੂਲ ਦੇ ਬੱਚਿਆਂ ਤੇ ਅਧਿਆਪਕਾਂ ਨੇ ਬਹੁਤ ਹੀ ਉਤਸ਼ਾਹ ਨਾਲ ਤੀਜ ਦਾ ਤਿਉਹਾਰ ਮਨਾਇਆ।ਬੱਚੇ ਬਹੁਤ ਸੁੰਦਰ ਰੰਗ ਬਰੰਗੀਆਂ ਪੁਸ਼ਾਕਾਂ ਪਹਿਨ ਕੇ ਆਏ ਤੇ ਸਕੂਲ ਵਿੱਚ ਸਟੇਜ ਉੱਪਰ ਵੱਖ ਵੱਖ ਕਲਾਸਾਂ ਦੇ ਬੱਚਿਆਂ ਨੇ ਗੀਤ ਸੰਗੀਤ ਦੀਆਂ ਧਮਾਲਾਂ ਪਾਈਆਂ ਅਤੇ ਇਸ ਤੋਂ ਬਿਨਾਂ ਵੀ ਬੱਚਿਆਂ ਤੇ ਅਧਿਆਪਕਾਂ ਨੇ ਸਕੂਲ ਗਰਾਊਂਡ ਵਿੱਚ ਵੱਖ-ਵੱਖ ਗਰੁੱਪਾਂ ਵਿੱਚ ਗਿੱਧਾ ਪਾ ਕੇ ਆਨੰਦ ਮਾਣਿਆ ਅਤੇ ਆਰਟ ਟੀਚਰ ਸਿਮਰਜੀਤ ਕੌਰ ਨੇ ਬੱਚਿਆਂ ਦੀਆਂ ਬਣਾਈਆਂ ਹੋਈਆਂ ਵੱਖ-ਵੱਖ ਕਿਰਤੀਆਂ ਦੀ ਨੁਮਾਇਸ਼ ਵੀ ਲਗਾਈ ਗਈ, ਜੋ ਕਿ ਬਹੁਤ ਹੀ ਦਿਲ ਖਿੱਚਵੀਂ ਸੀ।ਸਕੂਲ ਚੇਅਰਮੈਨ ਨਰ ਸਿੰਘ ਬਰਾੜ ਨੇ ਦੱਸਿਆ ਕਿ ਪੰਜਾਬ ਦਾ ਸੱਭਿਆਚਾਰ ਵੱਖ-ਵੱਖ ਤਿਉਹਾਰਾਂ ਨਾਲ ਭਰਪੂਰ ਹੈ ਅਤੇ ਤੀਜ ਦਾ ਤਿਉਹਾਰ ਵੀ ਪੰਜਾਬ ਵਿੱਚ ਲੰਬੇ ਸਮੇਂ ਤੋਂ ਮਨਾਇਆ ਜਾ ਰਿਹਾ ਹੈ, ਪਰ ਹੁਣ ਸ਼ਹਿਰੀਕਰਨ ਹੋਣ ਕਰਕੇ ਇਸ ਤਿਉਹਾਰ ਦਾ ਰੁਝਾਨ ਘੱਟ ਰਿਹਾ ਹੈ। ਚੇਅਰਮੈਨ ਬਰਾੜ, ਪ੍ਰਿੰਸੀਪਲ ਵਾਲਿਜ਼ ਵਿਜੇ ਤੇ ਕੋਆਰਡੀਨੇਟਰ ਅਨੁਪਮ ਸ਼ਰਮਾ ਨੇ ਬੱਚਿਆਂ ਨੂੰ ਅਨੁਸ਼ਾਸਨ ਵਿੱਚ ਰਹਿ ਕੇ ਤੀਆਂ ਦਾ ਆਨੰਦ ਮਾਨਣ 'ਤੇ ਧੰਨਵਾਦ ਕੀਤਾ ਤੇ ਤਿਉਹਾਰ ਦੀਆਂ ਵਧਾਈਆਂ ਦਿੱਤੀਆਂ।

## ਪੰਜਾਬ ਸਰਕਾਰ ਦੀ ਸਿੱਖਿਆ ਕ੍ਰਾਂਤੀ ਵਿਦਿਆਰਥੀਆਂ ਲਈ ਵਰਦਾਨ ਸਾਬਿਤ ਹੋਈ : ਚੇਅਰਮੈਨ ਜੱਸੀ ਸੋਹੀਆਂ ਵਾਲਾ



**ਨਾਭਾ (ਵਰਿੰਦਰ ਵਰਮਾ)**-ਜ਼ਿਲ੍ਹਾ ਪਲੈਨਿੰਗ ਬੋਰਡ ਪਟਿਆਲਾ ਦੇ ਚੇਅਰਮੈਨ ਜੱਸੀ ਸੋਹੀਆਂ ਵਾਲਾ ਨੇ ਪਿੰਡ ਗੋਬਿੰਦਗੜ੍ਹ ਛੰਨਾਂ ਵਿਖੇ ਸਰਕਾਰੀ ਐਲੀਮੈਂਟਰੀ ਸਕੂਲ ਦਾ ਦੌਰਾ ਕੀਤਾ ਤੇ ਛੋਟੇ ਬੱਚਿਆਂ ਵੱਲੋਂ ਕਰਵਾਏ ਗਏ ਤੀਆਂ ਦੇ ਪ੍ਰੋਗਰਾਮ ਦਾ ਉਦਘਾਟਨ ਕੀਤਾ।ਇਸ ਮੌਕੇ ਚੇਅਰਮੈਨ ਜੱਸੀ ਸੋਹੀਆਂ ਵਾਲਾ ਨੇ ਕਿਹਾ ਕਿ ਪੰਜਾਬ ਸਰਕਾਰ ਵੱਲੋਂ ਮੁੱਖ ਮੰਤਰੀ ਭਗਵੰਤ ਸਿੰਘ ਮਾਨ ਦੀ ਅਗਵਾਈ ਹੇਠ ਸੂਬੇ ਭਰ ਵਿੱਚ ਸ਼ੁਰੂ ਕੀਤੀ ਸਿੱਖਿਆ ਕ੍ਰਾਂਤੀ ਵਿਦਿਆਰਥੀਆਂ ਲਈ ਵਰਦਾਨ ਸਾਬਤ ਹੋ ਰਹੀ ਹੈ, ਕਿਉਂਕਿ ਇਸ ਕ੍ਰਾਂਤੀ ਰਾਹੀਂ ਜਿੱਥੇ ਸਕੂਲਾਂ ਦੀ ਨੁਹਾਰ ਬਦਲੀ ਹੈ, ਉੱਥੇ ਹੀ ਵਿਦਿਆਰਥੀਆਂ ਨੂੰ ਹਰ ਪੱਖ ਤੋਂ ਵਧੀਆ ਸਹੂਲਤਾਂ ਪ੍ਰਦਾਨ ਕੀਤੀਆਂ ਜਾ ਰਹੀਆਂ ਹਨ।ਉਨ੍ਹਾਂ ਕਿਹਾ ਕਿ ਸਾਨੂੰ ਸਾਰਿਆਂ ਨੂੰ ਰਲ-ਮਿਲ ਕੇ ਤਿਉਹਾਰ ਮਨਾਉਣੇ ਚਾਹੀਦੇ ਹਨ, ਜਿਸ ਨਾਲ ਆਪਸੀ ਭਾਈਚਾਰੇ ਦੀ ਸਾਂਝ ਵਧਦੀ ਹੈ।ਇਸ ਮੌਕੇ ਸਕੂਲ ਅਧਿਆਪਕ ਜਤਿੰਦਰਜੀਤ ਸਿੰਘ ਤੇ ਜਗਜੀਤ ਸਿੰਘ ਦੀ ਅਗਵਾਈ ਹੇਠ ਸਮੁੱਚੇ ਸਟਾਫ਼ ਵੱਲੋਂ ਚੇਅਰਮੈਨ ਜੱਸੀ ਸੋਹੀਆਂ ਵਾਲਾ ਦਾ ਵਿਸ਼ੇਸ਼ ਤੌਰ 'ਤੇ ਸਨਮਾਨ ਕੀਤਾ ਗਿਆ।ਇਸ ਮੌਕੇ ਹੋਰਨਾਂ ਤੋਂ ਇਲਾਵਾ ਆਂਗਣਵਾੜੀ ਵਰਕਰ ਜਸਵੀਰ ਕੌਰ, ਗੁਰਵਿੰਦਰ ਸਿੰਘ ਖਹਿਰਾ, ਦਰਸ਼ਨ ਸਿੰਘ ਖਹਿਰਾ, ਜਗਤਾਰ ਸਿੰਘ, ਲਾਡੀ ਖਹਿਰਾ, ਦਰਸ਼ਨ ਸਿੰਘ ਖਟੜਾ, ਮਨਜੀਤ ਸਿੰਘ, ਨਰਿੰਦਰ ਸਿੰਘ, ਇੰਦਰਜੀਤ ਸਿੰਘ, ਪਵਿੱਤਰ ਸਿੰਘ, ਜਸਕਰਨਵੀਰ ਸਿੰਘ ਤੇਜੇ ਆਦਿ ਮੌਜੂਦ ਸਨ।

## ਅਮੇਠੀ ਸਾਂਸਦ ਕਿਸ਼ੋਰੀ ਲਾਲ ਸ਼ਰਮਾ ਮਹਾਰਾਣੀ ਕਲੱਬ ਪਟਿਆਲਾ ਪੁੱਜੇ

### ਕਾਂਗਰਸੀ ਆਗੂਆਂ ਵੱਲੋਂ ਗਰਮਜੋਸ਼ੀ ਨਾਲ ਸਵਾਗਤ



**ਪਟਿਆਲਾ (ਰਾਜਿੰਦਰ ਸਿੰਘ ਥਿੰਦ)**-ਮਹਾਰਾਣੀ ਕਲੱਬ ਪਟਿਆਲਾ ਵਿੱਚ ਕਾਂਗਰਸ ਪਾਰਟੀ ਵੱਲੋਂ ਇੱਕ ਵਿਸ਼ੇਸ਼ ਮਿਲਣ-ਸਮਾਗਮ ਕੀਤਾ ਗਿਆ, ਜਿਸ ਵਿੱਚ ਅਮੇਠੀ ਤੋਂ ਲੋਕ ਸਭਾ ਮੈਂਬਰ ਤੇ ਸੀਨੀਅਰ ਕਾਂਗਰਸ ਆਗੂ ਕਿਸ਼ੋਰੀ ਲਾਲ ਸ਼ਰਮਾ ਨੇ ਸ਼ਿਰਕਤ ਕੀਤੀ।ਉਨ੍ਹਾਂ ਦਾ ਪਟਿਆਲਾ ਪਹੁੰਚਣ 'ਤੇ ਪੰਜਾਬ ਯੂਥ ਕਾਂਗਰਸ ਦੇ ਪ੍ਰਧਾਨ ਮੋਹਿਤ ਮਹਿੰਦਰਾ ਵੱਲੋਂ ਗਰਮਜੋਸ਼ੀ ਨਾਲ ਸਵਾਗਤ ਕੀਤਾ ਗਿਆ। ਮੋਹਿਤ ਮਹਿੰਦਰਾ ਨੇ ਉਨ੍ਹਾਂ ਨੂੰ ਪੰਜਾਬ ਦੀ ਸਿਆਸੀ ਸਥਿਤੀ ਤੇ ਕਾਂਗਰਸ ਪਾਰਟੀ ਦੀ ਰਣਨੀਤੀ ਬਾਰੇ ਜਾਣੂ ਕਰਵਾਇਆ।ਉਨ੍ਹਾਂ ਕਿਹਾ ਕਿ ਕਿਸ਼ੋਰੀ ਲਾਲ ਸ਼ਰਮਾ ਦਾ ਪਟਿਆਲਾ ਆਉਣਾ ਸਾਡੀ ਲੀਡਰਸ਼ਿਪ ਤੇ ਵਰਕਰਾਂ ਲਈ ਉਤਸ਼ਾਹ ਵਧਾਉਣ ਵਾਲਾ ਕਦਮ ਹੈ।ਅਸੀਂ ਉਨ੍ਹਾਂ ਦੇ ਅਨੁਭਵ ਤੋਂ ਸਿੱਖ ਕੇ ਪਾਰਟੀ ਨੂੰ ਹੋਰ ਮਜ਼ਬੂਤ ਕਰਨ ਲਈ ਕਮਰ ਕੱਸ ਚੁੱਕੇ ਹਾਂ।ਕਿਸ਼ੋਰੀ ਲਾਲ ਸ਼ਰਮਾ ਨੇ ਵਰਕਰਾਂ ਨਾਲ ਗੱਲਬਾਤ ਦੌਰਾਨ ਕਿਹਾ ਕਿ ਪਟਿਆਲਾ ਯੂਥ ਕਾਂਗਰਸ ਦੇ ਪ੍ਰਧਾਨ ਮੋਹਿਤ ਮਹਿੰਦਰਾ ਇੱਕ ਹੋਣਹਾਰ ਤੇ ਉਭਰਦੇ ਹੋਏ ਆਗੂ ਹਨ।ਉਨ੍ਹਾਂ ਕਿਹਾ ਕਿ ਮੋਹਿਤ ਮਹਿੰਦਰਾ ਦੀ ਅਗਵਾਈ ਹੇਠ ਯੂਥ ਕਾਂਗਰਸ ਇੱਕਠੇ ਤੇ ਚੰਗੇ ਢੰਗ ਨਾਲ ਕੰਮ ਕਰ ਰਹੀ ਹੈ ਅਤੇ ਜ਼ਮੀਨੀ ਪੱਧਰ 'ਤੇ ਪਾਰਟੀ ਦੀਆਂ ਨੀਤੀਆਂ ਤੇ ਕਾਰਜਕ੍ਰਮਾਂ ਨੂੰ ਲੋਕਾਂ ਤੱਕ ਪਹੁੰਚਾ ਰਹੀ ਹੈ।ਉਨ੍ਹਾਂ ਕਿਹਾ ਕਿ ਇੱਕ ਜ਼ਿੰਮੇਵਾਰ ਆਗੂ ਵਜੋਂ ਮੋਹਿਤ ਮਹਿੰਦਰਾ ਆਪਣੇ ਵਰਕਰਾਂ ਨੂੰ ਨਾਲ ਲੈ ਕੇ ਚੱਲ ਰਿਹਾ ਹੈ ਤੇ ਨੌਜਵਾਨੀ ਵਿੱਚ ਨਵਾਂ ਜੋਸ਼ ਭਰ ਰਿਹਾ ਹੈ।

ਉਨ੍ਹਾਂ ਕਿਹਾ ਕਿ ਕਾਂਗਰਸ ਪਾਰਟੀ ਨੇ ਹਮੇਸ਼ਾ ਲੋਕਾਂ ਦੀ ਆਵਾਜ਼ ਬਣ ਕੇ ਕੰਮ ਕੀਤਾ ਹੈ ਤੇ ਅਸੀਂ ਪੰਜਾਬ ਵਿੱਚ ਵੀ ਇਸ ਮਿਸ਼ਨ ਨੂੰ ਅੱਗੇ ਵਧਾਵਾਂਗੇ। ਉਨ੍ਹਾਂ ਹੋਰਨਾਂ ਆਗੂਆਂ ਨੂੰ ਵੀ ਅੱਗੇ ਆ ਕੇ ਪਾਰਟੀ ਦੀ ਨੀਤੀਆਂ ਨੂੰ ਘਰ-ਘਰ ਤੱਕ ਪਹੁੰਚਾਉਣ ਦੀ ਅਪੀਲ ਕੀਤੀ।ਇਸ ਮੌਕੇ ਉਨ੍ਹਾਂ ਨਾਲ ਕਈ ਪ੍ਰਮੁੱਖ ਕਾਂਗਰਸੀ ਆਗੂ, ਜਿਨ੍ਹਾਂ ਵਿੱਚ ਡੀ.ਸੀ.ਸੀ. ਪ੍ਰਧਾਨ ਨਰੇਸ਼ ਦੁੱਗਲ, ਵਿਸ਼ਨੂੰ ਸ਼ਰਮਾ, ਰਿਚੀ ਡਕਾਲਾ, ਹਰਵਿੰਦਰ ਨਿੱਪੀ, ਹਰਬੀਰ ਢੀਂਡਸਾ, ਅਨਿਲ ਮੌਦਗਿਲ, ਹਰਵਿੰਦਰ ਸ਼ੁਕਲਾ, ਰਾਜੇਸ਼ ਰਾਜੂ, ਮਲਕੀਤ ਭਾਈਆ ਤੇ ਰਾਜੇਸ਼ ਮੰਡੋਰਾ ਸ਼ਾਮਲ ਸਨ।

## ਕੁਲਦੀਪ ਸਿੰਘ ਗਿੱਦੜਵਿੰਡੀ ਨੂੰ ਕੀਤਾ ਸਰਕਲ ਪ੍ਰਧਾਨ ਨਿਯੁਕਤ



**ਜਗਰਾਉਂ (ਸੰਜੀਵ ਅਰੋੜਾ)**-ਸ਼੍ਰੋਮਣੀ ਅਕਾਲੀ ਦਲ ਦੇ ਕੋਰ ਕਮੇਟੀ ਮੈਂਬਰ ਐੱਸ. ਆਰ. ਕਲੇਰ ਸਾਬਕਾ ਵਿਧਾਇਕ ਜਗਰਾਉਂ ਨੇ ਕੁਲਦੀਪ ਸਿੰਘ ਗਿੱਦੜਵਿੰਡੀ ਨੂੰ ਸਰਕਲ ਗਿੱਦੜਵਿੰਡੀ ਦਾ ਪ੍ਰਧਾਨ ਨਿਯੁਕਤ ਕਰਦਿਆਂ ਕਿਹਾ ਕਿ ਸਰਕਲ ਗਿੱਦੜਵਿੰਡੀ ਵਿੱਚ ਅਕਾਲੀ ਦਲ ਦਾ ਬੂਟਾ ਭਾਗ ਸਿੰਘ ਮੱਲ੍ਹਾ ਸਾਬਕਾ ਵਿਧਾਇਕ ਨੇ ਲਾਇਆ ਤੇ ਉਸ ਨੂੰ ਮਜ਼ਬੂਤ ਜਥੇਦਾਰ ਸਵ. ਗੁਰਦੀਪ ਸਿੰਘ ਗਿੱਦੜਵਿੰਡੀ ਨੇ ਰੱਖਿਆ ਤੇ ਆਪਾਂ ਹੁਣ ਉਸੇ ਤਰ੍ਹਾਂ ਹੀ ਆਪੋ ਆਪਣੀਆਂ ਜ਼ਿੰਮੇਵਾਰੀਆਂ ਨੂੰ ਸਮਝਦੇ ਹੋਏ ਸ਼੍ਰੋਮਣੀ ਅਕਾਲੀ ਦਲ ਦੇ ਇਸ ਬੂਟੇ ਦੀਆਂ ਜੜ੍ਹਾਂ ਨੂੰ ਸਰਕਲ ਗਿੱਦੜਵਿੰਡੀ ਵਿੱਚ ਮਜ਼ਬੂਤ ਕਰੀਏ। ਇਸ ਮੌਕੇ ਨਵ-ਨਿਯੁਕਤ ਸਰਕਲ ਪ੍ਰਧਾਨ ਕੁਲਦੀਪ ਸਿੰਘ ਗਿੱਦੜਵਿੰਡੀ ਨੇ ਵਿਸ਼ਵਾਸ ਦਵਾਇਆ ਕਿ ਉਹ ਆਪਣੇ ਸਰਕਲ ਦੇ ਪਿੰਡਾਂ ਵਿੱਚੋਂ ਕਦੇ ਵੀ ਅਕਾਲੀ ਦਲ ਦੀ ਵੋਟ ਘਟਨ ਨਹੀਂ ਦੇਣਗੇ ਤੇ 2027 ਵਿੱਚ ਐੱਸ. ਆਰ. ਕਲੇਰ ਨੂੰ ਵੱਡੀ ਲੀਡ ਨਾਲ ਜਿੱਤਾ ਕੇ ਵਿਧਾਨ ਸਭਾ ਵਿੱਚ ਫਿਰ ਤੋਂ ਭੇਜਣਗੇ ਤੇ ਸ਼੍ਰੋਮਣੀ ਅਕਾਲੀ ਦਲ ਦੀ ਸਰਕਾਰ ਬਣਾਉਣਗੇ। ਇਸ ਮੌਕੇ ਜ਼ਿਲ੍ਹਾ ਪ੍ਰਧਾਨ ਚੰਦ ਸਿੰਘ ਡੱਲਾ ਨੇ ਕਿਹਾ ਕਿ ਜੱਥੇਦਾਰ ਸਵ. ਗੁਰਦੀਪ ਸਿੰਘ ਗਿੱਦੜਵਿੰਡੀ ਦੇ ਹੋਣਹਾਰ ਬੇਟੇ ਗੁਰਸ਼ਰਨ ਸਿੰਘ ਨੇ ਵੀ ਯੂਥ ਅਕਾਲੀ ਦਲ ਦੀ ਸਰਕਲ ਪ੍ਰਧਾਨੀ ਵਿੱਚ ਆਪਣੇ ਪਿਤਾ ਵਾਂਗ ਹੀ ਬਾਖੂਬੀ ਨਾਲ ਸੇਵਾ ਨਿਭਾਈ ਹੈ। ਇਸ ਮੌਕੇ ਸਰਕਲ ਪ੍ਰਧਾਨ ਤੇਜਿੰਦਰਪਾਲ ਸਿੰਘ ਕੰਨੀਆ, ਭਾਵਖੰਡਨ ਸਿੰਘ ਗਿੱਦੜਵਿੰਡੀ, ਪ੍ਰਧਾਨ ਗੁਰਬਚਨ ਸਿੰਘ ਬਾਘੀਆ, ਸਾਬਕਾ ਸਰਪੰਚ ਜਸਦੇਵ ਸਿੰਘ ਲੀਲਾਂ, ਸਾਬਕਾ ਸਰਪੰਚ ਸੁਰਿੰਦਰ ਸਿੰਘ ਪਰਜੀਆਂ ਬਿਹਾਰੀਪੁਰ, ਹਰਜੀਤ ਸਿੰਘ ਜਨੇਤਪੁਰਾ ਤੇ ਮਨਜੀਤ ਸਿੰਘ ਜਨੇਤਪੁਰਾ ਆਦਿ ਹਾਜ਼ਰ ਸਨ।

## ਸੈਂਟੀਨਲ ਸਕੂਲ ਵਿਖੇ ਕੈਂਸਰ ਜਾਗਰੂਕਤਾ ਸੈਮੀਨਾਰ



**ਸਮਰਾਲਾ (ਸੁਰਜੀਤ ਸਿੰਘ)**-ਸਥਾਨਕ ਸੈਂਟੀਨਲ ਇੰਟਰਨੈਸ਼ਨਲ ਸਕੂਲ ਵਿਖੇ ਪ੍ਰਿੰਸੀਪਲ ਡਾ. ਪੂਨਮ ਸ਼ਰਮਾ ਦੀ ਅਗਵਾਈ ਹੇਠ ਵਿਦਿਆਰਥੀ ਲਈ ਕੈਂਸਰ ਜਾਗਰੂਕਤਾ ਸੰਬੰਧੀ ਸੈਮੀਨਾਰ ਕੀਤਾ ਗਿਆ। ਇਹ ਸੈਮੀਨਾਰ ਲੁਧਿਆਣਾ ਦੀ ਪ੍ਰਮੁੱਖ ਸੰਸਥਾ ਐਕਟਿਵ ਏਜਿੰਗ ਫਾਊਡੇਸ਼ਨ ਵੱਲੋਂ ਕਰਵਾਇਆ ਗਿਆ, ਜਿਸ ਦੀ ਅਗਵਾਈ ਅਮਰੀਕ ਸਿੰਘ ਕਰ ਰਹੇ ਸੀ, ਜੋ ਸਿਹਤ ਸਿੱਖਿਆ ਤੇ ਸਮਾਜਿਕ ਭਲਾਈ ਲਈ ਸਮਰਪਤ ਹਨ।ਇਸ ਸੈਮੀਨਾਰ ਦਾ ਉਦੇਸ਼ ਨੌਜਵਾਨ ਮਨਾਂ ਨੂੰ ਕੈਂਸਰ ਤੋਂ ਬਚਾਅ, ਸ਼ੁਰੂਆਤੀ ਖੋਜ ਤੇ ਸਿਹਤਮੰਦ ਜੀਵਨ ਸ਼ੈਲੀ ਦੀ ਮਹੱਤਤਾ ਬਾਰੇ ਜਾਗਰੂਕ ਕਰਨਾ ਸੀ।ਸੈਮੀਨਾਰ ਵਿੱਚ ਵੱਖ-ਵੱਖ ਜਮਾਤਾਂ ਦੇ ਸੀਨੀਅਰ ਵਿਦਿਆਰਥੀਆਂ ਨੇ ਉਤਸ਼ਾਹ ਨਾਲ ਹਿੱਸਾ ਲਿਆ।ਡਾ. ਪੂਨਮ ਸ਼ਰਮਾ ਨੇ ਸੈਮੀਨਾਰ ਦੀ ਸ਼ੁਰੂਆਤ ਇੱਕ ਪ੍ਰੇਰਨਾਦਾਇਕ ਭਾਸ਼ਨ ਨਾਲ ਕੀਤੀ।ਉਨ੍ਹਾਂ ਕਿਹਾ ਕਿ ਵਿਦਿਆਰਥੀਆਂ ਨੂੰ ਸਿਹਤ ਬਾਰੇ ਗਿਆਨ ਹੋਣਾ ਵੀ ਅਕਾਦਮਿਕ ਆਦਤਾਂ ਸਿੱਖਿਆ ਜਿੰਨਾ ਹੀ ਮਹੱਤਵਪੂਰਨ ਹੈ।ਉਨ੍ਹਾਂ ਵਿਦਿਆਰਥੀਆਂ ਨੂੰ ਸਿਹਤਮੰਦ ਆਦਤਾਂ ਅਪਣਾਉਣ ਲਈ ਪ੍ਰੇਰਿਤ ਕੀਤਾ। ਅਮਰੀਕ ਸਿੰਘ ਨੇ ਨੌਜਵਾਨ ਵਿਦਿਆਰਥੀਆਂ ਲਈ ਇੱਕ ਚੰਗਾ ਭਾਸ਼ਣ ਦਿੱਤਾ, ਜਿਸ ਵਿੱਚ ਉਨ੍ਹਾਂ ਨੇ ਕੈਂਸਰ ਦੀਆਂ ਮੁਢਲੀਆਂ ਜਾਣਕਾਰੀਆਂ, ਇਸ ਦੇ ਕਾਰਨ ਤੇ ਸ਼ੁਰੂਆਤੀ ਸਟੇਜਾਂ ਬਾਰੇ ਜਾਣਕਾਰੀ ਦਿੱਤੀ।ਉਨ੍ਹਾਂ ਤੰਬਾਕੂ ਤੋਂ ਪ੍ਰਹੇਜ਼, ਸੰਤੁਲਿਤ ਖੁਰਾਕ ਤੇ ਨਿਯਮਤ ਕਸਰਤ ਵਰਗੇ ਜੀਵਨ ਸ਼ੈਲੀ ਦੇ ਪਹਿਲੂਆਂ ਨੂੰ ਰੋਕਥਾਮ ਦੇ ਮੁੱਖ ਉਪਾਅ ਵਜੋਂ ਉਜਾਗਰ ਕੀਤਾ।ਅਮਰੀਕ ਸਿੰਘ ਨੇ ਕੈਂਸਰ ਬਾਰੇ ਆਮ ਗਲਤ ਫਹਿਮੀਆਂ ਨੂੰ ਵੀ ਦੂਰ ਕੀਤਾ, ਜਿਸ ਨਾਲ ਵਿਦਿਆਰਥੀਆਂ ਨੂੰ ਸਪੱਸ਼ਟ ਸਮਝ ਮਿਲੀ।ਸੈਮੀਨਾਰ ਦੀ ਸਮਾਪਤੀ ਵਿਦਿਆਰਥੀਆਂ ਦੀ ਇੱਕ ਸਹੁੰ ਨਾਲ ਹੋਈ, ਜਿਸ ਵਿੱਚ ਉਨ੍ਹਾਂ ਨੇ ਆਪਣੇ ਸਮਾਜ ਵਿੱਚ ਕੈਂਸਰ ਤੋਂ ਬਚਾਅ ਬਾਰੇ ਜਾਗਰੂਕਤਾ ਫੈਲਾਉਣ ਦਾ ਵਾਅਦਾ ਕੀਤਾ।ਇਸ ਮੌਕੇ ਸਕੂਲ ਦਾ ਸਮੂਹ ਸਟਾਫ਼ ਹਾਜ਼ਰ ਸੀ।

## ਮੁੱਖ ਮੰਤਰੀ ਮਾਨ ਦਿੱਲੀ ਦਾ ਨੌਕਰ ਬਣ ਕੇ ਕਰ ਰਿਹੈ ਕੰਮ : ਬਿੱਟੂ ਚੱਠਾ

### 2027 'ਚ ਸੁਖਬੀਰ ਦੀ ਅਗਵਾਈ ਹੇਠ ਸ਼੍ਰੋਮਣੀ ਅਕਾਲੀ ਦਲ ਮੁੜ ਸੱਤਾ ਹਾਸਲ ਕਰੇਗਾ



**ਨਾਭਾ (ਵਰਿੰਦਰ ਵਰਮਾ)**-ਆਮ ਆਦਮੀ ਪਾਰਟੀ ਦੀ ਸਰਕਾਰ ਵੱਲੋਂ ਵੱਡੇ ਝੂਠ ਦੇ ਸਹਾਰੇ ਨਾਲ ਸੱਤਾ ਹਾਸਲ ਕਰਕੇ ਪੰਜਾਬ ਦੇ ਲੋਕਾਂ ਨਾਲ ਵੱਡਾ ਧੋਖਾ ਕੀਤਾ ਹੈ, ਜਿਨ੍ਹਾਂ ਤੋਂ ਅੱਜ ਪੰਜਾਬ ਦਾ ਹਰ ਵਰਗ ਭਾਵੇਂ ਕਿ ਉਹ ਕਿਸਾਨ, ਮਜ਼ਦੂਰ, ਵਪਾਰੀ ਜਾਂ ਮੁਲਾਜ਼ਮ ਵਰਗ ਹੋਵੇ, ਦੁਖੀ ਜਾਪ ਰਿਹਾ ਹੈ।ਇਨ੍ਹਾਂ ਵਿਚਾਰਾਂ ਦਾ ਪ੍ਰਗਟਾਵਾ ਸ਼੍ਰੋਮਣੀ ਅਕਾਲੀ ਦਲ ਪਟਿਆਲਾ ਦਿਹਾਤੀ ਤੇ ਹਲਕਾ ਇੰਚਾਰਜ ਜਸਪਾਲ ਸਿੰਘ ਬਿੱਟੂ ਚੱਠਾ ਨੇ ਨਾਭਾ ਵਿਖੇ ਪੱਤਰਕਾਰਾਂ ਨਾਲ ਗੱਲਬਾਤ ਕਰਦਿਆਂ ਕੀਤਾ।ਉਨ੍ਹਾਂ ਕਿਹਾ ਕਿ ਆਮ ਆਦਮੀ ਪਾਰਟੀ ਦੀ ਸਰਕਾਰ ਬੁਰੀ ਤਰ੍ਹਾਂ ਫੇਲ੍ਹ ਹੋ ਚੁੱਕੀ ਹੈ।ਮੁੱਖ ਮੰਤਰੀ ਪੰਜਾਬ ਭਗਵੰਤ ਸਿੰਘ ਮਾਨ ਦਿੱਲੀ ਤੋਂ ਨਕਾਰੇ ਹੋਏ ਅਰਵਿੰਦ ਕੇਜਰੀਵਾਲ ਤੇ ਦਿੱਲੀ ਦੇ ਲੀਡਰਾਂ ਦੇ ਨੌਕਰ ਦੀ ਤਰ੍ਹਾਂ ਕੰਮ ਕਰ ਰਿਹਾ ਹੈ।ਆਪਣੇ ਦਿੱਲੀ ਦੇ ਆਕਾਵਾਂ ਨੂੰ ਖੁਸ਼ ਕਰਨ ਲਈ ਕਰਜ਼ਾ ਚੁੱਕ ਕੇ ਪੰਜਾਬ ਨੂੰ ਕਰਜ਼ਾਈ ਕਰ ਛੱਡਿਆ ਹੈ।ਉਨ੍ਹਾਂ ਲੈਂਡ ਪੂਲਿੰਗ ਮਾਮਲੇ 'ਤੇ ਆਮ ਆਦਮੀ ਪਾਰਟੀ 'ਤੇ ਤਿੱਖੇ ਨਿਸ਼ਾਨੇ ਸਾਧਦਿਆਂ ਕਿਹਾ ਕਿ ਸਰਕਾਰ ਲੈਂਡ ਪੂਲਿੰਗ ਨੀਤੀ ਤਹਿਤ ਕਿਸਾਨਾਂ ਦੀਆਂ ਜ਼ਮੀਨਾਂ ਹੜੱਪਣਾ ਚਾਹੁੰਦੀ ਹੈ, ਪੰਜਾਬ ਦੇ ਲੋਕ ਆਮ ਆਦਮੀ ਪਾਰਟੀ ਦੀ ਸਰਕਾਰ ਚੁਣ ਕੇ ਪਛਤਾ ਰਹੇ ਹਨ ਤੇ 2027 ਆਉਣ ਵਾਲੀਆਂ ਵਿਧਾਨ ਸਭਾ ਚੋਣਾਂ ਵਿੱਚ ਸੁਖਬੀਰ ਸਿੰਘ ਬਾਦਲ ਦੀ ਅਗਵਾਈ ਹੇਠ ਸ਼੍ਰੋਮਣੀ ਅਕਾਲੀ ਦਲ ਦੀ ਸਰਕਾਰ ਬਣਾਉਣ ਦਾ ਮਨ ਬਣਾ ਚੁੱਕੇ ਹਨ।ਇਸ ਮੌਕੇ ਉਨ੍ਹਾਂ ਨਾਲ ਯੂਥ ਅਕਾਲੀ ਦਲ ਦੇ ਕੌਮੀ ਬੁਲਾਰੇ ਗੁਰਤੇਜ ਸਿੰਘ ਕੌਲ, ਸਾਬਕਾ ਚੇਅਰਮੈਨ ਗੁਰਚਰਨ ਸਿੰਘ ਘਮਰੌਦਾ, ਪਰਮਜੀਤ ਸਿੰਘ ਪੰਮਾ ਮਡੌੜ, ਸਤਿਗੁਰ ਸਿੰਘ ਅਲਹੌਰਾ, ਸੰਤ ਰਾਮ ਆਦਿ ਹਾਜ਼ਰ ਸਨ।

## ਹੋਲੀ ਹਾਰਟ ਸਕੂਲ 'ਚ ਨੰਨ੍ਹੇ ਬੱਚਿਆਂ ਨੇ ਮਨਾਇਆ ਤੀਆਂ ਦਾ ਤਿਉਹਾਰ



**ਅਜੀਤਵਾਲ (ਨਛੱਤਰ ਸੰਧੂ)**-ਇਲਾਕੇ ਦੀ ਪ੍ਰਸਿੱਧ ਵਿੱਦਿਅਕ ਸੰਸਥਾ ਹੋਲੀ ਹਾਰਟ ਸਕੂਲ ਅਜੀਤਵਾਲ ਵਿੱਚ ਨੰਨ੍ਹੇ ਮੁੰਨੇ ਬੱਚਿਆਂ ਨੇ ਤੀਆਂ ਦਾ ਤਿਉਹਾਰ ਮਨਾਇਆ।ਇਸ ਪ੍ਰੋਗਰਾਮ ਵਿੱਚ ਪ੍ਰੀ ਨਰਸਰੀ ਤੋਂ ਲੈ ਕੇ ਪਹਿਲੀ ਕਲਾਸ ਦੀ ਸਾਰੇ ਵਿਦਿਆਰਥੀਆਂ ਨੇ ਹਿੱਸਾ ਲਿਆ।ਇਹ ਸਾਰੇ ਵਿਦਿਆਰਥੀ ਰੰਗ ਬਰੰਗੀਆਂ ਪੁਸ਼ਾਕਾਂ ਨਾਲ ਸੱਭਿਆਚਾਰਕ ਪਹਿਰਾਵੇ ਵਿੱਚ ਆਏ ਸਨ।ਸਕੂਲ ਪ੍ਰਿੰਸੀਪਲ ਸਾਕਸ਼ੀ ਗੁਲੇਰੀਆ ਨੇ ਪ੍ਰੋਗਰਾਮ ਦੀ ਸ਼ੁਰੂਆਤ ਕੀਤੀ।ਉਨ੍ਹਾਂ ਧੀਆਂ ਦੀ ਮਹੱਤਤਾ ਬਾਰੇ ਵਿਸਥਾਰਪੂਰਵਕ ਜਾਣਕਾਰੀ ਦਿੱਤੀ ਤੇ ਵਿਦਿਆਰਥੀਆਂ ਦੇ ਸਕੂਲ ਸਟਾਫ ਨੂੰ ਵਧਾਈ ਦਿੱਤੀ। ਉਨ੍ਹਾਂ ਕਿਹਾ ਕਿ ਇਹ ਤਿਉਹਾਰ ਪਿਆਰ ਤੇ ਸਦਭਾਵਨਾ ਦਾ ਪ੍ਰਤੀਕ ਹੈ।ਇਸ ਲਈ ਸਭ ਨੂੰ ਇਕੱਠੇ ਹੋ ਕੇ ਮਨਾਉਣਾ ਚਾਹੀਦਾ ਹੈ।ਇਸ ਪ੍ਰੋਗਰਾਮ ਵਿੱਚ ਨਰਸਰੀ ਤੋਂ ਪਹਿਲੀ ਜਮਾਤ ਤੱਕ ਦੇ ਵਿਦਿਆਰਥੀਆਂ ਨੇ ਕਵਿਤਾਵਾਂ, ਸੋਲੋ ਡਾਂਸ, ਗਰੁੱਪ ਡਾਂਸ ਪੇਸ਼ ਕਰਕੇ ਸਾਰਿਆਂ ਦਾ ਮਨੋਰੰਜਨ ਕੀਤਾ।ਇਸ ਮੌਕੇ ਸਕੂਲ ਚੇਅਰਮੈਨ ਸੁਭਾਸ਼ ਪਲਤਾ, ਡਾਇਰੈਕਟਰ ਅਮਿਤ ਪਲਤਾ, ਸ੍ਰੇਆ ਪਲਤਾ ਤੇ ਸਕੂਲ ਸਟਾਫ ਹਾਜ਼ਰ ਸੀ।

## ਸੰਜੀਵਨੀ ਗਰੁੱਪ ਦਾਊਦਪੁਰ ਵਿਖੇ ਤੀਆਂ ਦਾ ਤਿਉਹਾਰ ਮਨਾਇਆ



**ਖੰਨਾ (ਸੁਖਵਿੰਦਰ ਸਿੰਘ ਭਾਦਲਾ)**-ਇਲਾਕੇ ਦੀ ਨਾਮਵਰ ਵਿੱਦਿਅਕ ਸੰਸਥਾ ਸੰਜੀਵਨੀ ਗਰੁੱਪ ਆਫ਼ ਨਰਸਿੰਗ ਦਾਊਦਪੁਰ ਵਿਖੇ ਸਾਉਣ ਦੀ ਮਹੱਤਤਾ ਨੂੰ ਪੰਜਾਬੀ ਵਿਰਸੇ ਦੇ ਰੰਗ ਵਿੱਚ ਰੰਗ ਕੇ ਤੀਆਂ ਦਾ ਤਿਉਹਾਰ ਮਨਾਇਆ ਗਿਆ, ਜਿਸ ਵਿੱਚ ਕਾਲਜ ਦੇ ਵਿਦਿਆਰਥੀਆਂ ਨੇ ਰੰਗਾਰੰਗ ਪ੍ਰੋਗਰਾਮ ਪੇਸ਼ ਕੀਤਾ।ਇਸ ਪ੍ਰੋਗਰਾਮ ਨੂੰ ਖਾਸ ਬਣਾਉਣ ਲਈ ਮੁਟਿਆਰਾਂ ਰੰਗ ਬਰੰਗੇ ਪੰਜਾਬੀ ਪਹਿਰਾਵੇ ਵਿੱਚ ਸੱਜ ਕੇ ਆਈਆਂ।ਕਾਲਜ ਦੇ ਵਿਦਿਆਰਥੀਆਂ ਨੇ ਗਿੱਧਾ ਤੇ ਬੋਲੀਆਂ ਨਾਲ ਰੰਗ ਬੰਨ੍ਹ ਦਿੱਤਾ ਅਤੇ ਪੀਂਘਾਂ ਝੂਟੀਆਂ।ਉਨ੍ਹਾਂ ਦੀਆਂ ਪੰਜਾਬੀ ਲੋਕ ਬੋਲੀਆਂ, ਗਿੱਧੇ ਦੀਆਂ ਤਾੜੀਆਂ ਤੇ ਅੱਡੀ ਦੀਆਂ ਧਮਕਾਂ ਨਾਲ ਸਾਰਾ ਕਾਲਜ ਗੂੰਜ ਉੱਠਿਆ।ਅਧਿਆਪਕਾਂ ਨੇ ਵੀ ਇਸ ਤੀਆਂ ਦੇ ਤਿਉਹਾਰ ਉੱਤੇ ਡਾਂਸ ਕੀਤਾ।ਤੀਆਂ ਦੇ ਇਸ ਤਿਉਹਾਰ ਵਿੱਚ ਰੰਗ-ਬਰੰਗੇ ਪਤੰਗ, ਸੱਭਿਆਚਾਰ ਨੂੰ ਦਰਸਾਉਂਦਾ ਸਾਜ਼ੋ ਸਾਮਾਨ ਪੱਖੀਆਂ, ਘੜੇ, ਫੁਲਕਾਰੀਆਂ, ਚਰਖਾ ਰੱਖਿਆ ਗਿਆ।ਇਸ ਮੌਕੇ ਅਨੁਰਾਗ ਤੇ ਵਰਿੰਦਰ ਨੇ ਬਤੌਰ ਮੁੱਖ ਮਹਿਮਾਨ ਵਜੋਂ ਸ਼ਿਰਕਤ ਕੀਤੀ।ਇੰਸਟੀਚਿਊਟ ਦੇ ਚੇਅਰਪਰਸਨ ਡਾ. ਪ੍ਰੇਮ ਲਾਲ ਬਾਂਸਲ ਨੇ ਤੀਆਂ ਦੀ ਮਹੱਤਤਾ ਬਾਰੇ ਦੱਸਿਆ।ਇਸ ਤੋਂ ਇਲਾਵਾ ਇਸ ਮੌਕੇ ਡਾਇਰੈਕਟਰ ਵਿਸ਼ਾਲ ਬਾਂਸਲ, ਸੁਨੀਤਾ ਬਾਂਸਲ, ਪੰਕਜ ਬਾਂਸਲ, ਸੈਕਟਰੀ ਸੁਨੀਲ ਅਗਰਵਾਲ, ਰੋਹਿਤ ਅਗਰਵਾਲ ਤੇ ਨੇਹਾ ਅਗਰਵਾਲ ਮੌਜੂਦ ਸਨ।ਇਸ ਮੌਕੇ ਪ੍ਰਿੰਸੀਪਲ (ਪ੍ਰੋ.) ਡਾ. ਕੁਲਦੀਸ਼ ਕੌਰ ਨੇ ਤੀਆਂ ਦੇ ਤਿਉਹਾਰ ਬਾਰੇ ਵਿਸਥਾਰ ਨਾਲ ਚਾਨਣਾ ਪਾਇਆ।ਇਸ ਮੌਕੇ ਗਗਨਦੀਪ ਕੌਰ, ਹਰਵਿੰਦਰ ਕੌਰ, ਮਨਦੀਪ ਕੌਰ, ਅੰਜੂ ਬੈਕਟਰ, ਜਸਪ੍ਰੀਤ ਕੌਰ, ਲਵਪ੍ਰੀਤ ਕੌਰ, ਜਸਪ੍ਰੀਤ ਕੌਰ ਮਹਿਮੀ, ਜਸਪ੍ਰੀਤ ਕੌਰ ਰਾਜਪੂਤ, ਮਨਪ੍ਰੀਤ ਕੌਰ, ਸੁਨੀਤਾ ਰਾਣੀ, ਅਰਸ਼ਦੀਪ ਕੌਰ ਤੇ ਸੁਖਚੈਨ ਸਿੰਘ ਮੌਜੂਦ ਸਨ।ਇਸ ਮੌਕੇ ਵਿਦਿਆਰਥੀਆਂ ਦਾ ਉਤਸ਼ਾਹ ਵਧਾਉਣ ਲਈ ਇਨਾਮ ਵੰਡ ਸਮਾਰੋਹ ਕੀਤਾ ਗਿਆ।

## ਕ੍ਰਿਸ਼ਨ ਜਨਮ ਅਸ਼ਟਮੀ ਨੂੰ ਲੈ ਕੇ ਪ੍ਰਭਾਤ ਫੇਰੀਆਂ ਸ਼ੁਰੂ



**ਬਾਘਾ ਪੁਰਾਣਾ (ਮਨੀ ਸਿੰਗਲਾ)**-ਸ੍ਰੀ ਕ੍ਰਿਸ਼ਨ ਜਨਮ ਅਸ਼ਟਮੀ ਦੇ ਪਵਿੱਤਰ ਤਿਉਹਾਰ ਨੂੰ ਲੈ ਕੇ ਮੰਦਰ ਪ੍ਰਬੰਧਕ ਕਮੇਟੀਆਂ ਵੱਲੋਂ ਪ੍ਰਭਾਤ ਫੇਰੀਆਂ ਸ਼ੁਰੂ ਕਰ ਦਿੱਤੀਆਂ ਗਈਆਂ ਹਨ ਅਤੇ ਮੰਦਰ ਵਿੱਚ ਤਿਆਰੀਆਂ ਜ਼ੋਰਾਂ ਸ਼ੋਰਾਂ ਨਾਲ ਸ਼ੁਰੂ ਹੋ ਗਈਆਂ ਹਨ।ਸ੍ਰੀ ਸ਼ਿਵ ਮੰਦਰ ਪ੍ਰਬੰਧਕ ਕਮੇਟੀ ਦੇ ਪ੍ਰਧਾਨ ਬਲਵਿੰਦਰ ਗਰਗ, ਕ੍ਰਿਸ਼ਨ ਗਰਗ ਤੇ ਸ੍ਰੀ ਰਾਮ ਲੀਲ੍ਹਾ ਕਮੇਟੀ ਦੇ ਪ੍ਰਧਾਨ ਦੀਪਕ ਗਰਗ ਬੌਬੀ, ਮਨੋਜ ਗੋਇਲ, ਅਸ਼ਵਨੀ ਸ਼ਰਮਾ, ਮਨੋਜ ਗੋਇਲ, ਰੋਸ਼ਨ ਲਾਲ ਰੋਸ਼ੀ ਤੇ ਹਰ ਹਰ ਮਹਾਦੇਵ ਕਾਵੜ ਸੰਘ ਦੇ ਪ੍ਰਧਾਨ ਪੰਕਜ ਸਿੰਗਲਾ ਤੇ ਪ੍ਰਬੰਧਕ ਕਮੇਟੀ ਵੱਲੋਂ ਸ਼ਨੀਵਾਰ ਪਹਿਲੀ ਪ੍ਰਭਾਤ ਫੇਰੀ ਟਿੰਕੂ ਕਾਟਪਾਲ ਦੇ ਗ੍ਰਹਿ ਵਿਖੇ ਕੀਤੀ ਗਈ।ਇਸ ਮੌਕੇ ਜਾਣਕਾਰੀ ਦਿੰਦੇ ਹੋਏ ਪ੍ਰਧਾਨ ਬਲਵਿੰਦਰ ਗਰਗ, ਕ੍ਰਿਸ਼ਨ ਗਰਗ, ਸੰਦੀਪ ਗੋਇਲ ਠੰਡੂ, ਬਿਮਲ ਗੋਇਲ ਨੇ ਕਿਹਾ ਕਿ 16 ਅਗਸਤ ਨੂੰ ਸ੍ਰੀ ਸ਼ਿਵ ਮੰਦਰ ਧਰਮਸ਼ਾਲਾ ਵਿਖੇ ਸ੍ਰੀ ਕ੍ਰਿਸ਼ਨ ਜਨਮ ਅਸ਼ਟਮੀ ਦਾ ਪਵਿੱਤਰ ਤਿਉਹਾਰ ਬਹੁਤ ਹੀ ਧੂਮ-ਧਾਮ ਨਾਲ ਮਨਾਇਆ ਜਾਵੇਗਾ ਤੇ ਰੰਗ ਬਰੰਗੀਆਂ ਲਾਈਟਾਂ ਤੇ ਫੁੱਲਾਂ ਦੀ ਖੂਬ ਡੈਕੋਰੇਸ਼ਨ ਕੀਤੀ ਜਾਵੇਗੀ। ਭਗਵਾਨ ਸ੍ਰੀ ਕ੍ਰਿਸ਼ਨ ਜਨਮ ਅਸ਼ਟਮੀ ਦੇ ਸਬੰਧ ਵਿੱਚ ਸ਼ੋਭਾ ਯਾਤਰਾ 14 ਅਗਸਤ ਨੂੰ ਕੱਢੀ ਜਾਵੇਗੀ।ਇਸ ਮੌਕੇ ਬਿਮਲ ਗੋਇਲ, ਰਜਿੰਦਰ ਗੋਇਲ, ਮਨੋਜ ਗੋਇਲ, ਤ੍ਰਵੈਣੀ ਕਲੱਬ ਦੇ ਪ੍ਰਧਾਨ ਗੁਰਜੰਟ ਸਿੰਘ ਧਾਲੀਵਾਲ, ਪਵਨ ਢੰਡ ਬਾਬਾ ਰੋਡੂ ਮੰਦਰ, ਬਿੰਦੂ ਜੈਦਕਾ, ਅਜੇ ਪੂਰੀ, ਕੇਵਲ ਕ੍ਰਿਸ਼ਨ ਬਾਘਾ ਪੁਰਾਣਾ, ਪਸਿੰਨ ਕੁਮਾਰ, ਜਸਪਾਲ ਬਿੱਟੂ, ਯੂਥ ਅਗਰਵਾਲ ਸਭਾ ਦੇ ਪ੍ਰਧਾਨ ਪਵਨ ਗੋਇਲ, ਚਤੁਰਭੁਜ, ਦੀਪੂ ਗੋਇਲ, ਗੈਰੀ ਸਿੰਗਲਾ, ਨਰੋਤਮ ਕੰਬੋਜ, ਸੋਮ ਨਾਥ ਸੋਮੀ, ਰਮਨ, ਭਾਰਤੀ ਜਨਤਾ ਪਾਰਟੀ ਦੇ ਮੰਡਲ ਪ੍ਰਧਾਨ ਦੀਪਕ ਤਲਵਾੜ ਤੇ ਹੋਰ ਹਾਜ਼ਰ ਸਨ।

## ਵਿਗਿਆਨਕ ਸੋਚ ਅਪਣਾਉਣਾ ਸਮੇਂ ਦੀ ਮੁੱਖ ਲੋੜ : ਤਰਕਸ਼ੀਲ

### ਸੱਤਵੀਂ ਵਿਦਿਆਰਥੀ ਚੇਤਨਾ ਪਰਖ਼ ਪ੍ਰੀਖਿਆ ਬਾਰੇ ਦਿੱਤੀ ਜਾਣਕਾਰੀ



**ਸੰਗਰੂਰ (ਪ੍ਰਵੀਨ ਸਿੰਘ)**-ਲੋਕਾਂ ਦਾ ਸੋਚਣ ਢੰਗ ਵਿਗਿਆਨਕ ਬਣਾਉਣ ਲਈ ਯਤਨਸ਼ੀਲ ਤਰਕਸ਼ੀਲ ਸੁਸਾਇਟੀ ਪੰਜਾਬ ਇਕਾਈ ਸੰਗਰੂਰ ਦੇ ਆਗੂਆਂ ਸੁਰਿੰਦਰ ਸਿੰਘ ਉੱਪਲੀ, ਮਾਸਟਰ ਗੁਰਜੰਟ ਸਿੰਘ, ਗੁਰਦੀਪ ਸਿੰਘ ਲਹਿਰਾ, ਮਨਧੀਰ ਸਿੰਘ ਅਧਾਰਤ ਤਰਕਸ਼ੀਲ ਟੀਮ ਵੱਲੋਂ ਵਿਦਿਆਰਥੀਆਂ ਅੰਦਰ ਵਿਗਿਆਨਕ ਚੇਤਨਾ ਵਿਕਸਤ ਕਰਨ ਹਿੱਤ ਚਲਾਈ ਮੁਹਿੰਮ ਦੀ ਲੜੀ ਵਿੱਚ ਅੱਜ ਸਥਾਨਕ ਸਰਕਾਰੀ ਸੀਨੀਅਰ ਸੈਕੰਡਰੀ ਸਮਾਰਟ ਸਕੂਲ ਥਲੇਸ ਵਿਖੇ ਇੱਕ ਸਿੱਖਿਆਦਾਇਕ, ਭਾਵਪੂਰਤ ਤਰਕਸ਼ੀਲ ਪ੍ਰੋਗਰਾਮ ਦਿੱਤਾ।ਪ੍ਰਿੰਸੀਪਲ ਪ੍ਰਵੀਨ ਮਨਚੰਦਾ ਨੇ ਤਰਕਸ਼ੀਲ ਟੀਮ ਦਾ ਸਵਾਗਤ ਕਰਦਿਆਂ ਤਰਕਸ਼ੀਲਤਾ ਬਾਰੇ ਜਾਣਕਾਰੀ ਦਿੱਤੀ।ਇਸ ਮੌਕੇ ਤਰਕਸ਼ੀਲ ਆਗੂਆਂ ਨੇ ਹਾਜ਼ਰੀਨ ਨੂੰ ਅੰਧਵਿਸ਼ਵਾਸਾਂ, ਵਹਿਮਾਂ-ਭਰਮਾਂ, ਲਾਈਲਗਤਾ ਤੇ ਰੂੜੀਵਾਦੀ ਵਿਚਾਰਾਂ ਦੇ ਹਨੇਰੇ ਵਿੱਚੋਂ ਨਿੱਕਲ ਕੇ ਵਿਗਿਆਨਕ ਵਿਚਾਰਾਂ ਦੀ ਰੋਸ਼ਨੀ ਵਿੱਚ ਆਉਣ ਦਾ ਸੁਨੇਹਾ ਦਿੱਤਾ।ਉਨ੍ਹਾਂ ਕਿਹਾ ਕਿ ਵਿਗਿਆਨਕ ਚੇਤਨਾ ਤੇ ਨੈਤਿਕ ਕਦਰਾਂ ਕੀਮਤਾਂ ਅਪਣਾ ਕੇ ਆਪਣੀ ਸ਼ਖਸੀਅਤ ਨੂੰ ਵਿਕਸਤ ਕਰਨਾ ਚਾਹੀਦਾ ਹੈ।ਉਨ੍ਹਾਂ ਵਿਦਿਆਰਥੀਆਂ ਨੂੰ ਹਿੰਮਤ, ਲਗਨ ਤੇ ਲਗਾਤਾਰਤਾ ਦੇ ਨਾਲ ਕੀ, ਕਿਉਂ, ਕਿਵੇਂ ਆਦਿ ਗੁਣ, ਜਿਹੜੇ ਹਰ ਵਰਤਾਰੇ ਦੀ ਸਚਾਈ ਦੀ ਤਹਿ ਤੱਕ ਜਾਣ ਲਈ ਜ਼ਰੂਰੀ ਹੁੰਦੇ ਹਨ, ਅਪਨਾਉਣ ਦਾ ਸੱਦਾ ਦਿੱਤਾ।ਉਨ੍ਹਾਂ ਕਿਹਾ ਕਿ ਅਧਿਆਪਕ ਦਾ ਸਮਾਜ ਵਿੱਚ ਅਹਿਮ ਸਥਾਨ ਹੈ, ਉਸ ਨੂੰ ਵਿਗਿਆਨਕ ਵਿਚਾਰਾਂ ਦੇ ਨਾਲ ਨਾਲ ਧਰਮ, ਜਾਤ, ਫਿਰਕੇ ਤੋਂ ਨਿਰਲੇਪ ਹੋ ਕੇ ਮਨੁੱਖੀ ਗੁਣਾਂ ਦਾ ਧਾਰਨੀ ਹੋ ਕੇ ਸਮਾਜ ਦੀ ਖੁਸ਼ੀ ਤੇ ਖੁਸ਼ਹਾਲੀ ਲਈ ਯਤਨਸ਼ੀਲ ਹੋਣਾ ਚਾਹੀਦਾ ਹੈ।ਇਸ ਮੌਕੇ ਤਰਕਸ਼ੀਲ ਆਗੂਆਂ ਨੇ ਸੱਤਵੀਂ ਵਿਦਿਆਰਥੀ ਚੇਤਨਾ ਪਰਖ਼ ਪ੍ਰੀਖਿਆ ਬਾਰੇ ਜਾਣਕਾਰੀ ਦਿੰਦਿਆਂ, ਅਧਿਆਪਕਾਂ ਨੂੰ ਵਿਦਿਆਰਥੀਆਂ ਦੀ ਵੱਧ ਤੋਂ ਵੱਧ ਰਜਿਸਟ੍ਰੇਸ਼ਨ ਕਰਵਾਉਣ ਦੀ ਅਪੀਲ ਕੀਤੀ।ਆਗੂਆਂ ਵਿਦਿਆਰਥੀਆਂ ਨੂੰ ਆਪਣੇ ਸੰਬੋਧਨ ਵਿੱਚ ਅੰਧਵਿਸ਼ਵਾਸ ਤਿਆਗਣ, ਵਿਗਿਆਨਕ ਸੋਚ ਅਪਣਾਉਣ ਦਾ ਸੱਦਾ ਦਿੱਤਾ। ਸਕੂਲ ਪ੍ਰਿੰਸੀਪਲ ਨੇ ਤਰਕਸ਼ੀਲ ਸੁਸਾਇਟੀ ਦੇ ਆਗੂਆਂ ਦਾ ਵਿਗਿਆਨਕ ਵਿਚਾਰਾਂ ਦਾ ਭਾਵਪੂਰਤ ਸੱਦਾ ਲੈ ਕੇ ਵਿਦਿਆਰਥੀਆਂ ਦੇ ਰੂਬਰੂ ਹੋਣ ਲਈ ਧੰਨਵਾਦ ਕਰਦਿਆਂ, ਵਿਦਿਆਰਥੀਆਂ ਨੂੰ ਵਿਗਿਆਨਕ ਦ੍ਰਿਸ਼ਟੀਕੋਣ ਅਪਣਾਉਣ, ਮਿਹਨਤ ਕਰਨ, ਇਮਾਨਦਾਰ ਬਣਨ ਆਦਿ ਕੀਮਤੀ ਵਿਚਾਰ ਅਪਨਾਉਣ ਦਾ ਸੁਨੇਹਾ ਦਿੰਦਿਆਂ ਚੇਤਨਾ ਪਰਖ਼ ਪ੍ਰੀਖਿਆ ਵਿੱਚ ਭਰਪੂਰ ਸ਼ਮੂਲੀਅਤ ਕਰਨ ਲਈ ਪ੍ਰੇਰਿਆ।ਇਸ ਪ੍ਰੋਗਰਾਮ ਵਿੱਚ ਹੋਰਨਾਂ ਤੋਂ ਇਲਾਵਾ ਰਵਿੰਦਰ ਕੌਰ, ਹਤੇਸ਼ ਕੁਮਾਰ, ਅਨੁਰਾਧਾ, ਹਰਵਿੰਦਰ ਸਿੰਘ, ਰਣਜੀਤ ਕੌਰ, ਅਲਕਾ ਰਾਣੀ, ਗੁਰਪ੍ਰੀਤ ਕੌਰ, ਸਵੀਤਾ ਰਾਣੀ, ਰੇਸ਼ਮੀ ਚਾਵਲਾ, ਸ਼ੋਭਾ ਕਾਂਸਲ, ਬੰਧਨਾ ਰਾਣੀ, ਰੀਮਾ ਗੋਇਲ, ਆਰਤੀ ਕਾਲੜਾ, ਹਰਮਿੰਦਰ ਸਿੰਘ, ਪ੍ਰਭਜੋਤ ਕੌਰ, ਸਤੂਤੀ ਸਿੰਗਲਾ, ਗੁਰਮੀਤ ਕੌਰ, ਨਛੱਤਰ ਸਿੰਘ, ਜਸਵੀਰ ਸਿੰਘ ਆਦਿ ਅਧਿਆਪਕਾਂ ਨੇ ਸ਼ਮੂਲੀਅਤ ਕੀਤੀ।

## ਬੀ ਬੀ ਐੱਸ ਬੀ ਕਾਨਵੈਂਟ ਸਕੂਲ ਦੇ ਵਿਹੜੇ ਲੱਗੀਆਂ ਤੀਆਂ ਦੀਆਂ ਰੌਣਕਾਂ



**ਜਗਰਾਉਂ (ਸੰਜੀਵ ਅਰੋੜਾ, ਅਮਿਤ ਖੰਨਾ)**-ਕਸਬੇ ਦੀ ਨਾਮਵਰ ਵਿੱਦਿਅਕ ਸੰਸਥਾ ਬੀ. ਬੀ. ਐੱਸ. ਬੀ. ਕਾਨਵੈਂਟ ਸਕੂਲ ਸਿੱਧਵਾਂ ਬੇਟ ਵਿਖੇ ਹਰ ਸਾਲ ਦੀ ਤਰ੍ਹਾਂ ਤੀਆਂ ਦਾ ਤਿਉਹਾਰ ਬੜੀ ਧੂਮ ਧਾਮ ਨਾਲ ਮਨਾਇਆ ਗਿਆ। ਇਸ ਮੌਕੇ ਉਰਮਿਲਾ ਦੇਵੀ ਵਿਸ਼ੇਸ਼ ਤੌਰ 'ਤੇ ਹਾਜ਼ਰ ਹੋਏ। ਸਕੂਲ ਪ੍ਰਿੰਸੀਪਲ ਮੈਡਮ ਮੋਨਾ ਠਾਕੁਰ ਦੀ ਅਗਵਾਈ ਹੇਠ ਸਕੂਲ ਦੇ ਹਾਲ ਨੂੰ ਬਾਗ, ਫੁਲਕਾਰੀਆਂ, ਹੱਥੀ ਕੱਢੀਆਂ ਚਾਦਰਾਂ, ਦਰੀਆਂ ਆਦਿ ਪੁਰਾਤਨ ਸਾਜ਼ੋ ਸਾਮਾਨ ਨਾਲ ਸ਼ਿੰਗਾਰਿਆ ਗਿਆ। ਸਕੂਲ ਦੀ ਸਟੇਜ ਉੱਪਰ ਪੰਜਾਬੀ ਵਿਰਸੇ ਨੂੰ ਦਰਸਾਉਂਦਾ ਹੋਇਆ ਸੀਨ ਪੇਸ਼ ਕੀਤਾ ਗਿਆ, ਜਿਸ ਵਿੱਚ ਚਰਖੇ, ਚੁੱਲੇ, ਪਿੱਤਲ ਦੇ ਭਾਂਡੇ, ਖੂਹ, ਚੂੜੀਆਂ ਆਦਿ ਨਾਲ ਇੱਕ ਮੇਲੇ ਦਾ ਦ੍ਰਿਸ਼ ਪੇਸ਼ ਕੀਤਾ ਗਿਆ। ਸਕੂਲ ਵਿੱਚ ਛੇਵੀਂ ਤੋਂ ਲੈ ਕੇ ਬਾਰ੍ਹਵੀਂ ਤੱਕ ਦੀਆਂ ਕੁੜੀਆਂ ਨੇ ਇਸ ਤਿਉਹਾਰ ਵਿੱਚ ਹਿੱਸਾ ਲਿਆ ਤੇ ਬੱਚੇ ਘੱਗਰੇ, ਫੁਲਕਾਰੀਆਂ ਸੱਗੀ ਫੁੱਲ ਆਦਿ ਪੰਜਾਬੀ ਪੁਰਾਤਨ ਪਹਿਰਾਵੇ ਵਿੱਚ ਬੜੇ ਹੀ ਸੁੰਦਰ ਲੱਗ ਰਹੇ ਸਨ। ਬੱਚਿਆਂ ਦੇ ਨਾਲ ਸਕੂਲ ਅਧਿਆਪਕਾਵਾਂ ਵੀ ਪੰਜਾਬੀ ਪੁਰਾਤਨ ਪਹਿਰਾਵੇ ਵਿੱਚ ਆਈਆਂ ਹੋਈਆਂ ਸਨ। ਸਮਾਗਮ ਦੀ ਸ਼ੁਰੂਆਤ ਵਿੱਚ ਵੱਖ-ਵੱਖ ਤਰ੍ਹਾਂ ਦੇ ਮੁਕਾਬਲੇ ਕਰਵਾਏ ਗਏ, ਜਿਨ੍ਹਾਂ ਵਿੱਚ ਛੇਵੀਂ ਤੋਂ ਬਾਰਵੀਂ ਜਮਾਤ ਦੇ ਮੁਕਾਬਲਿਆਂ ਵਿੱਚ ਮਿਸ ਤੀਜ ਦਾ ਖਿਤਾਬ ਜਪਨੀਤ ਕੌਰ, ਪਹਿਲਾ ਰਨਰਅੱਪ ਗੁਰਲੀਨ ਕੌਰ, ਦੂਜਾ ਰਨਰਅੱਪ ਕਿਰਨਦੀਪ ਕੌਰ, ਬੈਸਟ ਡਰੈੱਸ ਜਸਵਿੰਦਰ ਕੌਰ ਤੇ ਗੁਰਲੀਨ ਕੌਰ ਅਤੇ ਮਿਸ ਗੋਰਜੀਅਸ ਦਾ ਖਿਤਾਬ ਨਵਦੀਪ ਕੌਰ ਤੇ ਚਰਨਜੋਤ ਕੌਰ ਨੇ ਹਾਸਲ ਕੀਤਾ। ਇਸੇ ਤਰ੍ਹਾਂ ਟੇਲੈਂਟ ਹੰਟ ਵਿੱਚ ਵੀ ਬੱਚਿਆਂ ਨੇ ਵਧੀਆ ਪੇਸ਼ਕਾਰੀ ਕਰਕੇ ਸਭ ਦਾ ਦਿਲ ਮੋਹ ਲਿਆ। ਇਸ ਮੌਕੇ ਪ੍ਰਿੰਸੀਪਲ ਮੈਡਮ ਵੱਲੋਂ ਆਏ ਹੋਏ ਮਹਿਮਾਨਾਂ ਦਾ ਧੰਨਵਾਦ ਕੀਤਾ ਗਿਆ ਅਤੇ ਉਨ੍ਹਾਂ ਬੱਚਿਆਂ ਦੁਆਰਾ ਪੇਸ਼ ਕੀਤੇ ਪ੍ਰੋਗਰਾਮ ਦੀ ਖੂਬ ਪ੍ਰਸੰਸਾ ਵੀ ਕੀਤੀ। ਉਨ੍ਹਾਂ ਕਿਹਾ ਕਿ ਅਜਿਹੇ ਪ੍ਰੋਗਰਾਮ ਬੱਚਿਆਂ ਨੂੰ ਆਪਣੇ ਵਿਰਸੇ ਨਾਲ ਜੋੜ ਕੇ ਰੱਖਦੇ ਹਨ। ਇਸ ਮੌਕੇ ਸਕੂਲ ਵਾਈਸ ਚੇਅਰਮੈਨ ਰਜਿੰਦਰ ਕੁਮਾਰ ਬਾਵਾ, ਪ੍ਰਧਾਨ ਹਰੀਕ੍ਰਿਸ਼ਨ ਭਗਵਾਨ ਦਾਸ, ਮੈਨੇਜਿੰਗ ਡਾਇਰੈਕਟਰ ਸ਼ਾਮ ਸੁੰਦਰ ਭਾਰਦਵਾਜ, ਜਨਰਲ ਸੈਕਰੇਟਰੀ ਅੰਜੂ ਬਾਲਾ ਤੇ ਗਗਨਦੀਪ ਬਾਵਾ ਆਦਿ ਹਾਜ਼ਰ ਸਨ।

## ਆਕਸਫੋਰਡ ਦੀਆਂ ਵਿਦਿਆਰਥਣਾਂ ਤੀਜ ਮੁਕਾਬਲੇ 'ਚ ਰਹੀਆਂ ਮੋਹਰੀ



**ਬਠਿੰਡਾ (ਰਾਜੀਵ ਗੋਇਲ)**-ਦਿ ਆਕਸਫੋਰਡ ਸਕੂਲ ਆਫ਼ ਐਜੂਕੇਸ਼ਨ ਇੱਕ ਅਜਿਹੀ ਮਾਣਮੱਤੀ ਸੰਸਥਾ ਹੈ, ਜੋ ਵਿੱਦਿਆ ਦੇ ਨਾਲ-ਨਾਲ ਹੋਰ ਕਈ ਪ੍ਰਕਾਰ ਦੀਆਂ ਗਤੀਵਿਧੀਆਂ ਦਾ ਸ਼ਿੰਗਾਰ ਬਣਦੀ ਹੈ।ਇਸ ਸੰਸਥਾ ਦੇ ਵਿਦਿਆਰਥੀ ਹਰ ਗਤੀਵਿਧੀ ਵਿੱਚ ਵੱਧ ਚੜ੍ਹ ਕੇ ਹਿੱਸਾ ਲੈਂਦੇ ਹਨ ਅਤੇ ਆਪਣੇ ਸਕੂਲ ਦਾ ਨਾਮ ਚਮਕਾਉਂਦੇ ਹਨ।ਪਿਛਲੇ ਦਿਨ ਇਸ ਸੰਸਥਾ ਦੇ ਐੱਨ.ਸੀ.ਸੀ. ਆਰਮੀ ਵਿੰਗ ਦੇ ਕੈਡਿਟਾਂ (ਵਿਦਿਆਰਥਣਾਂ) ਨੇ ਬਠਿੰਡਾ ਵਿਖੇ ਹੋਏ ਤੀਜ ਮੁਕਾਬਲੇ ਵਿੱਚ ਹਿੱਸਾ ਲਿਆ ਤੇ ਪਹਿਲਾ ਸਥਾਨ ਪ੍ਰਾਪਤ ਕੀਤਾ।ਸਮਾਰੋਹ ਦੀ ਪ੍ਰਧਾਨਗੀ ਤੇ ਅਗਵਾਈ ਕਰਨ ਵਾਲੇ ਕਰਨਲ ਏ. ਡੀ. ਪਿਤਰੇ, ਕਰਨਲ ਨਵਲ ਕਿਸ਼ੋਰ ਸ਼ਰਮਾ, ਜੀ ਡੀ ਚੌਹਾਨ ਤੇ ਰਾਜਿੰਦਰਾ ਕਾਲਜ ਦੇ ਪ੍ਰਿੰਸੀਪਲ ਨੇ ਆਕਸਫੋਰਡ ਸਕੂਲ ਦੀ ਗਿੱਧਾ ਟੀਮ (ਐੱਨ.ਸੀ.ਸ. ਕੈਡਿਟ) ਨੂੰ ਮੈਡਲਾਂ ਨਾਲ ਸਨਮਾਨਤ ਕੀਤਾ।ਸਕੂਲ ਪਹੁੰਚਣ 'ਤੇ ਸਕੂਲ ਦੇ ਪ੍ਰਿੰਸੀਪਲ ਸ੍ਰੀ ਰੂਪ ਲਾਲ ਬਾਂਸਲ ਨੇ ਸਮੁੱਚੀ ਗਿੱਧਾ ਟੀਮ ਨੂੰ ਵਧਾਈ ਦਿੰਦੇ ਹੋਏ ਬਾਕੀ ਵਿਦਿਆਰਥੀਆਂ ਨੂੰ ਵੀ ਹਿੱਸਾ ਲੈਣ ਲਈ ਪ੍ਰੇਰਿਤ ਕੀਤਾ।ਇਸ ਸਮੇਂ ਸਕੂਲ ਦੇ ਪ੍ਰਧਾਨ ਸ੍ਰ: ਗੁਰਮੀਤ ਸਿੰਘ ਗਿੱਲ ਤੇ ਵਾਈਸ ਚੇਅਰਮੈਨ ਸ੍ਰ: ਪਰਮਪਾਲ ਸਿੰਘ ਸ਼ੈਰੀ ਨੇ ਬੱਚਿਆਂ ਤੇ ਅਧਿਆਪਕਾਂ ਨੂੰ ਵਧਾਈ ਦਿੰਦੇ ਹੋਏ ਆਉਣ ਵਾਲੇ ਸਮੇਂ ਵਿੱਚ ਇਸ ਤਰ੍ਹਾਂ ਦੀਆਂ ਗਤੀਵਿਧੀਆਂ ਵਿੱਚ ਹਿੱਸਾ ਲੈਣ ਲਈ ਪ੍ਰੇਰਿਤ ਕੀਤਾ।

## ਪੰਜਾਬ ਦੇ ਟਰੈਕਟਰ ਡੀਲਰਾਂ ਨੂੰ ਕੋਈ ਦਿੱਕਤ ਨਹੀਂ ਆਉਣ ਦਿਆਂਗੇ : ਭੁੱਲਰ



**ਲੁਧਿਆਣਾ (ਰਾਜ ਸਿੰਗਲਾ)**-ਲੁਧਿਆਣਾ ਦੇ ਮਲਹੋਤਰਾ ਪੈਲਸ ਵਿਖੇ ਪੰਜਾਬ ਟਰੈਕਟਰ ਡੀਲਰ ਐਸੋਸੀਏਸ਼ਨ ਦੇ ਪੰਜਾਬ ਭਰ ਦੇ ਟਰੈਕਟਰ ਨਾਲ ਡੀਲਰਾਂ ਵੱਲੋਂ ਇੱਕ ਕਾਨਫਰੰਸ ਕੀਤੀ ਗਈ, ਜਿਸ ਵਿੱਚ ਸੂਬਾ ਪ੍ਰਧਾਨ ਜਿਹੜੇ ਪਿਊਸ਼ ਬਾਂਸਲ ਸਕੱਤਰ ਸ੍ਰੀ ਜਸਵਿੰਦਰ ਸਿੰਘ ਕਾਕੜਾ ਫਾਰਮਾਟਰੈਕ ਸੁਨਾਮ ਸੁਖਪਾਲ ਸਿੰਘ ਸੇਖੋਂ ਮਲੇਰਕੋਟਲਾ ਤੋਂ ਅਤੇ ਹੋਰ ਸਾਰੇ ਪੰਜਾਬ ਦੇ ਵੱਖ-ਵੱਖ ਜ਼ਿਲ੍ਹਿਆਂ ਤੋਂ ਆਏ ਡੀਲਰ ਸਾਹਿਬਾਨਾਂ ਦਾ ਧੰਨਵਾਦ ਹੈ, ਜਿਹੜਾ ਇਸ ਮੀਟਿੰਗ ਵਿੱਚ ਕਾਨਫਰੰਸ ਵਿੱਚ ਇਕੱਠੇ ਹੋਏ।ਇਸ ਮੀਟਿੰਗ ਵਿੱਚ ਮੁੱਖ ਮਹਿਮਾਨ ਟਰਾਂਸਪੋਰਟ ਤੇ ਜੇਲ੍ਹ ਮੰਤਰੀ ਲਾਲਜੀਤ ਭੁੱਲਰ ਤੇ ਉਨ੍ਹਾਂ ਨਾਲ ਜਸਵੀਰ ਸਿੰਘ ਕੁੰਦਨੀ ਚੇਅਰਮੈਨ ਪੀ.ਐੱਸ.ਆਈ.ਡੀ.ਸੀ. ਪੰਜਾਬ ਸਰਕਾਰ ਨੇ ਵੀ ਸ਼ਿਰਕਤ ਕੀਤੀ।ਮੁੱਖ ਮਹਿਮਾਨ ਨੂੰ ਐਸੋਸੀਏਸ਼ਨ ਦੇ ਸੀਨੀਅਰ ਆਗੂ ਧਿਆਨ ਚੰਦ ਰਾਣਾ ਤੇ ਆਸ਼ੀਸ਼ ਗਰਗ ਵੱਲੋਂ ਫੁੱਲਾਂ ਦੇ ਗੁਲਦਸਤੇ ਦੇ ਕੇ ਜੀ ਆਇਆਂ ਕਿਹਾ ਗਿਆ।ਇਸ ਸਮਾਗਮ ਅੰਦਰ ਕੁਲਦੀਪ ਬਾਵਾ ਪੀ ਸੀ ਐੱਸ ਖੇਤਰੀ ਟਰਾਂਸਪੋਰਟ ਅਧਿਕਾਰੀ ਲੁਧਿਆਣਾ ਨੇ ਵਿਸ਼ੇਸ਼ ਤੌਰ 'ਤੇ ਆਪਣੀ ਹਾਜ਼ਰੀ ਲਗਵਾਈ।ਸੂਬੇਗ ਭਰ ਤੋਂ ਹਾਜ਼ਰ ਟਰੈਕਟਰ ਡੀਲਰਾਂ ਨੂੰ ਸੰਬੋਧਨ ਕਰਦਿਆਂ ਪੰਜਾਬ ਦੇ ਟਰਾਂਸਪੋਰਟ ਤੇ ਜੇਲ੍ਹ ਮੰਤਰੀ ਲਾਲਜੀਤ ਸਿੰਘ ਭੁੱਲਰ ਨੇ ਕਿਹਾ ਕਿ ਟਰੈਕਟਰ ਡੀਲਰਾਂ ਨੂੰ ਉਨ੍ਹਾਂ ਦੇ ਪੈਂਡਿੰਗ ਮੁੱਦਿਆਂ ਤੇ ਲੈ ਕੇ ਟਰਾਂਸਪੋਰਟ ਵਿਭਾਗ ਵੱਲੋਂ ਜੋ ਵੀ ਦਿੱਕਤ ਆ ਰਹੀਆਂ ਨੇ ਅਸ਼ਵਾਸਨ ਦਿੱਤਾ ਅਤੇ ਕਿਹਾ ਕਿ ਪੁਰਜ਼ੋਰ ਤਰੀਕੇ ਨਾਲ ਐੱਸ ਪੀ ਸੀ ਤੇ ਸੈਕਟਰੀ ਟਰਾਂਸਪੋਰਟ ਨੂੰ ਕਹਿ ਕੇ ਦਸ ਦਿਨਾਂ ਵਿੱਚ ਤੁਹਾਡਾ ਇਹ ਕੰਮ ਕਰਵਾ ਦਿੱਤਾ ਜਾਊਗਾ। ਵਿਸ਼ੇਸ਼ ਤੌਰ 'ਤੇ ਪਹੁੰਚੇ ਗੁਰਜੋਤ ਸਿੰਘ ਬਰਾੜ ਸਵਰਾਜ ਡੀਲਰ ਫਰੀਦਕੋਟ ਤੋਂ ਉਨ੍ਹਾਂ ਨੇ ਆਪਣੇ 50 ਸਾਲ ਪੁਰਾਣੇ ਡੀਲਰਸ਼ਿਪ ਚਲਦੇ ਦੇ ਵਿਚਾਰ ਸਾਰੇ ਡੀਲਰਾਂ ਨਾਲ ਸਾਂਝੇ ਕੀਤੇ।

## ਮੋਗਾ 'ਚ ਭਾਜਪਾ ਦੀ ਪਹਿਲੀ ਰੈਲੀ ਨੇ ਰਚਿਆ ਇਤਿਹਾਸ

### ਪੰਜਾਬ 'ਚ ਆਉਣ ਵਾਲੀ ਸਰਕਾਰ ਭਾਜਪਾ ਦੀ ਹੋਵੇਗੀ : ਡਾ. ਸੀਮਾਂਤ ਗਰਗ



**ਮੋਗਾ (ਇਕਬਾਲ ਸਿੰਘ ਖਹਿਰਾ)**-ਭਾਜਪਾ ਦੇ ਸੂਬਾ ਕਾਰਜਕਾਰੀ ਪ੍ਰਧਾਨ ਅਸ਼ਵਨੀ ਸ਼ਰਮਾ ਦੀ ਅਗਵਾਈ ਹੇਠ ਹੋਈ ਮੋਗਾ 'ਚ ਮਾਲਵਾ ਖੇਤਰ ਦੀ ਪਹਿਲੀ ਰੈਲੀ ਨੇ ਇਤਿਹਾਸ ਰਚ ਦਿੱਤਾ ਹੈ।ਇਸ ਰੈਲੀ ਦੌਰਾਨ ਭਾਜਪਾ ਅਹੁਦੇਦਾਰਾਂ, ਵਰਕਰਾਂ ਦੇ ਨਾਲ-ਨਾਲ ਜ਼ਿਲ੍ਹੇ ਦੇ ਵੱਖ ਵੱਖ ਪਿੰਡਾਂ 'ਚੋਂ ਵੱਡੀ ਪੱਧਰ 'ਤੇ ਪੁੱਜੇ ਲੋਕਾਂ ਦੀ ਮੌਜੂਦਗੀ ਨੇ ਸਾਬਿਤ ਕਰ ਦਿੱਤਾ ਕਿ ਆਉਣ ਵਾਲੀ ਪੰਜਾਬ ਵਿੱਚ ਸਰਕਾਰ ਭਾਜਪਾ ਦੀ ਹੋਵੇਗੀ।ਮੋਗਾ ਜ਼ਿਲ੍ਹੇ ਦੇ ਸਾਰੇ ਜ਼ਿਲ੍ਹਾ ਅਧਿਕਾਰੀਆਂ, ਮੰਡਲਾਂ ਦੇ ਪ੍ਰਧਾਨਾਂ, ਮੰਡਲਾਂ ਦੇ ਅਧਿਕਾਰੀਆਂ, ਮੋਰਚਿਆਂ ਤੇ ਵਿੰਗਾਂ ਦੇ ਪ੍ਰਧਾਨਾਂ ਅਤੇ ਅਧਿਕਾਰੀਆਂ ਦੇ ਨਾਲ-ਨਾਲ ਵਰਕਰਾਂ ਤੇ ਆਮ ਲੋਕਾਂ ਦਾ ਭਾਜਪਾ ਰੈਲੀ ਨੂੰ ਇਤਿਹਾਸਕ ਰੈਲੀ ਬਣਾਉਣ ਤੇ ਭਾਜਪਾ ਦੇ ਸੂਬਾ ਕਾਰਜਕਾਰੀ ਪ੍ਰਧਾਨ ਅਸ਼ਵਨੀ ਸ਼ਰਮਾ, ਭਾਜਪਾ ਸੰਗਠਨ ਮੰਤਰੀ ਸ੍ਰੀ ਮੰਤ੍ਰੀ ਨਿਵਾਸਲੂ, ਸੂਬਾ ਜਨਰਲ ਸਕੱਤਰ ਅਨਿਲ ਸਰੀਨ, ਮਨਜੀਤ ਸਿੰਘ ਰਾਏ, ਸੂਬਾ ਜਨਰਲ ਸਕੱਤਰ ਰਾਕੇਸ਼ ਰਾਠੌਰ, ਭਾਜਪਾ ਦੇ ਸੂਬਾ ਆਗੂ ਮੋਹਨ ਲਾਲ ਸੇਠੀ, ਭਾਜਪਾ ਦੇ ਸੂਬਾ ਮੁੱਖ ਬੁਲਾਰੇ ਵਿਨੀਤ ਜੋਸ਼ੀ, ਸੁਸ਼ੀਲ ਰਿੰਕੂ ਵੱਲੋਂ ਭਾਜਪਾ ਨੂੰ ਦਿੱਤੇ ਗਏ ਸਮਰਥਨ ਤੇ ਪਿਆਰ ਲਈ ਧੰਨਵਾਦ ਕੀਤਾ ਗਿਆ।ਜਲੰਧਰ ਤੋਂ ਸਾਬਕਾ ਸੂਬਾ ਜਨਰਲ ਸਕੱਤਰ ਜੀਵਨ ਗੁਪਤਾ, ਸਾਬਕਾ ਡੀਜੀਪੀ ਪਰਮਜੀਤ ਸਿੰਘ ਗਿੱਲ ਸਮੇਤ ਮੋਗਾ ਪਹੁੰਚੇ ਹੋਰ ਸੂਬਾ ਭਾਜਪਾ ਆਗੂਆਂ ਨੇ ਇਸ ਰੈਲੀ ਦੀ ਸ਼ਲਾਘਾ ਕੀਤੀ ਤੇ ਕਿਹਾ ਕਿ ਚੋਣਾਂ ਤੋਂ ਪਹਿਲਾਂ ਮੋਗਾ ਤੋਂ ਆਪਣੀ ਰਾਜਨੀਤਕ ਰੈਲੀ ਸ਼ੁਰੂ ਕਰਨ ਵਾਲੀ ਕਿਸੇ ਵੀ ਪਾਰਟੀ ਨੇ ਪੰਜਾਬ ਦੀ ਸੱਤਾ 'ਤੇ ਕਬਜ਼ਾ ਕਰ ਲਿਆ ਹੈ।ਇਸ ਸਬੰਧ ਵਿੱਚ ਭਾਜਪਾ ਜ਼ਿਲ੍ਹਾ ਪ੍ਰਧਾਨ ਡਾ. ਸੀਮਾਂਤ ਗਰਗ ਨੇ ਸਾਰੇ ਜ਼ਿਲ੍ਹਾ ਭਾਜਪਾ ਅਧਿਕਾਰੀਆਂ ਤੇ ਵਰਕਰਾਂ ਦਾ ਧੰਨਵਾਦ ਕੀਤਾ ਅਤੇ ਕਿਹਾ ਕਿ ਉਹ ਥੋੜ੍ਹੇ ਸਮੇਂ ਵਿੱਚ ਆਪਣੀ ਮਿਹਨਤ ਨਾਲ ਰੈਲੀ ਨੂੰ ਸਫਲ ਬਣਾਉਣ ਲਈ ਵਧਾਈ ਦੇ ਪਾਤਰ ਹਨ।ਉਨ੍ਹਾਂ ਕਿਹਾ ਕਿ ਆਉਣ ਵਾਲੇ ਸਮੇਂ ਵਿੱਚ ਸਾਡੇ ਭਾਜਪਾ ਅਧਿਕਾਰੀ ਤੇ ਵਰਕਰ ਇਸ ਤਰ੍ਹਾਂ ਪਾਰਟੀ ਨੂੰ ਮਜ਼ਬੂਤ ਕਰਨ ਤੇ 2027 ਵਿੱਚ ਪੰਜਾਬ ਦੀ ਸਰਕਾਰ ਬਣਾਉਣ ਵਿੱਚ ਆਪਣਾ ਪੂਰਾ ਸਹਿਯੋਗ ਦੇਣਗੇ।

## ਗੁਰਮਤਿ ਸੰਗੀਤ ਵਿਦਿਆਲਾ ਕਾਲਾਮਾਲਾ ਸਾਹਿਬ ਵਿਖੇ ਬੂਟੇ ਲਗਾਏ



**ਮਹਿਲ ਕਲਾਂ (ਪ੍ਰਦੀਪ ਸਿੰਘ ਲੋਹਗੜ੍ਹ)**-ਸ੍ਰ: ਜੱਸਾ ਸਿੰਘ ਆਹਲੂਵਾਲੀਆ ਗੁਰਮਤਿ ਸੰਗੀਤ ਵਿਦਿਆਲਾ ਕਾਲਾਮਾਲਾ ਸਾਹਿਬ ਛਾਪਾ ਵਿਖੇ ਵਾਤਾਵਰਣ ਸੰਭਾਲ ਮੁਹਿੰਮ ਤਹਿਤ ਬੂਟੇ ਲਗਾਏ ਗਏ।ਸ਼੍ਰੋਮਣੀ ਅਕਾਲੀ ਦਲ ਦੇ ਹਲਕਾ ਇੰਚਾਰਜ ਜਥੇਦਾਰ ਨਾਥ ਸਿੰਘ ਹਮੀਦੀ ਨੇ ਕਿਹਾ ਕਿ ਵਾਤਾਵਰਣ ਨੂੰ ਬਚਾਉਣ ਲਈ ਹਰ ਇਕ ਨਾਗਰਿਕ ਨੂੰ ਬੂਟੇ ਲਗਾਉਣੇ ਚਾਹੀਦੇ ਹਨ, ਤਾਂ ਜੋ ਅਸੀਂ ਆਪਣੀਆਂ ਆਉਣ ਵਾਲੀਆਂ ਪੀੜ੍ਹੀਆਂ ਨੂੰ ਸਾਫ ਸੁਥਰਾ ਵਾਤਾਵਰਣ ਦੇ ਸਕੀਏ, ਨਿਰੋਗ ਜੀਵਨ ਜਿਉਣ ਲਈ ਵੱਧ ਤੋਂ ਵੱਧ ਬੂਟੇ ਲਗਾਉਣੇ ਸਮੇਂ ਮੁਖ ਲੋੜ ਹੈ।ਇਸ ਮੌਕੇ ਵਿਦਿਆਲਾ ਇੰਚਾਰਜ ਭਾਈ ਗੁਰਜੰਟ ਸਿੰਘ ਛੀਨੀਵਾਲ, ਭਾਈ ਬਲਵੰਤ ਸਿੰਘ ਮਹੇਰਨਾ, ਭਾਈ ਗੁਰਪ੍ਰੀਤ ਸਿੰਘ ਨੂਰ, ਜਸਵੀਰ ਸਿੰਘ ਨੂਰ, ਭਾਈ ਜਸਵੀਰ ਸਿੰਘ ਬਠਿੰਡਾ ਨੇ ਇਸ ਉਪਰਾਲੇ ਦੀ ਸ਼ਲਾਘਾ ਕਰਦਿਆ ਪਿੰਡਾਂ ਦੀਆਂ ਸਾਂਝੀਆਂ ਥਾਵਾਂ, ਖੇਤਾਂ ਦੇ ਆਲੇ ਦੁਆਲੇ ਵਧੇਰੇ ਬੂਟੇ ਲਗਾਉਣ ਲਈ ਗ੍ਰਾਮ ਪੰਚਾਇਤਾਂ, ਯੂਥ ਕਲੱਬਾਂ ਨੂੰ ਅੱਗੇ ਆਉਣ ਦੀ ਅਪੀਲ ਕੀਤੀ।ਇਸ ਮੌਕੇ ਗੁਰਦੀਪ ਸਿੰਘ ਕਾਲਾ, ਕੁਲਵੰਤ ਸਿੰਘ ਜਗਦੇ, ਹਰਜਿੰਦਰ ਸਿੰਘ ਮਾਂਗੇਵਾਲ, ਕੁਲਵਿੰਦਰ ਸਿੰਘ ਖ਼ਾਲਸਾ, ਘੁੱਦੂ ਸਿੰਘ ਠੁੱਲੀਵਾਲ, ਭੁਪਿੰਦਰ ਸਿੰਘ ਛਾਪਾ, ਹਾਕਮ ਸਿੰਘ ਹਮੀਦੀ ਆਦਿ ਹਾਜ਼ਰ ਸਨ।

ਨਵਾਂ ਜ਼ਮਾਨਾ
ਪੋਸਟ ਬਾਕਸ ਨੰ. 134

Printed and Published by Printer, Publisher and Editor : Chand Singh @ Chand Fatehpuri for Arjan Singh Gargaj Foundation, Jalandhar printed at Nawan Zamana Printers, Nehru Garden Road, Jalandhar and published at Nawan Zamana office, Nehru Garden Road, Jalandhar.
ਪ੍ਰਕਾਸ਼ਕ, ਛਾਪਕ ਤੇ ਸੰਪਾਦਕ : ਚੰਦ ਸਿੰਘ ਉਰਫ ਚੰਦ ਫਤਿਹਪੁਰੀ ਨੇ ਨਵਾਂ ਜ਼ਮਾਨਾ ਪ੍ਰਿੰਟਰਜ਼, ਨਹਿਰੂ ਗਾਰਡਨ ਰੋਡ, ਜਲੰਧਰ ਤੋਂ ਛਪਵਾ ਕੇ ਅਰਜਨ ਸਿੰਘ ਗੜਗੱਜ ਫਾਊਂਡੇਸ਼ਨ, ਨਹਿਰੂ ਗਾਰਡਨ ਰੋਡ, ਜਲੰਧਰ ਲਈ ਪ੍ਰਕਾਸ਼ਤ ਕੀਤਾ। * ਪੀ ਆਰ ਬੀ ਐਕਟ ਤਹਿਤ ਖ਼ਬਰਾਂ ਦੀ ਚੋਣ ਲਈ ਜ਼ਿੰਮੇਵਾਰ।
ਫੋਨ ਨੰਬਰ ਪ੍ਰਬੰਧਕੀ ਵਿਭਾਗ : 0181-5097300, ਸਮਾਚਾਰ ਵਿਭਾਗ : 0181-5097310, ਈ-ਮੇਲ : nawanzamana@gmail.com * Web : www.nawanzamana.in

# ਔਜਲਾ ਤੇ ਹੋਰਨਾਂ ਵੱਲੋਂ ਸੱਚਰ ਪਰਵਾਰ ਨਾਲ ਦੁੱਖ ਸਾਂਝਾ



**ਤਰਸਿੱਕਾ (ਤਰਸੇਮ ਸਿੰਘ ਸਾਧਪੁਰ)**- ਸੀਨੀਅਰ ਕਾਂਗਰਸੀ ਆਗੂ ਤੇ ਹਲਕਾ ਮਜੀਠਾ ਦੇ ਇੰਚਾਰਜ ਭਗਵੰਤ ਪਾਲ ਸਿੰਘ ਸੱਚਰ ਦੇ ਸੱਸ ਮਾਤਾ ਸੁਰਿੰਦਰ ਪਾਲ ਕੌਰ ਅਕਾਲ ਚਲਾਣਾ ਕਰ ਗਏ ਸਨ। ਅੱਜ ਬਹੁਤ ਸਾਰਿਆਂ ਤੋਂ ਇਲਾਵਾ ਅੰਮ੍ਰਿਤਸਰ ਦੇ ਮੈਂਬਰ ਪਾਰਲੀਮੈਂਟ ਗੁਰਜੀਤ ਸਿੰਘ ਔਜਲਾ, ਸਾਬਕਾ ਵਿਧਾਇਕ ਡਾ. ਰਾਜ ਕੁਮਾਰ, ਸੁਨੀਲ ਦੱਤੀ ਤੇ ਸੁੱਖਰਾਜ ਸਿੰਘ ਰੰਧਾਵਾ ਵੱਲੋਂ ਉਨ੍ਹਾਂ ਦੇ ਘਰ ਜਾ ਕੇ ਅਫ਼ਸੋਸ ਪ੍ਰਗਟ ਕੀਤਾ। ਸੱਚਰ ਨੇ ਕਿਹਾ ਕਿ ਮਾਤਾ ਜੀ ਰਿਸ਼ਤੇ ਵਿੱਚ ਮੇਰੀ ਸੱਸ ਮਾਂ ਸਨ ਪਰ ਮੈਨੂੰ ਉਹਨਾਂ ਪਿਆਰ ਆਪਣੇ ਢਿੱਡੋਂ ਜਾਇਆਂ ਵਾਂਗ ਹੀ ਕੀਤਾ। ਮੈਂ ਸਦਾ ਹੀ ਆਪਣੀ ਇਸ ਮਾਂ ਦੀ ਰਿਣੀ ਰਹਾਂਗਾ ਕਿ ਉਸ ਨੇ ਜਿਸ ਧੀ ਨੂੰ ਜਨਮ ਦਿੱਤਾ ਉਹ ਮੇਰੀ ਧਰਮ ਸੁਪਤਨੀ ਬਣੀ ਤੇ ਮੈਨੂੰ ਜ਼ਿੰਦਗੀ ਦਾ ਹਰ ਸੁੱਖ ਇਸ ਮਾਂ ਜਾਈ ਨੇ ਦਿੱਤਾ। ਸੱਚਰ ਨੇ ਕਿਹਾ ਕਿ ਜਦ ਏਹੋ ਜਿਹੀਆਂ ਨਿਤਨੇਮੀ, ਗੁਰੂ ਘਰ ਨੂੰ ਮੰਨਣ ਵਾਲੀਆਂ ਮਾਵਾਂ ਤੁਰ ਜਾਂਦੀਆਂ ਹਨ ਤਾਂ ਉਸ ਘਰ ਵਿੱਚ ਹੀ ਨਹੀਂ ਸਮਾਜ ਵਿੱਚ ਵੀ ਇੱਕ ਖ਼ਲਾਅ ਪੈਦਾ ਹੋ ਜਾਂਦਾ ਹੈ। ਉਹਨਾਂ ਦੇ ਨਮਿਤ ਕੀਰਤਨ ਤੇ ਅੰਤਿਮ ਅਰਦਾਸ 7 ਅਗਸਤ 12.30 ਤੋਂ 1.30 ਵਜੇ ਤੱਕ ਗੁਰਦੁਆਰਾ ਛੇਵੀਂ ਪਾਤਸ਼ਾਹੀ ਈ ਬਲਾਕ ਅੰਮ੍ਰਿਤਸਰ ਵਿਖੇ ਹੋਵੇਗੀ।

# ਪਿੰਗਲਵਾੜਾ ਵਿਖੇ ਖੂਨਦਾਨ ਕੈਂਪ ਲਗਾਇਆ

**ਅੰਮ੍ਰਿਤਸਰ (ਜਸਬੀਰ ਸਿੰਘ ਪੱਟੀ, ਕੰਵਲਜੀਤ ਸਿੰਘ)**- ਆਲ ਇੰਡੀਆ ਪਿੰਗਲਵਾੜਾ ਚੈਰੀਟੇਬਲ ਸੁਸਾਇਟੀ (ਰਜਿ.) ਅੰਮ੍ਰਿਤਸਰ ਦੀ ਮਾਨਾਂਵਾਲਾ ਬ੍ਰਾਂਚ ਵਿਖੇ ਪਿੰਗਲਵਾੜਾ ਸੰਸਥਾ ਦੇ ਸੰਸਥਾਪਕ ਭਗਤ ਪੂਰਨ ਸਿੰਘ ਦੀ 33ਵੀਂ ਬਰਸੀ ਮੌਕੇ ਮਾਨਾਂਵਾਲਾ ਬ੍ਰਾਂਚ ਵਿਖੇ ਇੱਕ ਵਿਸ਼ਾਲ ਖੂਨ ਦਾਨ ਕੈਂਪ ਦਾ ਆਯੋਜਨ ਕੀਤਾ ਗਿਆ। ਇਸ ਮੌਕੇ ਡਾ. ਕੁੰਵਰ ਵਿਜੈ ਪ੍ਰਤਾਪ ਸਿੰਘ, ਐਮ.ਐੱਲ. ਏ ਨੇ ਮੁੱਖ ਮਹਿਮਾਨ ਵਜੋਂ ਉਚੇਚੇ ਤੌਰ 'ਤੇ ਸ਼ਿਰਕਤ ਕੀਤੀ। ਇਸ ਮੌਕੇ ਪਿੰਗਲਵਾੜਾ ਸੰਸਥਾ ਦੇ ਮੁੱਖ ਸੇਵਾਦਾਰ ਡਾ. ਇੰਦਰਜੀਤ ਕੌਰ ਨੇ ਆਏ ਹੋਏ ਮੁੱਖ ਮਹਿਮਾਨ ਨੂੰ ਜੀ ਆਇਆਂ ਆਖਿਆ। ਇਸ ਮੌਕੇ ਡਾ. ਇੰਦਰਜੀਤ ਕੌਰ ਨੇ ਦੱਸਿਆ ਕਿ ਹਰ ਸਾਲ ਭਗਤ ਜੀ ਦੀ ਬਰਸੀ ਮੌਕੇ ਇਕ ਵਿਸ਼ਾਲ ਖੂਨਦਾਨ ਕੈਂਪ ਦਾ ਆਯੋਜਨ ਗੁਰੂ ਨਾਨਕ ਦੇਵ ਹਸਪਤਾਲ, ਅੰਮ੍ਰਿਤਸਰ ਅਤੇ ਸ੍ਰੀ ਗੁਰੂ ਰਾਮਦਾਸ ਯੂਨੀਵਰਸਿਟੀ ਆਫ ਹੈਲਥ ਸਾਇੰਸਜ਼, ਅੰਮ੍ਰਿਤਸਰ ਦੇ ਸਹਿਯੋਗ ਨਾਲ ਕੀਤਾ ਜਾਂਦਾ ਹੈ। ਉਨ੍ਹਾਂ ਦੱਸਿਆ ਕਿ ਖੂਨਦਾਨੀਆਂ ਵੱਲੋਂ ਬੜੇ ਉਤਸ਼ਾਹ ਨਾਲ 120 ਯੂਨਿਟ ਖੂਨਦਾਨ ਕੀਤਾ ਗਿਆ।ਉਹਨਾਂ ਕਿਹਾ ਕਿ ਇਕੱਤਰ ਕੀਤਾ ਗਿਆ ਖੂਨ ਲਵਾਰਿਸ ਅਤੇ ਲੋੜਵੰਦ ਰੋਗੀਆਂ ਨੂੰ ਲੋੜ ਵੇਲੇ ਦਿੱਤਾ ਜਾਂਦਾ ਹੈ। ਉਨ੍ਹਾਂ ਕਿਹਾ ਕਿ ਪਿੰਗਲਵਾੜਾ ਸੰਸਥਾ ਦੇ ਸੇਵਾਦਾਰਾਂ ਅਤੇ ਰਾਣਾ ਪਲਵਿੰਦਰ ਸਿੰਘ ਦਬੁਰਜੀ, ਆਲੇ ਦੁਆਲੇ ਤੋਂ ਆਏ ਲੋਕਾਂ, ਸਾਹਿਬਜ਼ਾਦਾ ਜੁਝਾਰ ਸਿੰਘ ਗੁਰਮਤਿ ਕਾਲਜ ਚੌਂਤਾ ਸਾਹਿਬ, ਸ੍ਰੀ ਗੁਰੂ ਰਾਮਦਾਸ ਬਲੱਡ ਡੋਨੇਸ਼ਨ ਸੁਸਾਇਟੀ ਵਲੋਂ ਹਰ ਸਾਲ ਵੱਡੀ ਗਿਣਤੀ ਵਿਚ ਖੂਨਦਾਨ ਕੀਤਾ ਜਾਂਦਾ ਹੈ।ਇਸ ਮੌਕੇ ਡਾ. ਕੁੰਵਰ ਵਿਜੈ ਪ੍ਰਤਾਪ ਸਿੰਘ ਨੇ ਖੁਦ ਕੈਂਪ ਵਿਚ ਖੂਨ ਦਾਨ ਕੀਤਾ। ਰਜਿੰਦਰ ਸਿੰਘ ਮਹਿਤਾ ਜਨਰਲ ਸੈਕਟਰੀ, ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਵੱਲੋਂ ਖੂਨਦਾਨ ਕੀਤਾ ਗਿਆ। ਇਸ ਮੌਕੇ ਕਲਾਕ੍ਰਿਤੀਆਂ ਦੀ ਨੁਮਾਇਸ਼ ਵੀ ਲਗਾਈ ਗਈ। ਪਿੰਗਲਵਾੜਾ ਸੰਸਥਾ ਅਧੀਨ ਚੱਲਦੇ ਸਕੂਲਾਂ ਭਗਤ ਪੂਰਨ ਸਿੰਘ ਆਦਰਸ਼ ਸ. ਸੈ. ਸਕੂਲ, ਭਗਤ ਪੂਰਨ ਸਿੰਘ ਸਕੂਲ ਫਾਰ, ਭਗਤ ਪੂਰਨ ਸਿੰਘ ਸਪੈਸ਼ਲ ਸਕੂਲ, ਮਾਨਾਂਵਾਲਾ ਕਲਾਂ, ਮਨਸੂਈ ਅੰਗ ਕੇਂਦਰ, ਵੋਕੇਸ਼ਨਲ ਸੈਂਟਰ, ਫਿਜ਼ਿਓਥੈਰੇਪੀ ਸੈਂਟਰ ਵਲੋਂ ਪ੍ਰਦਰਸ਼ਨੀ ਵੀ ਲਗਾਈ ਗਈ। ਇਸ ਮੌਕੇ ਡਾ. ਜਗਦੀਪਕ ਸਿੰਘ ਮੀਤ ਪ੍ਰਧਾਨ, ਮੁਖਤਾਰ ਸਿੰਘ ਗੁਰਾਇਆ ਆਨਰੇਰੀ ਸਕੱਤਰ, ਹਰਜੀਤ ਸਿੰਘ ਅਰੋੜਾ ਮੈਂਬਰ ਪਿੰਗਲਵਾੜਾ ਸੋਸਾਇਟੀ, ਰਾਜਬੀਰ ਸਿੰਘ ਮੈਂਬਰ ਪਿੰਗਲਵਾੜਾ ਸੋਸਾਇਟੀ, ਯੋਗੇਸ਼ ਸੂਰੀ ਮੁੱਖ ਪ੍ਰਸ਼ਾਸਕ, ਰਜਿੰਦਰ ਸਿੰਘ ਪ੍ਰਸ਼ਾਸਕ ਮਾਨਾਂਵਾਲਾ, ਪਰਮਿੰਦਰਜੀਤ ਸਿੰਘ ਭੱਟੀ, ਸਤਜਿੰਦਰਪਾਲ ਸਿੰਘ ਬੇਦੀ, ਡਾ. ਨਿਰਮਲ ਸਿੰਘ, ਸਮਾਜ ਸੇਵਕ ਪਵਨ ਸ਼ਰਮਾ, ਬੀਬੀ ਰਾਜਵਿੰਦਰ ਕੌਰ ਬਾਜਵਾ, ਤਿਲਕ ਰਾਜ ਜਨਰਲ ਮੈਨੇਜਰ, ਗੁਲਸ਼ਨ ਰੰਜਨ, ਬੀਬੀ ਸੁਰਿੰਦਰ ਕੌਰ ਭੱਟੀ, ਹਰਪਾਲ ਸਿੰਘ ਸੰਧੂ, ਰਜਿੰਦਰਪਾਲ ਸਿੰਘ, ਗੁਰਨਾਇਬ ਸਿੰਘ, ਜੈ ਸਿੰਘ, ਬੀਬੀ ਤਜਿੰਦਰ ਕੌਰ ਮੈਂਬਰ ਪਿੰਗਲਵਾੜਾ ਯੂ.ਕੇ ਸੋਸਾਇਟੀ (ਇੰਗਲੈਂਡ), ਕਪਿਲ ਗਾਂਧੀ, ਰਾਜਕੁਮਾਰ ਰਾਏ, ਸਾਹਿਲ ਪਾਂਡੇ, ਪੰਜਾਬ ਨੈਸ਼ਨਲ ਬੈਂਕ, ਦੀਦਾਰ ਸਿੰਘ, ਬਿਕਰਮ ਸਿੰਘ ਵੱਲਾ, ਉਂਕਾਰ ਸਿੰਘ, ਡੀ. ਐਸ. ਪੀ, ਐਡਵੋਕੇਟ ਗੁਰਜੀਨਤ ਧਾਲੀਵਾਲ, ਹਜ਼ੂਰੀ ਰਾਗੀ ਭਾਈ ਜਰਨੈਲ ਸਿੰਘ ਕੋਹਾੜਕਾ, ਮੈਨੇਜਰ ਜੋਬਨਜੀਤ ਸਿੰਘ, ਵੱਖ-ਵੱਖ ਬ੍ਰਾਂਚਾਂ ਅਤੇ ਵਾਰਡਾਂ ਦੇ ਸਟਾਫ ਮੈਂਬਰ ਆਦਿ ਹਾਜ਼ਰ ਸਨ।



# ਸਰਕਾਰ ਪੈਨਸ਼ਨਰਾਂ ਦੇ ਬਕਾਏ ਦੇਣ ਤੋਂ ਟਾਲਮਟੋਲ ਕਰ ਰਹੀ : ਅਜਨਾਲਾ



**ਛੇਹਰਟਾ (ਮਨੋਜ ਕੁਮਾਰ)**- ਸੂਬਾ ਸਰਕਾਰ ਹਰੇਕ ਮਸਲੇ 'ਤੇ ਫੇਲ੍ਹ ਹੋ ਚੁੱਕੀ ਹੈ। ਮਹਿੰਗਾਈ, ਬੇਰੁਜ਼ਗਾਰੀ, ਭ੍ਰਿਸ਼ਟਾਚਾਰ, ਗੁੰਡਾਗਰਦੀ ਆਦਿ ਆਪਣੇ ਸਿਖਰ 'ਤੇ ਪੁੱਜ ਚੁੱਕੇ ਹਨ। ਪੈਨਸ਼ਨਰਾਂ ਦੇ ਬਕਾਏ ਦੇਣ ਤੋਂ ਵੀ ਇਹ ਸਰਕਾਰ ਟਾਲਮਟੋਲ ਕਰ ਰਹੀ ਹੈ। ਇਨ੍ਹਾਂ ਸ਼ਬਦਾਂ ਦਾ ਪ੍ਰਗਟਾਵਾ ਚੇਅਰਮੈਨ ਕਾਮਰੇਡ ਸੁੱਚਾ ਸਿੰਘ ਅਜਨਾਲਾ ਨੇ ਗੌਰਮਿੰਟ ਪੈਨਸ਼ਨਰਜ਼ ਯੂਨੀਅਨ ਦੀ ਮਹੀਨਾਵਾਰ ਮੀਟਿੰਗ ਦੌਰਾਨ ਸੰਬੋਧਨ ਕਰਦਿਆਂ ਕੀਤਾ। ਯੂਨੀਅਨ ਦੇ ਜ਼ਿਲ੍ਹਾ ਪ੍ਰਧਾਨ ਨਰਿੰਦਰਪਾਲ ਚਮਿਆਰੀ ਦੀ ਪ੍ਰਧਾਨਗੀ ਹੇਠ ਹੋਈ ਇਸ ਮੀਟਿੰਗ ਵਿੱਚ ਸੂਬਾ ਸਰਕਾਰ ਵਿਰੁੱਧ ਜ਼ੋਰਦਾਰ ਨਾਅਰੇਬਾਜ਼ੀ ਕੀਤੀ ਗਈ, ਜਦੋਂ ਕਿ ਜਨਰਲ ਸਕੱਤਰ ਸਵਿੰਦਰ ਸਿੰਘ ਅਦਲੀਵਾਲ ਨੇ ਮੀਟਿੰਗ ਦਾ ਏਜੰਡਾ ਪੇਸ਼ ਕੀਤਾ। ਇਸ ਮੌਕੇ ਹੋਰਨਾਂ ਤੋਂ ਇਲਾਵਾ ਸੰਤੋਖ ਸਿੰਘ, ਸੇਵਾ ਸਿੰਘ, ਸਵਿੰਦਰ ਸਿੰਘ ਮੀਰਾਂਕੋਟ, ਸੁਲੱਖਣ ਸਿੰਘ, ਗੁਰਦੀਪ ਸਿੰਘ, ਦਲਜੀਤ ਸਿੰਘ ਭੋਮਾ, ਤਰਸੇਮ ਟਪਿਆਲਾ, ਕੇਵਲ ਸਿੰਘ, ਕੁਲਵੰਤ ਸਿੰਘ, ਬਲਦੇਵ ਸਿੰਘ, ਪ੍ਰਿੰਸੀਪਲ ਹਰਪਾਲ ਸਿੰਘ ਤੇ ਹਰਭਜਨ ਸਿੰਘ ਬਰਾੜ ਵੀ ਹਾਜ਼ਰ ਸਨ।

# ਸਕੂਲ ਆਫ ਐਮੀਨੈਂਸ ਦੀਆਂ ਵਿਦਿਆਰਥਣਾਂ ਨੇ ਤੀਆਂ ਦਾ ਤਿਉਹਾਰ ਮਨਾਇਆ



**ਅੰਮ੍ਰਿਤਸਰ (ਰਾਣਾ)**- ਸਕੂਲ ਆਫ ਐਮੀਨੈਂਸ ਛੇਹਰਟਾ ਅੰਮ੍ਰਿਤਸਰ ਵਿਖੇ ਸਕੂਲ ਦੀਆਂ ਸਮੂਹ ਵਿਦਿਆਰਥਣਾਂ ਵੱਲੋਂ ਤੀਆਂ ਦਾ ਤਿਉਹਾਰ ਬੜੀ ਧੂਮਧਾਮ ਨਾਲ ਮਨਾਇਆ ਗਿਆ। ਜਿਸ ਵਿੱਚ ਮੁੱਖ ਮਹਿਮਾਨ ਵਜੋਂ ਹਲਕਾ ਵਿਧਾਇਕ ਪੱਛਮੀ ਡਾ. ਜਸਬੀਰ ਸਿੰਘ ਸੰਧੂ ਵਿਸ਼ੇਸ਼ ਤੌਰ 'ਤੇ ਸ਼ਾਮਲ ਹੋਏ। ਸਮੁੱਚੇ ਪ੍ਰੋਗਰਾਮ ਦੀ ਅਗਵਾਈ ਸਕੂਲ ਦੀ ਪ੍ਰਿੰਸੀਪਲ ਮਨਮੀਤ ਕੌਰ ਨੇ ਕੀਤੀ। ਇਸ ਮੌਕੇ ਸਕੂਲ ਦੀਆਂ ਵਿਦਿਆਰਥਣਾਂ ਵੱਲੋਂ ਵੱਖ-ਵੱਖ ਵੰਨਗੀਆਂ ਪੇਸ਼ ਕਰਦੇ ਹੋਏ, ਬੋਲੀਆਂ ਅਤੇ ਗਿੱਧਾ ਪਾ ਕੇ ਖੂਬ ਸਮਾਂ ਬੰਨ੍ਹੀ ਰੱਖਿਆ। ਇਸ ਦੌਰਾਨ ਵਿਧਾਇਕ ਡਾ. ਜਸਬੀਰ ਸਿੰਘ ਵੱਲੋਂ ਤੀਆਂ ਦੇ ਪ੍ਰੋਗਰਾਮ ਵਿੱਚ ਸ਼ਾਮਲ ਹੋਏ ਸਮੂਹ ਇਲਾਕੇ ਦੇ ਪਤਵੰਤਿਆਂ, ਪ੍ਰਿੰਸੀਪਲ, ਸਕੂਲ ਦੇ ਸਟਾਫ ਅਤੇ ਵਿਦਿਆਰਥਣਾਂ ਦਾ ਧੰਨਵਾਦ ਕੀਤਾ। ਇਸ ਮੌਕੇ ਬਲਾਕ ਸਿੱਖਿਆ ਅਫਸਰ (ਐਲੀ:) ਅੰਮ੍ਰਿਤਸਰ-4 ਦਿਲਬਾਗ ਸਿੰਘ, ਗੁਰਪ੍ਰੀਤ ਸਿੰਘ ਛੇਹਰਟਾ, ਲਿਵਤਾਰ ਸਿੰਘ, ਗੁਰਿੰਦਰ ਸਿੰਘ (ਤਿੰਨੇ ਸੈਂਟਰ ਹੈੱਡਟੀਚਰ) ਲੈਕਚਰਾਰ ਧਰਮਿੰਦਰ ਸਿੰਘ, ਲੈਕਚਰਾਰ ਕਸ਼ਮੀਰ ਸਿੰਘ ਅਤੇ ਕੁਨਾਲ ਭੱਲਾ, ਆਪ ਆਗੂ ਦਿਲਬਾਗ ਸਿੰਘ ਵੀ ਉਚੇਚੇ ਤੌਰ 'ਤੇ ਸ਼ਾਮਲ ਹੋਏ।

# ਖਾਲਸਾ ਪੰਥ ਸਾਜਨਾ ਦਿਵਸ ਕਮੇਟੀ ਨੇ ਵੱਖ-ਵੱਖ ਥਾਵਾਂ 'ਤੇ ਬੂਟੇ ਲਗਾਏ



**ਧਾਰੀਵਾਲ/ਹਰਚੋਵਾਲ (ਮਨਦੀਪ ਸਿੰਘ ਵਿੱਕੀ)**- ਖਾਲਸਾ ਪੰਥ ਸਾਜਨਾ ਦਿਵਸ ਕਮੇਟੀ ਨਹਿਰ ਪੁਲ ਭਾਮੜੀ ਵਲੋਂ ਵਾਤਾਵਰਣ ਦੀ ਸ਼ੁੱਧਤਾ ਵਧਾਉਣ ਵਾਸਤੇ ਸਰਕਾਰੀ ਪ੍ਰਾਇਮਰੀ ਸਕੂਲ ਨਹਿਰ ਪੁਲ ਭਾਮੜੀ, ਸ਼ਮਸ਼ਾਨਘਾਟ ਅਤੇ ਹੋਰ ਸਾਂਝੀਆਂ ਥਾਵਾਂ 'ਤੇ ਬੂਟੇ ਲਗਾ ਕੇ ਵਾਤਾਵਰਣ ਨੂੰ ਹਰਿਆ ਭਰਿਆ ਰੱਖਣ ਲਈ ਯਤਨ ਕੀਤਾ ਹੈ। ਸਰਕਾਰੀ ਪ੍ਰਾਇਮਰੀ ਸਕੂਲ ਪੁਲ ਭਾਮੜੀ ਵਿਖੇ ਬਲਾਕ ਪ੍ਰਾਇਮਰੀ ਸਿੱਖਿਆ ਅਫਸਰ (ਬੀ ਪੀ ਈ ਓ) ਤਰਸੇਮ ਸਿੰਘ ਦੀ ਅਗਵਾਈ ਵਿੱਚ ਬੂਟੇ ਲਗਾਏ ਗਏ। ਇਸ ਸਮੇਂ ਸਕੂਲ ਦੇ ਵਿਦਿਆਰਥੀਆਂ ਨੂੰ ਰੁੱਖਾਂ ਦੀ ਮਹੱਤਤਾ ਬਾਰੇ ਜਾਗਰੂਕ ਕਰਦਿਆਂ ਕਮੇਟੀ ਆਗੂ ਦਿਲਬਾਗ ਸਿੰਘ ਬਸਰਾਵਾਂ ਅਤੇ ਬੀ ਪੀ ਈ ਓ ਤਰਸੇਮ ਸਿੰਘ ਨੇ ਕਿਹਾ ਕਿ ਵਾਤਾਵਰਣ ਨੂੰ ਹਰਿਆ ਭਰਿਆ ਅਤੇ ਸ਼ੁੱਧ ਰੱਖਣ ਵਿੱਚ ਰੁੱਖ ਅਹਿਮ ਭੂਮਿਕਾ ਨਿਭਾਉਂਦੇ ਹਨ। ਉਹਨਾਂ ਨੂੰ ਵਿਦਿਆਰਥੀਆਂ ਨੂੰ ਆਪਣੇ ਜਨਮ ਦਿਨ 'ਤੇ ਹੋਰ ਫਜ਼ੂਲ ਖਰਚ ਕਰਨ ਦੀ ਬਜਾਏ ਵੱਧ ਤੋਂ ਵੱਧ ਬੂਟੇ ਲਗਾਉਣ ਲਈ ਪ੍ਰੇਰਿਤ ਕੀਤਾ। ਇਸ ਉਪਰੰਤ ਸ਼ਮਸ਼ਾਨਘਾਟ ਬਸਤੀ ਬਾਜ਼ੀਗਰ ਬਸਰਾਏ ਵਿਖੇ ਅਤੇ ਸੜਕ ਦੇ ਕਿਨਾਰਿਆਂ 'ਤੇ ਵੱਖ ਵੱਖ ਕਿਸਮਾਂ ਦੇ ਬੂਟੇ ਲਗਾਏ। ਇਹਨਾਂ ਬੂਟਿਆਂ ਵਿੱਚ ਅਮਰੂਦ, ਟਾਹਲੀ, ਅਰਜਨ ਅਤੇ ਜਾਮਣ ਆਦਿ ਦੇ ਬੂਟੇ ਲਗਾਏ ਗਏ। ਇਸ ਕੰਮ ਨੂੰ ਨੇਪਰੇ ਚਾੜ੍ਹਨ ਵਿੱਚ ਹਰਜੀਤ ਸਿੰਘ ਰਿਆੜ, ਬਲਵਿੰਦਰ ਸਿੰਘ ਬਿੱਲੂ, ਰਮੇਸ਼ ਸਿੰਘ, ਪਾਸੀ, ਮੱਨੂ, ਬਾਬਾ ਨਰਿੰਦਰ ਸਿੰਘ, ਥਾਣੇਦਾਰ ਦਿਲਬਾਗ ਸਿੰਘ, ਬਲਵਿੰਦਰ ਸਿੰਘ ਸ਼ਾਹੂਕਾਰ, ਸਤਵਿੰਦਰ ਸਿੰਘ ਮੋਨੂ ਟੈਂਟ ਹਾਊਸ, ਡਾਕਟਰ ਗੁਰਵੰਤ ਸਿੰਘ, ਜਸਪਾਲ ਸਿੰਘ ਫੌਜੀ, ਸੰਤੋਖ ਸਿੰਘ ਅਤੇ ਬਾਬਾ ਦਿਲਬਾਗ ਸਿੰਘ ਸਮੇਤ ਸਮੂਹ ਕਮੇਟੀ ਮੈਂਬਰਾਂ ਨੇ ਭਰਪੂਰ ਸਹਿਯੋਗ ਕੀਤਾ।

# ਵਿਰਸਾ ਵਿਹਾਰ 'ਚ ਮਨਾਈ ਸੂਫੀ ਸ਼ਾਮ



**ਅੰਮ੍ਰਿਤਸਰ (ਜਸਬੀਰ ਸਿੰਘ ਪੱਟੀ, ਕੰਵਲਜੀਤ ਸਿੰਘ)**- ਯੂ. ਐਨ. ਇੰਟਰਟੇਨਮੈਂਟ ਸੁਸਾਇਟੀ ਵਲੋਂ ਵਿਰਸਾ ਵਿਹਾਰ ਦੇ ਸਹਿਯੋਗ ਨਾਲ ਪੰਜਾਬੀ ਲੋਕ ਗਾਇਕ ਹਰਿੰਦਰ ਸੋਹਲ ਦੀ ਅਗਵਾਈ ਹੇਠ 27 ਜੁਲਾਈ ਤੋਂ 3 ਅਗਸਤ ਤੱਕ ਵਿਰਸਾ ਵਿਹਾਰ ਦੇ ਕਰਤਾਰ ਸਿੰਘ ਦੁੱਗਲ ਆਡੀਟੋਰੀਅਮ ਵਿਖੇ ਚੌਥਾਂ 8 ਦਿਨਾ ਸੁਰ ਉਤਸਵ ਦੇ ਸਤਵੇਂ ਦਿਨ ਮੁੱਖ ਮਹਿਮਾਨ ਸ੍ਰੀ ਰਾਮ ਆਸ਼ਰਮ ਸਕੂਲ ਦੇ ਪ੍ਰਿੰ. ਵਿਨੋਦਿਤਾ ਸਾਖੀਆਨ ਸ਼ਾਮਲ ਹੋਏ। ਸਮਾਗਮ ਤੋਂ ਪਹਿਲਾਂ ਵਿਰਸਾ ਵਿਹਾਰ ਦੇ ਵਿਹੜੇ ਵਿੱਚ ਲੱਗੇ ਮੁਹੰਮਦ ਰਫ਼ੀ ਸਾਹਿਬ ਦੇ ਬੁੱਤ ਤੇ ਫੁੱਲਾਂ ਦੇ ਹਾਰ ਪਾਏ।ਇਹ ਸੁਰ ਉਤਸਵ ਸ਼ਾਸਤਰੀ ਸੰਗੀਤ, ਸਾਹਿਤ ਸੰਗੀਤ, ਸੂਫ਼ੀ ਸੰਗੀਤ, ਲੋਕ ਸੰਗੀਤ ਅਤੇ ਸਿਨੇਮਾ ਜਗਤ ਦੀਆਂ ਪ੍ਰਮੁੱਖ ਸ਼ਖਸੀਅਤਾਂ ਨੂੰ ਸਮਰਪਤ ਹੈ।ਸੁਰ ਉਤਸਵ ਦੇ ਸੱਤਵੇਂ ਦਿਨ ਪੰਜਾਬੀ ਦੇ ਨਾਮਵਰ ਸ਼ਾਇਰ ਸ਼ਿਵ ਕੁਮਾਰ ਬਟਾਲਵੀ ਦੀਆਂ ਲਿਖੀਆ ਗ਼ਜ਼ਲਾਂ ਗਾਇਕ ਗੁਰਪ੍ਰੀਤ ਬਰਾੜ ਨੇ ਬੜੀ ਹੀ ਸੰਜੀਦਗੀ ਨਾਲ ਪੇਸ਼ ਕੀਤੀਆਂ।ਮੰਚ ਸੰਚਾਲਕ ਦੀ ਭੂਮਿਕਾ ਉਪਾਸਨਾ ਭਾਰਦਵਾਜ ਨੇ ਬਾਖ਼ੂਬੀ ਨਿਭਾਈ। ਇਸ ਮੌਕੇ ਵਿਰਸਾ ਵਿਹਾਰ ਦੇ ਸਕੱਤਰ ਰਮੇਸ਼ ਯਾਦਵ, ਭੂਪਿੰਦਰ ਸਿੰਘ ਸੰਧੂ, ਡਾ. ਐਸ. ਪੀ. ਅਰੋੜਾ, ਟੀ. ਐਸ. ਰਾਜਾ, ਸਾਵਨ ਵੇਰਕਾ, ਜਸਕਰਨ ਸੋਹਲ, ਮਨਪ੍ਰੀਤ ਸੋਹਲ ਆਦਿ ਸਮੇਤ ਸੰਗੀਤ ਪ੍ਰੇਮੀ ਹਾਜ਼ਰ ਸਨ।

# ਜ਼ਿਲ੍ਹਾ ਸਿੱਖਿਆ ਅਫ਼ਸਰ (ਐਲੀ.) ਜਗਵਿੰਦਰ ਸਿੰਘ ਨੂੰ ਨਿੱਘੀ ਵਿਦਾਇਗੀ

**ਤਰਨ ਤਾਰਨ (ਪ੍ਰਿਤਪਾਲ ਸਿੰਘ)**- ਸਿੱਖਿਆ ਦੇ ਖੇਤਰ ਵਿੱਚ ਆਪਣੀ ਬਿਹਤਰੀਨ ਕਾਰਗੁਜ਼ਾਰੀ, ਨਿੱਘੇ ਸੁਭਾਅ, ਮਿਲਾਪੜੇ, ਹਸਮੁਖ, ਇਮਾਨਦਾਰ ਅਤੇ ਕਿਸੇ ਨੂੰ ਵੀ ਕੁਝ ਹੀ ਪਲਾਂ ਵਿੱਚ ਆਪਣੇ ਪ੍ਰਭਾਵ ਹੇਠ ਲੈ ਲੈਣ ਵਾਲੇ ਜਗਵਿੰਦਰ ਸਿੰਘ ਲਹਿਰੀ ਆਪਣੀ 58 ਸਾਲਾਂ ਦੀ ਬੇਦਾਗ ਨੌਕਰੀ ਕਰਨ ਤੋਂ ਬਾਅਦ 31 ਜੁਲਾਈ ਨੂੰ ਆਪਣੇ ਜ਼ਿਲ੍ਹਾ ਸਿੱਖਿਆ ਅਫਸਰ ਐਲੀਮੈਂਟਰੀ ਦੇ ਅਹੁਦੇ ਤੋਂ ਰਿਟਾਇਰ ਹੋਏ। ਉਹਨਾਂ ਦਾ ਜਨਮ 7 ਜੁਲਾਈ 1967 ਨੂੰ ਮੋਹਨ ਸਿੰਘ ਲਹਿਰੀ ਦੇ ਘਰ ਸ੍ਰੀਮਤੀ ਪ੍ਰਕਾਸ਼ ਕੌਰ ਦੀ ਕੁੱਖੋਂ ਹੋਇਆ।ਉਹਨਾਂ ਨੇ ਆਪਣੀ ਮੁਢਲੀ ਸਿੱਖਿਆ ਸਰਕਾਰੀ ਸੀਨੀਅਰ ਸੈਕੰਡਰੀ ਸਕੂਲ ਲੜਕੇ ਤਰਨ ਤਰਨ ਤੋਂ ਪ੍ਰਾਪਤ ਕੀਤੀ। ਇਸ ਉਪਰੰਤ ਬੀ ਸੀ ਅਤੇ ਐਮ ਸੀ ਏ ਦੀ ਡਿਗਰੀ ਵਿਨਾਇਕਾ ਯੂਨੀਵਰਸਿਟੀ ਤਮਿਲਨਾਡੂ ਤੋਂ ਹਾਸਲ ਕਰਨ ਉਪਰੰਤ ਡਿਪਲੋਮਾ ਇਨ ਇਲੈਕਟ੍ਰੋਨਿਕਸ ਅਤੇ ਕਮਿਊਨੀਕੇਸ਼ਨ ਜਗਤ ਰਾਮ ਸਰਕਾਰੀ ਪੋਲੀਟੈਕਨਿਕ ਕਾਲਜ ਹੁਸ਼ਿਆਰਪੁਰ ਤੋਂ ਕੀਤਾ। 12 ਮਈ 1996 ਆਪ ਜੀ ਦਾ ਵਿਆਹ ਸ੍ਰੀਮਤੀ ਗੁਰਜੀਤ ਕੌਰ ਨਾਲ ਹੋਇਆ ਜੋ ਕਿ ਇਸ ਸਮੇਂ ਸਕੂਲ ਆਫ ਐਮੀਨੈਂਸ ਤਰਨ ਤਾਰਨ ਵਿਖੇ ਬਤੌਰ ਸਾਇੰਸ ਮਿਸਟਰਸ ਸੇਵਾਵਾਂ ਨਿਭਾ ਰਹੇ ਹਨ। ਬੇਟੀ ਭਵਸ਼ੇਰੀਨ ਆਪ ਦੇ ਵਿਹੜੇ ਦੀ ਰੌਣਕ ਹੈ। ਜਗਵਿੰਦਰ ਸਿੰਘ ਨੇ ਆਪਣੀਆਂ ਸੇਵਾਵਾਂ ਦਾ ਆਗਾਜ਼ ਬਤੌਰ ਵੋਕੇਸ਼ਨਲ ਮਾਸਟਰ 15 ਸਤੰਬਰ 1990 ਨੂੰ ਸਰਕਾਰੀ ਸੀਨੀਅਰ ਸੈਕੰਡਰੀ ਸਕੂਲ ਫਿਰੋਜ਼ਪੁਰ ਤੋਂ ਕੀਤਾ। ਇਹਨਾਂ ਨੇ ਬਤੌਰ ਜ਼ਿਲ੍ਹਾ ਸਿੱਖਿਆ ਅਫਸਰ ਐਲੀਮੈਂਟਰੀ ਆਪਣੀਆਂ ਸੇਵਾਵਾਂ ਜ਼ਿਲ੍ਹਾ ਫਤਿਹਗੜ੍ਹ ਸਾਹਿਬ ਤੋਂ ਸ਼ੁਰੂ ਕੀਤੀਆਂ। ਇਸ ਉਪਰੰਤ ਇਹਨਾਂ ਨੇ ਤਰਨ ਤਾਰਨ, ਕਪੂਰਥਲਾ, ਅੰਮ੍ਰਿਤਸਰ ਅਤੇ ਪਠਾਨਕੋਟ ਜ਼ਿਲ੍ਹਿਆਂ ਵਿੱਚ ਆਪਣੀਆਂ ਸ਼ਾਨਦਾਰ ਸੇਵਾਵਾਂ ਦਿੱਤੀਆਂ। ਫਿਰ ਦੁਬਾਰਾ 3 ਮਾਰਚ 2025 ਨੂੰ ਇਹਨਾਂ ਨੇ ਦੁਬਾਰਾ ਆਪਣਾ ਅਹੁਦਾ ਜ਼ਿਲ੍ਹਾ ਤਰਨ ਤਾਰਨ ਵਿਖੇ ਸੰਭਾਲਿਆ। ਜਗਵਿੰਦਰ ਸਿੰਘ ਲਹਿਰੀ ਸਾਦਗੀ ਪਸੰਦ ਅਤੇ ਉੱਚੀ ਸੋਚ ਰੱਖਣ ਵਾਲੇ ਇਮਾਨਦਾਰ ਸ਼ਖਸੀਅਤ ਦੇ ਮਾਲਕ ਹਨ। ਉਹਨਾਂ ਦੀ ਰਿਟਾਇਰਮੈਂਟ 'ਤੇ ਅੱਜ ਸਮੁੱਚਾ ਦਫ਼ਤਰੀ ਅਮਲਾ ਅਤੇ ਸਾਰੇ ਜ਼ਿਲ੍ਹੇ ਦੇ ਅਧਿਆਪਕ ਇਸ ਇਮਾਨਦਾਰ ਅਫਸਰ ਦੇ ਉੱਜਲੇ ਭਵਿੱਖ ਲਈ ਸ਼ੁੱਭਕਾਮਨਾਵਾਂ ਦੇ ਰਹੇ ਹਨ । ਉਹਨਾਂ ਦੀ ਰਿਟਾਇਰਮੈਂਟ ਮੌਕੇ ਉਪ ਜ਼ਿਲ੍ਹਾ ਸਿੱਖਿਆ ਅਫ਼ਸਰ ਸੈਕੰਡਰੀ ਪਰਮਜੀਤ ਸਿੰਘ, ਰਿਟਾ. ਡਿਪਟੀ ਡੀ ਈ ਓ ਸੁਰਿੰਦਰ ਕੁਮਾਰ, ਆਲਮਬੀਰ ਸਿੰਘ, ਪਰਮਿੰਦਰਜੀਤ ਸਿੰਘ, ਮੈਡਮ ਰੀਨਾ ਰਾਏ, ਹਰਪ੍ਰੀਤ ਸਿੰਘ, ਜਸਮੀਤ ਕੌਰ, ਮਨਬੀਰ ਕੌਰ, ਪਵਨਦੀਪ ਕੌਰ, ਵਰਿੰਦਰਜੀਤ ਸਿੰਘ, ਰਾਜਨਦੀਪ ਕੌਰ, ਰਾਕੇਸ਼ ਕੁਮਾਰ, ਮਾਲਤੀ ਗੁਪਤਾ, ਸਰਬਜੀਤ ਕੌਰ, ਰਾਜਬੀਰ ਕੌਰ, ਨਵਨੀਤ ਕੌਰ, ਏ ਪੀ ਸੀ, ਹਰਪ੍ਰੀਤ ਸਿੰਘ ਡਾਟਾ ਐਂਟਰੀ, ਰਿਸ਼ਾਂਤ ਸ਼ਰਮਾ, ਰਵਨੀਤ ਕੌਰ ਅਤੇ ਅਨੁਜ ਚੌਧਰੀ ਤੋਂ ਇਲਾਵਾ ਜ਼ਿਲ੍ਹਾ ਸਮਾਰਟ ਸਕੂਲ ਕੋਆਰਡੀਨੇਟਰ ਗੁਰਮੀਤ ਸਿੰਘ ਖਾਲਸਾ ਅਤੇ ਅਮਨਦੀਪ ਸਿੰਘ, ਬਲਾਕ ਐਲੀਮੈਂਟਰੀ ਸਿੱਖਿਆ ਅਫਸਰ ਦਿਲਬਾਗ ਸਿੰਘ, ਜਸਵਿੰਦਰ ਸਿੰਘ, ਕੁਲਵਿੰਦਰ ਸਿੰਘ, ਸਰਬਜੀਤ ਸਿੰਘ, ਗੁਰਦੀਪ ਸਿੰਘ, ਅਸ਼ਵਨੀ ਮਰਵਾਹ, ਰਜਿੰਦਰ ਸਿੰਘ, ਪਾਰਸ ਕੁਮਾਰ ਖੁੱਲਰ, ਮਨਜਿੰਦਰ ਸਿੰਘ ਅਤੇ ਸੈਕੰਡਰੀ ਤੋਂ ਸੁਖਵਿੰਦਰ ਕੌਰ ਸੁਪਰਡੈਂਟ ਅਤੇ ਉਹਨਾਂ ਦਾ ਸਟਾਫ ਵਿਸ਼ੇਸ਼ ਤੌਰ 'ਤੇ ਹਾਜ਼ਰ ਸਨ ।



# 14 ਦੇ ਪੱਕੇ ਮੋਰਚੇ ਸੰਬੰਧੀ ਬੇਰੁਜ਼ਗਾਰ ਸਾਂਝੇ ਮੋਰਚੇ ਦੀ ਮੀਟਿੰਗ ਪੱਟੀ ਵਿਖੇ

**ਵਲਟੋਹਾ (ਰਣਜੀਤ ਸਿੰਘ ਵਲਟੋਹਾ)**- ਬੇਰੁਜ਼ਗਾਰ ਸਾਂਝਾ ਮੋਰਚਾ ਜ਼ਿਲ੍ਹਾ ਤਰਨ ਤਾਰਨ ਦੀ ਮੀਟਿੰਗ ਪੱਟੀ ਵਿਖੇ ਜ਼ਿਲ੍ਹਾ ਪ੍ਰਧਾਨ ਹਰਨੰਦ ਸਿੰਘ ਬੱਲਿਆਂਵਾਲਾ ਦੀ ਅਗਵਾਈ ਹੇਠ ਹੋਈ। ਬੇਰੁਜ਼ਗਾਰ ਸਾਂਝੇ ਮੋਰਚੇ ਵੱਲੋਂ ਦੱਸਿਆ ਗਿਆ ਕਿ ਸਿੱਖਿਆ ਵਿਭਾਗ ਵਿੱਚ ਭਰਤੀ ਕੈਲੰਡਰ ਲਾਗੂ ਕਰਨ ਦਾ ਵਾਅਦਾ ਕਰਕੇ, ਸਿੱਖਿਆ ਅਤੇ ਸਿਹਤ ਵਿਭਾਗ ਵਿੱਚ ਮਿਆਰੀ ਸੁਧਾਰ ਕਰਨ ਦੇ ਨਾਹਰੇ ਦੇ ਕੇ ਸੱਤਾ ਉੱਤੇ ਕਾਬਜ਼ ਹੋਈ ਆਮ ਆਦਮੀ ਪਾਰਟੀ ਦੀ ਸਰਕਾਰ ਨੇ ਪਿਛਲੇ ਕਰੀਬ ਤਿੰਨ ਸਾਲਾਂ ਦੇ ਆਪਣੇ ਸ਼ਾਸਨ ਕਾਲ ਸਮੇਂ ਮਾਸਟਰ ਕੇਡਰ ਅਤੇ ਲੈਕਚਰਾਰ ਦੀ ਇੱਕ ਵੀ ਨਵੀਂ ਭਰਤੀ ਜਾਰੀ ਨਹੀਂ ਕੀਤੀ। ਉਨ੍ਹਾਂ ਦੱਸਿਆ ਕਿ ਬੇਰੁਜ਼ਗਾਰਾਂ ਵੱਲੋਂ ਲਗਾਤਾਰ ਧਰਨੇ ਮੁਜ਼ਾਹਰੇ ਕੀਤੇ ਜਾ ਰਹੇ ਹਨ ਪਰ ਸਰਕਾਰ 'ਤੇ ਕੋਈ ਅਸਰ ਨਹੀਂ ਹੋ ਰਿਹਾ। ਮੀਟਿੰਗਾਂ ਦੇ ਕੇ ਮੁਲਤਵੀ ਕਰਨਾ ਜਾਂ ਮੀਟਿੰਗਾਂ ਕਰਕੇ ਵਾਅਦਿਆਂ ਤੋਂ ਮੁੱਕਰਨਾ ਸਰਕਾਰ ਦੀ ਆਦਤ ਬਣ ਗਈ ਹੈ। ਪਿਛਲੀਆਂ ਸਰਕਾਰਾਂ ਨੂੰ ਭੰਡਣ ਵਾਲੀ ਸਰਕਾਰ ਉਨ੍ਹਾਂ ਤੋਂ ਵੀ ਚਾਰ ਕਦਮ ਅੱਗੇ ਚੱਲ ਰਹੀ ਹੈ ਕਿਉਂਕਿ ਪਿਛਲੀਆਂ ਸਰਕਾਰਾਂ ਸਮੇਂ ਮਾਸਟਰ ਕੇਡਰ ਤੇ ਲੈਕਚਰਾਰ ਦੀ ਭਰਤੀ ਹੋਈ ਪਰ ਸਮੇਂ ਦੀ ਆਮ ਆਦਮੀ ਸਰਕਾਰ ਵੱਲੋਂ ਕੋਈ ਭਰਤੀ ਨਹੀਂ ਕੀਤੀ ਗਈ। ਬੇਰੁਜ਼ਗਾਰਾਂ ਨੇ ਕਿਹਾ ਕਿ ਜੇਕਰ ਸਰਕਾਰ ਨੇ ਬੇਰੁਜ਼ਗਾਰਾਂ ਦੀਆਂ ਮੰਗਾਂ ਨਾ ਮੰਨੀਆਂ ਜਾ ਲਾਰੇ-ਲੱਪੇ ਲਾਉਣੇ ਜਾਰੀ ਰੱਖੇ ਤਾਂ ਮਾਸਟਰ ਕੇਡਰ ਦੇ ਸਾਰੇ ਵਿਸ਼ਿਆਂ ਦੀਆਂ ਅਸਾਮੀਆਂ ਉੱਤੇ ਉਮਰ ਹੱਦ ਛੋਟ ਦੇ ਕੇ ਭਰਤੀ ਕਰਨ, ਮਾਸਟਰ ਕੇਡਰ ਵਿੱਚ ਥੋਪੀ ਬੇਤੁਕੀ 55 ਪ੍ਰਤੀਸ਼ਤ ਲਾਜ਼ਮੀ ਅੰਕਾਂ ਦੀ ਸ਼ਰਤ ਰੱਦ ਕਰਵਾਉਣ, ਲੈਕਚਰਾਰ ਦੀਆਂ ਰੱਦ ਕੀਤੀਆਂ 343 ਪੋਸਟਾਂ ਵਿੱਚ ਬਾਕੀ ਸਾਰੇ ਵਿਸ਼ਿਆਂ ਦੀਆਂ ਅਸਾਮੀਆਂ ਜੋੜ ਕੇ ਉਮਰ ਹੱਦ ਛੋਟ ਸਮੇਤ ਇਸ਼ਤਿਹਾਰ ਜਾਰੀ ਕਰਵਾਉਣ ਦੀਆਂ ਮੰਗਾਂ ਲਈ ਮੁੱਖ ਮੰਤਰੀ ਦੀ ਸੰਗਰੂਰ ਰਿਹਾਇਸ਼ ਅੱਗੇ 14 ਅਗਸਤ ਨੂੰ ਪੱਕਾ ਧਰਨਾ ਲਗਾਇਆ ਜਾਵੇਗਾ। ਜੇਕਰ ਸਰਕਾਰ ਫਿਰ ਵੀ ਜਾਇਜ਼ ਮੰਗਾਂ ਨੂੰ ਮੰਨ ਕੇ ਇਸ਼ਤਿਹਾਰ ਜਾਰੀ ਨਹੀਂ ਕਰਦੀ ਤਾਂ ਤਰਨ ਤਾਰਨ ਦੀ ਜ਼ਿਮਨੀ ਚੋਣ ਸਮੇਂ ਸਰਕਾਰ ਦਾ ਜ਼ਬਰਦਸਤ ਘਿਰਾਓ ਕੀਤਾ ਜਾਵੇਗਾ। ਮੀਟਿੰਗ ਵਿੱਚ ਕਰਨਬੀਰ ਸਿੰਘ, ਸਤਨਾਮ ਸਿੰਘ, ਰਣਜੀਤ ਸਿੰਘ, ਦੇਵਰਾਜ ਸਿੰਘ, ਇੰਦਰਜੀਤ ਸਿੰਘ, ਅਭਿਮੋਹਨ ਸ਼ਰਮਾ, ਪ੍ਰਭਜੀਤ ਸਿੰਘ, ਗੁਰਜੀਤ ਸਿੰਘ, ਬਿਕਰਮਜੀਤ ਪਾਸੀ ਆਦਿ ਹਾਜ਼ਰ ਸਨ।



# ਜੀ ਟੀ ਬੀ ਆਈ ਸਕੂਲ ਦੇ ਪੰਜ ਖਿਡਾਰੀ ਸੂਬਾ ਪੱਧਰੀ ਫੁੱਟਬਾਲ ਮੁਕਾਬਲੇ ਲਈ ਚੁਣੇ



**ਧਾਰੀਵਾਲ (ਮਨਦੀਪ ਸਿੰਘ ਵਿੱਕੀ)**- ਗੁਰੂ ਤੇਗ ਬਹਾਦੁਰ ਇੰਟਰਨੈਸ਼ਨਲ (ਜੀ.ਟੀ.ਬੀ.ਆਈ) ਸਕੂਲ ਕਲਿਆਣਪੁਰ (ਧਾਰੀਵਾਲ) ਦੇ ਅੰਡਰ-19 ਮੁੰਡਿਆਂ ਦੀ ਫੁੱਟਬਾਲ ਟੀਮ ਨੇ ਜ਼ੋਨਲ ਪੱਧਰੀ ਫੁੱਟਬਾਲ ਟੂਰਨਾਮੈਂਟ ਵਿੱਚ ਮੱਲਾਂ ਮਾਰ ਕੇ ਆਪਣੇ ਸਕੂਲ ਅਤੇ ਮਾਪਿਆਂ ਦਾ ਨਾਂਅ ਰੋਸ਼ਨ ਕੀਤਾ ਹੈ। ਸਕੂਲ ਦੀ ਫੁੱਟਬਾਲ ਟੀਮ ਦੇ ਪੰਜ ਖਿਡਾਰੀਆਂ ਅਰਮਾਨਦੀਪ ਸਿੰਘ, ਸੁਖਮਨਦੀਪ ਸਿੰਘ, ਸਹਿਜਪ੍ਰੀਤ ਸਿੰਘ, ਪ੍ਰਥਮਪ੍ਰੀਤ ਸਿੰਘ ਅਤੇ ਦਵਨਦੀਪ ਸਿੰਘ ਦੀ ਚੋਣ ਸੂਬਾ ਪੱਧਰੀ ਫੁੱਟਬਾਲ ਮੁਕਾਬਲੇ ਲਈ ਹੋਈ ਹੈ। ਇਸ ਸਬੰਧੀ ਸਕੂਲ ਦੇ ਚੇਅਰਮੈਨ ਸੁਰਜੀਤ ਸਿੰਘ, ਡਾਇਰੈਕਟਰ ਪ੍ਰਿਤਪਾਲ ਸਿੰਘ ਐਡਵੋਕੇਟ, ਡਾ. ਕ੍ਰਿਤਇੰਦਰ ਪਾਲ ਕੌਰ ਅਤੇ ਪ੍ਰਿੰਸੀਪਲ ਸੈਮੂਅਲ ਦਾਸ ਨੇ ਖੁਸ਼ੀ ਪ੍ਰਗਟ ਕਰਦਿਆਂ ਸਾਂਝੇ ਤੌਰ 'ਤੇ ਦੱਸਿਆ ਕਿ ਪੰਜਾਬ ਸਕੂਲ ਸਿੱਖਿਆ ਬੋਰਡ ਵੱਲੋਂ ਸਰਕਾਰੀ ਸੀਨੀਅਰ ਸੈਕੰਡਰੀ ਸਕੂਲ ਨੌਸ਼ਹਿਰਾ ਮੱਝਾ ਸਿੰਘ ਵਿਖੇ ਕਰਵਾਏ ਗਏ ਜ਼ੋਨਲ ਪੱਧਰੀ ਫੁੱਟਬਾਲ ਟੂਰਨਾਮੈਂਟ ਵਿੱਚ ਵੱਖ ਵੱਖ ਸਕੂਲਾਂ ਦੀਆਂ ਟੀਮਾਂ ਨੇ ਭਾਗ ਲਿਆ। ਇਸ ਜ਼ੋਨਲ ਪੱਧਰੀ ਟੂਰਨਾਮੈਂਟ ਵਿੱਚ ਗੁਰੂ ਤੇਗ ਬਹਾਦਰ ਇੰਟਰਨੈਸ਼ਨਲ ਸਕੂਲ ਕਲਿਆਣਪੁਰ ਦੇ ਫੁੱਟਬਾਲ ਖਿਡਾਰੀਆਂ ਦੀ ਟੀਮ ਨੇ ਕੋਚ ਲਵਦੀਪ ਸਿੰਘ ਦੀ ਅਗਵਾਈ ਹੇਠ ਭਾਗ ਲੈ ਕੇ ਸ਼ਾਨਦਾਰ ਪ੍ਰਦਰਸ਼ਨ ਕਰਕੇ ਦੂਸਰਾ ਸਥਾਨ ਹਾਸਲ ਕੀਤਾ ਅਤੇ ਸਕੂਲ ਦੀ ਫੁੱਟਬਾਲ ਟੀਮ ਵਿੱਚੋਂ ਵਧੀਆ ਪ੍ਰਦਰਸ਼ਨ ਕਰਨ ਵਾਲੇ ਪੰਜ ਖਿਡਾਰੀਆਂ। ਇਸ ਸ਼ਾਨਦਾਰ ਪ੍ਰਾਪਤੀ 'ਤੇ ਸਕੂਲ ਚੇਅਰਮੈਨ ਸੁਰਜੀਤ ਸਿੰਘ, ਡਾਇਰੈਕਟਰ ਪ੍ਰਿਤਪਾਲ ਸਿੰਘ ਐਡਵੋਕੇਟ, ਡਾ. ਕ੍ਰਿਤਇੰਦਰ ਪਾਲ ਕੌਰ ਅਤੇ ਪ੍ਰਿੰਸੀਪਲ ਸੈਮੂਅਲ ਦਾਸ ਨੇ ਜੇਤੂ ਖਿਡਾਰੀਆਂ, ਉਨ੍ਹਾਂ ਦੇ ਮਾਪਿਆਂ, ਕੋਚ ਲਵਦੀਪ ਸਿੰਘ ਅਤੇ ਸਮੂਹ ਸਕੂਲ ਸਟਾਫ ਨੂੰ ਵਧਾਈ ਦਿੱਤੀ ਅਤੇ ਖਿਡਾਰੀਆਂ ਦੀ ਹੌਸਲਾ ਅਫ਼ਜ਼ਾਈ ਕਰਦਿਆਂ ਸਕੂਲ ਦੇ ਸਮੂਹ ਬੱਚਿਆਂ ਨੂੰ ਪੜ੍ਹਾਈ ਦੇ ਨਾਲ-ਨਾਲ ਖੇਡਾਂ ਵਿੱਚ ਵੀ ਵਧੇਰੇ ਭਾਗ ਲੈਣ ਲਈ ਪ੍ਰੇਰਿਤ ਕੀਤਾ।

# ਛੱਤੀਸਗੜ੍ਹ 'ਚ ਗ੍ਰਿਫ਼ਤਾਰ ਕੀਤੀਆਂ ਦੋ ਨਨਜ਼ ਲਈ ਕੈਂਡਲ ਲਾਈਟ ਪ੍ਰਾਰਥਨਾ

**ਅੰਮ੍ਰਿਤਸਰ (ਜਸਬੀਰ ਸਿੰਘ ਪੱਟੀ, ਕੰਵਲਜੀਤ ਸਿੰਘ)**- ਧਾਰਮਿਕ ਪਰਿਵਰਤਨ ਅਤੇ ਮਨੁੱਖੀ ਤਸਕਰੀ ਦੇ ਦੋਸ਼ਾਂ ਵਿੱਚ ਛੱਤੀਸਗੜ੍ਹ ਵਿੱਚ ਗ੍ਰਿਫ਼ਤਾਰ ਕੀਤੀਆਂ ਗਈਆਂ ਕੈਥੋਲਿਕ ਨਨਜ਼, ਸਿਸਟਰ ਪ੍ਰੀਤੀ ਮੇਰੀ ਅਤੇ ਸਿਸਟਰ ਵੰਦਨਾ ਫਰਾਂਸਿਸ ਨਾਲ ਸੰਵੇਦਨਾ ਪ੍ਰਗਟ ਕਰਦੇ ਹੋਏ ਡਾਇਓਸਿਸ ਆਫ ਅੰਮ੍ਰਿਤਸਰ, ਚਰਚ ਆਫ਼ ਨੌਰਥ ਇੰਡੀਆ (ਸੀਐੱਨਆਈ) ਨੇ ਉਨ੍ਹਾਂ ਨਾਲ ਆਪਣਾ ਅਟੁੱਟ ਸਮਰਥਨ ਅਤੇ ਏਕਤਾ ਪ੍ਰਗਟ ਕੀਤੀ ਹੈ।ਏਕਤਾ ਅਤੇ ਸਮਰਥਨ ਦੇ ਪ੍ਰਤੀਕ ਵਜੋਂ ਡਾਇਓਸਿਸ ਨੇ ਇੱਕ ਯੁਵਾ ਕੈਂਪ ਦੌਰਾਨ ਇੱਕ ਵਿਸ਼ੇਸ਼ ਕੈਂਡਲ ਲਾਈਟ ਪ੍ਰਾਰਥਨਾ ਦਾ ਆਯੋਜਨ ਕੀਤਾ, ਜਿਸ ਵਿੱਚ ਪਰਮਾਤਮਾ ਦੇ ਇਨ੍ਹਾਂ ਸਮਰਪਿਤ ਸੇਵਕਾਂ ਨਾਲ ਖੜ੍ਹੇ ਹੋਣ ਦੀ ਆਪਣੀ ਵਚਨਬੱਧਤਾ ਦਾ ਪ੍ਰਦਰਸ਼ਨ ਕੀਤਾ ਗਿਆ।ਦੋ ਨਨਜ਼ ਦੀ ਗ੍ਰਿਫਤਾਰੀ ਨੂੰ ਬੇਇਨਸਾਫ਼ੀ ਦੱਸਦੇ ਹੋਏ ਚਰਚ ਆਫ ਨੌਰਥ ਇੰਡੀਆ ਦੇ ਐਕਟਿੰਗ ਡਿਪਟੀ ਮੌਡਰੇਟ ਅਤੇ ਡਾਇਓਸਿਸ ਆਫ ਅੰਮ੍ਰਿਤਸਰ, ਸੀਐੱਨਆਈ ਦੇ ਬਿਸ਼ਪ ਦਿ ਰਾਈਟ ਰੈਵਰੈਂਡ ਮਨੋਜ ਚਰਨ ਨੇ ਕਿਹਾ ਕਿ ਇੱਕ ਨੰਨ ਦਾ ਕੰਮ ਹਾਸ਼ੀਏ 'ਤੇ ਪਏ ਵਰਗਾਂ ਪ੍ਰਤੀ ਹਮਦਰਦੀ ਅਤੇ ਨਿਰਸਵਾਰਥ ਸੇਵਾ ਦਾ ਪ੍ਰਤੀਕ ਹੈ।ਅਸੀਂ ਆਪਣੀਆਂ ਧਾਰਮਿਕ ਭੈਣਾਂ ਨਾਲ ਏਕਤਾ ਵਿੱਚ ਖੜ੍ਹੇ ਹਾਂ ਜਿਨ੍ਹਾਂ ਨੂੰ ਅਣਉਚਿਤ ਕਾਰਨਾਂ ਕਰਕੇ ਨਿਸ਼ਾਨਾ ਬਣਾਇਆ ਗਿਆ ਹੈ।ਅਸੀਂ ਇਸ ਚੁਣੌਤੀਪੂਰਨ ਸਮੇਂ ਦੌਰਾਨ ਉਨ੍ਹਾਂ ਦੀ ਸੁਰੱਖਿਆ, ਤਾਕਤ ਅਤੇ ਸ਼ਾਂਤੀ ਲਈ ਪ੍ਰਾਰਥਨਾ ਕਰਦੇ ਹਾਂ ਅਤੇ ਅਸੀਂ ਪਿਆਰ, ਹਮਦਰਦੀ, ਸ਼ਾਂਤੀ ਅਤੇ ਨਿਆਂ ਦੇ ਮੁੱਲਾਂ ਨੂੰ ਬਰਕਰਾਰ ਰੱਖਣ ਲਈ ਆਪਣੀ ਵਚਨਬੱਧਤਾ ਦੀ ਪੁਸ਼ਟੀ ਕਰਦੇ ਹਾਂ। ਇਹ ਕੈਂਡਲ ਲਾਈਟ ਪ੍ਰਾਰਥਨਾ ਡਾਇਓਸਿਸ ਦੁਆਰਾ ਆਪਣੇ ਸਾਥੀ ਦਾ ਸਮਰਥਨ ਕਰਨ ਅਤੇ ਨਿਆਂ ਅਤੇ ਸ਼ਾਂਤੀ ਦੀ ਵਕਾਲਤ ਕਰਨ ਦੀ ਵਚਨਬੱਧਤਾ ਦਾ ਇੱਕ ਭਾਵੁਕ ਪ੍ਰਗਟਾਵਾ ਸੀ।



# ਸਾਹਿਬਜ਼ਾਦਾ ਜ਼ੋਰਾਵਰ ਸਿੰਘ ਫਤਿਹ ਸਿੰਘ ਸਕੂਲ ਧਾਰੀਵਾਲ 'ਚ ਤੀਜ ਦਾ ਤਿਉਹਾਰ ਮਨਾਇਆ



**ਧਾਰੀਵਾਲ (ਮਨਦੀਪ ਸਿੰਘ ਵਿੱਕੀ)**- ਸਾਹਿਬਜ਼ਾਦਾ ਜ਼ੋਰਾਵਰ ਸਿੰਘ ਫਤਿਹ ਸਿੰਘ ਖਾਲਸਾ ਸੀਨੀਅਰ ਸੈਕੰਡਰੀ ਪਬਲਿਕ ਸਕੂਲ ਧਾਰੀਵਾਲ ਵਿਖੇ ਪ੍ਰਿੰਸੀਪਲ ਡਾ. ਗਗਨਜੀਤ ਕੌਰ ਦੀ ਰਹਿਨੁਮਾਈ ਹੇਠ ਤੀਜ ਦਾ ਤਿਉਹਾਰ ਬੜੀ ਧੂਮਧਾਮ ਨਾਲ ਮਨਾਇਆ। ਇਸ ਮੌਕੇ ਵਿਦਿਆਰਥਣਾਂ ਨੇ ਸੱਭਿਆਚਾਰਕ ਪ੍ਰੋਗਰਾਮ ਦੌਰਾਨ ਸਕਿੱਟਾਂ, ਗਿੱਧਾ, ਲੁੱਡੀ, ਭੰਗੜਾ ਅਤੇ ਹੋਰ ਰੰਗਾਰੰਗ ਪ੍ਰੋਗਰਾਮ ਦੀਆਂ ਵੱਖ-ਵੱਖ ਵੰਨਗੀਆਂ ਪੇਸ਼ ਕਰਕੇ ਖੂਬ ਮਨੋਰੰਜਨ ਕੀਤਾ। ਪ੍ਰਿੰਸੀਪਲ ਡਾ. ਗਗਨਜੀਤ ਕੌਰ ਨੇ ਸਕੂਲ ਦੇ ਸਮੂਹ ਸਟਾਫ ਅਤੇ ਵਿਦਿਆਰਥੀਆਂ ਨੂੰ ਤੀਜ ਤਿਉਹਾਰ ਦੀਆਂ ਸ਼ੁੱਭਕਾਮਨਾਵਾਂ ਦਿੰਦਿਆਂ ਕਿਹਾ ਕਿ ਸਾਨੂੰ ਆਪਣੇ ਸੱਭਿਆਚਾਰਕ ਤਿਉਹਾਰਾਂ ਨੂੰ ਕਦੀ ਵੀ ਨਹੀਂ ਭੁੱਲਣਾ ਚਾਹੀਦਾ ਹੈ ਅਤੇ ਅਜਿਹੇ ਆਪਸੀ ਪਿਆਰ ਦਾ ਪ੍ਰਤੀਕ ਤਿਉਹਾਰ ਵੱਧ ਚੜ੍ਹ ਕੇ ਖੁਸ਼ੀਆਂ ਨਾਲ ਸਾਂਝੇ ਤੌਰ 'ਤੇ ਮਨਾਉਣੇ ਚਾਹੀਦੇ ਹਨ। ਇਸ ਮੌਕੇ ਬੱਚਿਆਂ ਲਈ ਖੀਰ ਅਤੇ ਪੂੜਿਆਂ ਦਾ ਲੰਗਰ ਵੀ ਲਗਾਇਆ ਗਿਆ।

# ਪੀ ਐੱਮ ਕਿਸਾਨ ਸਕੀਮ ਤਹਿਤ ਭਾਰਤ ਸਰਕਾਰ ਵੱਲੋਂ 20ਵੀਂ ਕਿਸ਼ਤ ਜਾਰੀ : ਡਿਪਟੀ ਕਮਿਸ਼ਨਰ

**ਧਾਰੀਵਾਲ (ਮਨਦੀਪ ਸਿੰਘ ਵਿੱਕੀ)**- ਪ੍ਰਧਾਨ ਮੰਤਰੀ ਕਿਸਾਨ ਸਨਮਾਨ ਨਿਧੀ ਯੋਜਨਾ ਤਹਿਤ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਵੱਲੋਂ ਬਨੌਲੀ, ਸੇਵਾਪੁਰੀ, ਵਾਰਾਨਸੀ, ਉੱਤਰ ਪ੍ਰਦੇਸ਼ ਵਿਖੇ ਇਕ ਵਿਸ਼ੇਸ਼ ਲਾਈਵ ਈਵੈਂਟ ਰਾਹੀਂ ਕਿਸਾਨਾਂ ਨੂੰ ਇਸ ਸਕੀਮ ਦੇ ਤਹਿਤ 20 ਵੀ ਕਿਸ਼ਤ ਜਾਰੀ ਕਰ ਦਿੱਤੀ ਗਈ। ਇਸ ਪ੍ਰੋਗਰਾਮ ਦਾ ਲਿੰਕ ਡਾਇਰੈਕਟਰ ਖੇਤੀਬਾੜੀ ਅਤੇ ਕਿਸਾਨ ਭਲਾਈ ਵਿਭਾਗ ਪੰਜਾਬ ਵੱਲੋਂ ਪ੍ਰਾਪਤ ਹੋਇਆ ਸੀ। ਇਸ ਪ੍ਰੋਗਰਾਮ ਵਿੱਚ ਪ੍ਰਾਪਤ ਹੋਏ ਲਿੰਕ ਰਾਹੀਂ ਵੱਖ ਵੱਖ ਪੱਧਰਾਂ ਤੇ ਕਿਸਾਨਾਂ ਨੇ ਪ੍ਰਧਾਨ ਮੰਤਰੀ ਦੇ ਸੰਬੋਧਨ ਨੂੰ ਸੁਣਿਆ ਅਤੇ ਖੇਤੀਬਾੜੀ ਵਿਭਾਗ ਦੇ ਅਧਿਕਾਰੀਆਂ ਕਰਮਚਾਰੀਆਂ ਵੱਲੋਂ ਸਰਕਲ ਪੱਧਰ, ਬਲਾਕ ਪੱਧਰ ਅਤੇ ਜ਼ਿਲ੍ਹਾ ਪੱਧਰ 'ਤੇ ਕਿਸਾਨਾਂ ਦਾ ਇਕੱਠ ਕਰਕੇ ਉਹਨਾਂ ਨੂੰ ਇਸ ਲਾਈਵ ਈਵੈਂਟ ਦੇ ਨਾਲ ਜੋੜਿਆ ਗਿਆ। ਡਾ. ਅਮਰੀਕ ਸਿੰਘ, ਮੁੱਖ ਖੇਤੀਬਾੜੀ ਅਫਸਰ ਗੁਰਦਾਸਪੁਰ ਵੱਲੋਂ ਵੀ ਇਸ ਲਾਈਵ ਈਵੈਂਟ ਦਾ ਪ੍ਰਸਾਰਨ ਆਪਣੇ ਦਫਤਰ ਵਿਖੇ ਕੀਤਾ ਗਿਆ ਜਿਸ ਵਿੱਚ 39 ਕਿਸਾਨਾਂ ਵਲੋਂ ਭਾਗ ਲਿਆ ਗਿਆ। ਇਸ ਪ੍ਰੋਗਰਾਮ ਦੇ ਅੰਤ ਵਿੱਚ ਮੁੱਖ ਖੇਤੀਬਾੜੀ ਅਫਸਰ ਗੁਰਦਾਸਪੁਰ ਨੇ ਦੱਸਿਆ ਕਿ ਜ਼ਿਲ੍ਹਾ ਗੁਰਦਾਸਪੁਰ ਵਿੱਚ ਕਿਸਾਨਾਂ ਦੇ ਪੀ ਐਮ ਕਿਸਾਨ ਖਾਤਿਆਂ ਦੀ ਈ-ਕੇ ਵਾਈ ਸੀ ਦਾ ਕੰਮ 81% ਮੁਕੰਮਲ ਹੋ ਗਿਆ ਹੈ।ਭਾਰਤ ਸਰਕਾਰ ਵਲੋਂ ਇਸ ਸਕੀਮ ਦਾ ਲਾਭ ਲੈਣ ਲਈ ਈ ਕੇ ਵਾਈ ਸੀ ਮਤਲਬ ਇਲੈਕਟ੍ਰਾਨਿਕ ਮਾਧਿਅਮ ਰਹੀ ਖਪਤਕਾਰ ਨੂੰ ਜਾਣਨਾ ਕਰਵਾਉਣੀ ਜ਼ਰੂਰੀ ਕਰ ਦਿੱਤੀ ਹੈ।ਜੇਕਰ ਕਿਸਾਨ ਈ-ਕੇ ਵਾਈ ਸੀ ਨਹੀਂ ਕਰਵਾਉਂਦੇ ਤਾਂ ਉਹ ਇਸ ਯੋਜਨਾ ਦਾ ਲਾਭ ਨਹੀਂ ਲੈ ਸਕਦੇ । ਭਾਰਤ ਸਰਕਾਰ ਵੱਲੋਂ ਸ਼ੁਰੂ ਕੀਤੀ ਗਈ ਕਿਸਾਨ ਸਨਮਾਨ ਨਿਧੀ ਯੋਜਨਾ ਤਹਿਤ ਕਿਸਾਨਾਂ ਦੇ ਖਾਤਿਆਂ ਵਿੱਚ ਪੂਰੇ ਸਾਲ ਵਿੱਚ ਕੁੱਲ ਛੇ ਹਜ਼ਾਰ ਰੁਪਏ ਜਮ੍ਹਾਂ ਕਰਵਾਏ ਜਾਂਦੇ ਹਨ। ਪ੍ਰਧਾਨ ਮੰਤਰੀ ਕਿਸਾਨ ਸਨਮਾਨ ਨਿਧੀ ਯੋਜਨਾ ਬਾਰੇ ਡਿਪਟੀ ਕਮਿਸ਼ਨਰ ਦਲਵਿੰਦਰਜੀਤ ਸਿੰਘ ਨੇ ਦੱਸਿਆ ਕਿ ਪੀ ਐਮ ਕਿਸਾਨ ਸਕੀਮ ਦੇ ਲਾਭਪਾਤਰੀਆਂ ਦੀ ਈ-ਕੇ. ਵਾਈ. ਸੀ ਕਰਨ ਲਈ ਵਿਸ਼ੇਸ਼ ਟੀਮਾਂ ਦਾ ਗਠਨ ਕੀਤਾ ਗਿਆ ਹੈ ਜੋ ਕਿ ਪਿੰਡਾਂ ਵਿੱਚ ਜਾ ਕੇ ਕਿਸਾਨਾਂ ਦੇ ਪੀ ਐਮ ਕਿਸਾਨ ਖਾਤਿਆਂ ਦੀ ਈ ਕੇ ਵਾਈ ਸੀ ਕਰ ਰਹੀਆਂ ਹਨ ਇਸ ਦੇ ਨਾਲ ਹੀ ਕਾਮਨ ਸਰਵਿਸ ਸੈਂਟਰ ਦੇ ਨੁਮਾਇੰਦੇ ਵੀ ਈ-ਕੇਵਾਈਸੀ ਕਰ ਰਹੇ ਹਨ ਅਤੇ ਜਲਦ ਹੀ ਇਸ ਕੰਮ ਨੂੰ ਮੁਕੰਮਲ ਕਰ ਲਿਆ ਜਾਵੇਗਾ ਇਸ ਤੋਂ ਇਲਾਵਾ ਕਿਸਾਨਾਂ ਦੇ ਖਾਤਿਆਂ ਦੀ ਲੈਂਡ ਸੀਡਿੰਗ ਦਾ ਕੰਮ ਵੀ ਚੱਲ ਰਿਹਾ ਹੈ ਖੇਤੀਬਾੜੀ ਵਿਭਾਗ ਦੇ ਖੇਤਰੀ ਦਫਤਰਾਂ ਵਿੱਚ ਕਿਸਾਨਾਂ ਦਾ ਰੈਵੇਨਿਊ ਰਿਕਾਰਡ ਵੈਰੀਫਾਈ ਕਰਕੇ ਖੇਤੀਬਾੜੀ ਡਾਇਰੈਕਟੋਰੇਟ ਤੋਂ ਲੈਂਡ ਸੀਡਿੰਗ ਕਰਵਾਈ ਜਾ ਰਹੀ ਹੈ ਇਸ ਲਈ ਕਿਸਾਨਾਂ ਨੂੰ ਇਹ ਅਪੀਲ ਕੀਤੀ ਜਾਂਦੀ ਹੈ ਕਿ ਈ-ਕੇਵਾਈ ਸੀ ਜਾਂ ਲੈਣ ਸੀਡਿੰਗ ਕਰਵਾਉਣੀ ਰਹਿ ਗਈ ਹੈ ਉਹ ਖੇਤੀਬਾੜੀ ਵਿਭਾਗ ਦੇ ਅਧਿਕਾਰੀਆਂ ਕਰਮਚਾਰੀਆਂ ਦੇ ਨਾਲ ਸੰਪਰਕ ਕਰਨ ਤਾਂ ਜੋ ਇਸ ਕੰਮ ਨੂੰ ਜਲਦੀ ਨੇਪਰੇ ਚਾੜ੍ਹਿਆ ਜਾ ਸਕੇ ਉਨ੍ਹਾਂ ਕਿਹਾ ਕਿ ਜਿਨ੍ਹਾਂ ਲਾਭਪਾਤਰੀ ਕਿਸਾਨਾਂ ਦੀ ਮੌਤ ਹੋ ਚੁੱਕੀ ਹੈ, ਉਨ੍ਹਾਂ ਦੇ ਨਜ਼ਦੀਕੀ ਰਿਸ਼ਤੇਦਾਰਾਂ ਨੂੰ ਚਾਹੀਦਾ ਹੈ ਕਿ ਲਾਭ ਪਾਤਰੀ ਦਾ ਮੌਤ ਸਰਟੀਫਿਕੇਟ ਅਤੇ ਬਿਨੈਪਤਰ ਨਜ਼ਦੀਕੀ ਖੇਤੀਬਾੜੀ ਦਫਤਰ ਵਿੱਚ ਜਮ੍ਹਾਂ ਕਰਵਾਉਣ ਤਾਂ ਜੋ ਮ੍ਰਿਤਕ ਲਾਭਪਾਤਰੀ ਦੇ ਨਾਂਅ ਸੂਚੀ ਵਿੱਚੋਂ ਕੱਟੇ ਜਾ ਸਕਣ।



# ਦਸ਼ਮੇਸ਼ ਕਾਲਜ ਮਹਿਤਾ ਚੌਕ ਦਾ ਬੀ ਏ, ਬੀ.ਕਾਮ ਦਾ ਨਤੀਜਾ ਸ਼ਾਨਦਾਰ



**ਤਰਸਿੱਕਾ (ਤਰਸੇਮ ਸਿੰਘ ਸਾਧਪੁਰ)**- ਗੁਰੂ ਨਾਨਕ ਦੇਵ ਯੂਨੀਵਰਸਿਟੀ,ਅੰਮ੍ਰਿਤਸਰ ਵੱਲੋਂ ਬੀ.ਏ, ਬੀ.ਕਾਮ ਭਾਗ ਪਹਿਲਾ ਅਤੇ ਛੇਵਾਂ ਦੇ ਐਲਾਨੇ ਗਏ ਨਤੀਜਿਆਂ ਵਿੱਚ ਦਸ਼ਮੇਸ਼ ਕਾਲਜ ਫਾਰ ਵਿਮਨ, ਮਹਿਤਾ ਚੌਂਕ ਦੀਆਂ ਵਿਦਿਆਰਥਣਾਂ ਦਾ ਨਤੀਜਾ ਪ੍ਰਸ਼ੰਸਾਯੋਗ ਰਿਹਾ । ਸਮੂਹ ਸਟਾਫ ਅਤੇ ਮਾਪਿਆਂ ਦੁਆਰਾ ਇਸ ਸ਼ਾਨਦਾਰ ਨਤੀਜੇ ਲਈ ਪਰਮਾਤਮਾ ਦਾ ਸ਼ੁਕਰਾਨਾ ਕੀਤਾ ਅਤੇ ਵਿਦਿਆਰਥਣਾਂ ਦੁਆਰਾ ਭਵਿੱਖ ਵਿੱਚ ਇਸੇ ਤਰ੍ਹਾਂ ਹੀ ਮਿਹਨਤ ਕਰਦੇ ਰਹਿਣ ਦਾ ਪ੍ਰਣ ਕੀਤਾ ।ਬੀ.ਕਾਮ ਭਾਗ ਦੂਜਾ ਦੀਆਂ ਵਿਦਿਆਰਥਣਾਂ ਦਾ ਨਤੀਜਾ ਸੌ ਫੀਸਦੀ ਰਿਹਾ। ਵਰਨੀਤ ਕੌਰ ਨੇ 70%, ਕੁਲਜੀਤ ਕੌਰ, ਅਵਲਪ੍ਰੀਤ ਕੌਰ 69% ਅੰਕ, ਹਸਨਦੀਪ ਕੌਰ, ਜੈਸਮੀਨ ਕੌਰ ਦੁਆਰਾ 68% ਅੰਕ ਪ੍ਰਾਪਤ ਕਰਕੇ ਕਾਲਜ ਵਿੱਚ ਕ੍ਰਮਵਾਰ ਪਹਿਲਾ, ਦੂਜਾ ਅਤੇ ਤੀਜਾ ਸਥਾਨ ਹਾਸਿਲ ਕੀਤਾ ਗਿਆ।ਬੀ.ਕਾਮ ਭਾਗ ਛੇਵਾਂ ਦੀ ਵਿਦਿਆਰਥਣ ਅਨੁਰੀਤ ਕੌਰ ਵੱਲੋਂ 266/350 (76%) ਅੰਕ ਪ੍ਰਾਪਤ ਕਰਕੇ ਪਹਿਲੀ ਪੁਜ਼ੀਸ਼ਨ ਹਾਸਿਲ ਕੀਤੀ ਗਈ । ਬੀ.ਏ. ਸਮੈਸਟਰ ਛੇਵਾਂ ਦਾ ਨਤੀਜਾ ਵੀ ਸੌ ਫੀਸਦੀ ਰਿਹਾ। ਗਗਨਪ੍ਰੀਤ ਕੌਰ ਨੇ 247/400 (62%) ਅੰਕ ਪ੍ਰਾਪਤ ਕਰਕੇ ਕਾਲਜ ਵਿੱਚ ਪਹਿਲਾ, ਪ੍ਰਭਜੀਤ ਕੌਰ 243 /400 (61%) ਅੰਕ ਪ੍ਰਾਪਤ ਕਰਕੇ ਦੂਸਰਾ ਅਤੇ ਪੂਜਾ ਨੇ 229/400 (57%) ਅੰਕ ਪ੍ਰਾਪਤ ਕਰਕੇ ਕਾਲਜ ਵਿੱਚ ਤੀਸਰਾ ਸਥਾਨ ਹਾਸਲ ਕੀਤਾ।ਦਸ਼ਮੇਸ਼ ਵਿੱਦਿਅਕ ਸੰਸਥਾਵਾਂ ਦੇ ਚੇਅਰਮੈਨ ਗੁਰਦੀਪ ਸਿੰਘ ਰੰਧਾਵਾ ਨੇ ਵਿਦਿਆਰਥਣਾਂ ਦਾ ਮੂੰਹ ਮਿੱਠਾ ਕਰ ਕੇ ਮੁਬਾਰਕਬਾਦ ਦਿੱਤੀ ।ਵਿਦਿਆਰਥਣਾਂ ਦੀ ਹੌਸਲਾ ਅਫਜ਼ਾਈ ਕਰਦੇ ਸਮੇਂ ਚੇਅਰਮੈਨ ਗੁਰਦੀਪ ਸਿੰਘ ਰੰਧਾਵਾ, ਪ੍ਰਿੰਸੀਪਲ ਗੁਰਬੀਰ ਕੌਰ, ਕੋਆਰਡੀਨੇਟਰ ਰਵਿੰਦਰ ਕੌਰ ਅਤੇ ਸਮੂਹ ਸਟਾਫ ਅਤੇ ਵਿਦਿਆਰਥਣਾਂ ਹਾਜ਼ਰ ਸਨ।

# ਜਨ ਸੁਰੱਖਿਆ ਜਾਗਰੂਕਤਾ ਮੁਹਿੰਮ ਤਹਿਤ ਲਗਾਇਆ ਜਾਗਰੂਕਤਾ ਕੈਂਪ

**ਤਰਨ ਤਾਰਨ (ਪ੍ਰਿਤਪਾਲ ਸਿੰਘ)**- ਤਰਨ ਤਾਰਨ ਦੇ ਜ਼ਿਲ੍ਹਾ ਲੀਡ ਬੈਂਕ ਮੈਨੇਜਰ ਕੇ ਕੇ ਸਹਿਗਲ ਦੇ ਦਿਸ਼ਾ ਨਿਰਦੇਸ਼ਾਂ ਤਹਿਤ ਪਿੰਡ ਪੱਧਰ 'ਤੇ ਸਮਾਜਿਕ ਸੁਰੱਖਿਆ ਜਾਗਰੂਕਤਾ ਮੁਹਿੰਮ ਉਲੀਕੇ ਤਹਿਤ ਪ੍ਰੋਗਰਾਮ ਨੂੰ ਪੰਜਾਬ ਨੈਸ਼ਨਲ ਬੈਂਕ ਦੇ ਸਹਿਯੋਗ ਨਾਲ ਆਰ ਬੀ ਆਈ ਦੇ ਦਿਸ਼ਾ ਨਿਰਦੇਸ਼ਾਂ ਤਹਿਤ ਅਰੋਹ ਫਾਊਂਡੇਸ਼ਨ ਦੇ ਵਿੱਤੀ ਸਾਖਰਤਾ ਕੇਂਦਰ ਚੋਹਲਾ ਸਾਹਿਬ ਵੱਲੋਂ ਬਲਾਕ ਗੰਡੀਵਿੰਡ ਦੇ ਸਹਾਇਕ ਫਾਇਨਾਂਸ ਕੌਂਸਲਰ ਗੁਰਪ੍ਰੀਤ ਸਿੰਘ ਕੱਦਗਿੱਲ ਵੱਲੋਂ ਪਿੰਡ ਗੱਗੋਬੂਹਾ ਵਿਖੇ ਵਿਸ਼ੇਸ਼ ਜਾਗਰੂਕਤਾ ਕੈਂਪ ਲਗਾਇਆ ਗਿਆ। ਇਸ ਮੌਕੇ ਏ ਐਫ ਸੀ ਗੁਰਪ੍ਰੀਤ ਸਿੰਘ ਕੱਦਗਿੱਲ ਤੋਂ ਇਲਾਵਾ ਬੀ ਸੀ ਏ ਬਚਿੱਤਰ ਸਿੰਘ ਨੇ ਹਾਜ਼ਰੀਨ ਦੇ ਨਵੇਂ ਖਾਤੇ ਖੋਲ੍ਹਣ ਦੇ ਨਾਲ ਨਾਲ ਪ੍ਰਧਾਨ ਮੰਤਰੀ ਜੀਵਨ ਜੋਤੀ ਬੀਮਾ ਯੋਜਨਾ, ਪ੍ਰਧਾਨ ਮੰਤਰੀ ਸੁਰੱਖਿਆ ਬੀਮਾ ਯੋਜਨਾ, ਅਟੱਲ ਪੈਨਸ਼ਨ ਯੋਜਨਾ ਆਦਿ ਬਾਰੇ ਜਾਗਰੂਕ ਕਰਕੇ ਫਾਰਮ ਭਰੇ ਗਏ। ਇਸ ਤੋਂ ਇਲਾਵਾ ਫੋਨ 'ਤੇ ਹੁੰਦੀ ਧੋਖਾਦੇਹੀ ਤੋਂ ਸੁਚੇਤ ਕਰਨ ਅਤੇ ਬੈਂਕਾਂ ਵਿੱਚ ਦਾਅਵਾ ਨਾ ਕੀਤੇ ਜਾ ਰਹੇ ਪੈਸਿਆਂ ਬਾਰੇ ਵੀ ਜਾਣਕਾਰੀ ਸਾਂਝੀ ਕੀਤੀ ਗਈ।



# ਪੰਨੂ ਨੇ ਵੱਖ-ਵੱਖ ਪਿੰਡਾਂ 'ਚ ਨਸ਼ੇ ਵਿਰੁੱਧ ਇਕਜੁੱਟ ਹੋ ਕੇ ਲੜਾਈ ਲੜਨ ਲਈ ਸਹੁੰ ਚੁਕਾਈ

**ਫਤਿਹਗੜ੍ਹ ਚੂੜੀਆਂ (ਜਸਦੇਵ ਸਿੰਘ ਮਾਨ)** ਹਲਕਾ ਇੰਚਾਰਜ ਬਲਬੀਰ ਸਿੰਘ ਪੰਨੂ ਨੇ ਕਿਹਾ ਕਿ ਪੰਜਾਬ ਸਰਕਾਰ ਵੱਲੋਂ ਸ਼ੁਰੂ ਕੀਤੀ ਗਈ ਯੁੱਧ ਨਸ਼ਿਆਂ ਵਿਰੁੱਧ ਮੁਹਿੰਮ ਤਹਿਤ ਸੂਬੇ ਵਿੱਚ ਵੱਡੇ ਪੱਧਰ 'ਤੇ ਅਭਿਆਨ ਚਲਾਇਆ ਜਾ ਰਿਹਾ ਹੈ ਅਤੇ ਲੋਕਾਂ ਨੂੰ ਨਸ਼ਿਆਂ ਖਿਲਾਫ਼ ਲਾਮਬੰਦ ਕੀਤਾ ਜਾ ਰਿਹਾ ਹੈ। ਪੰਨੂ ਨੇ ਪਿੰਡ ਕੋਟਲੀ ਫਸੀ, ਕਿਲਾ ਦਰਸ਼ਨ ਸਿੰਘ ਅਤੇ ਗਿੱਲਾਂਵਾਲੀ ਵਿਖੇ ਨਸ਼ਾ ਮੁਕਤੀ ਯਾਤਰਾ ਤਹਿਤ ਹੋਈ ਇਕੱਤਰਤਾ ਦੌਰਾਨ ਪਿੰਡ ਵਾਸੀਆਂ ਨੂੰ ਨਸ਼ੇ ਵਿਰੁੱਧ ਇੱਕਜੁੱਟ ਹੋ ਕੇ ਲੜਾਈ ਲੜਨ ਦੀ ਸਹੁੰ ਚੁਕਾਈ । ਪਿੰਡ ਵਾਸੀਆਂ ਨੂੰ ਸੰਬੋਧਨ ਕਰਦਿਆਂ ਬਲਬੀਰ ਸਿੰਘ ਪੰਨੂ ਨੇ ਕਿਹਾ ਕਿ ਪੰਜਾਬ ਸਰਕਾਰ ਵਲੋਂ ਨਸ਼ਿਆਂ ਨੂੰ ਖਤਮ ਕਰਨ ਲਈ ਵਿਸ਼ੇਸ਼ ਮੁਹਿੰਮ ਵਿੱਢੀ ਗਈ ਹੈ, ਜਿਸ ਤਹਿਤ ਨਸ਼ਾ ਤਸਕਰਾਂ ਵਲੋਂ ਉਸਾਰੀਆਂ ਗਈਆਂ ਨਾਜਾਇਜ਼ ਉਸਾਰੀਆਂ ਢਾਹੀਆਂ ਜਾ ਰਹੀਆਂ ਹਨ ਅਤੇ ਨਸ਼ਾ ਪੀੜਤਾਂ ਦਾ ਨਸ਼ਾ ਛੁਡਾਊ ਕੇਂਦਰਾਂ ਵਿਖੇ ਮੁਫ਼ਤ ਇਲਾਜ ਕਰਵਾਇਆ ਜਾ ਰਿਹਾ ਹੈ। ਉਨ੍ਹਾਂ ਲੋਕਾਂ ਨੂੰ ਅਪੀਲ ਕਰਦਿਆਂ ਕਿਹਾ ਕਿ ਉਹ ਆਪਣੇ ਪਿੰਡਾਂ ਜਾਂ ਆਲੇ-ਦੁਆਲੇ ਨਸ਼ੇ ਵੇਚਣ ਵਾਲਿਆਂ ਦੀ ਇਤਲਾਹ ਪੁਲਸ ਨੂੰ ਜਾਂ ਵਟਸਐਪ ਨੰਬਰ 97791-00200 ਉੱਪਰ ਦੇਣ। ਜਾਣਕਾਰੀ ਦੇਣ ਵਾਲੇ ਦੀ ਪਹਿਚਾਣ ਗੁਪਤ ਰੱਖੀ ਜਾਵੇਗੀ।ਇਸ ਮੌਕੇ ਸਰਪੰਚ ਰਾਜਵਿੰਦਰ ਸਿੰਘ, ਰਿਪਜੀਤ ਸਿੰਘ ਗਿੱਲਾਂਵਾਲੀ, ਜਸਪਾਲ ਸਿੰਘ ਭੱਟੂ, ਬਲਜਿੰਦਰ ਸਿੰਘ, ਬਲਕਾਰ ਮਸੀਹ, ਸਰਪੰਚ ਮਨਜਿੰਦਰ ਸਿੰਘ ਬਹਾਦਰ, ਸਰਪੰਚ ਸੰਦੀਪ ਸਿੰਘ, ਪੰਚ ਸਲੱਖਣ ਸਿੰਘ, ਪੰਚ ਸਰਵਨ ਸਿੰਘ, ਪੰਚ ਜਤਿੰਦਰ ਸਿੰਘ, ਰਣਧੀਰ ਸਿੰਘ, ਦੁਲਾਵਰ ਸਿੰਘ, ਬਲਾਕ ਪ੍ਰਧਾਨ ਸ਼ਮਸ਼ੇਰ ਸਿੰਘ, ਬਲਾਕ ਪ੍ਰਧਾਨ ਮਲਜਿੰਦਰ ਸਿੰਘ, ਬਲਾਕ ਪ੍ਰਧਾਨ ਹਰਦੀਪ ਸਿੰਘ, ਬਲਾਕ ਪ੍ਰਧਾਨ ਜਗਜੀਤ ਸਿੰਘ, ਸਰਪੰਚ ਹਰਦੀਪ ਸਿੰਘ, ਸਰਪੰਚ ਕਰਮਜੀਤ ਸਿੰਘ, ਗਗਨਦੀਪ ਸਿੰਘ ਕੋਟਲਾ ਬਾਮਾ, ਰਘਬੀਰ ਸਿੰਘ ਅਠਵਾਲ, ਸਰਪੰਚ ਗੁਰਬਿੰਦਰ ਸਿੰਘ ਕਾਦੀਆਂ, ਸਰਪੰਚ ਕਰਨ ਬਾਠ ਅਤੇ ਵਾਈਸ ਕੁਆਰਡੀਨੇਟਰ ਗੁਰਪ੍ਰਤਾਪ ਸਿੰਘ ਆਦਿ ਹਾਜ਼ਰ ਸਨ।



# ਲੈਂਡ ਪੂਲਿੰਗ ਨੀਤੀ ਦੇ ਵਿਰੋਧ 'ਚ ਚੁਤਾਲੇ 'ਚ ਕਿਸਾਨਾਂ-ਮਜ਼ਦੂਰਾਂ ਦਾ ਵੱਡਾ ਇਕੱਠ

**ਤਰਨ ਤਾਰਨ (ਪ੍ਰਿਤਪਾਲ ਸਿੰਘ)**- ਕਿਸਾਨ ਮਜ਼ਦੂਰ ਸੰਘਰਸ਼ ਕਮੇਟੀ ਪੰਜਾਬ ਜ਼ਿਲ੍ਹਾ ਤਰਨ ਤਾਰਨ ਵੱਲੋਂ ਪਿੰਡ ਚੁਤਾਲਾ ਵਿਖੇ ਗੁਰਦੁਆਰਾ ਧੰਨ ਧੰਨ ਬਾਬਾ ਦੀਵਾਨ ਸਿੰਘ ਜੀ ਸ਼ਹੀਦ ਦੇ ਪਵਿੱਤਰ ਅਸਥਾਨ 'ਤੇ ਇੱਕ ਵੱਡੀ ਮੀਟਿੰਗ ਕਰਵਾਈ ਗਈ। ਮੀਟਿੰਗ ਦੀ ਅਗਵਾਈ ਜ਼ੋਨ ਪ੍ਰਧਾਨ ਸਲਵਿੰਦਰ ਸਿੰਘ ਡਾਲੇਕੇ ਨੇ ਕੀਤੀ।ਇਸ ਮੌਕੇ ਉਤੇ ਸੂਬਾ ਆਗੂ ਸੁਖਵਿੰਦਰ ਸਿੰਘ ਚੁਤਾਲਾ, ਸਰਵਣ ਸਿੰਘ ਵਲੀਪੁਰ, ਸਲਵਿੰਦਰ ਸਿੰਘ ਦੁੱਗਲ ਵਾਲਾ, ਲਖਵਿੰਦਰ ਸਿੰਘ ਪਲਾਸੌਰ ਨੇ ਲੈਂਡ ਪੂਲਿੰਗ ਨੀਤੀ ਦੀ ਕੜੀ ਨਿੰਦਾ ਕਰਦਿਆਂ ਕਿਹਾ ਕਿ ਭਗਵੰਤ ਮਾਨ ਦੀ ਆਪ ਸਰਕਾਰ ਨਵਾਂ ਕਾਨੂੰਨ ਲਿਆ ਕੇ ਕਿਸਾਨਾਂ-ਮਜ਼ਦੂਰਾਂ ਦੀ ਜ਼ਮੀਨ ਜ਼ਬਰਦਸਤੀ ਖੋਹਣਾ ਚਾਹੁੰਦੀ ਹੈ। ਲੋਕਾਂ ਨੂੰ ਝੂਠੇ ਵਾਅਦੇ ਕਰਕੇ ਗੁੰਮਰਾਹ ਕੀਤਾ ਜਾ ਰਿਹਾ ਹੈ।ਸੰਘਰਸ਼ ਕਮੇਟੀ ਵੱਲੋਂ ਸਾਫ ਕੀਤਾ ਗਿਆ ਕਿ ਕਿਸੇ ਵੀ ਹਾਲਤ ਵਿੱਚ ਕਿਸਾਨਾਂ ਦੀ ਜ਼ਮੀਨ ਛਿਨਣ ਨਹੀਂ ਦਿੱਤੀ ਜਾਵੇਗੀ। ਮੀਟਿੰਗ ਤੋਂ ਬਾਅਦ ਪਿੰਡ ਵਿੱਚ ਮੋਟਰਸਾਈਕਲ ਮਾਰਚ ਕੱਢਿਆ ਗਿਆ, ਜਿਸ ਦੌਰਾਨ 97 ਕਿੱਲੇ ਜ਼ਮੀਨ ਦੀ ਅਕਵਾਇਰਿੰਗ ਦੇ ਨੋਟੀਫਿਕੇਸ਼ਨ ਵਾਲੀ ਥਾਂ 'ਤੇ ਜਾ ਕੇ ਭਗਵੰਤ ਮਾਨ ਤੇ ਕੇਜਰੀਵਾਲ ਦੇ ਪੁਤਲੇ ਫੂਕੇ ਗਏ ਅਤੇ ਨਾਅਰੇਬਾਜ਼ੀ ਕੀਤੀ ਗਈ।ਇਸ ਮੌਕੇ ਇਹ ਵੀ ਕਿਹਾ ਗਿਆ ਕਿ ਕੇਂਦਰ ਅਤੇ ਪੰਜਾਬ ਸਰਕਾਰ ਮਿਲ ਕੇ ਬਿਜਲੀ ਬੋਰਡ ਦਾ ਨਿੱਜੀਕਰਨ ਕਰਕੇ ਚਿੱਪ ਵਾਲੇ ਮੀਟਰ ਲਗਵਾ ਰਹੀਆਂ ਹਨ, ਜਿਸ ਦਾ ਵੀ ਪੂਰੇ ਪੰਜਾਬ 'ਚ ਭਰਪੂਰ ਵਿਰੋਧ ਕੀਤਾ ਜਾਵੇਗਾ।ਇਸ ਮੌਕੇ ਫਤਿਹ ਸਿੰਘ ਪਿੰਦੀ, ਸਤਨਾਮ ਸਿੰਘ ਖਾਹਿਰਾ, ਕੁਲਵਿੰਦਰ ਸਿੰਘ ਵਾਂ, ਮਹਿੰਦਰ ਸਿੰਘ ਚੁਤਾਲਾ, ਤਰਸੇਮ ਸਿੰਘ ਚੁਤਾਲਾ, ਸੁਖਵਿੰਦਰ ਕੌਰ ਚੁਤਾਲਾ, ਹਰਜੀਤ ਕੌਰ ਚੁਤਾਲਾ, ਮਾਸਟਰ ਤਾਰਾ ਸਿੰਘ ਚੁਤਾਲਾ, ਕੁਲਦੀਪ ਸਿੰਘ ਬੁੱਘਾ, ਤਰਸੇਮ ਸਿੰਘ ਕੱਦਗਿੱਲ, ਅਮਰੀਕ ਸਿੰਘ ਜੰਡੋਕੇ, ਮੰਗਲ ਸਿੰਘ ਨੰਦਪੁਰ, ਨਿਰਵੈਲ ਸਿੰਘ ਬੁੱਘਾ, ਸਤਨਾਮ ਸਿੰਘ ਚੁਤਾਲਾ, ਸਰੂਪ ਸਿੰਘ ਲੋਹਕਾ, ਸੁਖਦੇਵ ਸਿੰਘ ਮਾਨੋਚਾਹਲ ਹਾਜ਼ਰ ਸਨ ।



ਨਵਾਂ ਜ਼ਮਾਨਾ
ਸੋਮਵਾਰ, 4 ਅਗਸਤ 2025

# ਝੂਠੇ ਸਰਕਾਰੀ ਅੰਕੜੇ

*ਭਾਰਤ ਸਰਕਾਰ ਮੁਤਾਬਕ ਜੂਨ 2025 ਵਿੱਚ ਦੇਸ਼ ਦੀ ਬੇਰੁਜ਼ਗਾਰੀ ਦਰ 5.6 ਫੀਸਦੀ ਸੀ, ਪਰ ਮਾਹਰ ਇਸ ਦਾਅਵੇ ਨੂੰ ਮੰਨਣ ਲਈ ਤਿਆਰ ਨਹੀਂ। ਉਨ੍ਹਾਂ ਮੁਤਾਬਕ ਇਹ ਦਰ 7 ਫੀਸਦੀ ਤੋਂ 35 ਫੀਸਦੀ ਤੱਕ ਹੋ ਸਕਦੀ ਹੈ। ਉਨ੍ਹਾਂ ਦਾ ਕਹਿਣਾ ਹੈ ਕਿ ਸਰਕਾਰੀ ਅੰਕੜੇ ਨਾ ਸਿਰਫ ਬੇਰੁਜ਼ਗਾਰੀ ਦੀ ਗੰਭੀਰਤਾ ਨੂੰ ਲੁਕਾ ਰਹੇ ਹਨ, ਸਗੋਂ ਜੁਜ਼ਵੀ ਰੁਜ਼ਗਾਰ ਦੀ ਸਮੱਸਿਆ ਨੂੰ ਵੀ ਨਜ਼ਰਅੰਦਾਜ਼ ਕਰ ਰਹੇ ਹਨ। ਅਰਥ ਸ਼ਾਸਤਰੀਆਂ ਦਾ ਕਹਿਣਾ ਹੈ ਕਿ ਭਾਰਤ ਵਿੱਚ ਬੇਰੁਜ਼ਗਾਰੀ ਦੇ ਅੰਕੜੇ ਇਕੱਠੇ ਕਰਨ ਦਾ ਤਰੀਕਾ ਪੁਰਾਣਾ ਹੈ। ਭਾਰਤ ਵਿੱਚ ਪੀਰੀਆਡਿਕ ਲੇਬਰ ਫੋਰਸ ਸਰਵੇ (ਪੀ ਐੱਲ ਐੱਫ ਐੱਸ) ਤਹਿਤ ਜੇ ਕੋਈ ਵਿਅਕਤੀ ਹਫਤੇ ਵਿੱਚ ਸਿਰਫ ਇੱਕ ਘੰਟੇ ਲਈ ਵੀ ਕੰਮ ਕਰਦਾ ਹੈ ਤਾਂ ਉਸ ਨੂੰ 'ਰੁਜ਼ਗਾਰ ਪ੍ਰਾਪਤ' ਮੰਨਿਆ ਜਾਂਦਾ ਹੈ। ਇਸ ਦੇ ਇਲਾਵਾ ਬਿਨਾਂ ਵੇਤਨ ਪਰਵਾਰਕ ਕੰਮ ਜਾਂ ਢਿੱਡ ਭਰਨ ਲਈ ਕੀਤੇ ਜਾਣ ਵਾਲੇ ਹੋਰ ਨਿੱਕੇ-ਮੋਟੇ ਕੰਮ ਨੂੰ ਵੀ ਰੁਜ਼ਗਾਰ ਦੀ ਸ਼੍ਰੇਣੀ ਵਿੱਚ ਗਿਣਿਆ ਜਾਂਦਾ ਹੈ। ਇਹ ਤਰੀਕਾ ਅਸਲ ਬੇਰੁਜ਼ਗਾਰੀ ਤੇ ਜੁਜ਼ਵੀ ਰੁਜ਼ਗਾਰ ਦੀ ਸਥਿਤੀ ਨੂੰ ਸਹੀ ਢੰਗ ਨਾਲ ਨਹੀਂ ਦਰਸਾਉਂਦਾ।*

*ਕੈਲੀਫੋਰਨੀਆ ਯੂਨੀਵਰਸਿਟੀ ਬਰਕਲੇ ਦੇ ਅਰਥ ਸ਼ਾਸਤਰ ਦੇ ਪ੍ਰੋਫੈਸਰ ਐਮੇਰਿਟਸ ਪ੍ਰਣਬ ਬਰਧਨ ਮੁਤਾਬਕ ਸਰਕਾਰੀ ਅੰਕੜੇ ਲੋਕਾਂ ਦੀਆਂ ਅੱਖਾਂ ਵਿੱਚ ਘੱਟਾ ਪਾਉਣ ਵਰਗੇ ਹਨ। ਜੇ ਕੋਈ ਵਿਅਕਤੀ ਛੇ ਮਹੀਨਿਆਂ ਤੱਕ ਇੱਕ ਘੰਟੇ ਲਈ ਵੀ ਕੰਮ ਨਹੀਂ ਕਰਦਾ ਤੇ ਉਹ ਅਮੀਰ ਨਹੀਂ ਹੈ ਤਾਂ ਉਹ ਆਪਣਾ ਢਿੱਡ ਕਿਵੇਂ ਭਰਦਾ ਹੈ? ਭਾਰਤ ਵਿੱਚ ਬੇਰੁਜ਼ਗਾਰੀ ਤੇ ਜੁਜ਼ਵੀ ਰੁਜ਼ਗਾਰ ਦੀ ਸਮੱਸਿਆ ਬਹੁਤ ਵੱਡੀ ਹੈ, ਜਿਹੜੀ ਸਰਕਾਰੀ ਅੰਕੜਿਆਂ ਵਿੱਚ ਨਹੀਂ ਦਿਸਦੀ।*

*ਪ੍ਰਧਾਨ ਮੰਤਰੀ ਨਰਿੰਦਰ ਮੋਦੀ ਦਾਅਵਾ ਕਰਦੇ ਹਨ ਕਿ ਭਾਰਤ ਦੁਨੀਆ ਵਿੱਚ ਸਭ ਤੋਂ ਤੇਜ਼ੀ ਨਾਲ ਵਧ ਰਿਹਾ ਅਰਥਚਾਰਾ ਹੈ, ਪਰ ਇਸ ਤੇਜ਼ ਆਰਥਕ ਵਿਕਾਸ ਦੇ ਬਾਵਜੂਦ ਦੇਸ਼ ਵਿੱਚ ਚੰਗੀ ਤਨਖਾਹ ਵਾਲੀਆਂ ਨੌਕਰੀਆਂ ਦਾ ਸਿਰਜਣ ਨਹੀਂ ਹੋ ਰਿਹਾ। ਹਰ ਸਾਲ ਲੱਖਾਂ ਨੌਜਵਾਨ ਨੌਕਰੀ ਬਾਜ਼ਾਰ ਵਿੱਚ ਦਾਖਲ ਹੋ ਰਹੇ ਹਨ, ਪਰ ਉਨ੍ਹਾਂ ਨੂੰ ਨੌਕਰੀਆਂ ਨਹੀਂ ਮਿਲ ਰਹੀਆਂ। ਨੌਜਵਾਨਾਂ ਵਿੱਚ ਅਸੰਤੋਸ਼ ਵਧ ਰਿਹਾ ਹੈ। ਮੋਦੀ ਤੀਜੀ ਵਾਰ ਪ੍ਰਧਾਨ ਮੰਤਰੀ ਬਣਨ ਵਿੱਚ ਸਫਲ ਰਹੇ ਹਨ, ਪਰ ਉਨ੍ਹਾਂ ਦੇ ਗੱਠਜੋੜ ਨੂੰ ਸਪੱਸ਼ਟ ਬਹੁਮਤ ਦਾ ਨਾ ਮਿਲਣਾ ਨੌਜਵਾਨਾਂ ਦੀ ਨਿਰਾਸ਼ਾ ਦਾ ਹੀ ਨਤੀਜਾ ਸੀ।*

*ਰਿਜ਼ਰਵ ਬੈਂਕ ਆਫ ਇੰਡੀਆ ਦੇ ਸਾਬਕਾ ਗਵਰਨਰ ਦੁਵੂਰੀ ਸੁੱਬਾਰਾਓ ਦਾ ਵੀ ਮੰਨਣਾ ਹੈ ਕਿ ਬੇਰੁਜ਼ਗਾਰੀ ਭਾਰਤ ਦੀਆਂ ਸਭ ਤੋਂ ਵੱਡੀਆਂ ਚੁਣੌਤੀਆਂ ਵਿੱਚੋਂ ਇੱਕ ਹੈ। ਸਰਕਾਰੀ ਅੰਕੜੇ ਜ਼ਮੀਨੀ ਹਕੀਕਤ ਨੂੰ ਸਹੀ ਢੰਗ ਨਾਲ ਨਹੀਂ ਦਿਖਾਉਂਦੇ। ਸਰਕਾਰ ਨੂੰ ਮੈਨੂਫੈਕਚਰਿੰਗ ਖੇਤਰ ਵੱਲ ਵੱਧ ਧਿਆਨ ਦੇਣਾ ਚਾਹੀਦਾ ਹੈ, ਜਿੱਥੇ ਵੱਧ ਨੌਕਰੀਆਂ ਪੈਦਾ ਹੁੰਦੀਆਂ ਹਨ। ਇਸ ਦੇ ਉਲਟ ਸਰਕਾਰ ਵਿੱਤ ਤੇ ਆਈ ਟੀ ਵਰਗੇ ਖੇਤਰਾਂ ਵੱਲ ਵੱਧ ਧਿਆਨ ਦੇ ਰਹੀ ਹੈ, ਜਿਥੇ ਨੌਕਰੀਆਂ ਬਹੁਤੀਆਂ ਪੈਦਾ ਨਹੀਂ ਹੁੰਦੀਆਂ। ਇਸ ਤੋਂ ਇਲਾਵਾ ਕਿਰਤ ਸ਼ਕਤੀ ਵਿੱਚ ਔਰਤਾਂ ਦੀ ਭਾਗੀਦਾਰੀ ਵੀ ਵਧਾਉਣੀ ਚਾਹੀਦੀ ਹੈ।*

*ਆਰਟੀਫੀਸ਼ੀਅਲ ਇੰਟੈਲੀਜੈਂਸ ਦੇ ਦੌਰ ਵਿੱਚ ਕਾਰਪੋਰੇਟ ਖੇਤਰ ਵਿੱਚ ਨੌਕਰੀਆਂ 'ਚ ਹੋਰ ਕਮੀ ਹੋ ਰਹੀ ਹੈ, ਜਿਸ ਦੇ ਨਤੀਜੇ ਵਜੋਂ ਬੇਰੁਜ਼ਗਾਰੀ ਵਿੱਚ ਹੋਰ ਵਾਧਾ ਹੋਵੇਗਾ। ਸਰਕਾਰ ਹੀ ਨੌਕਰੀਆਂ ਪੈਦਾ ਕਰ ਸਕਦੀ ਹੈ, ਜਿਸ ਲਈ ਸਰਵਜਨਕ ਨਿਵੇਸ਼ ਵਧਾਉਣਾ ਪੈਣਾ ਹੈ, ਜੋ ਕਿ ਮੋਦੀ ਸਰਕਾਰ ਦੇ ਦੌਰ ਵਿੱਚ 6.7 ਫੀਸਦੀ ਤੋਂ 7 ਫੀਸਦੀ ਸਾਲਾਨਾ ਦਰ 'ਤੇ ਅਟਕਿਆ ਹੋਇਆ ਹੈ।*

# ਖ਼ਤਮ ਹੋ ਰਿਹਾ ਪੜ੍ਹਨ ਦਾ ਸ਼ੌਕ

ਇਕ ਸਮਾਂ ਸੀ, ਜਦੋਂ ਲੋਕਾਂ ਦੇ ਘਰਾਂ ਵਿੱਚ ਪੜ੍ਹਨ ਵਾਲੀਆਂ ਕਿਤਾਬਾਂ ਦੀਆਂ ਅਲਮਾਰੀਆਂ ਹੁੰਦੀਆਂ ਸਨ। ਘਰਾਂ ਦੇ ਕਮਰੇ ਕਿਤਾਬਾਂ ਨਾਲ ਭਰੇ ਖਜ਼ਾਨੇ ਹੁੰਦੇ ਸੀ। ਕਿਤਾਬਾਂ ਨੂੰ ਪੜ੍ਹਨ ਵਾਲਿਆਂ ਦੀ ਗਿਣਤੀ ਭਰਪੂਰ ਹੋਣ ਦੇ ਨਾਲ ਕਿਤਾਬਾਂ ਪੜ੍ਹਨ ਨੂੰ ਲੋਕ ਇਕ ਆਦਤ ਸਮਝਦੇ ਸਨ। ਉਹ ਸਮਾਂ ਵੀ ਸੀ, ਜਦੋਂ ਰੇਲਵੇ ਸਟੇਸ਼ਨ ਅਤੇ ਬੱਸ ਅੱਡਿਆਂ 'ਤੇ ਕਿਤਾਬਾਂ ਦੀਆਂ ਦੁਕਾਨਾਂ 'ਤੇ ਲਾਈਨ ਲੱਗੀ ਹੁੰਦੀ ਸੀ, ਪਰ ਹੁਣ ਇਹ ਨਜ਼ਾਰਾ ਲਗਭੱਗ ਖਤਮ ਹੋ ਗਿਆ ਹੈ। ਹੁਣ ਤਾਂ ਲੋਕ ਕਿਸੇ ਵੀ ਕੰਮ ਦੀ ਜਾਣਕਾਰੀ ਗੂਗਲ ਤੋਂ ਲੈਂਦੇ ਹਨ। ਕਿਤਾਬਾਂ ਪੜ੍ਹਨ ਦੀ ਬਜਾਏ ਆਡੀਓ-ਵੀਡੀਓ ਕੰਟੈਂਟ 'ਤੇ ਜ਼ਿਆਦਾ ਧਿਆਨ ਦਿੱਤਾ ਜਾਂਦਾ ਹੈ। ਇਸ ਸਮਾਂ ਸੀ, ਜਦੋਂ ਘਰਾਂ ਵਿੱਚ ਵਿਦਿਆਰਥੀਆਂ ਲਈ ਐਨਸਾਈਕਲੋਪੀਡੀਆ ਹੁੰਦਾ ਸੀ। ਇਸ ਤੋਂ ਬੱਚਿਆਂ ਨੂੰ ਪੜ੍ਹਨ ਦੀ ਆਦਤ ਪੈਂਦੀ ਸੀ, ਪਰ ਹੁਣ ਬੱਚਿਆਂ ਦਾ ਧਿਆਨ ਵੀਡੀਓਜ਼, ਆਨਲਾਈਨ ਗੇਮਾਂ ਅਤੇ ਸੋਸ਼ਲ ਮੀਡੀਆ ਦੀਆਂ ਲੁਭਾਉਣ ਵਾਲੀਆਂ ਐਪਲੀਕੇਸ਼ਨਾਂ ਵੱਲ ਜ਼ਿਆਦਾ ਹੋ ਗਿਆ ਹੈ।

ਪਿਛਲੇ ਦਸ ਤੋਂ ਪੰਦਰਾਂ ਸਾਲਾਂ ਵਿੱਚ ਮੋਬਾਇਨ ਨੇ ਪੜ੍ਹਨ ਦੀ ਆਦਤ ਖਤਮ ਕਰ ਦਿੱਤੀ ਹੈ। ਪਾਠਕਾਂ ਦੀ ਗਿਣਤੀ ਘੱਟ ਹੋ ਜਾਣ ਕਾਰਨ ਕਿਤਾਬਾਂ ਦੀ ਵਿਕਰੀ ਵੀ ਘੱਟ ਹੋਈ ਹੈ। ਹੁਣ ਲੋਕ ਕਿਤਾਬਾਂ ਖਰੀਦਣ ਦੀ ਥਾਂ ਉਨ੍ਹਾਂ ਦੇ ਆਡੀਓ ਬੁੱਕ ਸੁਣਦੇ ਹਨ ਜਾਂ ਵੀਡੀਓਜ਼ ਦੇਖ ਲੈਂਦੇ ਹਨ।

ਅੱਜਕੱਲ੍ਹ ਇੰਟਰਨੈੱਟ 'ਤੇ ਬਹੁਤ ਕੁਝ ਮੁਫਤ ਮਿਲ ਰਿਹਾ ਹੈ, ਜਦੋਂ ਕੋਈ ਚੀਜ਼ ਮੁਫਤ ਮਿਲਦੀ ਹੈ ਤਾਂ ਲੋਕਾਂ ਨੂੰ ਉਸ ਦੀ ਕੀਮਤ ਦਾ ਅਹਿਸਾਸ ਨਹੀਂ ਹੁੰਦਾ। ਇਸੇ ਪ੍ਰਭਾਵ ਵਜੋਂ ਲੋਕਾਂ ਵਿੱਚ ਪੜ੍ਹਨ੍ਹ ਦੀ ਗੰਭੀਰਤਾ ਖਤਮ ਹੋ ਰਹੀ ਹੈ। ਇਸ ਮੁਫਤ ਦੇ ਸੌਦੇ ਕਾਰਨ ਹੀ ਕਿਤਾਬਾਂ ਦੀ ਮਹੱਤਤਾ ਘੱਟ ਰਹਿ ਗਈ ਹੈ। ਲੋਕਾਂ ਨੂੰ ਸਮਝਣਾ ਚਾਹੀਦਾ ਹੈ ਕਿ ਜਦੋਂ ਤੱਕ ਉਹ ਪੜ੍ਹਨ ਨੂੰ ਆਪਣੀ ਆਦਤ ਨਹੀਂ ਬਣਾਉਂਦੇ, ਉਦੋਂ ਤੱਕ ਉਨ੍ਹਾਂ ਦੀ ਸੋਚਣ ਦੀ ਸਮਰੱਥਾ ਵਿੱਚ ਵਾਧਾ ਨਹੀਂ ਹੋਵੇਗਾ। ਲੋਕਾਂ ਨੂੰ ਪੜ੍ਹਨ ਵੱਲ ਪ੍ਰੇਰਿਤ ਕਰਨ ਲਈ ਸਕੂਲਾਂ, ਕਾਲਜਾਂ ਅਤੇ ਪਰਵਾਰਾਂ ਨੂੰ ਇਕੱਠੇ ਹੋਣਾ ਪਵੇਗਾ।

ਮਾਪਿਆਂ ਨੂੰ ਆਪਣੇ ਬੱਚਿਆਂ ਨੂੰ ਛੋਟੀ ਉਮਰ ਤੋਂ ਹੀ ਕਿਤਾਬਾਂ ਪੜ੍ਹਨ ਲਈ ਪੇਰਿਤ ਕਰਨਾ ਚਾਹੀਦਾ ਹੈ। ਘਰਾਂ ਵਿੱਚ ਪੜ੍ਹਨ ਵਾਲਾ ਮਾਹੌਲ ਬਣਾਇਆ ਜਾਵੇ। ਸਕੂਲ, ਕਾਲਜਾਂ ਵਿੱਚ ਲਾਇਬ੍ਰੇਰੀ ਦਿਵਸ ਮਨਾਇਆ ਜਾਵੇ ਅਤੇ ਕਿਤਾਬਾਂ ਦੀ ਮਹੱਤਤਾ ਬਾਰੇ ਸਮਾਜ ਵਿੱਚ ਚਰਚਾ ਹੋਣੀ ਚਾਹੀਦੀ ਹੈ। ਆਧੁਨਿਕ ਯੁੱਗ ਵਿੱਚ ਵੀ ਕਿਤਾਬਾਂ ਸਭ ਤੋਂ ਵਧੀਆਂ ਮਿੱਤਰ ਹਨ। ਮੋਬਾਇਲ, ਇੰਟਰਨੈੱਟ, ਸੋਸ਼ਲ ਮੀਡੀਆ ਨੇ ਭਾਵੇਂ ਜਾਣਕਾਰੀ ਦੇਣ ਦੀ ਗਤੀ ਤੇਜ਼ ਕਰ ਦਿੱਤੀ ਹੈ, ਪਰ ਇਹ ਤੁਹਾਡੀ ਗਹਿਰਾਈ ਵਾਲੀ ਸੋਚ ਵਿਕਸਤ ਨਹੀਂ ਕਰਦੇ। ਡੂੰਘੀ ਅਤੇ ਤਰਕ-ਭਰਪੂਰ ਸੋਚ ਤੇ ਸਮਝ ਵਿਕਸਤ ਕਰਨ ਲਈ ਕਿਤਾਬਾਂ ਪੜ੍ਹਨ ਦੀ ਜ਼ਰੂਰਤ ਪੈਂਦੀ ਹੈ। ਸਮੇਂ ਦੀ ਕਮੀਂ, ਤਕਨੀਕ ਦੀ ਸੌਖੀ ਉਪਲੱਬਤਾ ਅਤੇ ਆਲਸ ਨੇ ਸਾਨੂੰ ਕਿਤਾਬਾਂ ਪੜ੍ਹਨ ਤੋਂ ਦੂਰ ਕਰ ਦਿੱਤਾ ਹੈ। ਜੇਕਰ ਤਕਨੀਕੀ ਉਪਰਕਣਾਂ ਦਾ ਸਹੀ ਢੰਗ ਨਾਲ ਇਸਤਮਾਲ ਕੀਤਾ ਜਾਵੇ, ਤਾਂ ਇਹ ਵੀ ਕਿਤਾਬਾਂ ਪੜ੍ਹਨ ਦੀ ਆਦਤ ਵਿਚ ਰੁਚੀ ਪੈਦਾ ਕਰ ਸਕਦੇ ਹਨ।

ਮੁੱਖ ਸਮੱਸਿਆ ਇਹ ਵੀ ਹੈ ਕਿ ਹੁਣ ਘਰਾਂ ਵਿੱਚ ਕਿਤਾਬਾਂ ਹੀ ਨਹੀਂ ਹਨ। ਜੇਕਰ ਘਰਾਂ ਵਿੱਚ ਕਿਤਾਬਾਂ ਹੋਣ ਤਾਂ ਬੱਚੇ ਜ਼ਰੂਰ ਪੜ੍ਹਣਗੇ। ਪੜ੍ਹਨ ਦੀ ਆਦਤ ਨੂੰ ਵਿਕਸਤ ਕਰਨ ਲਈ ਘਰਾ ਅਤੇ ਦਫਤਰਾਂ ਵਿੱਚ ਅਖਬਾਰ ਅਤੇ ਮੈਗਜ਼ੀਨ ਆਉਣੇ ਬਹੁਤ ਜਰੂਰੀ ਹਨ। ਇਸ ਨਾਲ ਪੜ੍ਹਨ ਦੀ ਆਦਤ ਬਣਦੀ ਹੈ। ਲਾਈਬ੍ਰੇਰੀਆਂ ਬਣਾਓ, ਪੜ੍ਹਨ ਦੀ ਆਦਤ ਪਾਓ ਅਤੇ ਆਪਣੇ ਬੱਚਿਆਂ ਨੂੰ ਵੀ ਕਿਤਾਬਾਂ ਦੀ ਮਹੱਤਤਾ ਦੱਸੋ। ਜੇਕਰ ਅਸੀਂ ਆਪਣੇ ਘਰ ਵਿੱਚ ਕਿਤਾਬਾਂ ਦੀ ਇੱਜ਼ਤ ਨਹੀਂ ਕਰਾਂਗੇ ਤਾਂ ਬੱਚਿਆਂ ਨੂੰ ਪੜ੍ਹਨ ਦੀ ਆਦਤ ਨਹੀਂ ਪਵੇਗੀ। ਜਿਵੇਂ ਅਸੀਂ ਮੰਦਰ ਜਾਂ ਗੁਰਦਆਰੇ ਵਿੱਚ ਧਰਮ ਗ੍ਰੰਥ ਦਾ ਸਤਿਕਾਰ ਕਰਦੇ ਹਾਂ, ਉਸੇ ਤਰ੍ਹਾਂ ਕਿਤਾਬਾਂ ਦੀ ਇੱਜ਼ਤ ਵੀ ਯਕੀਨੀ ਬਣਾਓ। ਕਿਤਾਬਾਂ ਪੜ੍ਹਨ ਦੀ ਆਦਤ ਸਿਰਫ ਮਨੋਰੰਜਨ ਲਈ ਨਹੀਂ, ਸੱਚੀ ਸਿੱਖਿਆ ਅਤੇ ਗਿਆਨ ਲਈ ਹੈ। ਇਨ੍ਹਾਂ ਤੋਂ ਹੀ ਇਕ ਨਵੇਂ ਸਮਾਜ ਦੀ ਸਿਰਜਣਾ ਹੋ ਸਕਦੀ ਹੈ।

**-ਹਰਪ੍ਰੀਤ ਸਿੰਘ ਬਰਾੜ**, ਮੇਨ ਏਅਰ ਫੋਰਸ ਰੋਡ, ਬਠਿੰਡਾ।

# ਸੜਕੀ ਮੌਤਾਂ ਦੀ ਦਰਦਨਾਕ ਤਰਾਸਦੀ ਦੀ ਦਾਸਤਾਨ


ਬਲਵੀਰ ਸਿੰਘ ਸਿੱਧੂ

ਫੌਜਾ ਸਿੰਘ ਪੰਜਾਬ 'ਚ ਸਭ ਤੋਂ ਵੱਡੇ ਉਮਰਦਰਾਜ਼ ਵਜੋਂ ਜਾਣਿਆ ਜਾਂਦਾ ਸੀ। ਉਸ ਨੇ ਬ੍ਰਿਟਿਸ਼ ਰਾਜ ਦੇ ਜ਼ੁਲਮ ਦੇਖੇ, 1947 ਦੀ ਵੰਡ ਦਾ ਦਰਦ ਝੱਲਿਆ ਅਤੇ ਕੋਵਿਡ-19 ਵਰਗੀ ਮਹਾਂਮਾਰੀ ਵਿੱਚ ਵੀ ਜਿੱਤ ਪ੍ਰਾਪਤ ਕੀਤੀ, ਪਰ 2025 ਵਿੱਚ ਉਨ੍ਹਾ ਦੀ ਜ਼ਿੰਦਗੀ ਇੱਕ ਭਿਆਨਕ ਸੜਕ ਹਾਦਸੇ ਵਿੱਚ ਖਤਮ ਹੋ ਗਈ, ਜਿਸ ਆਦਮੀ ਨੇ ਇਤਿਹਾਸ ਦੇ ਸਭ ਤੋਂ ਭਿਆਨਕ ਦੌਰ ਵੇਖੇ, ਉਹ ਪੰਜਾਬ ਦੀਆਂ ਖ਼ਰਾਬ ਸੜਕਾਂ ਅਤੇ ਲਾਪਰਵਾਹੀ ਦਾ ਸ਼ਿਕਾਰ ਬਣ ਗਏ।

ਆਵਾਜਾਈ ਪ੍ਰਬੰਧ ਦੀ ਜਮਾਤੀ ਵੰਡ ਦੇਸ਼ ਨੂੰ ਦੋ ਹਿੱਸਿਆਂ ਵਿਚ ਵੰਡ ਦਿੰਦੀ ਹੈ 'ਇੰਡੀਆ' ਅਤੇ 'ਭਾਰਤ'। ਇੰਡੀਆ ਉਹ ਭਾਗ ਹੈ, ਜਿੱਥੇ ਪੂੰਜੀਵਾਦੀ ਤਰੱਕੀ ਦੀ ਗਤੀ ਬਹੁਤ ਤੇਜ਼ ਹੈ, ਜਿੱਥੇ ਐਕਸਪ੍ਰੈੱਸ ਹਾਈਵੇ, ਚੌੜੀਆਂ ਸੜਕਾਂ, ਵਿਸ਼ਾਲ ਓਵਰਬ੍ਰਿਜ, ਭਾਰਤ ਮਾਲਾ ਵਰਗੇ ਪ੍ਰੋਜੈਕਟ ਅਤੇ ਨਿਵੇਸ਼ਕ-ਕੇਂਦਰਤ ਪ੍ਰੋਜੈਕਟ ਨਕਸ਼ਿਆਂ ਉੱਪਰ ਉੱਘੇ ਹਨ, ਪਰ ਇਹ ਸਾਰੀ ਵਿਕਾਸ ਦੀ ਧਾਰਾ ਵੀ ਉੱਥੇ ਹੀ ਵਹਿੰਦੀ ਹੈ, ਜਿੱਥੇ ਲਾਭ ਹੈ, ਜਿੱਥੇ ਵੱਡੀਆਂ ਕਾਰਾਂ, ਵਪਾਰਕ ਵਾਹਨ ਦੌੜਦੇ ਹਨ, ਪਰ ਜਿੱਥੇ ਦੋ ਪਹੀਆ ਸਵਾਰ, ਪੈਦਲ ਚੱਲਣ ਵਾਲੇ ਜਾਂ ਪੇਂਡੂ ਮੱਧ ਵਰਗ ਵਾਸੀ ਹੁੰਦੇ ਨੇ, ਉਥੇ ਨਾ ਤਰਜੀਹ ਹੁੰਦੀ ਹੈ, ਨਾ ਯੋਜਨਾ। ਸੜਕ ਡਿਜ਼ਾਇਨ 'ਚ ਦੋ ਪਹੀਆ ਸਵਾਰਾਂ, ਪੈਦਲ ਚੱਲਣ ਵਾਲਿਆਂ, ਬਜ਼ੁਰਗਾਂ ਅਤੇ ਵਿਸ਼ੇਸ਼ ਕਰਕੇ ਪੇਂਡੂ ਜਾਂ ਮੱਧ ਵਰਗ ਵਾਸੀਆਂ ਦੀ ਜ਼ਿੰਦਗੀ ਦੀਆਂ ਸਮੱਸਿਆਵਾਂ ਅਤੇ ਮੁੱਦੇ ਨਕਸ਼ਿਆਂ ਤੋਂ ਗਾਇਬ ਰਹਿੰਦੇ ਹਨ। ਭਾਰਤ ਦਾ ਇਹ ਦੂਜਾ ਪਾਸਾ, ਜਿੱਥੇ ਲੋਕ ਰੋਜ਼ ਮਜ਼ਦੂਰੀ ਜਾਂ ਸਕੂਲ ਜਾਂ ਹਸਪਤਾਲ ਵੱਲ ਜਾਂਦੇ ਨੇ, ਉਹ ਅਜੇ ਵੀ ਅਜਿਹੀਆਂ ਸੜਕਾਂ 'ਤੇ ਚੱਲਦੇ ਨੇ, ਜਿੱਥੇ ਨਾ ਫੁੱਟਪਾਥ, ਨਾ ਲਾਈਟ, ਨਾ ਲੇਨ ਮਾਰਕਿੰਗ ਤੇ ਨਾ ਸੁਰੱਖਿਆ ਦਾ ਕੋਈ ਵਿਵਸਥਿਤ ਢਾਂਚਾ। ਭਾਰਤੀ ਪੂੰਜੀਵਾਦੀ ਖ਼ਾਸੇ ਵਿਚ ਆਵਾਜਾਈ ਦਾ ਅਜਿਹਾ ਮਾਡਲ ਹੈ, ਜੋ ਸੜਕਾਂ ਨੂੰ ਆਮ ਜਨਤਾ ਦੀ ਲੋੜ ਦੇ ਅਨੁਸਾਰ ਨਹੀਂ, ਸਗੋਂ ਵਪਾਰਕ ਗਤੀਸ਼ੀਲਤਾ ਅਤੇ ਵਿਖਾਵਟ ਦੇ ਅਧਾਰ 'ਤੇ ਤਿਆਰ ਕਰਦਾ ਹੈ। ਨਤੀਜਾ ਇਹ ਕਿ ਪੇਂਡੂ ਸੜਕਾਂ ਦੀ ਦੁਰਗਤੀ, ਦੋ ਪਹੀਆ ਸਵਾਰਾਂ ਦੀ ਅਣਸੁਰੱਖਿਆ ਅਤੇ ਪੈਦਲ ਯਾਤਰੀਆਂ ਦੀ ਹੇਠਲੀ ਹੈਸੀਅਤ ਨੀਤੀ-ਨਿਰਮਾਤਿਆਂ ਦੀ ਸੂਚੀ ਵਿੱਚ ਸਭ ਤੋਂ ਹੇਠਾਂ ਰਹਿ ਜਾਂਦੀ ਹੈ। ਇਹ ਵਿਕਾਸ ਦਾ ਢਾਂਚਾ ਨਾ ਤਾਂ ਲੋਕ-ਕੇਂਦਰਤ ਹੈ, ਨਾਂ ਹੀ ਸਮਾਜਿਕ ਨਿਆਂਸੰਗਤ। ਜਦੋਂ ਤੱਕ ਸੜਕ ਨਿਰਮਾਣ ਨੂੰ ਸਿਰਫ਼ ਲਾਭ ਤੇ ਨਿਵੇਸ਼ ਦੇ ਹਿਸਾਬ ਨਾਲ ਵੇਖਿਆ ਜਾਂਦਾ ਰਹੇਗਾ, ਤਦ ਤੱਕ 'ਭਾਰਤ' ਦੀ ਪਹਿਚਾਣ, ਦਿਨ ਚਰਚਾ ਅਤੇ ਸੁਰੱਖਿਆ ਹਮੇਸ਼ਾ ਦਾਅ 'ਤੇ ਰਹੇਗੀ।

ਇਕ ਰਿਪੋਰਟ ਦੇ ਅਨੁਸਾਰ ਰਾਸ਼ਟਰ ਪੱਧਰ 'ਤੇ 100 ਹਾਦਸਿਆਂ ਪਿੱਛੇ 23 ਲੋਕਾਂ ਦੀ ਮੌਤ ਦਾ ਅਨੁਮਾਨ ਹੈ, ਜੇਕਰ ਇਹ ਪੰਜਾਬ ਪੱਧਰ 'ਤੇ ਦੇਖਿਆ ਜਾਵੇ ਤਾਂ ਅੰਕੜੇ ਹੈਰਾਨ ਕਰਨ ਵਾਲੇ ਹਨ, ਪੰਜਾਬ ਵਿਚ 100 ਹਾਦਸਿਆਂ ਪਿੱਛੇ 73 ਲੋਕਾਂ ਦੀ ਮੌਤ ਹੋ ਜਾਂਦੀ ਹੈ, ਜੋ ਕੇ ਬਹੁਤ ਭਿਆਨਕ ਤਸਵੀਰ ਪੇਸ਼ ਕਰਦੀ ਹੈ। ਰਿਪੋਰਟ ਦੇ ਮੁਤਾਬਿਕ ਟ੍ਰੈਫਿਕ ਪੁਲਸ ਦੀ ਮੌਜੂਦਾ ਤਾਇਨਾਤੀ ਬਹੁਤ ਘੱਟ ਹੈ, ਸਿਰਫ਼ 6.5 ਕਰਮਚਾਰੀ ਪ੍ਰਤੀ ਲੱਖ ਅਬਾਦੀ ਦੇ ਪਿੱਛੇ ਤਾਇਨਾਤ ਹਨ। ਪੰਜਾਬ ਦੀਆਂ 60 ਪ੍ਰਤੀਸ਼ਤ ਤੋਂ ਵੱਧ ਸੜਕਾਂ 'ਤੇ ਨਾ ਤਾਂ ਢੁਕਵੇਂ ਫੁੱਟਪਾਥ ਹਨ, ਨਾ ਹੀ ਸਪੀਡ ਬ੍ਰੇਕਰ ਅਤੇ ਨਾ ਹੀ ਰੌਸ਼ਨੀ ਦੀ ਵਿਵਸਥਾ ਹੈ। ਸਰਕਾਰੀ ਅੰਕੜਿਆਂ ਅਨੁਸਾਰ ਸੜਕ ਹਾਦਸਿਆਂ ਕਾਰਨ 2022 'ਚ ਪੰਜਾਬ ਦੀ ਆਰਥਿਕਤਾ ਨੂੰ 21,878 ਕਰੋੜ ਰੁਪਏ ਦਾ ਨੁਕਸਾਨ ਹੋਇਆ, ਜੋ ਕਿ ਸੂਬੇ ਦੇ ਵਿਕਾਸ ਬਜਟ ਲਈ ਇੱਕ ਵੱਡਾ ਝਟਕਾ ਹੈ।

2022 ਵਿੱਚ ਪੰਜਾਬ 'ਚ 5,55,429 ਨਵੇਂ ਵਾਹਨ ਰਜਿਸਟਰ ਹੋਏ, ਜਿਸ ਨਾਲ ਵਾਹਨਾਂ ਦੀ ਕੁੱਲ ਗਿਣਤੀ 1.29 ਕਰੋੜ 'ਤੇ ਪਹੁੰਚ ਗਈ। ਇਹ ਦਰਸਾਉਂਦਾ ਹੈ ਕਿ ਰਜਿਸਟਰੇਸ਼ਨ ਦਰ 7.44 ਪ੍ਰਤੀਸ਼ਤ ਦੀ ਸਾਲਾਨਾ ਵਾਧੂ ਦਰ ਨਾਲ ਵਧ ਰਹੀ ਹੈ। ਪਿਛਲੇ ਸਾਲ ਹਰ ਰੋਜ਼ ਔਸਤਨ 375 ਕਾਰਾਂ ਅਤੇ 982 ਦੋ-ਪਹੀਆ ਵਾਹਨ ਰਜਿਸਟਰਡ ਹੋ ਰਹੇ ਸਨ, ਜਦਕਿ ਪੰਜਾਬ ਦੀ ਅਬਾਦੀ ਭਾਰਤ ਦੇ ਮੁਕਾਬਲੇ ਸਿਰਫ਼ 2.28 ਪ੍ਰਤੀਸ਼ਤ ਹੈ, ਸੜਕ ਹਾਦਸਿਆਂ ਵਿੱਚ ਮੌਤਾਂ ਦੀ ਭਾਗੀਦਾਰੀ 2.7 ਪ੍ਰਤੀਸ਼ਤ ਤੋਂ 3.5 ਪ੍ਰਤੀਸ਼ਤ ਦੇ ਵਿਚਕਾਰ ਰਹੀ, ਸੜਕਾਂ ਬਣਾਉਣ ਦੀ ਯੋਜਨਾ ਇਹ ਮੰਨ ਕੇ ਬਣਾਈ ਜਾ ਰਹੀ ਹੈ ਕਿ ਸੜਕਾਂ ਸਿਰਫ਼ ਚੱਲਣ ਲਈ ਹਨ, ਮਨੁੱਖ ਦੀ ਸੁਰੱਖਿਆ ਦੀ ਕੋਈ ਪਰਵਾਹ ਨਹੀਂ। ਲੱਗਭੱਗ 73 ਪ੍ਰਤੀਸ਼ਤ ਦੋ-ਪਹੀਆ ਵਾਹਨ ਹਨ। ਇਹ ਉਹ ਵਰਗ ਹੈ, ਜੋ ਸਭ ਤੋਂ ਵੱਧ ਹਾਦਸਿਆਂ ਦੀ ਲਪੇਟ 'ਚ ਆਉਂਦਾ ਹੈ, ਪਰ ਸੜਕਾਂ ਡਿਜ਼ਾਇਨ ਜਾਂ ਸੁਰੱਖਿਆ ਨੀਤੀਆਂ ਵਿੱਚ ਇਹਨਾਂ ਦੀ ਸੁਰੱਖਿਆ ਨੂੰ ਬਿਲਕੁੱਲ ਵੀ ਧਿਆਨ ਵਿੱਚ ਨਹੀਂ ਰੱਖਿਆ ਜਾਂਦਾ।

'ਦਾ ਟ੍ਰਿਬਿਊਨ' ਦੀ 2023 ਦੀ ਰਿਪੋਰਟ ਮੁਤਾਬਕ ਪੰਜਾਬ ਵਿੱਚ ਈ-ਚਲਾਨਿੰਗ ਪ੍ਰਣਾਲੀ ਦੀ ਲਾਗੂ ਦੇਰੀ ਨਾ ਸਿਰਫ਼ ਸੜਕ ਸੁਰੱਖਿਆ ਲਈ ਖ਼ਤਰਾ ਬਣੀ ਹੋਈ ਹੈ, ਸਗੋਂ ਰਾਜ ਦੀ ਗੈਰ-ਟੈਕਸ ਆਮਦਨ ਨੂੰ ਵੀ ਵੱਡਾ ਨੁਕਸਾਨ ਹੋ ਰਿਹਾ ਹੈ। ਸਤੰਬਰ 2019 ਤੋਂ ਫਰਵਰੀ 2023 ਤੱਕ ਪੰਜਾਬ ਨੇ ਵਾਹਨ ਚਲਾਨਾਂ ਰਾਹੀਂ ਸਿਰਫ਼ 20.36 ਕਰੋੜ ਕਮਾਏ, ਜਦਕਿ ਚੰਡੀਗੜ੍ਹ ਨੇ ? 61 ਕਰੋੜ, ਹਿਮਾਚਲ ਨੇ 319.75 ਕਰੋੜ ਅਤੇ ਹਰਿਆਣਾ ਨੇ 997.16 ਕਰੋੜ ਦੀ ਆਮਦਨ ਕੀਤੀ। ਇਹ ਸਾਫ਼ ਦਰਸਾਉਂਦਾ ਹੈ ਕਿ ਪੰਜਾਬ ਅਜੇ ਤੱਕ ਈ-ਚਾਲਾਨਿੰਗ, CCTV ਨਿਗਰਾਨੀ ਅਤੇ ਡਿਜੀਟਲ ਤਕਨੀਕ ਨੂੰ ਪੂਰੀ ਤਰ੍ਹਾਂ ਅਪਣਾਉਣ 'ਚ ਨਾਕਾਮ ਰਿਹਾ ਹੈ। ਟ੍ਰੈਫਿਕ ਜੁਰਮਾਨਿਆਂ ਰਾਹੀਂ ਆਮਦਨ 2022 ਦੇ ਅੰਤ ਤੱਕ ਘਟ ਕੇ 45 ਲੱਖ ਪ੍ਰਤੀ ਮਹੀਨਾ ਰਹਿ ਗਈ। ਇਹ ਅੰਕੜੇ ਸਿਰਫ਼ ਆਰਥਿਕ ਘਾਟਾ ਨਹੀਂ ਦੱਸਦੇ, ਸਗੋਂ ਇਹ ਵੀ ਸਾਬਤ ਕਰਦੇ ਹਨ ਕਿ ਪੰਜਾਬ ਵਿੱਚ ਕਾਨੂੰਨੀ ਡਰ ਖਤਮ ਹੋ ਰਿਹਾ ਹੈ ਅਤੇ ਹਾਦਸਿਆਂ ਦੀ ਗਿਣਤੀ ਘਟਣ ਦੀ ਥਾਂ ਵਧ ਰਹੀ ਹੈ।

ਇੱਕ ਅਧਿਐਨ ਦੇ ਅਨੁਸਾਰ ਪੰਜਾਬ 'ਚ ਸੜਕ ਹਾਦਸਿਆਂ ਦੀ ਜੜ੍ਹ 'ਚ ਸਿਰਫ਼ ਸਾਡੀਆਂ ਗੱਡੀਆਂ ਦੀ ਤੇਜ਼ੀ ਜਾਂ ਗਲਤ ਚਾਲ ਨਹੀਂ, ਸਗੋਂ ਰੋਡ ਟ੍ਰੈਫਿਕ ਸਿਸਟਮ ਵਿੱਚ ਬੈਠਾ ਸੰਸਥਾਗਤ ਭ੍ਰਿਸ਼ਟਾਚਾਰ ਵੀ ਵੱਡਾ ਕਾਰਨ ਹੈ। RTA ਦਫਤਰਾਂ ਅਤੇ ਡਰਾਈਵਿੰਗ ਟੈਸਟ ਸੈਂਟਰਾਂ 'ਤੇ ਹੋਈ ਵੱਡੀ ਵਿਜੀਲੈਂਸ ਛਾਪੇਮਾਰੀ ਦੌਰਾਨ 24 ਲੋਕ ਗ੍ਰਿਫਤਾਰ ਹੋਏ, ਜਿਨ੍ਹਾਂ 'ਚੋਂ ਆਰ ਟੀ ਆਈ ਕਰਮਚਾਰੀ, ਡੇਟਾ ਐਂਟਰੀ ਓਪਰੇਟਰ ਅਤੇ ਨਿੱਜੀ ਏਜੰਟ ਸ਼ਾਮਲ ਸਨ। ਜਦ ਸਰਕਾਰੀ ਅਧਿਕਾਰੀ ਰਿਸ਼ਵਤ ਲੈਕੇ ਲਾਇਸੰਸ ਜਾਰੀ ਕਰ ਰਹੇ ਹੋਣ, ਜਾਲ੍ਹੀ ਦਸਤਾਵੇਜ਼ਾਂ ਰਾਹੀਂ ਅਣਟਰੇਂਡ ਜਾਂ ਘੱਟ ਤਜਰਬੇਕਾਰ ਡਰਾਈਵਰਾਂ ਨੂੰ ਸੜਕਾਂ ਉੱਪਰ ਉਤਾਰਿਆ ਜਾ ਰਿਹਾ ਹੋਵੇ, ਤਾਂ ਸੜਕ ਹਾਦਸਿਆਂ ਦੀ ਗਿਣਤੀ ਵਧਣਾ ਕੋਈ ਹੈਰਾਨੀ ਦੀ ਗੱਲ ਨਹੀਂ। ਇਹ ਸਿਸਟਮ ਖ਼ੁਦ ਸੁਰੱਖਿਆ ਦੀ ਥਾਂ ਰਿਸ਼ਵਤ ਤੇ ਸਹੂਲਤ 'ਤੇ ਟਿਕਿਆ ਹੋਇਆ ਹੈ, ਜਿਸ ਵਿੱਚ ਆਮ ਲੋਕਾਂ ਦੀ ਜਾਨ ਦੀ ਕੋਈ ਕੀਮਤ ਨਹੀਂ। ਜੇਕਰ ਇਹ ਭ੍ਰਿਸ਼ਟਾਚਾਰ ਸਾਫ਼ ਨਾ ਹੋਇਆ ਤਾਂ ਨਾ ਰੋਡ ਨਿਯਮ ਕਦੇ ਢੰਗ ਨਾਲ ਲਾਗੂ ਹੋਣਗੇ, ਨਾ ਪੰਜਾਬ ਦੀਆਂ ਸੜਕਾਂ ਸੁਰੱਖਿਅਤ ਬਣ ਸਕਣਗੀਆਂ। ਪੰਜਾਬ 'ਚ ਸਿਰਫ਼ ਕਾਨੂੰਨ ਸਖ਼ਤ ਹੋਣ ਨਾਲ ਹਾਦਸੇ ਨਹੀਂ ਰੁਕ ਰਹੇ, ਕਿਉਂਕਿ ਨੌਜਵਾਨ ਪੀੜ੍ਹੀ ਅਜੇ ਵੀ ਟ੍ਰੈਫਿਕ ਨਿਯਮਾਂ ਨੂੰ ਲੰਘ ਜਾਣ ਵਾਲੀ ਚੀਜ਼ ਸਮਝਦੀ ਹੈ। ਜਨਵਰੀ ਤੋਂ ਮਈ 2025 ਤੱਕ ਸਿਰਫ਼ 5 ਮਹੀਨੇ ਵਿੱਚ ਓਵਰ ਸਪੀਡਿੰਗ ਦੇ 16,428 ਚਲਾਨ ਜਾਰੀ ਹੋਏ, ਜਿਹੜਾ ਕਿ ਪਿਛਲੇ ਸਾਲ ਦੇ 2,745 ਚਲਾਨਾਂ ਨਾਲ ਤੁਲਨਾ ਕਰੀਏ ਤਾਂ 500 ਪ੍ਰਤੀਸ਼ਤ ਵਾਧਾ ਹੈ। ਡਰਿੰਕ ਐਂਡ ਡਰਾਈਵ ਵਾਲੇ ਮਾਮਲੇ ਵੀ 430 ਪ੍ਰਤੀਸ਼ਤ ਵਧੇ, ਜਿੱਥੇ ਚਲਾਨਾਂ ਦੀ ਗਿਣਤੀ 776 ਤੋਂ ਵਧ ਕੇ 4115 ਹੋ ਗਈ। ਇਸ ਦਾ ਸਿੱਧਾ ਸੰਕੇਤ ਹੈ ਕਿ ਨਿਯਮ ਮੌਜੂਦ ਹੋਣ ਦੇ ਬਾਵਜੂਦ, ਵਿਸ਼ੇਸ਼ ਤੌਰ 'ਤੇ ਨੌਜਵਾਨ ਲੇਅਰ, ਰਫ਼ਤਾਰ, ਸ਼ੌਕ ਅਤੇ ਲਾਪਰਵਾਹੀ ਵੱਲ ਵਧ ਰਹੀ ਹੈ। ਹਰ ਰੋਜ਼ ਔਸਤਨ 109 ਓਵਰਸਪੀਡਿੰਗ ਅਤੇ 17 ਡਰਿੰਕ ਐਂਡ ਡਰਾਈਵ ਵਾਲੇ ਮਾਮਲੇ ਵਿੱਚ ਚਲਾਨ ਜਾਰੀ ਹੋ ਰਹੇ ਹਨ। ਇਹ ਸਿਰਫ਼ ਅੰਕੜੇ ਨਹੀਂ, ਸਗੋਂ ਇੱਕ ਗੰਭੀਰ ਚੇਤਾਵਨੀ ਹੈ। ਜਦੋਂ ਕੋਈ ਵੱਡਾ ਸਿਤਾਰਾ ਜਾਂ ਪ੍ਰਸਿੱਧ ਵਿਅਕਤੀ ਸੜਕ ਹਾਦਸੇ ਦਾ ਸ਼ਿਕਾਰ ਬਣਦਾ ਹੈ, ਤਾਂ ਇੱਕ ਪਲ ਵਿੱਚ ਸਾਰੀ ਤਵੱਜੋ ਸੜਕ ਸੁਰੱਖਿਆ ਵੱਲ ਮੁੜ ਜਾਂਦੀ ਹੈ। ਅਖ਼ਬਾਰਾਂ ਦੀਆਂ ਮੁੱਖ ਖ਼ਬਰਾਂ ਬਣਦੀਆਂ ਹਨ, ਸਮਾਜਿਕ ਮੀਡੀਆ ਉਬਾਲ ਖਾਂਦਾ ਹੈ, ਸਿਆਸੀ ਨੇਤਾ ਬਿਆਨਬਾਜ਼ੀ ਕਰਦੇ ਹਨ ਅਤੇ ਕੁਝ ਦਿਨਾਂ ਲਈ ਪੁਲਸ ਅਤੇ ਪ੍ਰਸ਼ਾਸਨ ਵੀ ਚੁਸਤ ਹੋ ਜਾਂਦੇ ਹਨ, ਪਰ ਸਵਾਲ ਇਹ ਹੈ ਕੀ ਸੜਕ 'ਤੇ ਹੋਣ ਵਾਲੀ ਮੌਤ ਦੀ ਗੰਭੀਰਤਾ ਸਿਰਫ਼ ਉਥੇ ਹੁੰਦੀ ਹੈ, ਜਿੱਥੇ ਚਿਹਰਾ ਜਾਣਿਆ ਪਛਾਣਿਆ ਹੋਵੇ? ਪੰਜਾਬ ਵਿੱਚ ਹਰ ਰੋਜ਼ ਔਸਤਨ 13 ਲੋਕ ਸੜਕ ਹਾਦਸਿਆਂ 'ਚ ਜਾਨ ਗਵਾ ਦਿੰਦੇ ਹਨ, ਪਰ ਉਹਨਾਂ ਦੀ ਮੌਤ ਨਾ ਤਾਂ ਮੀਡੀਆ ਦੀ ਰੁਚੀ ਬਣਦੀ ਹੈ, ਨਾ ਹੀ ਲੋਕਾਂ ਦੀ ਚਿੰਤਾ। ਉਹ ਸਿਰਫ਼ ਅਖ਼ਬਾਰਾਂ ਦੀ ਕਿਸੇ ਛੋਟੀ ਜਿਹੀ ਲਾਈਨ ਜਾਂ ਪੰਨੇ ਦੇ ਹਾਸ਼ੀਏ ਵਿਚ ਦੱਬ ਕੇ ਰਹਿ ਜਾਂਦੇ ਹਨ। ਲੇਖਕ ਦੁਆਰਾ ਕੀਤੀ ਖੋਜ ਅਨੁਸਾਰ ਪੰਜਾਬ ਵਿੱਚ ਹਾਦਸਿਆਂ 'ਚ ਸ਼ਾਮਲ ਲਗਭਗ 80 ਪ੍ਰਤੀਸ਼ਤ ਵਾਹਨ ਚਾਲਕਾਂ ਕੋਲ ਜਾਂ ਤਾਂ ਵੈਧ ਬੀਮਾ ਨਹੀਂ ਹੁੰਦਾ ਜਾਂ ਬੀਮਾ ਰੀਨਿਊ ਨਹੀਂ ਹੋਇਆ ਹੁੰਦਾ। ਪੰਜਾਬ ਵਿੱਚ ਇਹ ਹਿੱਸਾ ਹੋਰ ਵੀ ਵੱਧ ਹੋ ਸਕਦਾ ਹੈ, ਖ਼ਾਸ ਕਰਕੇ ਪਿੰਡਾਂ ਅਤੇ ਛੋਟੇ ਸ਼ਹਿਰਾਂ ਵਿੱਚ। ਇਸ ਦਾ ਸਿੱਧਾ ਅਰਥ ਇਹ ਹੈ ਕਿ ਹਾਦਸੇ ਪਿੱਛੋਂ ਨਾ ਤਾਂ ਪੀੜਤ ਪਰਵਾਰ ਨੂੰ ਕੋਈ ਵਿੱਤੀ ਸਹਾਇਤਾ ਮਿਲਦੀ ਹੈ ਅਤੇ ਨਾ ਹੀ ਦੋਸ਼ੀ ਵੱਲੋਂ ਮੁਆਵਜ਼ਾ ਦਿੱਤਾ ਜਾਂਦਾ ਹੈ, ਉਪਰੋਂ ਹਾਦਸਿਆਂ ਵਿੱਚ ਮਾਰੇ ਜਾਂ ਗੰਭੀਰ ਤੌਰ 'ਤੇ ਜ਼ਖ਼ਮੀ ਹੋਏ ਲੋਕ ਅਕਸਰ ਪਰਵਾਰ ਦੇ ਮੁੱਖ ਕਮਾਉਣ ਵਾਲੇ ਹੁੰਦੇ ਹਨ। ਇਕ ਰਿਪੋਰਟ ਅਨੁਸਾਰ ਸੜਕ ਹਾਦਸਿਆਂ ਨਾਲ ਭਾਰਤ ਦੀ ਜੀ ਡੀ ਪੀ ਦਾ 3 ਪ੍ਰਤੀਸ਼ਤ ਤੱਕ ਨੁਕਸਾਨ ਹੁੰਦਾ ਹੈ। ਜੇ ਇਹ ਅੰਦਾਜ਼ਾ ਪੰਜਾਬ 'ਤੇ ਲਗਾਇਆ ਜਾਵੇ ਤਾਂ ਸੂਬਾ ਹਰੇਕ ਸਾਲ ਲਗਭਗ 5,000 ਕਰੋੜ ਰੁਪਏ ਤੋਂ ਵੱਧ ਆਰਥਕ ਨੁਕਸਾਨ ਝੱਲ ਰਿਹਾ ਹੈ। ਇਨ੍ਹਾਂ ਵਿਚ ਡਾਕਟਰੀ ਖਰਚ, ਉਤਪਾਦਕਤਾ ਦੀ ਹਾਨੀ, ਰੀਹੈਬਿਲਿਟੇਸ਼ਨ ਅਤੇ ਕਾਨੂੰਨੀ ਕਾਰਵਾਈਆਂ ਸ਼ਾਮਲ ਹਨ। ਸੋਚਣ ਵਾਲੀ ਗੱਲ ਇਹ ਹੈ ਕਿ ਜਦੋਂ ਇੱਕ ਮਜ਼ਦੂਰ ਜਾਂ ਇੱਕ ਡਰਾਈਵਰ ਜਾਂ ਕਿਸੇ ਘਰ ਵਿਚ ਇਕੱਲੇ ਕਮਾਉਣ ਵਾਲੇ ਦੀ ਹਾਦਸੇ ਵਿੱਚ ਜਾਨ ਜਾਂਦੀ ਹੈ, ਤਾਂ ਸਿਰਫ਼ ਇੱਕ ਜ਼ਿੰਦਗੀ ਨਹੀਂ ਜਾਂਦੀ, ਉਸ ਨਾਲ ਜੁੜੀ ਪੂਰੀ ਆਰਥਿਕ ਲਾਈਨ ਵੀ ਕੱਟ ਜਾਂਦੀ ਹੈ। ਬੱਚਿਆਂ ਦੀ ਪੜ੍ਹਾਈ ਛੁੱਟ ਜਾਂਦੀ ਹੈ, ਵਧਦੇ ਕਰਜ਼ੇ ਪਰਵਾਰ ਨੂੰ ਗਰੀਬੀ ਦੀ ਲਕੀਰ ਤੋਂ ਹੇਠਾਂ ਧੱਕ ਦਿੰਦੇ ਹਨ। ਇਹ ਇੱਕ ਲੁਕਿਆ ਹੋਇਆ ਆਰਥਿਕ ਸੰਕਟ ਹੈ, ਜਿਸ 'ਤੇ ਨਾ ਸਰਕਾਰ ਪੂਰੀ ਤਰ੍ਹਾਂ ਧਿਆਨ ਦੇ ਰਹੀ ਹੈ, ਨਾ ਹੀ ਜਨਤਾ। ਪੰਜਾਬ ਸਰਕਾਰ ਦੁਆਰਾ ਚਲਾਈ ਜਾ ਰਹੀ ਮੁਹਿੰਮ 'ਯੁੱਧ ਨਸ਼ਿਆਂ ਵਿਰੁੱਧ' ਦੀ ਤਰ੍ਹਾਂ ਹੀ ਸੜਕ ਹਾਦਸਿਆਂ ਨੂੰ ਰੋਕਣ ਲਈ ਇੱਕ ਵੱਡੇ ਪੱਧਰ 'ਤੇ ਮੁਹਿੰਮ ਚਲਾਏ ਜਾਣ ਦੀ ਸਖ਼ਤ ਜ਼ਰੂਰਤ ਹੈ, ਪੰਜਾਬ ਵਿੱਚ ਨਸ਼ਿਆਂ ਨਾਲੋਂ ਵੱਧ ਸੜਕ ਹਾਦਸਿਆਂ ਵਿਚ ਮਾਰੇ ਜਾ ਰਹੇ ਹਨ, ਜੋ ਬਹੁਤ ਜ਼ਿਆਦਾ ਗੰਭੀਰ ਮੁੱਦਾ ਹੈ, ਇਨ੍ਹਾਂ ਉਪਰਾਲਿਆਂ ਦਾ ਮਕਸਦ ਸਿਰਫ਼ ਚਲਾਨ ਕਰਨਾ ਨਹੀਂ, ਸਗੋਂ ਲੋਕਾਂ ਦੀ ਸੋਚ 'ਚ ਬਦਲਾਅ ਲਿਆਉਣਾ ਅਤੇ ਹਾਦਸਿਆਂ ਰਾਹੀਂ ਹੋਣ ਵਾਲੀਆਂ ਮੌਤਾਂ ਨੂੰ ਘਟਾਉਣਾ ਹੈ।

ਸਾਡੀ ਸੋਚ ਨੂੰ ਇਹ ਮੰਨਣਾ ਪਵੇਗਾ ਕਿ ਇੱਕ ਸੜਕ ਹਾਦਸਾ ਕਿਸੇ ਪਰਵਾਰ ਦੀ ਜ਼ਿੰਦਗੀ ਦੀ ਚੀਰਫਾੜ ਹੁੰਦੀ ਹੈ ਤੇ ਸੜਕ ਹਾਦਸਿਆਂ ਵਿੱਚ ਵਧ ਰਹੀਆਂ ਮੌਤਾਂ ਫ਼ੇਲ੍ਹ ਆਵਾਜਾਈ ਪ੍ਰਬੰਧ ਦੀ ਨਿਸ਼ਾਨਦੇਹੀ ਹੈ। ਜੇ ਅਸੀਂ ਅਜੇ ਵੀ ਇਹ ਮੰਨ ਕੇ ਚੁੱਪ ਰਹੀਏ ਕਿ 'ਇਹ ਤਾਂ ਚਲਦਾ ਹੀ ਰਹਿੰਦਾ' ਤਾਂ ਅਸੀਂ ਇਕੱਲੇ ਫੌਜਾ ਸਿੰਘ ਦੀ ਨਹੀਂ, ਆਪਣੀ ਨਵੀਂ ਪੀੜ੍ਹੀ ਦੀ ਵੀ ਬੇਇੱਜ਼ਤੀ ਕਰ ਰਹੇ ਹਾਂ। ਇਸ ਤ੍ਰਾਸਦੀ 'ਤੇ ਸਿਰਫ਼ ਅਫ਼ਸੋਸ ਕਰਨਾ ਕਾਫ਼ੀ ਨਹੀਂ। ਫੌਜਾ ਸਿੰਘ ਲਈ ਸੱਚੀ ਸ਼ਰਧਾਂਜਲੀ ਇੱਕ ਤੰਦਰੁਸਤ ਆਵਾਜਾਈ ਨੀਤੀ, ਜ਼ਿੰਮੇਵਾਰ ਡਰਾਈਵਿੰਗ ਅਤੇ ਚੁਸਤ ਪ੍ਰਸ਼ਾਸਨਿਕ ਕਾਰਵਾਈ ਹੋ ਸਕਦੀ ਹੈ। ਸਾਨੂੰ ਸੜਕਾਂ 'ਤੇ ਹੋ ਰਹੀਆਂ ਮੌਤਾਂ ਨੂੰ ਹੁਣ ਕਿਸਮਤ ਦੀ ਖੇਡ ਨਹੀਂ, ਸਗੋਂ ਨੀਤੀਆਂ ਦੀ ਨਾਕਾਮੀ ਮੰਨਣ ਦੀ ਹਿੰਮਤ ਕਰਨੀ ਪਵੇਗੀ।

**# ਸੰਪਰਕ : 95013-01931**

# ਆਰਟੀਫੀਸ਼ੀਅਲ ਇੰਟੈਲੀਜੈਂਸ ਵਾਤਾਵਰਣ ਨੂੰ ਨੁਕਸਾਨ ਜ਼ਿਆਦਾ ਕਰ ਸਕਦੀ


ਵਿਜੈ ਗਰਗ

ਹਾਲ ਹੀ ਦੇ ਸਾਲਾਂ 'ਚ ਏਆਈ ਨੇ ਵਿਗਿਆਨ, ਸਮਾਜਿਕ ਅਧਿਐਨ ਅਤੇ ਤਕਨਾਲੋਜੀ ਦੇ ਖੇਤਰਾਂ ਵਿੱਚ ਬਿਮਾਰੀਆਂ ਦੀ ਜਾਂਚ ਤੋਂ ਲੈ ਕੇ ਹੜ੍ਹਾਂ ਦੀ ਭਵਿੱਖਬਾਣੀ ਤੱਕ, ਗੁੰਝਲਦਾਰ ਸਮੱਸਿਆਵਾਂ ਨੂੰ ਹੱਲ ਕਰਨ ਲਈ ਬਹੁਤ ਪ੍ਰਸਿੱਧੀ ਪ੍ਰਾਪਤ ਕੀਤੀ ਹੈ। ਜਲਵਾਯੂ ਸੰਕਟ ਨੂੰ ਹੱਲ ਕਰਨ ਵਿੱਚ ਇਸ ਦੀ ਸੰਭਾਵਨਾ ਵੀ ਪ੍ਰਸ਼ੰਸਾਯੋਗ ਹੈ- ਉਦਾਹਰਣ ਵਜੋਂ ਵਾਤਾਵਰਣ ਖੋਜ ਵਿੱਚ ਸਹਾਇਤਾ ਕਰਨ ਵਿੱਚ, ਜਿਸ ਨੇ ਜੰਗਲਾਂ ਦੀ ਕਟਾਈ ਅਤੇ ਮਿੱਟੀ ਦੀ ਕਟੌਤੀ ਦੀ ਮੈਪਿੰਗ ਵਿੱਚ ਯੋਗਦਾਨ ਪਾਇਆ ਹੈ, ਨਾਲ ਹੀ ਸੋਕੇ ਅਤੇ ਜੰਗਲੀ ਅੱਗ ਦੀ ਭਵਿੱਖਬਾਣੀ ਵੀ ਕੀਤੀ ਹੈ। ਕਾਰਕੁਨ ਹੁਣ ਗਲੋਬਲ ਫਿਸ਼ਿੰਗ ਵਾਚ ਦੀ ਵਰਤੋਂ ਕਰ ਰਹੇ ਹਨ, ਜੋ ਖਾਸ ਖੇਤਰਾਂ ਵਿੱਚ ਓਵਰਫਿਸ਼ਿੰਗ ਅਤੇ ਗੈਰ-ਕਾਨੂੰਨੀ ਮੱਛੀਆਂ ਫੜਨ ਦੀ ਪਛਾਣ ਕਰਨ ਲਈ ਮਸ਼ੀਨ-ਲਰਨਿੰਗ ਸਾਫਟਵੇਅਰ ਦੀ ਵਰਤੋਂ ਕਰਦਾ ਹੈ, ਜਿਸ ਨਾਲ ਸਾਡੇ ਵਾਤਾਵਰਣ ਪ੍ਰਣਾਲੀਆਂ ਦੀ ਰੱਖਿਆ ਹੁੰਦੀ ਹੈ। ਹਾਲਾਂਕਿ ਇਸ ਸਾਰੇ ਉਤਸ਼ਾਹ ਦੇ ਪਿੱਛੇ ਇੱਕ ਅਸਹਿਜ ਸੱਚਾਈ ਹੈ- ਏ ਆਈ ਵਾਤਾਵਰਣ ਲਈ ਚੰਗੇ ਨਾਲੋਂ ਜ਼ਿਆਦਾ ਨੁਕਸਾਨ ਕਰ ਰਿਹਾ ਹੋ ਸਕਦਾ ਹੈ।

**ਏ ਆਈ ਦੀ ਮੁਨਾਫ਼ਾ ਸਮੱਸਿਆ** : ਏ ਆਈ ਦੇ ਉਭਾਰ ਨੇ ਕਾਰੋਬਾਰਾਂ ਲਈ ਆਪਣੇ ਮੁਨਾਫ਼ੇ ਨੂੰ ਵੱਧ ਤੋਂ ਵੱਧ ਕਰਨ ਦੇ ਬਹੁਤ ਸਾਰੇ ਮੌਕੇ ਖੋਲ੍ਹੇ ਹਨ, ਪਰ ਇਹ ਇੱਕ ਕੀਮਤ 'ਤੇ ਆਉਂਦਾ ਹੈ। ਕਾਰੋਬਾਰੀ ਏ ਆਈ 'ਤੇ ਵੱਧ ਤੋਂ ਵੱਧ ਨਿਰਭਰ ਕਰਦੇ ਹਨ, ਜਿਸ ਨਾਲ ਸਰੋਤ ਕੱਢਣ, ਉਦਯੋਗਿਕ ਉਤਪਾਦਨ ਅਤੇ ਵਿਸ਼ਵਵਿਆਪੀ ਖਪਤ ਵਿੱਚ ਵਾਧਾ ਹੁੰਦਾ ਹੈ। ਉਦਾਹਰਣ ਵਜੋਂ ਵੱਡੀਆਂ ਕਾਰਪੋਰੇਸ਼ਨਾਂ ਦੁਆਰਾ ਡੂੰਘੀ ਸਿਖਲਾਈ ਤਕਨਾਲੋਜੀ ਦੀ ਵਰਤੋਂ ਵੱਡੇ ਭੂ-ਵਿਗਿਆਨਕ ਡੇਟਾਸੈਟਾਂ ਦਾ ਵਿਸ਼ਲੇਸ਼ਣ ਕਰਨ ਲਈ ਕੀਤੀ ਜਾਂਦੀ ਹੈ, ਜਿਸ ਦਾ ਉਦੇਸ਼ ਨਵੇਂ ਤੇਲ ਅਤੇ ਗੈਸ ਭੰਡਾਰਾਂ ਦੀ ਪਛਾਣ ਕਰਨਾ ਹੈ। ਇਸ ਤੋਂ ਇਲਾਵਾ ਏ ਆਈ ਦੀ ਅਗਵਾਈ ਵਾਲੇ ਸਮਾਰਟ ਸਬਮਰਸੀਬਲ ਹੁਣ ਸਮੁੰਦਰ ਦੇ ਦੂਰ-ਦੁਰਾਡੇ ਹਿੱਸਿਆਂ ਵਿੱਚ ਅਣਵਰਤੇ ਤੇਲ ਅਤੇ ਗੈਸ ਭੰਡਾਰਾਂ ਦਾ ਪਤਾ ਲਗਾ ਸਕਦੇ ਹਨ। ਇਸ ਤੋਂ ਇਲਾਵਾ ਮੁਨਾਫ਼ਾ ਪੈਦਾ ਕਰਨ ਲਈ, ਰਾਜ ਅਤੇ ਫਰਮਾਂ ਅਕਸਰ ਨਿੱਜੀ ਲਾਭ ਲਈ ਨਵੀਂ ਏ ਆਈ ਤਕਨਾਲੋਜੀ ਦੇ ਲਾਭਾਂ ਨੂੰ ਵਧਾ-ਚੜ੍ਹਾ ਕੇ ਪੇਸ਼ ਕਰਦੀਆਂ ਹਨ, ਜਦੋਂ ਕਿ ਇਸ ਦੇ ਵਾਤਾਵਰਣ ਸੰਬੰਧੀ ਖਰਚਿਆਂ ਨੂੰ ਘੱਟ ਜਾਂ ਛੁਪਾਉਂਦੀਆਂ ਹਨ। ਤਕਨੀਕੀ ਸੰਸਾਰ ਲੋਕਾਂ ਨੂੰ ਉੱਚਾ ਚੁੱਕ ਕੇ ਕੰਮ ਕਰਦਾ ਹੈ-ਉਦਾਹਰਣ ਵਜੋਂ ਜਦੋਂ ਸਟਾਰਟ-ਅੱਪ ਨਿਵੇਸ਼ਕਾਂ ਤੋਂ ਫੰਡਿੰਗ ਆਕਰਸ਼ਿਤ ਕਰਨ ਲਈ 'ਤਕਨੀਕੀ ਸਫਲਤਾਵਾਂ' ਦਾ ਦਾਅਵਾ ਕਰਦੇ ਹਨ। ਵੱਡੀਆਂ ਫਰਮਾਂ, ਜਿਵੇਂ ਕਿ ਐਮਾਜ਼ੋਨ ਅਤੇ ਗੂਗਲ, ਇਸ ਜਗ੍ਹਾ 'ਤੇ ਹਾਵੀ ਹੁੰਦੀਆਂ ਹਨ, ਤਕਨਾਲੋਜੀ ਨੂੰ ਨਿਯੰਤਰਿਤ ਕਰਦੀਆਂ ਹਨ ਅਤੇ ਜਨਤਕ ਧਾਰਨਾ ਨੂੰ ਆਕਾਰ ਦਿੰਦੀਆਂ ਹਨ। ਨਤੀਜਾ? ਵਧਿਆ ਹੋਇਆ ਉਤਪਾਦਨ ਜ਼ਿਆਦਾ ਖਪਤ ਅਤੇ ਗ੍ਰਹਿ ਦੇ ਪਹਿਲਾਂ ਹੀ ਸੀਮਤ ਸਰੋਤਾਂ 'ਤੇ ਦਬਾਅ ਵਧਦਾ ਹੈ।

**ਏ ਆਈ ਦਾ ਆਪਣਾ ਵਾਤਾਵਰਣਕ ਪ੍ਰਭਾਵ**: ਏ ਆਈ ਨਾ ਸਿਰਫ਼ ਵਾਤਾਵਰਣ ਲਈ ਨੁਕਸਾਨਦੇਹ ਅਭਿਆਸਾਂ ਨੂੰ ਸੁਵਿਧਾਜਨਕ ਬਣਾਉਂਦਾ ਹੈ, ਸਗੋਂ ਇਹ ਸਰੋਤ-ਸੰਬੰਧਤ ਵੀ ਹੈ। ਚੈਟ ਜੀ ਪੀ ਟੀ ਅਤੇ ਜੀ ਈ ਐੱਨ ਏ ਆਈ ਵਰਗੇ ਉੱਨਤ ਏ ਆਈ ਮਾਡਲਾਂ ਨੂੰ ਸਿਖਲਾਈ ਦੇਣ ਲਈ ਬਹੁਤ ਜ਼ਿਆਦਾ ਬਿਜਲੀ ਦੀ ਲੋੜ ਹੁੰਦੀ ਹੈ। ਸੰਯੁਕਤ ਰਾਸ਼ਟਰ ਵਾਤਾਵਰਣ ਪ੍ਰੋਗਰਾਮ ਦੇ ਅਨੁਸਾਰ, ਚੈਟ ਜੀ ਪੀ ਟੀ ਰਾਹੀਂ ਕੀਤੀ ਗਈ ਇੱਕ ਖੋਜ ਇੱਕ ਸਧਾਰਨ ਗੂਗਲ ਖੋਜ ਨਾਲੋਂ ਦਸ ਗੁਣਾਂ ਜ਼ਿਆਦਾ ਊਰਜਾ ਦੀ ਖਪਤ ਕਰਦੀ ਹੈ। ਸਹਿਜ ਰੂਪ ਵਿੱਚ ਗੁੰਝਲਦਾਰ ਮਾਡਲ ਹੋਰ ਵੀ ਜ਼ਿਆਦਾ ਊਰਜਾ-ਸੰਬੰਧਤ ਹੁੰਦੇ ਹਨ ਅਤੇ ਸਮੁੱਚੇ ਵਾਤਾਵਰਣ ਦੇ ਪ੍ਰਭਾਵ 'ਤੇ ਨਕਾਰਾਤਮਕ ਪ੍ਰਭਾਵ ਪਾਉਂਦੇ ਹਨ।

ਇਸ ਤੋਂ ਇਲਾਵਾ ਇੱਕ ਵਾਰ ਜਦੋਂ ਇੱਕ ਏ ਆਈ ਮਾਡਲ ਨੂੰ ਸਿਖਲਾਈ ਦਿੱਤੀ ਜਾਂਦੀ ਹੈ ਤਾਂ ਊਰਜਾ ਦੀ ਮੰਗ ਰੁਕਦੀ ਨਹੀਂ, ਸਗੋਂ ਇਹ ਹਰ ਵਾਰ ਵਰਤੋਂ ਵਿੱਚ ਆਉਣ 'ਤੇ ਬਿਜਲੀ ਦੀ ਖਪਤ ਕਰਦਾ ਰਹਿੰਦਾ ਹੈ। ਏ ਆਈ ਦੇ ਉਭਾਰ ਨੇ ਡੇਟਾ ਸੈਂਟਰਾਂ ਦੇ ਵਿਸਥਾਰ ਨੂੰ ਵੀ ਹਵਾ ਦਿੱਤੀ ਹੈ, ਜਿਨ੍ਹਾਂ ਨੂੰ ਉਪਕਰਣਾਂ ਨੂੰ ਠੰਢਾ ਕਰਨ ਅਤੇ ਓਵਰਹੀਟਿੰਗ ਨੂੰ ਰੋਕਣ ਲਈ ਵੱਡੀ ਮਾਤਰਾ ਵਿੱਚ ਪਾਣੀ ਦੀ ਲੋੜ ਹੁੰਦੀ ਹੈ। ਉਹ ਇਲੈਕਟ੍ਰਾਨਿਕ ਰਹਿੰਦ-ਖੂੰਹਦ ਵੀ ਪੈਦਾ ਕਰਦੇ ਹਨ ਅਤੇ ਮਹੱਤਵਪੂਰਨ ਗ੍ਰੀਨ ਹਾਊਸ ਗੈਸ ਨਿਕਾਸ ਪੈਦਾ ਕਰਦੇ ਹਨ।

**ਸਮਾਰਟ ਟੈਕ ਨੂੰ ਸਮਾਰਟ ਗਵਰਨੈਂਸ ਦੀ ਲੋੜ** : ਜੇਕਰ ਕਾਰਪੋਰੇਸ਼ਨਾਂ ਨੂੰ ਇਕੱਲੇ ਛੱਡ ਦਿੱਤਾ ਜਾਵੇ ਤਾਂ ਏ ਆਈ ਦੀ ਥੋੜ੍ਹੇ ਸਮੇਂ ਦੇ ਮੁਨਾਫ਼ੇ ਲਈ ਦੁਰਵਰਤੋਂ ਹੋਣ ਦਾ ਜੋਖਮ ਹੁੰਦਾ ਹੈ, ਜਿਸ ਨਾਲ ਲੰਮੇ ਸਮੇਂ ਲਈ ਵਾਤਾਵਰਣ ਵਿਗਾੜ ਹੁੰਦਾ ਹੈ। ਸਹੀ ਨਿਯਮਨ ਤੋਂ ਬਿਨਾਂ, ਏ ਆਈ ਜ਼ਿਆਦਾ ਉਤਪਾਦਨ ਅਤੇ ਅਸਥਿਰ ਖਪਤ ਦਾ ਇੱਕ ਸਾਧਨ ਬਣ ਸਕਦਾ ਹੈ। ਇਸ ਲਈ ਮੇਰਾ ਮੰਨਣਾ ਹੈ ਕਿ ਏ ਆਈ ਦੇ ਜੋਖਮਾਂ ਦਾ ਪ੍ਰਬੰਧਨ ਕਰਨ ਦਾ ਸਭ ਤੋਂ ਵਧੀਆ ਤਰੀਕਾ ਹੈ ਤਕਨਾਲੋਜੀ ਨੂੰ ਰਾਜਨੀਤੀ ਨਾਲ ਜੋੜਨਾ, ਤਾਂ ਜੋ ਵਾਤਾਵਰਣ ਸੰਕਟਾਂ ਦੇ ਨਵੀਨਤਾਕਾਰੀ ਹੱਲ ਪ੍ਰਦਾਨ ਕੀਤੇ ਜਾ ਸਕਣ ਅਤੇ ਇਹ ਯਕੀਨੀ ਬਣਾਇਆ ਜਾ ਸਕੇ ਕਿ ਏ ਆਈ ਵਿਕਾਸ ਵਾਤਾਵਰਣ ਅਤੇ ਸਮਾਜਿਕ ਟੀਚਿਆਂ ਨਾਲ ਮੇਲ ਖਾਂਦਾ ਹੈ। ਸਰਕਾਰ ਨੂੰ ਏ ਆਈ ਵਿਕਾਸ ਨੂੰ ਵਧੇਰੇ ਨੇੜਿਓਂ ਕੰਟਰੋਲ ਕਰਨਾ ਚਾਹੀਦਾ ਹੈ ਤਾਂ ਜੋ ਜਨਤਕ ਹਿੱਤਾਂ ਲਈ ਇਸ ਦੀ ਵਰਤੋਂ ਨੂੰ ਤਰਜੀਹ ਦਿੱਤੀ ਜਾ ਸਕੇ, ਖਾਸ ਕਰਕੇ ਖੋਜਕਰਤਾਵਾਂ, ਵਿਗਿਆਨੀਆਂ ਅਤੇ ਜਲਵਾਯੂ ਅਤੇ ਸਥਿਰਤਾ 'ਤੇ ਕੰਮ ਕਰਨ ਵਾਲੀਆਂ ਸੰਸਥਾਵਾਂ ਵਿੱਚ ਇਸ ਤੋਂ ਇਲਾਵਾ ਰਾਜ-ਫੰਡ ਪ੍ਰਾਪਤ ਏ ਆਈ ਪਹਿਲਕਦਮੀਆਂ ਘੱਟ-ਕਾਰਬਨ ਤਕਨਾਲੋਜੀਆਂ ਵਾਲੇ ਉਦਯੋਗਾਂ ਨੂੰ ਬਦਲਣ ਵਿੱਚ ਮਦਦ ਕਰ ਸਕਦੀਆਂ ਹਨ, ਜਦੋਂ ਕਿ ਕਾਰੋਬਾਰਾਂ ਨੂੰ ਪੂਰੀ ਤਰ੍ਹਾਂ ਮੁਨਾਫ਼ਾ-ਅਧਾਰਤ ਉਦੇਸ਼ਾਂ ਲਈ ਇਹਨਾਂ ਤਕਨਾਲੋਜੀਆਂ ਦੀ ਜ਼ਿਆਦਾ ਵਰਤੋਂ ਕਰਨ ਤੋਂ ਵੀ ਰੋਕ ਸਕਦੀਆਂ ਹਨ।

ਅੱਜ ਦੀ ਦੁਨੀਆ 'ਚ ਅਸੀਂ ਤਕਨਾਲੋਜੀ ਦੇ ਪੈਸਿਵ ਰਿਸੀਵਰ ਨਹੀਂ ਹਾਂ, ਸਗੋਂ ਸਾਡੇ ਕੋਲ ਇਸਨੂੰ ਜ਼ਿੰਮੇਵਾਰੀ ਨਾਲ ਆਪਣੇ ਫਾਇਦੇ ਲਈ ਆਕਾਰ ਦੇਣ ਦੀ ਸ਼ਕਤੀ ਹੈ। ਇਸ ਲਈ, ਸਾਨੂੰ ਟਿਕਾਊ ਵਿਕਾਸ ਨੂੰ ਯਕੀਨੀ ਬਣਾਉਣ ਲਈ ਇੱਕ ਸਾਧਨ ਵਜੋਂ ਇਸ ਦੇ ਉਦੇਸ਼ ਨੂੰ ਮੁੜ ਪਰਿਭਾਸ਼ਿਤ ਕਰਨਾ ਚਾਹੀਦਾ ਹੈ।

# ਵਿਦੇਸ਼ਾਂ ਨਾਲ ਇਨਸਾਨੀ ਸੁਰੱਖਿਆ ਦੀ ਗਾਰੰਟੀ ਦਾ ਮੁੱਦਾ ਉਠਾਉਣ ਦੀ ਲੋੜ


ਬਲਵਿੰਦਰ ਸਿੰਘ ਭੁੱਲਰ

ਕੇਂਦਰ ਜਾਂ ਰਾਜ ਸਰਕਾਰਾਂ ਜੇਕਰ ਹੋਰ ਦੇਸ਼ਾਂ ਦੀਆਂ ਸਰਕਾਰਾਂ ਨਾਲ ਕੋਈ ਸਮਝੌਤਾ ਜਾਂ ਸੰਧੀ ਕਰਦੀਆਂ ਹਨ, ਤਾਂ ਉਸ ਵਿੱਚ ਆਰਥਿਕ ਲਾਭ ਨੂੰ ਹੀ ਮੁੱਖ ਰੱਖਿਆ ਜਾਂਦਾ ਹੈ। ਇਹ ਸੰਧੀਆਂ ਜਾਂ ਤਾਂ ਇਨਸਾਨਾਂ ਨੂੰ ਖਤਮ ਕਰਨ ਵਾਲੇ ਮਾਰੂ ਹਥਿਆਰਾਂ ਦੇ ਖਰੀਦਣ ਦੀਆਂ ਹੁੰਦੀਆਂ ਹਨ ਜਾਂ ਫੇਰ ਵੱਡੇ-ਵੱਡੇ ਅਮੀਰ ਤੇ ਕਾਰਪੋਰੇਟ ਘਰਾਣਿਆਂ ਨੂੰ ਲਾਭ ਦੇਣ ਵਾਲੀਆਂ ਤਜਵੀਜ਼ਾਂ ਸੰਬੰਧੀ ਹੁੰਦੀਆਂ ਹਨ। ਇੱਥੇ ਹੀ ਬੱਸ ਨਹੀਂ ਜੇਕਰ ਆਮ ਵਪਾਰੀ ਲੋਕ ਵੀ ਭਾਰਤ ਨਾਲ ਲਗਦੀਆਂ ਸਰਹੱਦਾਂ ਖੋਹਲਣ ਦੀ ਮੰਗ ਕਰਦੇ ਹਨ ਤਾਂ ਉਹ ਵੀ ਦਰਾਮਦ-ਬਰਾਮਦ ਲਈ ਹੀ ਕਰਦੇ ਹਨ, ਤਾਂ ਜੋ ਉਸ ਤੋਂ ਮਾਲੀ ਫਾਇਦਾ ਪ੍ਰਾਪਤ ਕੀਤਾ ਜਾ ਸਕੇ। ਇਸ ਤੋਂ ਅੱਗੇ ਗੱਲ ਚਲਦੀ ਹੈ ਧਾਰਮਿਕ ਜਾਂ ਸਿਆਸੀ ਜਥੇਬੰਦੀਆਂ ਦੀ। ਹਿੰਦੂ ਸੰਗਠਨ ਜਿੱਥੇ ਵਿਦੇਸ਼ਾਂ ਵਿਚਲੇ ਆਪਣੇ ਧਾਰਮਿਕ ਅਸਥਾਨਾਂ ਦੇ ਦਰਸ਼ਨਾਂ ਲਈ ਦੂਜੇ ਦੇਸ਼ਾਂ ਨਾਲ ਸਮਝੌਤੇ ਕਰਕੇ ਲਾਹਾ ਲੈਣ ਦੀ ਕੋਸ਼ਿਸ਼ ਕਰਦੇ ਹਨ, ਉੱਥੇ ਸਿੱਖ ਸੰਸਥਾਵਾਂ ਵੀ ਕ੍ਰਿਪਾਨ ਜਾਂ ਪਗੜੀ ਦਾ ਮੁੱਦਾ ਉਠਾ ਕੇ ਹਰ ਸਮੇਂ ਸਿਆਸੀ ਲਾਹਾ ਲੈਣ ਲਈ ਯਤਨਸ਼ੀਲ ਰਹਿੰਦੀਆਂ ਹਨ, ਪਰ ਦੁੱਖ ਦੀ ਗੱਲ ਇਹ ਹੈ ਕਿ ਇਨਸਾਨੀ ਜ਼ਿੰਦਗੀਆਂ ਦੀ ਸੁਰੱਖਿਆ ਦਾ ਮੁੱਦਾ ਉਠਾਉਣ ਦੀ ਕਿਸੇ ਨੇ ਵੀ ਲੋੜ ਮਹਿਸੂਸ ਨਹੀਂ ਕੀਤੀ। ਆਮ ਲੋਕ ਨਿੱਤ ਦਿਨ ਵਿਦੇਸ਼ਾਂ ਵਿੱਚ ਕਤਲ ਹੋ ਰਹੇ ਹਨ, ਮਰ ਰਹੇ ਹਨ, ਉਹਨਾਂ ਦੇ ਵਾਰਸ ਇਧਰ ਲਾਸ਼ ਲੈਣ ਲਈ ਅਤੇ ਆਪਣੇ ਦੇ ਅੰਤਮ ਦਰਸ਼ਨ ਕਰਨ ਲਈ ਵੀ ਤੜਪਦੇ ਰਹਿੰਦੇ ਹਨ, ਪਰ ਸੁਣਦਾ ਕੋਈ ਨਹੀਂ।

ਅਜਿਹਾ ਲੱਗਭੱਗ ਹਰ ਦੇਸ਼ ਵਿੱਚ ਹੀ ਹੋ ਰਿਹਾ ਹੈ, ਪਰ ਕਤਲਾਂ ਦੇ ਮਾਮਲੇ ਵਿੱਚ ਮਨੀਲਾ ਕੁਝ ਅੱਗੇ ਹੈ। ਭਾਰਤੀ ਖਾਸ ਕਰਕੇ ਬਹੁਤੇ ਪੰਜਾਬੀ ਮਨੀਲਾ ਵਿੱਚ ਕਿਸ਼ਤਾਂ 'ਤੇ ਸਮਾਨ ਵੇਚਣ ਦਾ ਧੰਦਾ ਕਰਦੇ ਹਨ। ਉਹ ਸਵੇਰੇ ਲੋਕਾਂ ਦੇ ਘਰਾਂ ਵਿੱਚ ਸਮਾਨ ਸਪਲਾਈ ਕਰਦੇ ਹਨ ਅਤੇ ਬਾਅਦ ਦੁਪਹਿਰ ਉਹ ਕਿਸ਼ਤਾਂ ਇਕੱਠੀਆਂ ਕਰਦੇ ਹਨ। ਲੁਟੇਰਿਆਂ ਨੂੰ ਇਸ ਕਾਰਜਸ਼ੈਲੀ ਦੀ ਮੁਕੰਮਲ ਜਾਣਕਾਰੀ ਹੋਣ ਸਦਕਾ ਉਹ ਕਿਸ਼ਤਾਂ ਦੀ ਰਕਮ ਲੈ ਕੇ ਆਉਂਦੇ ਇਹਨਾਂ ਭਾਰਤੀਆਂ 'ਤੇ ਹਮਲਾ ਕਰਕੇ ਉਹਨਾਂ ਦੇ ਕਤਲ ਕਰ ਦਿੰਦੇ ਹਨ ਅਤੇ ਰਕਮ ਲੁੱਟ ਲੈਂਦੇ ਹਨ। ਮਨੀਲਾ ਵਿੱਚ ਇਹ ਸਿਲਸਿਲਾ ਤਕਰੀਬਨ ਵੀਹ ਸਾਲਾਂ ਤੋਂ ਚੱਲ ਰਿਹਾ ਹੈ, ਪਰ ਅੱਜ ਤੱਕ ਇਸ ਨੂੰ ਠੱਲ੍ਹ ਨਹੀਂ ਪਾਈ ਜਾ ਸਕੀ। ਕੁੜੀਆਂ ਨੂੰ ਗੁਲਾਮ ਬਣਾ ਕੇ ਉਹਨਾਂ ਦਾ ਸਰੀਰਕ ਸ਼ੋਸ਼ਣ ਕਰਨ ਅਤੇ ਉਹਨਾਂ ਤੋਂ ਜਬਰੀ ਘਰਾਂ ਦਾ ਕੰਮ ਧੰਦਾ ਕਰਾਉਣ ਦੀਆਂ ਬਹੁਤੀਆਂ ਘਟਨਾਵਾਂ ਅਰਬ ਦੇਸ਼ਾਂ ਵਿੱਚ ਵਾਪਰਦੀਆਂ ਹਨ।

ਕੈਨੇਡਾ, ਜਿਸ ਨੂੰ ਬਹੁਤ ਸੁਰੱਖਿਅਤ ਦੇਸ਼ ਮੰਨਿਆ ਜਾਂਦਾ ਸੀ, ਪਿਛਲੇ ਤਿੰਨ ਕੁ ਦਹਾਕਿਆਂ ਤੋਂ ਪੰਜਾਬ ਦੇ ਲੋਕਾਂ ਨੇ ਇਸ ਦੇਸ਼ ਵੱਲ ਵਹੀਰਾਂ ਘੱਤ ਦਿੱਤੀਆਂ। ਲੱਖਾਂ ਦੀ ਗਿਣਤੀ ਵਿੱਚ ਪੰਜਾਬੀਆਂ ਨੇ ਉੱਥੇ ਪਹੁੰਚ ਕੇ ਆਪਣੇ ਕਾਰੋਬਾਰ ਸਥਾਪਤ ਕੀਤੇ, ਉਹਨਾਂ ਵੱਡੇ-ਵੱਡੇ ਫਾਰਮ ਬਣਾ ਲਏ। ਉਹਨਾਂ ਦੀ ਆਮਦਨ ਅਤੇ ਐਸੋ-ਇਸ਼ਰਤ ਦੀ ਜ਼ਿੰਦਗੀ ਵੇਖਦਿਆਂ ਪੰਜਾਬੀਆਂ ਦਾ ਰੁਝਾਨ ਲਗਾਤਾਰ ਵਧਦਾ ਗਿਆ। ਹੁਣ ਕਈ ਸ਼ਹਿਰ ਤੇ ਇਲਾਕੇ ਤਾਂ ਅਜਿਹੇ ਬਣ ਗਏ, ਜਿਹਨਾਂ ਨੂੰ ਵੇਖਦਿਆਂ ਪੰਜਾਬ ਦਾ ਹੀ ਭੁਲੇਖਾ ਪੈ ਜਾਂਦਾ ਹੈ। ਹੁਣ ਉੱਥੇ ਪੰਜਾਬ ਵਾਂਗ ਗੈਂਗਸਟਰ ਗਰੁੱਪ ਬਣ ਚੁੱਕੇ ਹਨ, ਸਰੇਆਮ ਉਹਨਾਂ ਦੀਆਂ ਲੜਾਈਆਂ ਹੁੰਦੀਆਂ ਹਨ। ਫਿਰੌਤੀਆਂ ਮੰਗੀਆਂ ਜਾਂਦੀਆਂ ਹਨ। ਕਤਲ ਕੀਤੇ ਜਾਂਦੇ ਹਨ। ਘਰਾਂ ਵਿੱਚ ਸਹੁਰਿਆਂ ਵੱਲੋਂ ਨੂੰਹਾਂ ਦੇ ਕਤਲ ਕੀਤੇ ਜਾਂਦੇ ਹਨ। ਸਰੀ ਵਿੱਚ ਕੀਤੇ ਇਕ ਲੜਕੀ ਅਮਨਦੀਪ ਕੌਰ ਦੇ ਕਤਲ ਦੀ ਗੁੱਥੀ ਚਾਰ ਸਾਲ ਬਾਅਦ ਖੁੱਲ੍ਹੀ ਸੀ ਕਿ ਉਸ ਦੇ ਪਤੀ ਨੇ ਹੀ ਕਤਲ ਕੀਤਾ ਸੀ। ਭਾਰਤੀਆਂ ਪੰਜਾਬੀਆਂ ਦੀ ਲਾਸ਼ਾਂ ਸਮੁੰਦਰ ਕਿਨਾਰਿਓਂ ਮਿਲਦੀਆਂ ਰਹਿੰਦੀਆਂ ਹਨ। ਮਨੁੱਖੀ ਅਧਿਕਾਰਾਂ ਲਈ ਆਵਾਜ਼ ਬੁਲੰਦ ਕਰਨ ਵਾਲੀ ਬਲੋਚਿਸਤਾਨ ਦੀ ਬੀਬੀ ਕਰੀਮਾ ਮਹਿਰਾਬ ਦੀ ਲਾਸ਼ ਕੈਨੇਡਾ ਦੇ ਸ਼ਹਿਰ ਹਰਬੋਰ ਫਰੰਟ ਦੇ ਨੇੜੇ ਇੱਕ ਝੀਲ ਦੇ ਕਿਨਾਰੇ ਤੋਂ ਮਿਲੀ ਸੀ।

ਅਮਰੀਕਾ ਬਾਰੇ ਘੋਖ ਕਰੀਏ ਤਾਂ ਪੰਜਾਬੀ ਦੋ ਸੌ ਸਾਲ ਪਹਿਲਾਂ ਹੀ ਉਸ ਦੇਸ਼ ਵਿੱਚ ਜਾਣ ਲੱਗੇ ਸਨ, ਜਿਹਨਾਂ ਉੱਥੋਂ ਦੇ ਜੰਗਲਾਂ ਨੂੰ ਕੱਟ ਕੱਟ ਕੇ ਵਾਹੀ ਯੋਗ ਬਣਾਇਆ ਅਤੇ ਅੰਤ ਦੀ ਮਿਹਨਤ ਕੀਤੀ। ਉੱਥੇ ਵਸਦੇ ਭਾਰਤੀ ਪੰਜਾਬੀਆਂ ਨੇ ਦੇਸ਼ ਦੀ ਆਜ਼ਾਦੀ ਦੇ ਸੰਘਰਸ਼ ਵਿੱਚ ਵੀ ਤਨਦੇਹੀ ਨਾਲ ਭਾਗ ਲਿਆ ਸੀ, ਪਰ ਫੇਰ ਵੀ ਉੱਥੇ ਪੰਜਾਬੀ ਆਪਣੀ ਪਹਿਚਾਣ ਬਣਾਉਣ ਵਿੱਚ ਪੂਰੇ ਸਫ਼ਲ ਨਹੀ ਹੋ ਸਕੇ ਕੁਝ ਸਾਲ ਪਹਿਲਾਂ ਓਬਾਮਾ ਬਿਨ ਲਾਦੇਨ ਨੇ ਅਮਰੀਕਾ ਦੇ ਨੱਕ ਵਿੱਚ ਦਮ ਕਰ ਦਿੱਤਾ ਸੀ। ਲਾਦੇਨ ਪਗੜੀ ਬੰਨ੍ਹਦਾ ਸੀ ਬਹੁਤ ਮੁਸਲਮਾਨ ਪਗੜੀ ਬੰਨ੍ਹਦੇ ਹਨ। ਲਾਦੇਨ ਦੀਆਂ ਅਮਰੀਕਾ ਵਿਰੋਧੀ ਕਾਰਵਾਈ ਵੇਖਦਿਆਂ ਅਮਰੀਕਨ ਲੋਕ ਪੰਜਾਬੀਆਂ 'ਤੇ ਹਮਲੇ ਕਰਦੇ ਰਹੇ। ਉਹ ਭੁਲੇਖੇ ਵਿੱਚ ਸਨ ਕਿ ਇਹ ਲਾਦੇਨ ਦੇ ਸਾਥੀ ਹੀ ਹਨ। ਉੱਥੇ ਪੰਜਾਬੀਆਂ ਦੇ ਇਹਨਾਂ ਕਤਲਾਂ ਨੂੰ ਰੋਕਣ ਲਈ ਅਮਰੀਕਾ ਵਿੱਚ ਠੋਸ ਕਦਮ ਨਾ ਉਠਾਏ ਗਏ। ਉੱਥੇ ਕਤਲਾਂ ਦੀਆਂ ਘਟਨਾਵਾਂ ਅੱਜ ਵੀ ਆਮ ਹੀ ਵਾਪਰਦੀਆਂ ਹਨ।

ਸੈਕਰਾਮੈਂਟੋ ਕੈਲੀਫੋਰਨੀਆ 'ਚ ਭਾਰਤੀ ਮੂਲ ਦੀ ਸਲਿਨੀ ਸਿੰਘ ਦੀ ਲਾਸ਼ ਹੈਮਿਲਟਨ ਖੇਤਰ 'ਚ ਸੀਵਰੇਜ ਦੇ ਗੰਦੇ ਪਾਣੀ 'ਚੋਂ ਮਿਲੀ ਸੀ। ਕਰੀਬ ਡੇਢ ਸਾਲ ਬਾਅਦ ਉਸ ਦਾ ਕਾਤਲ ਜੈਫਰੀ ਸਮਿਥ ਗ੍ਰਿਫਤਾਰ ਕੀਤਾ ਜਾ ਸਕਿਆ ਸੀ। ਅਜਿਹੇ ਮਾਮਲੇ ਨਿਊ ਜ਼ੀਲੈਂਡ ਵਿੱਚ ਵੀ ਵਾਪਰਦੇ ਰਹਿੰਦੇ ਹਨ। ਇਸ ਦੇਸ਼ ਦੇ ਦੱਖਣੀ ਆਕਲੈਂਡ ਖੇਤਰ ਦੇ ਸ਼ਹਿਰ ਹੰਟਲੀ ਦੇ ਨੇੜੇ ਵੀ ਇੱਕ ਘਿਨਾਉਣੀ ਘਟਨਾ ਵਾਪਰੀ, ਜਦੋ ਭਾਰਤੀ ਮੂਲ ਦੀ ਚਾਰ ਸਾਲ ਦੇ ਪੁੱਤਰ ਦੀ ਮਾਂ ਰਣਜੀਤਾ ਸ਼ਰਮਾ ਦੀ ਸੜਕ ਦੇ ਕਿਨਾਰੇ ਅੱਗ ਨਾਲ ਸੜੀ ਲਾਸ਼ ਮਿਲੀ। ਮੈਡੀਕਲ ਰਿਪੋਰਟ ਅਨੁਸਾਰ ਉਸ ਨੂੰ ਅੱਗ ਲਗਾ ਕੇ ਕਾਤਲਾਂ ਨੇ ਸੜਕ ਕਿਨਾਰੇ ਸੁੱਟ ਦਿੱਤਾ ਸੀ। ਭਾਰਤ-ਪਾਕਿਸਤਾਨ ਦੀ ਸਰਹੱਦ 'ਤੇ ਨਿੱਤ ਦਿਨ ਇਨਸਾਨਾਂ ਨੂੰ ਮਾਰ ਦੇਣ, ਫੜ ਕੇ ਤਸ਼ੱਦਦ ਕਰਨ ਦੀਆਂ ਘਟਨਾਵਾਂ ਵਾਪਰਦੀਆਂ ਹਨ। ਵੱਖ-ਵੱਖ ਦੇਸ਼ਾਂ ਵਿੱਚ ਸਮੁੰਦਰ ਦੇ ਕਿਨਾਰੇ ਜਾਂ ਜੰਗਲਾਂ ਵਿੱਚ ਭਾਰਤੀਆਂ ਦੀਆਂ ਲਾਸ਼ਾਂ ਮਿਲਣ ਦੀਆਂ ਖ਼ਬਰਾਂ ਆਮ ਪ੍ਰਕਾਸ਼ਤ ਹੁੰਦੀਆਂ ਰਹਿੰਦੀਆਂ ਹਨ।

ਹੁਣ ਸਵਾਲ ਪੈਦਾ ਹੁੰਦਾ ਹੈ ਕਿ ਭਾਰਤੀਆਂ ਦੀ ਸੁਰੱਖਿਆ ਦਾ ਮੁੱਦਾ ਕਿਸੇ ਸਰਕਾਰ ਜਾਂ ਸੰਸਥਾ ਨੇ ਅੱਜ ਤੱਕ ਨਹੀਂ ਉਠਾਇਆ। ਵਿਦੇਸ਼ਾਂ ਵਿੱਚ ਭਾਰਤੀਆਂ ਦੇ ਕਤਲ ਹੋ ਰਹੇ ਹਨ, ਉਹਨਾਂ ਦੇ ਬੱਚੇ ਰੁਲ ਰਹੇ ਹਨ, ਮਾਪੇ ਰੋ-ਰੋ ਕੇ ਥੱਕ ਜਾਣ ਉਪਰੰਤ ਭਾਣਾ ਮੰਨ ਕੇ ਸਬਰ ਕਰ ਲੈਂਦੇ ਹਨ, ਫਿਰ ਵੀ ਵਿਦੇਸ਼ੀ ਸਰਕਾਰਾਂ ਨਾਲ ਕੇਵਲ ਆਰਥਿਕ ਸੰਧੀਆਂ ਹੋ ਰਹੀਆਂ ਹਨ, ਵਪਾਰਕ ਰਸਤੇ ਖੋਹਲਣ ਦੀ ਗੱਲ ਚੱਲ ਰਹੀ ਹੈ, ਕ੍ਰਿਪਾਨ, ਪਗੜੀ ਦੇ ਮੁੱਦੇ ਭਖ ਰਹੇ ਹਨ, ਜਦੋਂ ਕਿ ਇਨਸਾਨੀ ਸੁਰੱਖਿਆ ਦਾ ਮੁੱਦਾ ਦੱਬਿਆ ਜਾ ਰਿਹਾ ਹੈ। ਸੋ ਬਾਕੀ ਸੰਧੀਆਂ ਜਾਂ ਮੁੱਦਿਆਂ ਨਾਲੋਂ ਇਨਸਾਨਾਂ ਦੀ ਸੁਰੱਖਿਆ, ਜਾਨ-ਮਾਲ ਦੀ ਗਾਰੰਟੀ ਦਾ ਮੁੱਦਾ ਪਹਿਲ ਦੇ ਅਧਾਰ 'ਤੇ ਉਠਾਉਣਾ ਅੱਜ ਦੇ ਸਮੇਂ ਦੀ ਲੋੜ ਹੈ।

**# ਸੰਪਰਕ: 98882-75913**

4-AUG-PAGE-5.qxd 8/3/2025 10:21 PM Page 1



# ਹੀਰੋਸ਼ੀਮਾ ਤੇ ਨਾਗਾਸਾਕੀ 'ਤੇ ਬੰਬਾਂ ਨਾਲ ਹੋਈ ਤਬਾਹੀ ਦੀ 80ਵੀਂ ਵਰ੍ਹੇਗੰਢ ਮੌਕੇ ਅਮਨ ਕਾਨਫਰੰਸ

## ਵਿਸ਼ਵ 'ਚ ਚੱਲ ਰਹੀਆਂ ਜੰਗਾਂ ਨੂੰ ਫੌਰਨ ਰੋਕਣ ਦੀ ਮੰਗ



**ਲੁਧਿਆਣਾ (ਕਸ਼ਹੀਆ)**-ਇੱਥੇ ਲੁਧਿਆਣਾ ਵਿਖੇ 80 ਸਾਲ ਪਹਿਲਾਂ ਜਪਾਨ ਦੇ ਨਗਰਾਂ ਹੀਰੋਸ਼ੀਮਾ ਤੇ ਨਾਗਾਸਾਕੀ ਉੱਪਰ ਅਮਰੀਕਾ ਵੱਲੋਂ ਪ੍ਰਮਾਣੂ ਬੰਬ ਡੇਗਣ ਦੇ ਨਾਲ ਜੋ ਮਨੁੱਖੀ ਤੇ ਜਾਨੀ ਭਿਆਨਕ ਨੁਕਸਾਨ ਹੋਇਆ ਸੀ, ਉਸ ਨੂੰ ਯਾਦ ਕਰਦਿਆਂ ਤੇ ਆਉਣ ਵਾਲੇ ਸਮੇਂ 'ਚ ਵੱਡੀ ਤੌਰ 'ਤੇ ਪ੍ਰਮਾਣੂ ਹਥਿਆਰਾਂ ਦੇ ਖ਼ਾਤਮੇ ਦੀ ਮੰਗ ਨੂੰ ਲੈ ਕੇ ਇੱਕ ਅਮਨ ਕਾਨਫਰੰਸ, ਪੰਜਾਬੀ ਭਵਨ ਲੁਧਿਆਣਾ ਵਿਖੇ ਕੀਤੀ ਗਈ।ਇਸ ਦਾ ਆਯੋਜਨ ਇੰਡੀਅਨ ਡਾਕਟਰਜ਼ ਫ਼ਾਰ ਪੀਸ ਐਂਡ ਡਿਵੈਲਪਮੈਂਟ (ਆਈ.ਡੀ.ਪੀ.ਡੀ.) ਤੇ ਪੰਜਾਬੀ ਸਾਹਿਤ ਅਕਾਡਮੀ ਵੱਲੋਂ ਸਾਂਝੇ ਤੌਰ 'ਤੇ ਕੀਤਾ ਗਿਆ।ਕਾਨਫਰੰਸ ਦੇ ਆਰੰਭ ਵਿੱਚ ਇੱਕ ਸ਼ਾਂਤੀ ਪ੍ਰਦਰਸ਼ਨ ਕਰਕੇ ਇਜ਼ਰਾਈਲ ਵੱਲੋਂ ਗਾਜ਼ਾ ਵਿੱਚ ਫ਼ਲਸਤੀਨੀਆਂ ਦੀ ਨਸਲਕੁਸ਼ੀ ਨੂੰ ਬੰਦ ਕਰਨ ਦਾ ਮੰਗ ਕੀਤੀ।

ਇਸ ਮੌਕੇ ਕੁੰਜੀਵਤ ਭਾਸ਼ਣ ਦਿੰਦਿਆਂ ਗੁਰੂ ਨਾਨਕ ਦੇਵ ਯੂਨੀਵਰਸਿਟੀ ਅੰਮ੍ਰਿਤਸਰ ਦੇ ਰਾਜਨੀਤਕ ਵਿਗਿਆਨ ਦੇ ਸਾਬਕਾ ਮੁਖੀ ਪ੍ਰੋਫੈਸਰ ਹਰੀਸ਼ ਪੁਰੀ ਨੇ ਕਿਹਾ ਕਿ ਅਜੋਕੇ ਸਮੇਂ ਭੂ-ਰਾਜਨੀਤਕ ਹਾਲਾਤ ਬਹੁਤ ਖ਼ਰਾਬ ਹਨ, ਇਨ੍ਹੇ ਦੂਸਰੇ ਮਹਾਂਯੁੱਧ ਤੋਂ ਬਾਅਦ ਕਦੇ ਵੀ ਨਹੀਂ ਹੋਏ।ਵਿਸ਼ਵ 'ਚ ਵੱਖ-ਵੱਖ ਥਾਵਾਂ 'ਤੇ ਚੱਲ ਰਹੇ ਜੰਗਾਂ ਸਮੇਂ ਤੋਂ ਯੁੱਧ ਨਾ ਕੇਵਲ ਮਨੁੱਖਾਂ ਲਈ, ਬਲਕਿ ਸੰਪੂਰਨ ਜੀਵ ਪ੍ਰਣਾਲੀ ਤੇ ਮੁਢਲੇ ਵਿਕਸਤ ਹੋਏ ਢਾਂਚੇ ਦੀ ਤਬਾਹੀ ਦਾ ਕਾਰਨ ਬਣ ਰਹੇ ਹਨ।ਰੂਸ ਤੇ ਯੂਕਰੇਨ ਵਿੱਚ ਚੱਲ ਰਿਹਾ ਯੁੱਧ ਅਮਰੀਕਨ ਸਾਮਰਾਜ, ਨਾਟੋ ਤੇ ਯੂਰਪੀਅਨ ਯੂਨੀਅਨ ਦੀ ਦਖ਼ਲ ਅੰਦਾਜ਼ੀ ਕਰਕੇ ਰੁਕਣ ਦਾ ਨਾਮ ਹੀ ਨਹੀਂ ਲੈ ਰਿਹਾ।ਹਥਿਆਰ ਬਣਾਉਣ ਵਾਲੇ ਉਦਯੋਗ ਇਨ੍ਹਾਂ ਮੌਕਿਆਂ ਦਾ ਫ਼ਾਇਦਾ ਉਠਾ ਕੇ ਧੜਾਧੜ ਹਥਿਆਰ ਬਣਾ ਕੇ ਵੇਚ ਰਹੇ ਹਨ ਤੇ ਅਥਾਹ ਮੁਨਾਫ਼ਾ ਕਮਾ ਰਹੇ ਹਨ।ਗਾਜ਼ਾ ਦੀ ਹਾਲਤ ਬਹੁਤ ਗੰਭੀਰ ਹੈ, ਜਿੱਥੇ 30 ਜੁਲਾਈ ਦੀ ਰਿਪੋਰਟ ਤੱਕ 62700 ਲੋਕ ਮਾਰੇ ਜਾ ਚੁੱਕੇ ਹਨ, ਜਿਨ੍ਹਾਂ ਵਿੱਚੋਂ ਲਗਭਗ 20 ਹਜ਼ਾਰ ਬੱਚੇ ਹਨ।ਇਜ਼ਰਾਈਲ ਦੇ ਕੁੱਝ ਮੰਤਰੀਆਂ ਵੱਲੋਂ ਫ਼ਲਸਤੀਨੀਆਂ ਦੀ ਨਸਲਕੁਸ਼ੀ ਦੀਆਂ ਗੱਲਾਂ ਵੀ ਆਮ ਕੀਤੀਆਂ ਜਾ ਰਹੀਆਂ ਹਨ।ਇੱਕ ਮੰਤਰੀ ਨੇ ਤਾਂ ਪ੍ਰਮਾਣੂ ਬੰਬ ਸੁੱਟ ਕੇ ਸਭ ਫ਼ਲਿਸਤੀਨੀਆਂ ਨੂੰ ਮਾਰਨ ਦੀ ਗੱਲ ਤੱਕ ਕੀਤੀ ਹੈ।ਦੁੱਖ ਦੀ ਗੱਲ ਹੈ ਕਿ ਦੁਨੀਆਂ ਇਸ ਗੱਲ ਨੂੰ ਚੁੱਪਚਾਪ ਬੇਵੱਸੀ ਨਾਲ ਦੇਖ ਰਹੀ ਹੈ ਤੇ ਕੁੱਝ ਨਹੀਂ ਕਰ ਪਾ ਰਹੀ ਹੈ, ਕਿਉਂਕਿ ਅਮਰੀਕਾ ਇਜ਼ਰਾਈਲ ਦੀ ਪਿੱਠ 'ਤੇ ਪੂਰੀ ਤਰ੍ਹਾਂ ਖੜ੍ਹਾ ਹੈ।ਫਰਾਂਸ, ਇੰਗਲੈਂਡ ਤੇ ਕੈਨੇਡਾ ਨੇ ਜੋ ਰੁੱਖ ਅਪਣਾਇਆ ਹੈ, ਉਹ ਹਾਲਾਤ ਬਦਲਣ ਵਿੱਚ ਸ਼ਾਇਦ ਕੁੱਝ ਮਦਦ ਕਰੇ, ਪਰ ਇਹ ਬੜੀ ਕਸ਼ਟ ਦੀ ਗੱਲ ਹੈ ਕਿ ਭਾਰਤ ਨੇ ਫ਼ਲਸਤੀਨੀਆਂ ਨੂੰ ਛੱਡ ਕੇ ਇਜ਼ਰਾਈਲ ਦਾ ਸਾਥ ਦਿੱਤਾ ਹੈ।ਭਾਰਤ ਪਾਕਿਸਤਾਨ ਵਿੱਚ ਭਾਵੇਂ ਯੁੱਧ ਲੰਮਾ ਤਾਂ ਨਹੀਂ ਹੋਇਆ, ਪਰ ਤਨਾਅ ਹੁਣ ਵੀ ਮੌਜੂਦ ਹਨ ਤੇ ਬੜੀ ਗੰਭੀਰ ਸਥਿਤੀ ਕਦੇ ਵੀ ਬਣ ਸਕਦੀ ਹੈ।ਚੀਨ ਨੇ ਯੁੱਧ ਵਿੱਚ ਪਾਕਿਸਤਾਨ ਦਾ ਲੁਕਮੇ ਢੰਗ ਨਾਲ ਟੈਕਨੋਲੋਜੀ ਦੇ ਕੇ ਪੂਰਾ ਸਾਥ ਦਿੱਤਾ।ਤਿੰਨੋਂ ਭਾਰਤ, ਪਾਕਿਸਤਾਨ ਤੇ ਚੀਨ ਪ੍ਰਮਾਣੂ ਸੰਪੰਨ ਦੇਸ਼ ਹਨ, ਜੋ ਕਿ ਬਹੁਤੇ ਖਤਰੇ ਦੀ ਗੱਲ ਹੈ।ਕਦੇ ਵੀ ਐਸੀ ਸਥਿਤੀ ਬਣ ਸਕਦੀ ਹੈ ਤਾਂ ਪ੍ਰਮਾਣੂ ਹਥਿਆਰਾਂ ਦਾ ਪ੍ਰਯੋਗ ਹੋ ਜਾਵੇ ਤਾਂ ਦੁਨੀਆ ਬਹੁਤ ਗੰਭੀਰ ਸਥਿਤੀ ਵਿੱਚ ਫਸ ਜਾਏਗੀ।ਇਸ ਲਈ ਅੱਜ ਹੀਰੋਸ਼ੀਮਾ ਤੇ ਨਾਗਾਸਾਕੀ ਦੇ ਪੀੜਤਾਂ ਨੂੰ ਯਾਦ ਕਰਦੇ ਹੋਏ ਇਹ ਮੰਗ ਅਤੀ ਜ਼ਰੂਰੀ ਹੈ ਕਿ ਪ੍ਰਮਾਣੂ ਹਥਿਆਰ ਰੱਖੇ ਸਾਰੇ ਦੇਸ਼ 'ਤੇ ਪ੍ਰਮਾਣੂ ਪਾਬੰਦੀ ਸੰਧੀ ਵਿੱਚ ਸ਼ਾਮਲ ਹੋਣ।ਅੱਜ ਦੁਨੀਆ ਨੂੰ ਆਰਥਿਕ ਸਹਿਯੋਗ ਦੀ ਲੋੜ ਹੈ।ਦੱਖਣੀ ਹਿੱਸਾ ਜੋ ਦੁਨੀਆ ਦਾ ਹੈ, ਉਸ ਨੂੰ ਜੁੜ ਕੇ ਬੈਠਣ ਦੀ ਲੋੜ ਹੈ ਤੇ ਗੁੱਟ-ਨਿਰਲੇਪ ਤੇ ਸਾਰਕ ਵਰਗੇ ਸੰਗਠਨਾਂ ਨੂੰ ਮੁੜ ਸੁਰਜੀਤ ਕਰਨ ਦੀ ਲੋੜ ਹੈ।ਕਾਨਫਰੰਸ ਵਿੱਚ ਸਰਬਸੰਮਤੀ ਨਾਲ ਮਤੇ ਪਾਸ ਕੀਤੇ ਗਏ, ਜਿਨ੍ਹਾਂ ਵਿੱਚ ਫੌਰੀ ਤੌਰ 'ਤੇ ਪ੍ਰਮਾਣੂ ਬੰਦੀ ਕਰਨ ਦੀ ਅਪੀਲ ਕੀਤੀ ਗਈ ਤੇ ਪ੍ਰਮਾਣੂ ਹਥਿਆਰਾਂ ਦੇ ਪੂਰਨ ਖ਼ਾਤਮੇ ਦੀ ਮੰਗ ਕੀਤੀ ਗਈ, ਨਾਲ ਹੀ ਗਾਜ਼ਾ ਵਿੱਚ ਇਜ਼ਰਾਈਲ ਵੱਲੋਂ ਕੀਤੀ ਜਾ ਰਹੀ ਨਸਲਕੁਸ਼ੀ ਫੌਰਨ ਬੰਦ ਕਰਨ 'ਤੇ ਇੱਕ ਮਤਾ ਪਾਸ ਕੀਤਾ ਗਿਆ।ਇੱਕ ਹੋਰ ਮਤੇ ਦੇ ਦੁਆਰਾ ਭਾਰਤ ਪਾਕਿਸਤਾਨ ਵਿੱਚ ਸੱਭਿਆਚਾਰਕ ਤੇ ਵਪਾਰਕ ਸਬੰਧਾਂ ਨੂੰ ਖੋਲ੍ਹਣ ਦੀ ਗੱਲ ਕਹੀ ਗਈ।ਕਾਨਫਰੰਸ ਦਾ ਉਦਘਾਟਨ ਨਾਮਧਾਰੀ ਦਰਬਾਰ ਦੇ ਪ੍ਰਧਾਨ ਸੂਬਾ ਬਲਵਿੰਦਰ ਸਿੰਘ ਝੱਲ ਨੇ ਆਪਣੇ ਖ਼ੂਬਸੂਰਤ ਸ਼ਬਦਾਂ ਨਾਲ ਕੀਤਾ ਤੇ ਉਹ ਇੱਕ ਵੱਡੇ ਜੱਥੇ ਨਾਲ ਸ਼ਾਮਲ ਹੋਏ।ਡਾ. ਪਰਮ ਸੈਣੀ ਮਨੋਵਿਗਿਆਨ ਵੱਲੋਂ ਯੁੱਧ ਦੇ ਮਾਨਸਿਕ ਪ੍ਰਭਾਵਾਂ ਬਾਰੇ ਪੇਸ਼ਕਾਰੀ ਦਿੱਤੀ ਗਈ।ਯੁੱਧ ਦੇ ਵਾਤਾਵਰਣ ਤੇ ਪ੍ਰਭਾਵਾਂ ਬਾਰੇ ਸਾਂਝੇ ਤੌਰ 'ਤੇ ਡਾ. ਤੇਜਿੰਦਰ ਤੂਰ, ਡਾ. ਗੁਰਵੀਰ ਸਿੰਘ, ਡਾ. ਅੰਕੁਸ਼ ਕੁਮਾਰ, ਡਾ. ਸੀਰਤ ਸਿੰਘ ਤੇ ਡਾ. ਰਜਤ ਗਰੋਵਰ ਵੱਲੋਂ ਪੇਸ਼ਕਾਰੀ ਦਿੱਤੀ ਗਈ।ਹੀਰੋਸ਼ੀਮਾ ਤੇ ਨਾਗਾਸਾਕੀ ਤੇ ਹੋਏ ਪ੍ਰਮਾਣੂ ਹਮਲਿਆਂ ਬਾਬਤ ਦੋ ਲਘੂ ਫਿਲਮਾਂ ਵੀ ਦਿਖਾਈਆਂ ਗਈਆਂ।ਸ. ਅਮਰਜੀਤ ਸਿੰਘ ਟਿੱਕਾ ਉੱਚੇਚੇ ਮਹਿਮਾਨ ਵਜੋਂ ਸ਼ਾਮਲ ਹੋਏ ਤੇ ਉਨ੍ਹਾਂ ਅਮਨ ਦੀ ਸ਼ਲਾਘਾ ਕੀਤੀ।ਸ਼ੁਰੂ ਵਿੱਚ ਕਨਵੀਨਰ ਡਾ. ਬਲਬੀਰ ਸ਼ਾਹ ਨੇ ਮੁੱਦੇ ਦੀ ਜਾਣ ਪਹਿਚਾਣ ਕਰਵਾਉਂਦਿਆਂ ਪ੍ਰਮਾਣੂ ਹਥਿਆਰਾਂ ਦੇ ਭਿਆਨਕ ਪ੍ਰਭਾਵਾਂ ਦਾ ਜ਼ਿਕਰ ਕਰਦਿਆਂ ਪ੍ਰਮਾਣੂ ਪੀੜਤਾਂ ਦੀ ਯਾਦ 'ਤੇ ਹਥਿਆਰਾਂ ਦੇ ਖ਼ਿਲਾਫ਼ ਵੱਡੀ ਲਹਿਰ ਉਸਾਰੀ ਜਾਣੀ ਚਾਹੀਦੀ ਹੈ।ਡਾਕਟਰ ਸਰਬਜੀਤ ਸਿੰਘ ਪ੍ਰਧਾਨ ਪੰਜਾਬੀ ਸਾਹਿਤ ਅਕਾਦਮੀ ਲੁਧਿਆਣਾ ਨੇ ਸਭ ਦਾ ਸਵਾਗਤ ਕਰਦਿਆਂ ਕਿਹਾ ਕਿ ਪਿਛਾਂਹਾਂ ਜੰਗ ਦੇ ਖ਼ਿਲਾਫ਼ ਇੱਕ ਲੋਕ-ਪੱਖੀ ਜੰਗ ਲੜਨ ਦੀ ਲੋੜ ਹੈ।ਕੁੰਜੀਵਤ ਭਾਸ਼ਣ 'ਤੇ ਬਾਅਦ ਖੁੱਲ੍ਹੀ ਚਰਚਾ ਕਰਾਈ ਗਈ, ਜਿਸ ਦਾ ਸੰਚਾਲਨ ਡਾ. ਭਾਰਤੀ ਉੱਪਲ ਨੇ ਕੀਤਾ ਤੇ ਅਨੇਕਾਂ ਸਰੋਤਿਆਂ ਨੇ ਇਸ ਵਿੱਚ ਆਪਣੇ ਵਿਚਾਰ ਦਿੱਤੇ।ਡਾ. ਸੁਖਦੇਵ ਸਿੰਘ ਸਿਰਸਾ ਨੇ ਗੋਸ਼ਟੀ ਦਾ ਨਿਚੋੜ ਪੇਸ਼ ਕਰਦਿਆਂ ਕਿਹਾ ਕਿ ਸਾਡੀ ਗਦਰੀ ਬਾਬਿਆਂ ਸ਼ਹੀਦਾਂ ਤੇ ਗੁਰੂਆਂ ਪੀਰਾਂ ਦੀ ਅਮੀਰ ਪ੍ਰੰਪਰਾ ਹੈ, ਜਿਸ 'ਤੇ ਇੱਕ ਵੱਡੀ ਅਮਨ ਲਹਿਰ ਉਸਾਰੀ ਜਾ ਸਕਦੀ ਹੈ।ਡਾ. ਅਰੁਣ ਮਿੱਤਰਾ ਨੇ ਸਾਰੇ ਆਏ ਲੋਕਾਂ ਦਾ ਧੰਨਵਾਦ ਕੀਤਾ ਤੇ ਆਉਣ ਵਾਲੇ ਸਮਿਆਂ ਦੇ ਬਾਰੇ ਵੀ ਵਿਚਾਰਾਂ ਦੱਸੀਆਂ।ਮੰਚ ਸੰਚਾਲਨ ਦਾ ਸੰਚਾਲਨ ਡਾ. ਗੁਲਜ਼ਾਰ ਸਿੰਘ ਪੰਧੇਰ ਜਨਰਲ ਸਕੱਤਰ ਪੰਜਾਬੀ ਸਾਹਿਤ ਅਕਾਡਮੀ ਤੇ ਆਈ.ਡੀ.ਪੀ.ਡੀ. ਵੱਲੋਂ ਨੇਤਰ ਰੋਗਾਂ ਦੇ ਮਾਹਰ ਡਾ. ਪ੍ਰਗਿਆ ਸ਼ਰਮਾ ਨੇ ਕੀਤਾ।ਸਮਾਗਮ ਦੀ ਪ੍ਰਧਾਨਗੀ ਡਾ. ਅਰੁਣ ਮਿੱਤਰਾ, ਡਾ. ਭਾਰਤੀ ਉੱਪਲ, ਡਾ. ਬਲਬੀਰ ਸ਼ਾਹ, ਡਾ. ਸਰਬਜੀਤ ਸਿੰਘ, ਡਾ. ਗੁਲਜ਼ਾਰ ਸਿੰਘ ਪੰਧੇਰ, ਡਾ. ਸੁਖਦੇਵ ਸਿੰਘ ਸਿਰਸਾ ਤੇ ਡਾ. ਪਾਲ ਕੌਰ ਦੇ ਪ੍ਰਧਾਨਗੀ ਮੰਡਲ ਨੇ ਕੀਤੀ।ਕਾਨਫਰੰਸ ਨੂੰ ਨੇਪਰੇ ਚਾੜ੍ਹਨ ਦੇ ਵਿੱਚ ਡਾ. ਹਰੀ ਸਿੰਘ ਜਾਚਕ, ਐੱਮ. ਐੱਸ. ਭਾਟੀਆ, ਪ੍ਰਦੀਪ ਸ਼ਰਮਾ, ਡੀ. ਪੀ. ਮੌੜ, ਡਾ. ਗੁਰਚਰਨ ਕੌਰ ਕੋਚਰ, ਇੰਦਰਜੀਤ ਪਾਲ ਕੌਰ, ਸਰੂਪ ਸਿੰਘ ਤੇ ਰਣਜੀਤ ਸਿੰਘ ਨੇ ਭਰਪੂਰ ਯੋਗਦਾਨ ਕੀਤਾ।ਅੰਤ ਵਿੱਚ ਦੋਨਾਂ ਸੰਸਥਾਵਾਂ ਵੱਲੋਂ ਗੁਰਦੁਆਰਾ ਬਾਬਾ ਦੀਪ ਸਿੰਘ ਦੇ ਪ੍ਰਧਾਨ ਸ. ਸੁਰਿੰਦਰਪਾਲ ਸਿੰਘ ਬਿੰਦਰਾ ਦਾ ਸਮੁੱਚੇ ਲੰਗਰ ਦੇ ਖ਼ੂਬਸੂਰਤ ਪ੍ਰਬੰਧ ਲਈ ਧੰਨਵਾਦ ਕੀਤਾ।

ਕਾਨਫਰੰਸ ਤੋਂ ਪਹਿਲਾਂ ਭਾਰਤ ਨਗਰ ਚੌਕ ਤੋਂ ਪੰਜਾਬੀ ਭਵਨ ਤੱਕ ਪ੍ਰਮਾਣੂ ਹਥਿਆਰਾਂ ਦੇ ਵਿਰੋਧ ਵਿੱਚ ਪ੍ਰਦਰਸ਼ਨ ਕੀਤਾ ਗਿਆ।ਦੁਪਹਿਰ ਤੋਂ ਬਾਅਦ ਦੂਜੇ ਸੈਸ਼ਨ ਵਿੱਚ ਕਵੀ ਦਰਬਾਰ ਹੋਇਆ, ਜਿਸ ਦੀ ਪ੍ਰਧਾਨਗੀ ਡਾ. ਹਰੀ ਸਿੰਘ ਜਾਚਕ, ਅਰੁਣ ਮਿੱਤਰਾ, ਡਾ. ਜੋਗਿੰਦਰ ਸਿੰਘ ਨਿਰਾਲਾ, ਡਾ. ਗੁਰਚਰਨ ਕੌਰ ਕੋਚਰ, ਤ੍ਰੈਲੋਚਨ ਲੋਚੀ ਸ਼ਾਮਲ ਹੋਏ।ਮਨਦੀਪ ਕੌਰ ਭੰਮਰਾ, ਰਘੂਬੀਰ ਸਿੰਘ, ਦਲਬੀਰ ਕਲੇਰ, ਸੁਰਿੰਦਰ ਜੈਪਾਲ, ਕਾਮਰੇਡ ਰਘੂਬੀਰ ਸਿੰਘ, ਸੋਮਾ ਸਬਲੋਕ, ਜਸਵੀਰ ਝੱਜ, ਮਨੂਬੁਆਣੀ, ਦੀਪ ਜਗਦੀਪ, ਪਰਮਜੀਤ ਮਹਿਕ, ਕਰਮਜੀਤ ਸਿੰਘ ਗਰੇਵਾਲ, ਦਰਸ਼ਨ ਸਿੰਘ ਰਾਏ, ਮਨਜਿੰਦਰ ਕੰਵਲ, ਦਲਬੀਰ ਕਲੇਰ, ਰਣਜੀਤ ਗਰੇਵਾਲ ਨੇ ਕਵਿਤਾਵਾਂ ਪੜ੍ਹੀਆਂ।

# ਖ਼ੁਦਕੁਸ਼ੀ ਕਾਂਡ : ਮ੍ਰਿਤਕਾਂ ਨੂੰ ਸੇਜਲ ਅੱਖਾਂ ਨਾਲ ਅੰਤਿਮ ਵਿਦਾਇਗੀ

**ਪਾਤੜਾਂ (ਨਿਸ਼ਾਨ ਸਿੰਘ ਬਣਵਾਲਾ)**

ਟਰੱਕ ਮਾਲਕ ਪੁਲਸ ਮੁਲਾਜ਼ਮ ਦੀ ਕੁੱਟਮਾਰ ਦਾ ਸ਼ਿਕਾਰ ਹੋਣ ਮਗਰੋਂ ਨਮੋਸ਼ੀ ਨਾ ਸਹਾਰਦਿਆਂ ਖ਼ੁਦਕੁਸ਼ੀ ਕਰ ਜਾਣ ਵਾਲੇ ਪਿੰਡ ਨਿਆਲ ਦੇ ਟਰੱਕ ਡਰਾਈਵਰ ਤੇ ਕੰਡਕਟਰ ਦੋਸਤਾਂ ਦੇ ਮਾਮਲੇ ਵਿੱਚ ਐਕਸ਼ਨ ਕਮੇਟੀ ਤੇ ਪ੍ਰਸ਼ਾਸਨ ਨੂੰ ਵਿਚਕਾਰ ਸ਼ਨੀਵਾਰ ਦੇਰ ਸ਼ਾਮ ਹੋਏ ਸਮਝੌਤੇ ਤਹਿਤ ਐਤਵਾਰ ਦੁਪਹਿਰ ਸਮੇਂ ਦੋਨਾਂ ਮ੍ਰਿਤਕ ਨੌਜਵਾਨਾਂ ਦਵਿੰਦਰ ਸਿੰਘ ਤੇ ਹਰਪ੍ਰੀਤ ਸਿੰਘ ਦਾ ਅੰਤਿਮ ਸਸਕਾਰ ਕਰ ਦਿੱਤਾ ਗਿਆ।ਅੰਤਿਮ ਸਸਕਾਰ ਮੌਕੇ ਸੰਘਰਸ਼ਸ਼ੀਲ ਜਨਤਕ ਜਥੇਬੰਦੀਆਂ ਦੇ ਵੱਡੀ ਗਿਣਤੀ ਵਿੱਚ ਆਗੂਆਂ ਤੇ ਵਰਕਰਾਂ ਸਮੇਤ ਐਕਸ਼ਨ ਕਮੇਟੀ ਮੈਂਬਰਾਂ, ਪਿੰਡ ਤੇ ਇਲਾਕੇ ਤੋਂ ਹਜ਼ਾਰਾਂ ਦੀ ਗਿਣਤੀ ਵਿੱਚ ਲੋਕਾਂ ਨੇ ਪਹੁੰਚ ਕੇ ਸੇਜਲ ਅੱਖਾਂ ਨਾਲ ਅੰਤਿਮ ਵਿਦਾਇਗੀ ਦਿੱਤੀ ਗਈ।

ਅੰਤਿਮ ਯਾਤਰਾ ਦੌਰਾਨ ਐਕਸ਼ਨ ਕਮੇਟੀ ਦੇ ਮੈਂਬਰਾਂ ਸਮੇਤ ਸਰਪੰਚ ਪ੍ਰਦੀਪ ਸਿੰਘ ਨਿਆਲ, ਜਮਹੂਰੀ ਕਿਸਾਨ ਸਭਾ ਦੇ ਸੂਬਾਈ ਆਗੂ ਪ੍ਰਗਟ ਸਿੰਘ ਜਾਮਾਰਾਏ, ਕ੍ਰਾਂਤੀਕਾਰੀ ਕਿਸਾਨ ਯੂਨੀਅਨ ਦੇ ਸੂਬਾ ਮੀਤ ਪ੍ਰਧਾਨ ਹਰਭਜਨ ਸਿੰਘ ਬੁੱਟਰ, ਕੁੱਲ ਹਿੰਦ ਕਿਸਾਨ ਸਭਾ ਦੇ ਸੂਬਾ ਡਿਪਟੀ ਜਨਰਲ ਸਕੱਤਰ ਕੁਲਵੰਤ ਸਿੰਘ ਮੌਲਵੀਵਾਲਾ, ਭਾਰਤੀ ਕਿਸਾਨ ਯੂਨੀਅਨ ਏਕਤਾ ਆਜ਼ਾਦ ਦੇ ਸੂਬਾਈ ਆਗੂ ਮਨਜੀਤ ਸਿੰਘ ਨਿਆਲ, ਕਿਰਤੀ ਕਿਸਾਨ ਯੂਨੀਅਨ ਦੇ ਜ਼ਿਲ੍ਹ ਪ੍ਰੈੱਸ ਸਕੱਤਰ ਗੁਰਵਿੰਦਰ ਸਿੰਘ ਦੇਧਨਾਂ ਤੋਂ ਇਲਾਵਾ ਕਾਂਗਰਸ ਦੇ ਹਲਕਾ ਇੰਚਾਰਜ ਦਰਬਾਰਾ ਸਿੰਘ ਬਣਵਾਲਾ, ਹਲਕਾ ਸ਼ੁਤਰਾਣਾ ਦੇ ਲੋਕ ਆਗੂ ਡਾਕਟਰ ਜਤਿੰਦਰ ਸਿੰਘ ਮੱਟੂ, ਅਕਾਲੀ ਦਲ ਦੇ ਜ਼ਿਲ੍ਹਾ ਪ੍ਰਧਾਨ ਜਗਮੀਤ ਸਿੰਘ ਹਰਿਆਊ, ਸਮਾਜ ਸੇਵੀ ਆਗੂ ਪਲਵਿੰਦਰ ਕੌਰ ਹਰਿਆਊ, ਡਾਕਟਰ ਬਹਾਦਰ ਸਿੰਘ ਘੱਗਾ, ਬਸਪਾ ਆਗੂ ਸਤਬੀਰ ਸਿੰਘ ਨਾਈਵਾਲਾ, ਗੁਰਮੇਲ ਸਿੰਘ ਘੱਗਾ, ਸੁਖਦੇਵ ਸਿੰਘ ਨਿਆਲ, ਰਾਮਚੰਦ ਚੂਨਾਗਰਾ, ਅਮਰਜੀਤ ਸਿੰਘ ਦੁਗਾਲ ਸਾਹਿਬ ਸਿੰਘ ਦੁਤਾਲ, ਗੁਰਜਿੰਦਰ ਸਿੰਘ ਸਧਾਰਨਪੁਰ ਤੇ ਅਮਰਿੰਦਰ ਸਿੰਘ ਘੱਗਾ ਦੀ ਅਗਵਾਈ ਵਿੱਚ ਜਥਿਆਂ ਨੇ ਸ਼ਮੂਲੀਅਤ ਕੀਤੀ।ਐਕਸ਼ਨ ਕਮੇਟੀ ਦੇ ਆਗੂ ਮਨਜੀਤ ਸਿੰਘ ਨਿਆਲ ਨੇ ਦੱਸਿਆ ਕਿ ਭਾਵੇਂ ਪਿੰਡ ਵਿੱਚ ਵੱਖ-ਵੱਖ ਬਿਰਾਦਰੀਆਂ ਦੇ ਅੱਡੋ ਸ਼ਮਸ਼ਾਨ ਘਾਟ ਹਨ, ਪਰ ਪਿੰਡ ਵਾਸੀਆਂ ਵੱਲੋਂ ਸਰਬਸੰਮਤੀ ਨਾਲ ਲਏ ਗਏ ਫੈਸਲੇ ਅਨੁਸਾਰ ਦੋਨਾਂ ਮ੍ਰਿਤਕਾਂ ਦੇ ਸਸਕਾਰ ਇੱਕ ਹੀ ਜਗ੍ਹਾ ਕੀਤੇ ਗਏ ਹਨ।ਉਨ੍ਹਾਂ ਦੱਸਿਆ ਕਿ ਐਕਸ਼ਨ ਕਮੇਟੀ ਵੱਲੋਂ ਲਏ ਗਏ ਫ਼ੈਸਲੇ ਅਨੁਸਾਰ ਸ਼ਰਧਾਂਜਲੀ ਸਮਾਰੋਹ ਵੀ ਇੱਕੋ ਦਿਨ ਇੱਕ ਹੀ ਜਗ੍ਹਾ ਉੱਤੇ ਕੀਤਾ ਜਾਵੇਗਾ।

ਜ਼ਿਕਰਯੋਗ ਹੈ ਕਿ ਸਿਵਲ ਤੇ ਪੁਲਸ ਪ੍ਰਸ਼ਾਸਨ ਉੱਤੇ ਲਗਾਤਾਰ ਵਧੇ ਦਬਾਅ ਮਗਰੋਂ ਬੀਤੇ ਸ਼ਨੀਵਾਰ ਦੇਰ ਸ਼ਾਮ ਪ੍ਰਸ਼ਾਸਨ ਤੇ ਐਕਸ਼ਨ ਕਮੇਟੀ ਦੇ ਆਗੂਆਂ ਵਿਚਕਾਰ ਹੋਈ ਮੀਟਿੰਗ ਵਿੱਚ ਕੀਤੇ ਗਏ ਫੈਸਲਿਆਂ ਅਨੁਸਾਰ ਦੋਵਾਂ ਮ੍ਰਿਤਕ ਨੌਜਵਾਨਾਂ ਦੇ ਬੱਚਿਆਂ ਨੂੰ ਪੁਲਸ ਵਿਭਾਗ ਵਿੱਚ ਪੱਕੀ ਨੌਕਰੀ ਤੇ ਪਰਵਾਰਾਂ ਨੂੰ ਚਾਰ-ਚਾਰ ਲੱਖ ਰੁਪਏ ਦੀ ਵਿੱਤੀ ਸਹਾਇਤਾ ਪ੍ਰਦਾਨ ਕੀਤੇ ਜਾਣ ਦੇ ਨਾਲ ਨਾਲ ਪੰਜਾਬ ਸਰਕਾਰ ਵੱਲੋਂ ਪਰਵਾਰਾਂ ਨੂੰ 50-50 ਲੱਖ ਰੁਪਏ ਦੀ ਸਹਾਇਤਾ ਦੇਣ ਲਈ ਕੇਸ ਬਣਾ ਕੇ ਭੇਜਣ ਤੇ ਮੁੱਖ ਦੋਸ਼ੀ ਦੀ ਗ੍ਰਿਫਤਾਰੀ ਦਾ ਭਰੋਸਾ ਦੇਣ ਮਗਰੋਂ ਲੋਕ ਮ੍ਰਿਤਕਾਂ ਦੇ ਅੰਤਿਮ ਸਸਕਾਰ ਲਈ ਰਾਜ਼ੀ ਹੋਏ ਸਨ।

## ਕਾਤਰਾਂ

### ਨਸ਼ੇ ਦੀਆਂ ਗੋਲੀਆਂ ਸਮੇਤ ਗ੍ਰਿਫਤਾਰ

**ਸ੍ਰੀ ਫ਼ਤਹਿਗੜ੍ਹ ਸਾਹਿਬ (ਪ੍ਰਮੋਦ ਭਾਰਦਵਾਜ)**-ਥਾਣਾ ਖੇੜੀ ਨੌਧ ਸਿੰਘ ਦੀ ਪੁਲਸ ਵੱਲੋਂ ਨਸ਼ੇ ਲਈ ਵਰਤੀਆਂ ਜਾਣ ਵਾਲੀਆਂ ਗੋਲੀਆਂ ਸਮੇਤ ਇੱਕ ਨੌਜਵਾਨ ਨੂੰ ਕਾਬੂ ਕੀਤੇ ਜਾਣ ਦਾ ਸਮਾਚਾਰ ਹੈ।ਪ੍ਰਾਪਤ ਜਾਣਕਾਰੀ ਅਨੁਸਾਰ ਥਾਣਾ ਖੇੜੀ ਨੌਧ ਸਿੰਘ ਦੀ ਇੱਕ ਪੁਲਸ ਪਾਰਟੀ ਸ਼ਾਮ ਨੂੰ ਗਸ਼ਤ ਦੇ ਸਬੰਧ 'ਚ ਪਿੰਡ ਰਾਏਪੁਰ ਨੇੜੇ ਮੌਜੂਦ ਸੀ, ਜਿਸ ਦੌਰਾਨ ਰਾਏਪੁਰ ਵੱਲੋਂ ਆ ਰਹੇ ਗੁਰਜੰਟ ਸਿੰਘ ਉਰਫ ਜੰਟੀ ਨੂੰ ਚੈਕਿੰਗ ਲਈ ਰੋਕਿਆ ਗਿਆ, ਜਿਸ ਦੀ ਤਲਾਸ਼ੀ ਦੌਰਾਨ ਉਕਤ ਨੌਜਵਾਨ ਦੇ ਕਬਜ਼ੇ 'ਚੋਂ ਨਸ਼ੇ ਦੀਆਂ 75 ਗੋਲੀਆਂ ਬਰਾਮਦ ਹੋਈਆਂ।ਇਸ ਸਬੰਧੀ ਥਾਣਾ ਖੇੜੀ ਨੌਧ ਸਿੰਘ ਵਿਖੇ ਅ/ਧ 22(ਬੀ) ਐੱਨ.ਡੀ.ਪੀ.ਐੱਸ. ਐਕਟ ਤਹਿਤ ਦਰਜ ਕਰਵਾਏ ਗਏ ਮੁਕੱਦਮੇ 'ਚ ਗੁਰਜੰਟ ਸਿੰਘ ਉਰਫ ਜੰਟੀ ਵਾਸੀ ਪਿੰਡ ਜੱਲੋਵਾਲ ਨੂੰ ਗ੍ਰਿਫਤਾਰ ਕਰਕੇ ਸਹਾਇਕ ਥਾਣੇਦਾਰ ਜਗਦੀਪ ਸਿੰਘ ਵੱਲੋਂ ਮਾਮਲੇ ਦੀ ਤਫਤੀਸ਼ ਸ਼ੁਰੂ ਕਰ ਦਿੱਤੀ ਗਈ ਹੈ।

### ਬੱਸੀਆਂ ਰਾਏਕੋਟ 'ਚ ਗੁਰਮਤਿ ਸਮਾਗਮ 5 ਤੇ 6 ਨੂੰ

**ਸ਼ੇਰਪੁਰ (ਰਵੀ ਟਿੱਬਾ)**-ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੇ ਪਹਿਲੇ ਪ੍ਰਕਾਸ਼ ਪੁਰਬ ਨੂੰ ਸਮਰਪਤ ਤੇ ਭਾਈ ਗੁਰਵਿੰਦਰ ਸਿੰਘ ਭੁਜੰਗੀ, ਜਸਰਾਜ ਸਿੰਘ ਦੇ ਜਨਮ ਦਿਨ ਦੀ ਖੁਸ਼ੀ ਵਿੱਚ ਗੁਰਮਤਿ ਸਮਾਗਮ 5 ਤੇ 6 ਅਗਸਤ ਸ਼ਾਮ 7 ਵਜੇ ਤੋਂ ਲੈ ਕੇ 9 ਵਜੇ ਤੱਕ ਗੁਰਦੁਆਰਾ ਸ੍ਰੀ ਗੁਰੂ ਰਵਿਦਾਸ ਜੀ ਪਿੰਡ ਬੱਸੀਆਂ ਰਾਏਕੋਟ (ਲੁਧਿਆਣਾ) ਵਿਖੇ ਕਰਵਾਇਆ ਜਾ ਰਿਹਾ ਹੈ।ਇਸ ਸਮਾਗਮ ਵਿੱਚ ਉਚੇਚੇ ਤੌਰ 'ਤੇ ਉੱਘੇ ਪੰਥ ਪ੍ਰਚਾਰਕ ਵਾਤਾਵਰਨ ਪ੍ਰੇਮੀ ਸੰਤ ਬਾਬਾ ਮਨਪ੍ਰੀਤ ਸਿੰਘ ਜੀ ਅਲੀਪੁਰ ਖਾਲਸਾ ਵਾਲੇ ਗੁਰਬਾਣੀ ਕੀਰਤਨ ਨਾਲ ਸੰਗਤਾਂ ਨੂੰ ਨਿਹਾਲ ਕਰਨਗੇ।ਇਸ ਸਮਾਗਮ ਵਿੱਚ ਹੋਰਨਾਂ ਤੋਂ ਇਲਾਵਾ ਭਾਈ ਗੁਰਵਿੰਦਰ ਸਿੰਘ ਬੱਸੀਆਂ ਵਾਲੇ, ਰਾਗੀ ਗੁਰਜੰਟ ਸਿੰਘ ਬੱਸੀਆਂ ਵਾਲੇ ਹੈੱਡ ਗ੍ਰੰਥੀ ਗੁਰਦੁਆਰਾਸਿੰਘ ਸਭਾ, ਭਾਈ ਰਣਜੀਤ ਸਿੰਘ ਝਨੇਰ ਅਲੀਪੁਰ ਖਾਲਸਾ ਵਾਲੇ, ਬਾਬਾ ਰਵਿੰਦਰ ਪ੍ਰੀਤ ਸਿੰਘ ਜੀ ਡੋਲਣ ਵਾਲੇ, ਜਥੇਦਾਰ ਬਾਬਾ ਗੁਰਦੀਪ ਸਿੰਘ ਜੀ ਬੁਰਜ ਹਰੀ ਸਿੰਘ ਵਾਲੇ, ਭਾਈ ਪਲਵਿੰਦਰ ਸਿੰਘ ਜੀ ਹਲਵਾਰੇ ਵਾਲੇ ਆਦਿ ਮਹਾਂਪੁਰਸ਼ ਵੀ ਸਮਾਗਮ ਵਿੱਚ ਵਿਸ਼ੇਸ਼ ਤੌਰ 'ਤੇ ਸ਼ਮੂਲੀਅਤ ਕਰਨਗੇ।

### 18 ਗ੍ਰਾਮ ਹੈਰੋਇਨ ਸਣੇ 2 ਕਾਬੂ

**ਜਲਾਲਾਬਾਦ (ਜੀਤ ਕੁਮਾਰ)**-ਥਾਣਾ ਸਦਰ ਜਲਾਲਾਬਾਦ ਤੇ ਥਾਣਾ ਵੈਰੋਕੇ ਦੀ ਪੁਲਸ ਵੱਲੋਂ ਵੱਖ ਵੱਖ ਥਾਵਾਂ ਤੋਂ 2 ਵਿਅਕਤੀਆਂ ਨੂੰ 18 ਗ੍ਰਾਮ ਹੈਰੋਇਨ ਸਣੇ ਗ੍ਰਿਫਤਾਰ ਕਰਨ ਵਿੱਚ ਸਫਲਤਾ ਪ੍ਰਾਪਤ ਕੀਤੀ ਗਈ ਹੈ। ਥਾਣਾ ਸਦਰ ਜਲਾਲਾਬਾਦ ਵਿਖੇ ਦਰਜ ਮੁਕੱਦਮੇ ਦੇ ਤਫਤੀਸ਼ੀ ਅਫਸਰ ਸਹਾਇਕ ਥਾਣੇਦਾਰ ਸੁਖਦੇਵ ਸਿੰਘ ਨੇ ਦੱਸਿਆ ਕਿ ਗਸ਼ਤ ਦੌਰਾਨ ਜਦੋਂ ਪੁਲਸ ਪਾਰਟੀ ਪਿੰਡ ਫੱਤੂਵਾਲਾ ਕੋਲ ਪੁੱਜੀ ਤਾਂ ਬਲਵਿੰਦਰ ਸਿੰਘ ਉਰਫ ਬਿੱਟੂ ਪੁੱਤਰ ਮੱਖਣ ਸਿੰਘ ਵਾਸੀ ਫੱਤੂਵਾਲਾ ਨੂੰ ਸ਼ੱਕ ਦੇ ਅਧਾਰ 'ਤੇ ਕਾਬੂ ਕਰਕੇ ਤਲਾਸ਼ੀ ਲਈ ਗਈ ਤਾਂ ਉਸ ਕੋਲੋਂ 8 ਗ੍ਰਾਮ ਹੈਰੋਇਨ ਬਰਾਮਦ ਹੋਈ। ਉਧਰ, ਥਾਣਾ ਵੈਰੋਕੇ ਵਿਖੇ ਦਰਜ ਮੁਕੱਦਮੇ ਦੇ ਜਾਂਚ ਅਧਿਕਾਰੀ ਸਹਾਇਕ ਥਾਣੇਦਾਰ ਮਹਿੰਦਰ ਸਿੰਘ ਨੇ ਦੱਸਿਆ ਕਿ ਗਸ਼ਤ ਦੌਰਾਨ ਜਦੋਂ ਪੁਲਸ ਪਿੰਡ ਬਾਹਮਣੀਵਾਲਾ ਸੇਮਨਾਲੇ ਦੀ ਪਟੜੀ ਕੋਲ ਪੁੱਜੇ ਤਾਂ ਸਾਹਮਣੇ ਤੋਂ ਇੱਕ ਨੌਜਵਾਨ ਪੈਦਲ ਆਉਂਦਾ ਦਿਖਾਈ ਦਿੱਤਾ, ਜਿਸ ਨੂੰ ਪੁਲਸ ਪਾਰਟੀ ਨੇ ਕਾਬੂ ਕਰਕੇ ਤਲਾਸ਼ੀ ਲਈ ਤਾਂ ਕੁਲਵੰਤ ਸਿੰਘ ਪੁੱਤਰ ਜੋਗਿੰਦਰ ਸਿੰਘ ਵਾਸੀ ਚੱਕ ਬਲੋਚਾਂ ਉਰਫ ਮਹਾਲਮ ਦੇ ਕਬਜ਼ੇ ਵਿੱਚੋਂ 10 ਗ੍ਰਾਮ ਹੈਰੋਇਨ ਬਰਾਮਦ ਹੋਈ। ਇਨ੍ਹਾਂ ਵਿਅਕਤੀਆਂ ਨੂੰ ਹੈਰੋਇਨ ਸਮੇਤ ਪੁਲਸ ਨੇ ਕਾਬੂ ਕਰਨ ਉਪਰੰਤ ਥਾਣਾ ਸਦਰ ਜਲਾਲਾਬਾਦ ਤੇ ਥਾਣਾ ਵੈਰੋਕੇ ਵਿਖੇ ਕੇਸ ਦਰਜ ਕੀਤਾ ਗਿਆ ਹੈ।

# ਆਲ ਇੰਡੀਆ ਆਸ਼ਾ ਵਰਕਰਜ਼ ਫੈਸਿਲੀਟੇਟਰਜ਼ ਯੂਨੀਅਨ ਏਟਕ ਵੱਲੋਂ 25 ਤੋਂ ਸਾਰੇ ਕੰਮਾਂ ਦਾ ਕੀਤਾ ਜਾਵੇਗਾ ਬਾਈਕਾਟ : ਅਮਰਜੀਤ ਕੌਰ



**ਮੋਗਾ (ਇਕਬਾਲ ਸਿੰਘ ਖਹਿਰਾ)**-ਆਲ ਇੰਡੀਆ ਆਸ਼ਾ ਵਰਕਰਜ਼ ਫੈਸਿਲੀਟੇਟਰਜ਼ ਯੂਨੀਅਨ ਪੰਜਾਬ ਗਰੁੱਪ ਏਟਕ ਮੁੱਖ ਦਫਤਰ ਪਸਸਫ 1680/22-ਬੀ ਚੰਡੀਗੜ੍ਹ ਵੱਲੋਂ ਸੀਨੀਅਰ ਮੀਤ ਪ੍ਰਧਾਨ ਦੁਰਗੋ ਬਾਈ ਫਾਜ਼ਿਲਕਾ ਦੀ ਅਗਵਾਈ ਵਿੱਚ ਸ਼ਹੀਦ ਨਛੱਤਰ ਸਿੰਘ ਧਾਲੀਵਾਲ ਭਵਨ ਮੋਗਾ ਵਿਖੇ ਆਸ਼ਾ ਵਰਕਰਜ਼ ਫੈਸਿਲੀਟੇਟਰਜ਼ ਦੀਆਂ ਲਮਕ ਅਵਸਥਾ ਵਿੱਚ ਪਈਆਂ ਗੰਭੀਰ ਮੰਗਾਂ ਤੇ ਮੁਸ਼ਕਲਾਂ 'ਤੇ ਵਿਚਾਰ ਵਟਾਂਦਰਾ ਕੀਤਾ ਗਿਆ।ਸੂਬਾ ਪ੍ਰਧਾਨ ਤੇ ਕੌਮੀ ਕੌਂਸਲ ਮੈਂਬਰ ਅਮਰਜੀਤ ਕੌਰ ਰਣ ਸਿੰਘ ਵਾਲਾ ਤੇ ਬਲਵੀਰ ਕੌਰ ਗਿੱਲ ਲੁਧਿਆਣ ਉਚੇਚੇ ਤੌਰ 'ਤੇ ਪੁੱਜੇ।ਆਗੂਆਂ ਨੇ ਆਖਿਆ ਕਿ ਆਮ ਆਦਮੀ ਪਾਰਟੀ ਪੰਜਾਬ ਸਰਕਾਰ ਨੇ ਚੋਣਾਂ ਤੋਂ ਪਹਿਲਾਂ ਆਗੂਆਂ ਨਾਲ ਵਾਅਦਾ ਕੀਤਾ ਸੀ ਕਿ ਸਾਡੀ ਸਰਕਾਰ ਆਉਂਦਿਆਂ ਤੁਹਾਡਾ ਫਿੱਕਸ ਭੱਤਾ 2500 ਰੁਪਏ ਤੋਂ ਵਧਾ ਕੇ 10 ਹਜ਼ਾਰ ਕੀਤਾ ਜਾਵੇਗਾ, ਪ੍ਰੰਤੂ ਪੂਰੇ ਸਾਢੇ ਤਿੰਨ ਸਾਲ ਬੀਤ ਜਾਣ 'ਤੇ ਵੀ ਪੰਜਾਬ ਭਰ ਦੀਆਂ ਵਰਕਰਾਂ ਦੇ ਹੋ ਰਹੇ ਸੋਸ਼ਲ ਵੱਲ ਜ਼ਰਾ ਵੀ ਸਰਕਾਰ ਦਾ ਧਿਆਨ ਨਹੀਂ, ਵਾਅਦਾ ਝੂਠਾ ਸਾਬਿਤ ਹੋਇਆ।ਇਹ ਵਾਅਦੇ ਨੇ ਪੰਜਾਬ ਭਰ ਦੀਆਂ ਵਰਕਰਾਂ ਦੇ ਹਿਰਦੇ ਵਲੂੰਧਰੇ ਪੈਏ ਹਨ।ਹੱਕੀ ਮੰਗਾਂ ਮਨਵਾਉਣ ਲਈ ਜਿਵੇਂ ਕਿ ਰੈਗੂਲਰ ਕਰਨ ਉਪਰੰਤ 28000 ਰੁਪਏ ਦੀ ਡਿਮਾਂਡ, ਕੱਟੇ ਹੋਏ ਭੱਤੇ ਬਹਾਲ ਕਰਨ ਲਈ, ਸੇਵਾ ਮੁਕਤ ਹੋਣ ਤੇ ਸਹਾਇਤਾ ਫੰਡ 5 ਲੱਖ ਰੁਪਏ, ਪੈਨਸ਼ਨ ਦਾ ਪ੍ਰਬੰਧ, ਫੈਸਿਲੀਟੇਟਰਜ਼ ਦੇ ਮਿਲਣ ਵਾਲੇ 1 ਹਜ਼ਾਰ ਵਿੱਚ ਵਾਧਾ, ਟੂਰ ਮਨੀ ਵਿੱਚ ਵਾਧਾ, 10 ਆਸ਼ਾ ਨੂੰ ਇੱਕ ਫੈਸਿਲੀਟੇਟਰਜ਼ 'ਤੇ ਭਰਤੀ ਕਰਨਾ ਆਦਿ ਮੰਗਾਂ ਦਾ ਹੱਲ ਮੀਟਿੰਗ ਬੁਲਾ ਕੇ ਨਹੀਂ ਹੁੰਦਾ ਤਾਂ 25 ਅਗਸਤ ਤੋਂ 31 ਅਗਸਤ ਤੱਕ ਪੂਰਨ ਤੌਰ 'ਤੇ ਸਿਹਤ ਵਿਭਾਗ ਦੇ ਸਾਰੇ ਕੰਮਾਂ ਦਾ ਬਾਈਕਾਟ ਕੀਤਾ ਜਾਵੇਗਾ।ਇਸ ਦੇ ਸਿੱਟੇ ਦੀ ਪੰਜਾਬ ਸਰਕਾਰ ਖੁਦ ਜ਼ਿੰਮੇਵਾਰ ਹੋਵੇਗੀ।

ਇਸ ਮੀਟਿੰਗ ਦੌਰਾਨ ਪੰਜਾਬ ਆਗੂ ਨੀਲਮ ਰਾਣੀ ਜ਼ਿਲ੍ਹਾ ਜਰਨਲ ਸਕੱਤਰ ਫਾਜ਼ਿਲਕਾ, ਜ਼ਿਲ੍ਹਾ ਪ੍ਰਧਾਨ ਸੰਤੋਸ਼ ਕੁਮਾਰੀ ਫਾਜ਼ਿਲਕਾ, ਸਵਰਨਜੀਤ ਕੌਰ ਬਲਾਕ ਪ੍ਰਧਾਨ ਜਲਾਲਾਬਾਦ, ਪੰਜਾਬ ਵਿੱਤ ਸਕੱਤਰ ਸੀਮਾ ਸੋਹਲ ਸ੍ਰੀ ਤਰਨਤਾਰਨ ਸਾਹਿਬ, ਜ਼ਿਲ੍ਹਾ ਪ੍ਰਧਾਨ ਅਮਨਦੀਪ ਕੌਰ ਮੋਗਾ, ਜ਼ਿਲ੍ਹਾ ਜਰਨਲ ਸਕੱਤਰ ਅਮਨਦੀਪ ਕੌਰ ਰੱਤੂ, ਨਿੰਦਰ ਕੌਰ ਮੋਗਾ, ਥਾਣੀ ਕੌਰ, ਜਸਵਿੰਦਰ ਕੌਰ ਆਦਿ ਸਾਥੀ ਸ਼ਾਮਲ ਹੋਏ।

# ਪੇਂਡੂ ਤੇ ਖੇਤ ਮਜ਼ਦੂਰ ਜਥੇਬੰਦੀਆਂ ਵੱਲੋਂ ਅਮਨ ਅਰੋੜਾ ਦੇ ਘਰ ਅੱਗੇ ਧਰਨਾ ਅੱਜ

## ਵੱਡੀ ਗਿਣਤੀ ਖੇਤ ਮਜ਼ਦੂਰ ਹੋਣਗੇ ਸ਼ਾਮਲ : ਢੀਂਡਸਾ

**ਮੂਣਕ (ਰਾਜਪਾਲ ਸਿੰਗਲਾ)**-ਪੇਂਡੂ ਤੇ ਖੇਤ ਮਜ਼ਦੂਰ ਜਥੇਬੰਦੀਆਂ ਦੇ ਸਾਂਝੇ ਮੋਰਚੇ ਦੇ ਸੱਦੇ ਉੱਤੇ 4 ਅਗਸਤ ਨੂੰ ਹਲਕਾ ਸਨਾਮ ਤੋਂ ਆਮ ਆਦਮੀ ਪਾਰਟੀ ਦੇ ਕੈਬਨਿਟ ਮੰਤਰੀ ਅਮਨ ਅਰੋੜਾ ਦੀ ਰਹਾਇਸ਼ ਅੱਗੇ ਧਰਨੇ ਦੀ ਤਿਆਰੀ ਲਈ ਇਥੇ ਇਲਾਕੇ ਮੂਣਕ ਦੇ ਪਿੰਡ ਸਲੇਮਗੜ੍ਹ, ਗੋਬਿੰਦਪੁਰਾ ਪਾਪੜਾ, ਲੇਹਿਲ ਕਲਾਂ, ਢੀਂਡਸਾ, ਕੋਟੜਾ ਲੇਹਲ, ਗਾਗਾ, ਗੰਡੂਆਂ, ਛਾਹੜ ਵਿਖੇ ਮੀਟਿੰਗਾਂ ਕੀਤੀਆਂ ਗਈਆਂ, ਜਿਸ ਨੂੰ ਪੰਜਾਬ ਖੇਤ ਮਜ਼ਦੂਰ ਯੂਨੀਅਨ ਦੇ ਇਲਾਕਾ ਕਮੇਟੀ ਆਗੂ ਬਲਵਿੰਦਰ ਸਿੰਘ ਕੱਲਰ ਭੈਣੀ, ਗੁਰਜੰਟ ਸਿੰਘ ਲੇਹਿਲ ਕਲਾਂ ਨੇ ਸੰਬੋਧਨ ਕਰਦਿਆਂ ਕਿਹਾ ਕਿ ਭਗਵੰਤ ਮਾਨ ਸਰਕਾਰ ਪਿਛਲੀਆਂ ਸਰਕਾਰਾਂ ਵਾਂਗ ਹੀ ਮਜ਼ਦੂਰਾਂ ਨਾਲ ਵਿਤਕਰਾ ਕਰ ਰਹੀ ਹੈ।ਉਨ੍ਹਾਂ ਕਿਹਾ ਕਿ ਮਜ਼ਦੂਰਾਂ ਦੀਆਂ ਬਿਲਕੁਲ ਹੱਕੀ ਤੇ ਵਾਜਬ ਮੰਗਾਂ ਨੂੰ ਸਰਕਾਰ ਵੱਲੋਂ ਅਣਗੌਲਿਆ ਹੀ ਨਹੀਂ ਕੀਤਾ ਜਾ ਰਿਹਾ ਹੈ, ਸਗੋਂ ਉਲਟਾ ਮਜ਼ਦੂਰਾਂ ਦੇ ਹੱਕੀ ਘੋਲਾਂ ਨੂੰ ਦਬਾਉਣ ਲਈ ਪੁਲਸੀਆ ਜਬਰ ਦਾ ਰਾਹ ਅਖਤਿਆਰ ਕੀਤਾ ਜਾ ਰਿਹਾ ਹੈ। ਇਸ ਮੌਕੇ ਖੇਤ ਮਜ਼ਦੂਰ ਮਰਦ ਔਰਤਾਂ ਦੇ ਇਕੱਠ ਨੂੰ ਸੰਬੋਧਨ ਕਰਦਿਆਂ ਜਥੇਬੰਦੀ ਦੇ ਜ਼ਿਲ੍ਹਾ ਆਗੂ ਗੋਪੀ ਗਿਰ ਕਲਰਭੈਣੀ ਨੇ ਕਿਹਾ ਕਿ ਔਰਤਾਂ ਦੇ ਖਾਤੇ ਵਿੱਚ ਪ੍ਰਤੀ ਮਹੀਨਾ ਇੱਕ ਹਜ਼ਾਰ ਰੁਪਏ ਪਾਉਣ ਵਾਲੇ ਵਾਅਦੇ ਤੋਂ ਪੰਜਾਬ ਸਰਕਾਰ ਮੁੱਕਰ ਗਈ ਹੈ। ਮਜ਼ਦੂਰਾਂ ਨੂੰ ਰਿਹਾਇਸ਼ੀ ਪਲਾਟ ਦੇਣ, ਕਰਜ਼ ਮਾਫੀ, ਸਮਾਜਿਕ ਤੇ ਸਰਕਾਰੀ ਜਬਰ ਬੰਦ ਕਰਨ ਤੇ ਜ਼ਮੀਨੀ ਸੁਧਾਰ ਕਾਨੂੰਨ ਲਾਗੂ ਕਰਨ ਵਰਗੀਆਂ ਮੰਗਾਂ 'ਤੇ ਮਜ਼ਦੂਰ ਲੜ ਰਹੇ ਹਨ, ਪਰ ਸਰਕਾਰ ਲਾਰੇ ਲੱਪੇ ਲਾ ਕੇ ਡੰਗ ਸਾਰ ਰਹੀ ਹੈ। ਸੂਬਾ ਆਗੂ ਹਰ ਭਗਵਾਨ ਸਿੰਘ ਮਾਣਕ ਨੇ ਕਿਹਾ ਕਿ ਮਜ਼ਦੂਰ ਮੰਗਾਂ ਦੀ ਪ੍ਰਾਪਤੀ ਲਈ 4 ਅਗਸਤ ਦੇ ਧਰਨੇ ਮਿਸਾਲੀ ਹੋਣਗੇ।

# ਮਾਤਾ ਜਸਪਾਲ ਕੌਰ ਨੂੰ ਹਜ਼ਾਰਾਂ ਸੇਜਲ ਅੱਖਾਂ ਵੱਲੋਂ ਸ਼ਰਧਾ ਦੇ ਫੁੱਲ ਭੇਟ

## ਮਾਂ ਦੀ ਮਮਤਾ ਸਰਵਉੱਤਮ : ਪਠਾਣ ਮਾਜਰਾ



**ਦੇਵੀਗੜ੍ਹ /ਪਟਿਆਲਾ (ਰਾਜਿੰਦਰ ਸਿੰਘ ਥਿੰਦ)**-ਮਾਂ ਦੀ ਮਮਤਾ ਸਭ ਤੋਂ ਸਰਵਉੱਤਮ ਹੈ, ਜੋ ਕਿ ਸਭ ਦਰਜਿਆਂ ਤੋਂ ਵੱਡੀ ਹੈ ਅਤੇ ਮਾਂ ਦਾ ਰੁਤਬਾ ਸਭ ਤੋਂ ਉੱਚਾ ਤੇ ਉੱਤਮ ਹੈ। ਆਪਣੇ ਰਾਜਸੀ ਸਕੱਤਰ ਗੁਰਪ੍ਰੀਤ ਸਿੰਘ ਗੁਰੀ ਦੀ ਨਾਨੀ ਸਵ. ਜਪਸਪਾਲ ਕੌਰ ਦੀ ਅੰਤਿਮ ਅਰਦਾਸ ਮੌਕੇ ਆਪਣੀ ਸ਼ਰਧਾ ਦੇ ਫੁੱਲ ਭੇਟ ਕਰਦੇ ਅਤੇ ਪਰਵਾਰ ਨਾਲ ਆਪਣਾ ਦੁੱਖ ਪ੍ਰਗਟ ਕਰਦੇ ਹੋਏ ਹਜ਼ਾਰਾਂ ਦੀ ਗਿਣਤੀ 'ਚ ਜੁੜੇ ਇਕੱਠ ਨੂੰ ਸੰਬੋਧਨ ਕਰਦੇ ਹੋਏ ਇਨ੍ਹਾਂ ਵਿਚਾਰਾਂ ਦਾ ਪ੍ਰਗਟਾਵਾ ਵਿਧਾਨ ਸਭਾ ਹਲਕਾ ਸਨੌਰ ਦੇ ਵਿਧਾਇਕ ਹਰਮੀਤ ਸਿੰਘ ਪਠਾਣ ਮਾਜਰਾ ਵੱਲੋਂ ਕੀਤਾ ਗਿਆ। ਉਨ੍ਹਾਂ ਕਿਹਾ ਕਿ ਮਾਤਾ ਜਸਪਾਲ ਕੌਰ ਜਿੱਥੇ ਧਾਰਮਿਕ ਆਸਥਾ ਦੇ ਮਾਲਕ ਸਨ, ਉਥੇ ਉਹ ਇਕ ਦੂਰ ਅੰਦੇਸ਼ੀ ਤੇ ਅਗਾਂਹ ਵਧੂ ਵਿਚਾਰਾਂ ਦੇ ਮਾਲਕ ਸਨ। ਉਨ੍ਹਾਂ ਦੀ ਪ੍ਰੇਰਣਾ ਸਦਕਾ ਪਰਵਾਰ ਹਰ ਪੱਖੋ ਖੁਸ਼ਹਾਲ ਹੈ ਤੇ ਉਨ੍ਹਾਂ ਦਾ ਦੋਹਤਾ ਗੁਰਪ੍ਰੀਤ ਗੁਰੀ ਅੱਜ ਪੂਰੀ ਈਮਾਨਦਾਰੀ ਤੇ ਤਨਦੇਹੀ ਨਾਲ ਹਲਕੇ ਦੇ ਲੋਕਾਂ ਦੀ ਸੇਵਾ ਕਰ ਰਿਹਾ ਹੈ। ਪਠਾਣ ਮਾਜ਼ਰਾ ਨੇ ਕਿਹਾ ਕਿ ਮਾਤਾ ਜਸਪਾਲ ਕੌਰ ਨੂੰ ਸੱਚੀ ਸ਼ਰਧਾਂਜਲੀ ਇਹ ਹੀ ਹੋਵੇਗੀ ਕਿ ਅਸੀਂ ਉਨ੍ਹਾਂ ਦੇ ਦਰਸਾਏ ਮਾਰਗ 'ਤੇ ਚੱਲ ਦੇ ਹੋਇ ਲੋਕਾਂ ਦੀ ਪੂਰੀ ਈਮਾਨਦਾਰੀ ਨਾਲ ਸੇਵਾ ਕਰਦੇ ਰਹੀਏ। ਉਨ੍ਹਾਂ ਕਿਹਾ ਕਿ ਗੁਰਪ੍ਰੀਤ ਗੁਰੀ ਉਨ੍ਹਾ ਦੇ ਪਰਵਾਰ ਦਾ ਇੱਕ ਹਿੱਸਾ ਹੈ ਤੇ ਉਨ੍ਹਾਂ ਦਾ ਹਮੇਸ਼ਾ ਉਸ ਨੂੰ ਅਸ਼ੀਰਵਾਦ ਰਹੇਗਾ। ਇਸ ਮੌਕੇ ਰਾਗੀ ਸਿੰਘਾਂ ਵੱਲੋਂ ਵੈਰਾਗਮਈ ਕੀਰਤਨ ਕੀਤਾ। ਇਸ ਮੌਕੇ ਵੱਖ ਵੱਖ ਪਾਰਟੀਆਂ ਦੇ ਆਗੂਆਂ, ਸਮਾਜ ਸੇਵੀ ਤੇ ਧਾਰਮਿਕ ਸੰਸਥਾਵਾਂ ਦੇ ਮੁਖੀਆਂ ਵੱਲੋਂ ਮਾਤਾ ਜਸਪਲ ਕੌਰ ਨੂੰ ਆਪਣੀ ਸ਼ਰਧਾ ਦੇ ਫੁੱਲ ਭੇਟ ਕਰਦੇ ਹੋਏ ਪਰਵਾਰ ਨਾਲ ਆਪਣਾ ਦੁੱਖ ਪ੍ਰਗਟ ਕੀਤਾ। ਇਸ ਮੌਕੇ ਵਿਧਾਇਕ ਪਠਾਣ ਮਾਜਰਾ ਦੀ ਪਤਨੀ ਉਨ੍ਹਾਂ ਦੇ ਸਪੁੱਤਰ ਹਰਜਸਨ ਪਠਾਣਮਾਜਰਾ ਆਪ ਆਗੂ ਤੇਜਿੰਦਰ ਮਹਿਤਾ ਨਵਤੇਜ ਪਨੂੰ ਆੜ੍ਹਤੀਆ ਐਸੋ. ਦੇ ਸੂਬਾ ਪ੍ਰਧਾਨ ਜਸਵਿੰਦਰ ਸਿੰਘ ਰਾਣਾ, ਪ੍ਰਿਥੀਪਾਲ ਸਿੰਘ ਪ੍ਰਧਾਨ, ਰਾਜਵਿੰਦਰ ਸਿੰਘ ਰਾਜੂ, ਪ੍ਰਦੀਪ ਜੋਸ਼ਨ, ਪ੍ਰਧਾਨ ਨਗਰ ਕੌਂਸਲ ਸਨੌਰ ਸ਼ਵਿੰਦਰ ਕੌਰ ਧੰਜੂ, ਪ੍ਰਧਾਨ ਨਗਰ ਪੰਚਾਇਤ ਦੇਵੀਗੜ੍ਹ ਲਵਪ੍ਰੀਤ ਧਾਲੀਵਾਲ, ਰਾਜਾ ਧੰਜੂ, ਭੁਪਿੰਦਰ ਸਿੰਘ ਪ੍ਰਧਾਨ ਰਾਈਸ ਮਿਲਰਜ਼ ਐਸੋ. ਗੁਰਮੀਤ ਸਿੰਘ ਬਿੱਟੂ ਪ੍ਰਧਾਨ ਬਲਾਕ ਸੰਮਤੀ, ਮਨਿੰਦਰ ਫਰਾਂਸ ਵਾਲਾ ਸੋਹਲ ਪ੍ਰਧਾਨ ਆੜ੍ਹਤੀਆ ਐਸ, ਹਰਦੇਵ ਸਿੰਘ ਪ੍ਰਧਾਨ ਟਰੱਕ ਯੂਨੀਅਨ ਸੁਰਜੀਤ ਥਿੰਦ ਤੋਂ ਇਲਾਵਾ ਹੋਰ ਸੈਂਕੜੇ ਆਗੂਆਂ ਨੇ ਮਾਤਾ ਜਸਪਾਲ ਕੌਰ ਨੂੰ ਆਪਣੀ ਸ਼ਰਧਾ ਦੇ ਫੁੱਲ ਭੇਟ ਕੀਤੇ ਤੇ ਪਰਿਵਾਰ ਨਾਲ ਆਪਣਾ ਦੁੱਖ ਸਾਂਝਾ ਕੀਤਾ।

# ਯੂਰਪ ਤੋਂ ਡਿਪੋਰਟ ਹੋਏ ਪੰਜਾਬੀ ਨੌਜਵਾਨ ਨੇ ਨਿਗਲਿਆ ਜ਼ਹਿਰ

## 40 ਲੱਖ ਠੱਗਣ ਵਾਲੇ ਏਜੰਟ ਦੇ ਪਿਉ ਤੇ ਪਤਨੀ ਖਿਲਾਫ਼ ਕੇਸ ਦਰਜ

**ਪਟਿਆਲਾ (ਰਾਜਿੰਦਰ ਥਿੰਦ)**-ਜ਼ਿਲ੍ਹੇ ਦੇ ਪਿੰਡ ਡੰਡੋਆ ਦੇ ਰਹਿਣ ਵਾਲੇ ਇੱਕ ਨੌਜਵਾਨ ਨੇ ਏਜੰਟਾਂ ਵੱਲੋਂ ਪੈਸੇ ਵਾਪਸ ਨਾ ਕਰਨ ਤੋਂ ਪ੍ਰੇਸ਼ਾਨ ਹੋ ਕੇ ਯੂਰਪ ਤੋਂ ਡਿਪੋਰਟ ਕੀਤੇ ਜਾਣ ਤੋਂ ਬਾਅਦ ਜ਼ਹਿਰੀਲਾ ਪਦਾਰਥ ਨਿਗਲ ਲਿਆ।ਲੁਧਿਆਣਾ ਦੇ ਡੀ ਐੱਮ ਸੀ ਹਸਪਤਾਲ ਵਿੱਚ ਦਾਖਲ ਅੰਮ੍ਰਿਤ ਸਿੰਘ ਨਾਮ ਦਾ ਇਹ 26 ਸਾਲਾ ਨੌਜਵਾਨ ਜ਼ਿੰਦਗੀ ਲਈ ਸੰਘਰਸ਼ ਕਰ ਰਿਹਾ ਹੈ।ਅੰਮ੍ਰਿਤ ਸਿੰਘ ਨਾਲ 40 ਲੱਖ ਰੁਪਏ ਦੀ ਠੱਗੀ ਮਾਰੀ ਗਈ ਹੈ।ਇਸ ਮਾਮਲੇ ਵਿੱਚ ਅੰਮ੍ਰਿਤ ਸਿੰਘ ਦੇ ਛੋਟੇ ਭਰਾ ਹਰਮਨ ਸਿੰਘ ਦੀ ਸ਼ਿਕਾਇਤ 'ਤੇ ਪੁਲਸ ਨੇ ਏਜੰਟ ਗੁਰਪਾਲ ਸਿੰਘ, ਉਸ ਦੇ ਪਿਤਾ ਹਾਕਮ ਸਿੰਘ ਤੇ ਗੁਰਪਾਲ ਦੀ ਪਤਨੀ ਰੀਨਾ ਵਾਸੀ ਪਿੰਡ ਦੀਵਾਨਾ, ਜ਼ਿਲ੍ਹਾ ਕੁਰੂਕਸ਼ੇਤਰ, ਹਰਿਆਣਾ ਖ਼ਿਲਾਫ਼ ਕੇਸ ਦਰਜ ਕੀਤਾ ਹੈ।

ਦਰਜ ਕੀਤੇ ਗਏ ਮਾਮਲੇ ਅਨੁਸਾਰ ਅੰਮ੍ਰਿਤ ਸਿੰਘ, ਜੋ ਕਿ ਇੱਕ ਕਿਸਾਨ ਹੈ, ਮੁਲਜ਼ਮ ਨੂੰ ਇੱਕ ਵਿਆਹ ਸਮਾਗਮ ਵਿੱਚ ਮਿਲਿਆ, ਜਿਸ ਨੇ ਉਸ ਨੂੰ ਅਮਰੀਕਾ ਭੇਜਣ ਦੀ ਗੱਲ ਕਹੀ।ਅਮਰੀਕਾ ਭੇਜਣ ਦੇ ਨਾਂ 'ਤੇ ਪਹਿਲਾਂ ਉਸ ਨੂੰ ਜੁਲਾਈ 2022 ਵਿੱਚ ਸਰਬੀਆ ਭੇਜਿਆ, ਜਿੱਥੋਂ ਅੰਮ੍ਰਿਤ ਪੈਦਲ ਆਸਟਰੀਆ ਵਿੱਚ ਦਾਖਲ ਹੋਇਆ।ਇਸ ਤੋਂ ਬਾਅਦ ਉਸ ਨੂੰ ਕਈ ਮਹੀਨਿਆਂ ਤੱਕ ਇਟਲੀ ਤੇ ਸਪੇਨ ਵਿੱਚ ਰੱਖਿਆ।ਦੋਸ਼ ਹੈ ਕਿ ਇਸ ਦੌਰਾਨ ਏਜੰਟ ਉਸ ਦੇ ਘਰ ਆਉਂਦਾ ਰਿਹਾ ਤੇ ਹੋਰ ਪੈਸੇ ਲੈਣੇ ਸ਼ੁਰੂ ਕਰ ਦਿੱਤੇ ਤੇ ਲਗਭਗ ਚਾਲੀ ਲੱਖ ਰੁਪਏ ਲੈ ਲਏ।ਇਸ ਤੋਂ ਬਾਅਦ ਏਜੰਟ ਨੇ ਅੰਮ੍ਰਿਤ ਸਿੰਘ ਨੂੰ ਜਾਲ੍ਹੀ ਮਾਰੀਸ਼ਸ ਪਾਸਪੋਰਟ ਬਣਾ ਕੇ ਯੂਰਪ ਵਿੱਚ ਦਾਖਲ ਕਰਵਾਇਆ, ਪਰ ਐਮਸਟ੍ਰਡਮ ਪੁਲਸ ਨੇ ਅੰਮ੍ਰਿਤ ਸਿੰਘ ਨੂੰ ਹਵਾਈ ਅੱਡੇ 'ਤੇ ਗ੍ਰਿਫਤਾਰ ਕਰਕੇ ਜੇਲ੍ਹ ਭੇਜ ਦਿੱਤਾ।ਲਗਭਗ ਇੱਕ ਮਹੀਨਾ ਜੇਲ੍ਹ ਵਿੱਚ ਰੱਖਣ ਤੋਂ ਬਾਅਦ ਉਸ ਨੂੰ ਫਰਵਰੀ 2023 ਵਿੱਚ ਵਾਪਸ ਭਾਰਤ ਭੇਜ ਦਿੱਤਾ ਗਿਆ।ਦੋਵੇਂ ਗੁਰਦੇ ਹੋਏ ਫੇਲ੍ਹ ਹਰਮਨ ਸਿੰਘ ਨੇ ਦੱਸਿਆ ਕਿ ਆਪਣੇ ਘਰ ਪੁੱਜਣ ਤੋਂ ਬਾਅਦ ਅੰਮ੍ਰਿਤ ਕਈ ਵਾਰ ਪੁਲਸ ਅਧਿਕਾਰੀਆਂ ਨੂੰ ਸ਼ਿਕਾਇਤ ਕਰ ਰਿਹਾ ਸੀ ਅਤੇ ਦੋਸ਼ੀ ਵਿਰੁੱਧ ਕੇਸ ਦਰਜ ਕਰਨ ਦੀ ਮੰਗ ਕਰ ਰਿਹਾ ਸੀ।ਜਦੋਂ ਉਸ ਦੀ ਅਪੀਲ ਨਹੀਂ ਸੁਣੀ ਗਈ ਤਾਂ ਪ੍ਰੇਸ਼ਾਨ ਹੋ ਕੇ 22 ਜੁਲਾਈ ਦੁਪਹਿਰ ਨੂੰ ਜ਼ਹਿਰੀਲਾ ਪਦਾਰਥ ਨਿਗਲ ਲਿਆ, ਜਿਸ ਕਾਰਨ ਉਸ ਨੂੰ ਗੰਭੀਰ ਹਾਲਤ ਵਿੱਚ ਹਸਪਤਾਲ 'ਚ ਦਾਖਲ ਕਰਵਾਇਆ ਗਿਆ।ਉਸ ਦੇ ਦੋਵੇਂ ਗੁਰਦੇ ਫੇਲ੍ਹ ਹੋ ਗਏ ਹਨ ਤੇ ਉਸ ਦਾ ਜਿਗਰ ਵੀ ਖਰਾਬ ਹੋ ਗਿਆ ਹੈ, ਜਿਸ ਕਾਰਨ ਉਸ ਦੀ ਹਾਲਤ ਨਾਜ਼ੁਕ ਬਣੀ ਹੋਈ ਹੈ।ਹਰਮਨ ਨੇ ਦੱਸਿਆ ਕਿ ਖੇਤੀ ਸੰਦ ਵੇਚ ਕੇ ਤੇ ਲੋਕਾਂ ਤੋਂ ਰਕਜ਼ਾ ਲੈ ਕੇ ਵਿਦੇਸ਼ ਜਾਣ ਲਈ ਏਜੰਟਾਂ ਨੂੰ ਰਕਮ ਦਿੱਤੀ ਸੀ।

# ਅਕਾਲੀ ਆਗੂ ਰਣਜੀਤ ਝੀਤੇ ਵੱਲੋਂ ਜਥੇਦਾਰ ਮਾਹਲਾ ਦੇ ਸਨਮਾਨ ਲਈ ਸਮਾਰੋਹ

## ਜਥੇਦਾਰ ਮਾਹਲਾ ਦੀ ਕੋਰ ਕਮੇਟੀ 'ਚ ਸ਼ਮੂਲੀਅਤ ਨਾਲ ਪਾਰਟੀ ਨੂੰ ਮਿਲੇਗੀ ਮਜ਼ਬੂਤੀ : ਝੀਤੇ



**ਬਾਘਾ ਪੁਰਾਣਾ (ਮਨੀ ਸਿੰਗਲਾ)**-ਸ਼੍ਰੋਮਣੀ ਅਕਾਲੀ ਦਲ ਦੇ ਸੀਨੀਅਰ ਆਗੂ ਤੇ ਹਲਕਾ ਬਾਘਾ ਪੁਰਾਣਾ ਦੇ ਸ਼੍ਰੋਮਣੀ ਅਕਾਲੀ ਦਲ ਦੇ ਹਲਕਾ ਇੰਚਾਰਜ ਜਥੇਦਾਰ ਤੀਰਥ ਸਿੰਘ ਮਾਹਲਾ ਨੂੰ ਕੋਰ ਕਮੇਟੀ ਦਾ ਮੈਂਬਰ ਬਣਾਏ ਜਾਣ ਦੇ ਬਾਅਦ ਮੋਗਾ ਜ਼ਿਲ੍ਹੇ ਅੰਦਰ ਉਨ੍ਹਾਂ ਦਾ ਜਗ੍ਹਾ-ਜਗ੍ਹਾ ਸਨਮਾਨ ਹੋ ਰਿਹਾ ਹੈ।ਇਸੇ ਤਹਿਤ ਹੀ ਅੱਜ ਸ਼੍ਰੋਮਣੀ ਅਕਾਲੀ ਦਲ ਦੇ ਸੀਨੀਅਰ ਆਗੂ ਰਣਜੀਤ ਸਿੰਘ ਝੀਤੇ ਵੱਲੋਂ ਆਪਣੇ ਗ੍ਰਹਿ ਵਿਖੇ ਜਥੇਦਾਰ ਤੀਰਥ ਸਿੰਘ ਮਾਹਲਾ ਦਾ ਸਨਮਾਨ ਕਰਨ ਲਈ ਇਕ ਸਾਦਾ ਸਮਾਗਮ ਕੀਤਾ ਗਿਆ, ਜਿਸ ਵਿੱਚ ਸ਼੍ਰੋਮਣੀ ਅਕਾਲੀ ਦਲ ਦੇ ਯੂਥ ਆਗੂ ਸੁਖਜੀਤ ਸਿੰਘ ਮਾਹਲਾ, ਪਵਨ ਗੋਇਲ, ਚਰਨਪ੍ਰੀਤ ਸਿੰਘ ਸਾਬਕਾ ਕੌਂਸਲਰ, ਜਗਸੀਰ ਸੀਰੂ, ਤਰਲੋਚਨ ਕਾਲੇਕੇ, ਕਰਮਜੀਤ ਸਿੰਘ, ਅਮਿਤ ਜਿੰਦਲ, ਕਮਲ ਸ਼ਰਮਾ, ਜਗਜੀਤ ਸਿੰਘ ਜੱਗੀ, ਪਰਮਿੰਦਰ ਸਿੰਘ, ਦੀਪਕ ਤਲਵਾਰ, ਅਵਤਾਰ ਸਿੰਘ ਝੀਤੇ, ਬਲਵਿੰਦਰ ਸਿੰਘ ਝੀਤੇ, ਦਰਸ਼ਨ ਸਿੰਘ ਝੀਤੇ, ਉਤਮ ਸਿੰਘ ਝੀਤੇ, ਕਰਨੈਲ ਸਿੰਘ ਝੀਤੇ, ਗੁਰਮੀਤ ਸਿੰਘ ਝੀਤੇ, ਨਛੱਤਰ ਸਿੰਘ ਝੀਤੇ, ਰਾਜੂ ਝੀਤੇ, ਐਡਵੋਕੇਟ ਰਾਜਾ ਸਿੰਘ, ਪਵਨਦੀਪ ਸਿੰਘ ਚਨੂੰਵਾਲਾ, ਮਨਜੀਤ ਪਨੇਸਰ, ਅਮਰਜੀਤ ਖੋਖਰ, ਨੀਟਾ, ਗੁਰਮੇਲ ਸਿੰਘ ਭਾਉ, ਨਰੇਸ਼ ਕੁਮਾਰ, ਰਜੀਵ ਮਿੱਤਲ, ਗੋਲੋ, ਚੈਰੀ ਸਮੇਤ ਹੋਰ ਆਗੂ ਸ਼ਾਮਲ ਹੋਏ।ਇਸ ਮੌਕੇ ਰਣਜੀਤ ਸਿੰਘ ਝੀਤੇ ਵੱਲੋਂ ਉਨ੍ਹਾਂ ਦੇ ਗ੍ਰਹਿ ਵਿਖੇ ਪੁੱਜਣ 'ਤੇ ਜਥੇਦਾਰ ਤੀਰਥ ਸਿੰਘ ਮਾਹਲਾ ਤੇ ਉਨ੍ਹਾਂ ਦੀ ਸਮੁੱਚੀ ਟੀਮ ਨੂੰ ਜੀ ਆਇਆਂ ਆਖਿਆ।ਰਣਜੀਤ ਸਿੰਘ ਝੀਤੇ ਵੱਲੋਂ ਜਥੇਦਾਰ ਤੀਰਥ ਸਿੰਘ ਮਾਹਲਾ ਨੂੰ ਕੋਰ ਕਮੇਟੀ ਮੈਂਬਰ ਬਣਨ 'ਤੇ ਵਧਾਈ ਦਿੰਦਿਆਂ ਉਨ੍ਹਾਂ ਨੂੰ ਸਨਮਾਨ ਚਿੰਨ੍ਹ ਦੇ ਕੇ ਸਨਮਾਨਤ ਕੀਤਾ ਗਿਆ ਅਤੇ ਆਖਿਆ ਕਿ ਸ਼੍ਰੋਮਣੀ ਅਕਾਲੀ ਦਲ ਦੇ ਪ੍ਰਧਾਨ ਸੁਖਬੀਰ ਸਿੰਘ ਬਾਦਲ ਵੱਲੋਂ ਤੀਰਥ ਸਿੰਘ ਮਾਹਲਾ ਨੂੰ ਪਾਰਟੀ ਦੀ ਕੋਰ ਕਮੇਟੀ ਵਿੱਚ ਸ਼ਾਮਲ ਕਰਨ ਦੇ ਫੈਸਲੇ ਨੂੰ ਸੂਬੇ ਤੇ ਜ਼ਿਲ੍ਹਾ ਮੋਗਾ ਦੇ ਅਕਾਲੀ ਵਰਕਰਾਂ ਨੇ ਸਰਾਹਿਆ ਹੈ।ਉਨ੍ਹਾਂ ਕਿਹਾ ਕਿ ਤੀਰਥ ਸਿੰਘ ਮਾਹਲਾ ਵਰਗੇ ਸਮਰਪਤ ਤੇ ਇਮਾਨਦਾਰ ਆਗੂ ਦੀ ਕੋਰ ਕਮੇਟੀ ਵਿੱਚ ਸ਼ਮੂਲੀਅਤ ਨਾਲ ਪਾਰਟੀ ਨੂੰ ਮਜ਼ਬੂਤੀ ਮਿਲੇਗੀ।ਉਨ੍ਹਾਂ ਕਿਹਾ ਕਿ ਮਾਹਲਾ ਸੰਗਠਨਕ ਪੱਧਰ 'ਤੇ ਲੋਕ ਸੰਪਰਕ ਵਿੱਚ ਤੇ ਜ਼ਮੀਨੀ ਸਤਹ 'ਤੇ ਮਜ਼ਬੂਤ ਪਹਿਚਾਣ ਰੱਖਦੇ ਹਨ।

# ਅਕੇਡੀਆ ਵਰਲਡ ਸਕੂਲ 'ਚ ਮਨਾਇਆ ਤੀਆਂ ਦਾ ਤਿਉਹਾਰ



**ਸੁਨਾਮ ਊਧਮ ਸਿੰਘ ਵਾਲਾ (ਅਸ਼ੋਕ ਬਾਂਸਲ, ਹਾਕਮ ਭੱਟੀ)**-ਸੁਨਾਮ ਇਲਾਕੇ ਦੀ ਉੱਚ ਵਿੱਦਿਅਕ ਸੰਸਥਾ ਅਕੇਡੀਆ ਵਰਲਡ ਸਕੂਲ ਵਿਖੇ ਤੀਆਂ ਦਾ ਤਿਉਹਾਰ ਬੜੀ ਹੀ ਧੂਮਧਾਮ ਨਾਲ਼ ਮਨਾਇਆ ਗਿਆ।ਤੀਆਂ ਦਾ ਤਿਉਹਾਰ ਸਾਵਣ ਮਹੀਨੇ ਦੀ ਸਮਾਪਤੀ ਨੂੰ ਦਰਸਾਉਂਦਾ ਹੈ ਤੇ ਪੰਜਾਬੀਪ੍ਰਰਾ ਅਤੇ ਸੱਭਿਆਚਾਰ ਨੂੰ ਉਤਸ਼ਾਹਤ ਕਰਨ ਲਈ ਮਨਾਇਆ ਜਾਂਦਾ ਹੈ।ਸਾਵਣ ਮਹੀਨੇ ਦੀ ਖ਼ੁਸ਼ਬੂ ਤੇ ਪੰਜਾਬੀ ਲੋਕ-ਪ੍ਰੰਪਰਾ ਨੂੰ ਪੰਜਵੀਂ ਜਮਾਤ ਦੇ ਵਿਦਿਆਰਥੀਆਂ ਨੇ ਗਿੱਧੇ ਤੇ ਭੰਗੜੇ ਰਾਹੀਂ ਪੇਸ਼ ਕੀਤਾ।ਇਸ ਦਿਨ ਦੀ ਤਿਆਰੀ ਕੁਝ ਦਿਨ ਪਹਿਲਾਂ ਹੀ ਸ਼ੁਰੂ ਕੀਤੀ ਗਈ।ਇਹ ਪ੍ਰੋਗਰਾਮ ਸਕੂਲ ਦੇ ਓਡੀਟੋਰੀਅਮ ਹਾਲ ਵਿੱਚ ਕਰਵਾਇਆ ਗਿਆ।ਪੰਜਵੀਂ ਜਮਾਤ ਦੇ ਵਿਦਿਆਰਥੀ ਅਸ਼ਰਾਜ ਪ੍ਰਤਾਪ ਸਿੰਘ ਤੇ ਅਵਨੀਤ ਕੌਰ ਵੱਲੋਂ ਮੰਚ ਸੰਚਾਲਨ ਕੀਤਾ ਗਿਆ।ਸਾਰੇ ਵਿਦਿਆਰਥੀ ਗਿੱਧੇ ਤੇ ਭੰਗੜੇ ਦੇ ਪਹਿਰਾਵੇ ਵਿੱਚ ਬਹੁਤ ਹੀ ਸੋਹਣੇ ਲੱਗ ਰਹੇ ਸਨ।ਵਿਦਿਆਰਥਣਾਂ ਨੇ ਤੀਆਂ ਨਾਲ ਸੰਬੰਧਤ ਪਲੇਅ ਕੀਤਾ ਤੇ ਬੋਲੀਆਂ ਪਾਈਆਂ। ਉਨ੍ਹਾਂ ਮੰਚ ਉੱਤੇ ਚਰਖਾ, ਪੱਖੀਆਂ, ਚੱਕੀ, ਫੁਲਕਾਰੀਆਂ ਤੇ ਕਿੱਕਲੀ ਪਾਉਂਦੇ ਹੋਏ ਪੂਰੇ ਪੰਜਾਬੀ ਸੱਭਿਆਚਾਰ ਨੂੰ ਦਰਸਾਇਆ।ਸਾਵਣ ਦੀ ਰੁੱਤ, ਚੁੰਨੀਆਂ ਦੀ ਛਾਂ ਤੇ ਗਿੱਧੇ ਦੀਆਂ ਤਾਲਾਂ ਰਾਹੀਂ ਮੁਟਿਆਰਾਂ ਨੇ ਧਮਾਲ ਹੀ ਪਾ ਦਿੱਤੀ।ਵਿਦਿਆਰਥੀਆਂ ਨੇ ਐਨਾ ਭਰਪੂਰ ਭੰਗੜਾ ਪਾਇਆ ਕਿ ਦੇਖਣ ਵਾਲੇ ਵਿਦਿਆਰਥੀਆਂ ਨੇ ਇਸ ਦੀ ਖ਼ੂਬ ਸਰਾਹਣਾ ਕੀਤੀ।ਸਾਰਾ ਹਾਲ ਤਾੜੀਆਂ ਨਾਲ਼ ਗੂੰਜ ਉੱਠਿਆ।ਗਿੱਧੇ ਤੇ ਭੰਗੜੇ ਦੀ ਤਿਆਰੀ ਮਿਊਜ਼ਿਕ ਟੀਚਰ ਮਿ. ਕੌਸ਼ਲ, ਡਾਂਸ ਟੀਚਰ ਮਿ. ਅਮਨਦੀਪ, ਮਿਸ ਹਰਿੰਦਰ ਕੌਰ, ਮਿਸ ਕਨਿਕਾ ਤੇ ਮਿਸ ਰੁਪਿੰਦਰ ਕੌਰ ਵੱਲੋਂ ਕਰਵਾਈ ਗਈ।ਸਕੂਲ ਪ੍ਰਿੰਸੀਪਲ ਮੈਡਮ ਰਣਜੀਤ ਕੌਰ ਨੇ ਵਿਦਿਆਰਥੀਆਂ ਦੇ ਉਤਸ਼ਾਹ ਤੇ ਮਿਹਨਤ ਦੀ ਤਾਰੀਫ਼ ਕਰਦਿਆਂ ਕਿਹਾ ਕਿ ਅਜਿਹੇ ਪ੍ਰੋਗਰਾਮ ਬੱਚਿਆਂ ਵਿੱਚ ਸਾਂਝੀ ਸੰਸਕ੍ਰਿਤੀ ਲਈ ਪਿਆਰ ਤੇ ਆਦਰ ਪੈਦਾ ਕਰਦੇ ਹਨ।ਇਸ ਮੌਕੇ ਸਕੂਲ ਦੇ ਚੇਅਰਮੈਨ ਐਡਵੋਕੇਟ ਗਗਨਦੀਪ ਸਿੰਘ ਨੇ ਕਿਹਾ ਕਿ ਤੀਆਂ ਇੱਕ ਅਜਿਹਾ ਤਿਉਹਾਰ ਹੈ, ਜੋ ਸਾਡੀ ਨਾਰੀ ਸ਼ਕਤੀ ਨੂੰ ਉਜਾਗਰ ਕਰਦਾ ਹੈ।

# ਕੈਬਨਿਟ ਮੰਤਰੀ ਨੇ ਵੱਖ-ਵੱਖ ਥਾਈਂ ਸਿਹਤ ਕੇਂਦਰਾਂ ਦੇ ਨੀਂਹ ਪੱਥਰ ਰੱਖੇ

## ਬਿਹਤਰ ਸਿਹਤ ਸੁਵਿਧਾਵਾਂ ਦੇਣ ਲਈ ਮਹੱਤਵਪੂਰਨ ਕਦਮ ਪੁੱਟੇ ਜਾ ਰਹੇ ਹਨ : ਡਾ. ਬਲਜੀਤ ਕੌਰ



**ਮਲੋਟ/ਸ੍ਰੀ ਮੁਕਤਸਰ ਸਾਹਿਬ (ਸ਼ਮਿੰਦਰ ਪਾਲ/ਓਮ ਪ੍ਰਕਾਸ਼ ਸ਼ੇਖੂ/ਪੂਜਾ)**-ਪੰਜਾਬ ਦੇ ਕੈਬਨਿਟ ਮੰਤਰੀ ਡਾ. ਬਲਜੀਤ ਕੌਰ ਨੇ ਅੱਜ ਰਾਮਗੜ੍ਹ ਚੂੰਗਾ, ਮਹਾਂ ਬੱਧਰ, ਬਾਮ, ਤਾਮਕੋਟ, ਝੋਰੜ, ਈਨਾ ਖੇੜਾ ਤੇ ਪਿੰਡ ਮਲੋਟ ਵਿਖੇ ਸਿਹਤ ਸੇਵਾਵਾਂ ਦੇ ਖੇਤਰ ਵਿੱਚ ਕ੍ਰਾਂਤੀਕਾਰੀ ਸੁਧਾਰ ਲਿਆਉਣ ਦੇ ਮਕਸਦ ਨਾਲ ਤਿਆਰ ਜਾਣ ਵਾਲੇ ਸਿਹਤ ਕੇਂਦਰਾਂ ਦੇ ਨੀਂਹ ਪੱਥਰ ਰੱਖਣ ਦੀ ਰਸਮ ਅਦਾ ਕੀਤੀ।ਕੈਬਨਿਟ ਮੰਤਰੀ ਨੇ ਦੱਸਿਆ ਕਿ ਹਰ ਇੱਕ ਸਿਹਤ ਕੇਂਦਰ ਤਕਰੀਬਨ 35 ਲੱਖ ਰੁਪਏ ਦੀ ਲਾਗਤ ਨਾਲ ਤਿਆਰ ਕੀਤਾ ਜਾਵੇਗਾ ਤੇ ਇੱਥੇ ਮੈਡੀਕਲ ਸਹਾਇਤਾ ਦੇ ਨਾਲ-ਨਾਲ ਦਵਾਈਆਂ ਦੀ ਪੂਰੀ ਉਪਲਬਧਤਾ ਵੀ ਯਕੀਨੀ ਬਣਾਈ ਜਾਵੇਗੀ।ਇਸ ਮੌਕੇ ਲੋਕਾਂ ਦੇ ਭਰਵੇਂ ਇਕੱਠ ਨੂੰ ਸੰਬੋਧਨ ਕਰਦਿਆਂ ਕੈਬਨਿਟ ਮੰਤਰੀ ਡਾ. ਬਲਜੀਤ ਕੌਰ ਨੇ ਕਿਹਾ ਕਿ ਪੰਜਾਬ ਸਰਕਾਰ ਵੱਲੋਂ ਮੁੱਖ ਮੰਤਰੀ ਭਗਵੰਤ ਸਿੰਘ ਮਾਨ ਦੀ ਅਗਵਾਈ ਹੇਠ ਸੂਬੇ ਨੂੰ ਸਿਹਤ ਸੁਵਿਧਾਵਾਂ ਦੇ ਖੇਤਰ ਵਿੱਚ ਮੋਹਰੀ ਬਣਾਉਣ ਦੀ ਦਿਸ਼ਾ ਵਿੱਚ ਮਹੱਤਵਪੂਰਨ ਕਦਮ ਪੁੱਟੇ ਜਾ ਰਹੇ ਹਨ।ਉਨ੍ਹਾਂ ਕਿਹਾ ਕਿ ਇਸ ਮੁਹਿੰਮ ਤਹਿਤ ਹਲਕਾ ਮਲੋਟ ਦੇ ਵੱਖ-ਵੱਖ ਸ਼ਹਿਰੀ ਤੇ ਦਿਹਾਤੀ ਖੇਤਰਾਂ ਵਿੱਚ ਲਗਾਤਾਰ ਵਿਕਾਸ ਪ੍ਰੋਜੈਕਟ ਪ੍ਰਗਤੀ ਅਧੀਨ ਹਨ।ਮੰਤਰੀ ਡਾ. ਬਲਜੀਤ ਕੌਰ ਨੇ ਕਿਹਾ ਕਿ ਵੱਖ-ਵੱਖ ਪਿੰਡਾਂ ਵਿੱਚ ਬਣਨ ਵਾਲੇ ਇਹ ਹੈਲਥ ਤੇ ਵੈੱਲਨੈੱਸ ਸੈਂਟਰ ਲੋਕਾਂ ਨੂੰ ਮਿਆਰੀ ਸਿਹਤ ਸੁਵਿਧਾਵਾਂ ਮੁਹੱਈਆ ਕਰਵਾਉਣ ਵਿੱਚ ਸਫਲ ਸਾਬਿਤ ਹੋਣਗੇ।

ਕੈਬਨਿਟ ਮੰਤਰੀ ਨੇ ਕਿਹਾ ਕਿ ਮੁੱਖ ਮੰਤਰੀ ਭਗਵੰਤ ਸਿੰਘ ਮਾਨ ਦੀ ਅਗਵਾਈ ਵਾਲੀ ਪੰਜਾਬ ਸਰਕਾਰ ਵੱਲੋਂ ਲੋਕਾਂ ਨਾਲ ਕੀਤੇ ਗਏ ਹਰ ਇੱਕ ਵਾਅਦੇ ਨੂੰ ਤਰਜੀਹ ਦੇ ਅਧਾਰ 'ਤੇ ਪੂਰਾ ਕੀਤਾ ਜਾ ਰਿਹਾ ਹੈ ਅਤੇ ਨਾਲ ਹੀ ਲੋਕਾਂ ਨੂੰ ਦਰਪੇਸ਼ ਸਮੱਸਿਆਵਾਂ ਦੇ ਮੁਕੰਮਲ ਤੇ ਸਥਾਈ ਹੱਲ ਲਈ ਵੀ ਉਨ੍ਹਾਂ ਦੀ ਸਰਕਾਰ ਪੂਰੀ ਤਰ੍ਹਾਂ ਵਚਨਬੱਧ ਹੈ।ਉਨ੍ਹਾਂ ਕਿਹਾ ਕਿ ਪਿੰਡਾਂ ਤੇ ਸ਼ਹਿਰਾਂ ਵਿੱਚ ਲੋਕਾਂ ਨੂੰ ਲੋੜੀਂਦੀਆਂ ਸਹੂਲਤਾਂ ਮੁਹੱਈਆ ਕਰਵਾਉਣ ਲਈ ਪੰਜਾਬ ਸਰਕਾਰ ਵੱਲੋਂ ਜ਼ਰੂਰਤ ਅਨੁਸਾਰ ਲਗਾਤਾਰ ਫੰਡ ਜਾਰੀ ਕੀਤੇ ਜਾ ਰਹੇ ਹਨ।ਇਸ ਮੌਕੇ ਚੇਅਰਮੈਨ ਸਹਿਕਾਰੀ ਬੈਂਕ ਜਗਦੇਵ ਸਿੰਘ ਬਾਮ, ਕੈਬਨਿਟ ਮੰਤਰੀ ਦੇ ਨਿੱਜੀ ਸਹਾਇਕ ਸ਼ਿੰਦਰਪਾਲ ਸਿੰਘ ਤੇ ਅਰਸ਼ਦੀਪ ਸਿੰਘ ਸਿੱਧੂ, ਮਨਜਿੰਦਰ ਸਿੰਘ ਕਾਕਾ ਉੜਾਂਗ, ਜਗਮੀਤ ਸਿੰਘ ਸਰਪੰਚ ਬਾਮ, ਸਤਪਾਲ ਸਿੰਘ, ਗੁਰਭਗਤ ਸਿੰਘ ਬਲਾਕ ਪ੍ਰਧਾਨ, ਗੁਰਪ੍ਰੀਤ ਸਿੰਘ ਚੱਕ ਤਾਮਕੋਟ ਬਲਾਕ ਪ੍ਰਧਾਨ, ਗੁਰਪ੍ਰੀਤ ਸਿੰਘ ਬਲਾਕ ਪ੍ਰਧਾਨ ਚੱਕ ਸ਼ੇਰੇਵਾਲਾ, ਸਿਮਰਨਜੀਤ ਸਿੰਘ ਬਲਾਕ ਪ੍ਰਧਾਨ ਲੱਖੇਵਾਲਾ, ਮੀਕਾ ਬਲਾਕ ਪ੍ਰਧਾਨ ਈਨਾ ਖੇੜਾ ਤੇ ਅਮਨਦੀਪ ਕੌਰ ਸਰਪੰਚ ਤਾਮਕੋਟ ਹਾਜ਼ਰ ਸਨ।

# ਨੈਸ਼ਨਲ ਰੈਸਲਿੰਗ ਚੈਂਪੀਅਨਸ਼ਿਪ 'ਚ ਤਮਗਾ ਜਿੱਤ ਕੇ ਪਿੰਡ ਪਹੁੰਚਣ 'ਤੇ ਖੁਸ਼ਪ੍ਰੀਤ ਦਾ ਭਰਵਾਂ ਸਵਾਗਤ



**ਮੂਨਕ (ਰਾਜਪਾਲ ਸਿੰਗਲਾ)**

ਪਿੰਡ ਗੁਲਾੜੀ ਜ਼ਿਲ੍ਹਾ ਸੰਗਰੂਰ ਪੰਜਾਬ ਦੀ ਖੁਸ਼ਪ੍ਰੀਤ ਕੌਰ ਨੇ ਛੱਤੀਸਗੜ੍ਹ ਵਿੱਚ ਹੋਈ 5ਵੀਂ ਨੈਸ਼ਨਲ ਗ੍ਰੈਪਲਿੰਗ ਰੈਸਲਿੰਗ ਚੈਂਪੀਅਨਸ਼ਿਪ 2025 ਵਿੱਚ ਰਾਸ਼ਟਰੀ ਪੱਧਰ 'ਤੇ ਚਾਂਦੀ ਦਾ ਤਮਗਾ ਜਿੱਤ ਕੇ ਆਪਣੇ ਪਿੰਡ ਤੇ ਪਰਵਾਰ ਦਾ ਨਾਮ ਰੌਸ਼ਨ ਕੀਤਾ।ਪਿੰਡ ਦੇ ਲੋਕਾਂ ਨੇ ਖੁਸ਼ਪ੍ਰੀਤ ਦਾ ਪਿੰਡ ਪਹੁੰਚਣ 'ਤੇ ਧੂਮਧਾਮ ਢੋਲ ਢਮਕੇ ਤੇ ਹਾਰਾਂ ਨਾਲ ਸ਼ਾਨਦਾਰ ਸਵਾਗਤ ਕੀਤਾ ਅਤੇ ਉਸ ਦੀ ਪ੍ਰਤਿਭਾ ਦੀ ਸ਼ਲਾਘਾ ਕੀਤੀ, ਜੋ ਕਿ ਪਿੰਡ ਦੇ ਲੋਕਾਂ ਦੇ ਉਸ ਦੇ ਪ੍ਰਤੀ ਪਿਆਰ ਤੇ ਸਤਿਕਾਰ ਨੂੰ ਦਰਸਾਉਂਦਾ ਹੈ।ਡਾ. ਭੀਮ ਰਾਓ ਅੰਬੇਡਕਰ ਐਜੂਕੇਸ਼ਨ ਸਪੋਰਟਸ ਐਂਡ ਵੈੱਲਫੇਅਰ ਸੋਸਾਇਟੀ ਨੇ ਖੁਸ਼ਪ੍ਰੀਤ ਨੂੰ ਬਾਬਾ ਸਾਹਿਬ ਦੀ ਫੋਟੋ ਨਾਲ ਸਨਮਾਨਤ ਕੀਤਾ ਤੇ ਉਸ ਦੀ ਪ੍ਰਾਪਤੀ 'ਤੇ ਵਧਾਈ ਦਿੱਤੀ, ਜੋ ਉਸ ਦੇ ਸਮਾਜਿਕ ਯੋਗਦਾਨ ਨੂੰ ਉਜਾਗਰ ਕਰਦੀ ਹੈ।ਖੁਸ਼ਪ੍ਰੀਤ ਦੇ ਪਿਤਾ ਦਿਲਬਾਗ ਸਿੰਘ ਨੇ ਕਿਹਾ ਕਿ ਸਾਨੂੰ ਆਪਣੀ ਧੀ 'ਤੇ ਮਾਣ ਹੈ ਅਤੇ ਅਸੀਂ ਉਮੀਦ ਕਰਦੇ ਹਾਂ ਕਿ ਉਹ ਭਵਿੱਖ ਵਿੱਚ ਵੀ ਆਪਣੇ ਖੇਡ ਹੁਨਰ ਦਾ ਪ੍ਰਦਰਸ਼ਨ ਕਰਦੀ ਰਹੇਗੀ।ਅਸੀਂ ਹਮੇਸ਼ਾ ਉਸ ਨੂੰ ਉਤਸ਼ਾਹਤ ਕੀਤਾ ਹੈ ਤੇ ਸਾਨੂੰ ਲੱਗਦਾ ਹੈ ਕਿ ਉਸ ਦੀ ਮਿਹਨਤ ਤੇ ਲਗਨ ਨੇ ਉਸ ਨੂੰ ਇਸ ਮੁਕਾਮ 'ਤੇ ਪਹੁੰਚਾਇਆ ਹੈ।ਉਨ੍ਹਾ ਸਮੂਹ ਪਿੰਡ, ਅੰਬੇਡਕਰ ਕਲੱਬ ਦੇ ਸਮੂਹ ਮੈਂਬਰਾਂ ਤੇ ਸਮੂਹ ਰਵਿਦਾਸੀਆ ਭਾਈਚਾਰੇ ਦਾ ਬਹੁਤ ਬਹੁਤ ਧੰਨਵਾਦ ਕੀਤਾ, ਜਿਨ੍ਹਾਂ ਖੁਸ਼ਪ੍ਰੀਤ ਨੂੰ ਇੰਨਾ ਸਤਿਕਾਰ ਦਿੱਤਾ ਅਤੇ ਉਸ ਦੇ ਖੇਡ ਹੁਨਰ ਨੂੰ ਉਤਸ਼ਾਹਤ ਕੀਤਾ।

# ਮੈਡੀਕਲ ਪ੍ਰੈਕਟੀਸ਼ਨਰਜ਼ ਐਸੋਸੀਏਸ਼ਨ ਬਲਾਕ ਜ਼ੀਰਾ ਦੀ ਅਹਿਮ ਮੀਟਿੰਗ

## ਪ੍ਰੈਕਟੀਸ਼ਨਰਾਂ ਦਾ ਅਰਥੀ ਫੂਕ ਮੁਜ਼ਾਹਰਾ ਕਰਨ ਵਾਲਿਆਂ ਦੀ ਸਖ਼ਤ ਨਿੰਦਾ



**ਜ਼ੀਰਾ (ਨਰਿੰਦਰ ਅਨੇਜਾ)**-ਮੈਡੀਕਲ ਪ੍ਰੈਕਟੀਸ਼ਨਰਜ਼ ਐਸੋਸੀਏਸ਼ਨ ਪੰਜਾਬ ਦੇ ਸੂਬਾ ਪ੍ਰਧਾਨ ਵੈਦ ਧੰਨਾ ਮੱਲ ਗੋਇਲ ਤੇ ਜ਼ਿਲ੍ਹਾ ਫਿਰੋਜ਼ਪੁਰ ਦੇ ਪ੍ਰਧਾਨ ਡਾਕਟਰ ਹਰਭਜਨ ਕੰਬੋਜ ਦੀ ਯੋਗ ਅਗਵਾਈ ਹੇਠ ਚੱਲ ਰਹੀ ਜਥੇਬੰਦੀ ਦੀ ਇਕਾਈ ਜ਼ੀਰਾ ਦੀ ਮੀਟਿੰਗ ਪ੍ਰਧਾਨ ਆਤਮਾ ਸਿੰਘ ਦੀ ਪ੍ਰਧਾਨਗੀ ਹੇਠ ਟੇਸਟ ਬੱਡਜ਼ ਰੈਸਟੋਰੈਂਟ ਜ਼ੀਰਾ ਵਿੱਚ ਹੋਈ, ਜਿਸ ਵਿੱਚ ਜ਼ਿਲ੍ਹਾ ਫਿਰੋਜ਼ਪੁਰ ਦੇ ਸਕੱਤਰ ਸੰਤੋਖ ਸਿੰਘ ਤੇ ਜ਼ਿਲ੍ਹਾ ਸਹਾਇਕ ਸਟੇਜ ਸਕੱਤਰ ਧਰਮਿੰਦਰ ਸਿੰਘ ਵਿਸ਼ੇਸ਼ ਤੌਰ 'ਤੇ ਪਹੁੰਚੇ।ਮੀਟਿੰਗ ਵਿੱਚ ਪ੍ਰੈਕਟੀਸ਼ਨਰਾਂ ਨੂੰ ਪ੍ਰੈਕਟਿਸ ਕਰਦੇ ਹੋਏ ਆ ਰਹੀਆਂ ਸਮੱਸਿਆਵਾਂ 'ਤੇ ਵਿਚਾਰ ਵਟਾਂਦਰਾ ਕੀਤਾ ਗਿਆ।ਮੀਟਿੰਗ ਵਿੱਚ ਪ੍ਰਧਾਨ ਆਤਮਾ ਸਿੰਘ, ਸਕੱਤਰ ਸੁਰਜੀਤ ਸਿੰਘ ਤੋਂ ਇਲਾਵਾ ਉਪਰੋਕਤ ਜ਼ਿਲ੍ਹਾ ਸੀਨੀਅਰ ਆਗੂਆਂ ਨੇ ਵੱਡੀ ਗਿਣਤੀ ਵਿੱਚ ਹਾਜ਼ਰ ਜ਼ੀਰਾ ਤੇ ਆਸ-ਪਾਸ ਦੇ ਪਿੰਡਾਂ ਵਿੱਚ ਕੰਮ ਕਰਦੇ ਪ੍ਰੈਕਟੀਸ਼ਨਰਾਂ ਨੂੰ ਸੰਬੋਧਨ ਕਰਦਿਆਂ ਕਿਹਾ ਕਿ ਪਿਛਲੇ ਦਿਨੀਂ ਲੁਧਿਆਣੇ ਦੇ ਡਾਕਟਰ ਅੰਬੇਡਕਰ ਯੂਥ ਸੈਨਾ ਦੇ ਆਪਣੇ ਆਪ ਨੂੰ ਪ੍ਰਧਾਨ ਆਖਦੇ ਰਾਜ ਕੁਮਾਰ ਤੇ ਉਸ ਦੇ ਸਾਥੀਆਂ ਵੱਲੋਂ ਅਣਰਜਿਸਟਡ ਪ੍ਰੈਕਟੀਸ਼ਨਰਾਂ ਪ੍ਰਤੀ ਵਰਤੀ ਗਈ ਭੱਦੀ ਸ਼ਬਦਾਵਲੀ ਤੇ ਉਨ੍ਹਾਂ ਵੱਲੋਂ ਜੋ ਅਰਥੀ ਫੂਕ ਮੁਜ਼ਾਹਰਾ ਕੀਤਾ ਗਿਆ, ਉਸ ਦੀ ਸਖ਼ਤ ਨਿੰਦਾ ਕੀਤੀ ਜਾਂਦੀ ਹੈ, ਜੋ ਸਬੰਧਤ ਪੱਤਰਕਾਰ ਹੈ ਜਾਂ ਅਜਿਹੀ ਸੋਚ ਵਾਲੇ ਹੋਰ ਪੱਤਰਕਾਰਾਂ ਨੂੰ ਵੀ ਤਾੜਨਾ ਕੀਤੀ ਜਾਂਦੀ ਹੈ ਕਿ ਉਹ ਦੂਜਾ ਪੱਖ ਸੁਣੇ ਬਿਨਾਂ ਅਜਿਹੀਆਂ ਖਬਰਾਂ ਨਾ ਚਲਾਉਣ, ਜਿਸ ਵਿੱਚ ਕਿ ਵਾਰ ਵਾਰ ਝੋਲਾ ਛਾਪ ਵਰਗੇ ਮਾੜੇ ਸ਼ਬਦ ਵਰਤੇ ਗਏ।ਅਸੀਂ ਅਜਿਹੇ ਆਗੂਆਂ ਤੇ ਇੱਕ ਪੱਖ ਸੁਣਨ ਵਾਲੇ ਪੱਤਰਕਾਰਾਂ ਨੂੰ ਯਾਦ ਦਿਵਾਉਣਾ ਚਾਹੁੰਦੇ ਹਾਂ ਕਿ ਜਿਨ੍ਹਾਂ ਨੂੰ ਤੁਸੀਂ ਵਾਰ ਵਾਰ ਝੋਲਾ ਛਾਪ ਕਹਿ ਰਹੇ ਹੋ, ਇਹ ਉਹ ਪ੍ਰੈਕਟੀਸ਼ਨਰ ਹਨ, ਜਿਨ੍ਹਾਂ ਨੇ ਕੋਰੋਨਾ ਕਾਲ ਵੇਲੇ ਜਦੋਂ ਵੱਡੇ ਹਸਪਤਾਲ ਬੰਦ ਪਏ ਸਨ ਤਾਂ ਗਰੀਬ ਵਰਗ ਦੇ ਲੋਕਾਂ ਪਿੰਡਾਂ ਵਿੱਚ ਜਾਂ ਸ਼ਹਿਰ ਦੇ ਸਲੱਮ ਏਰੀਏ ਵਿੱਚ ਰਹਿੰਦੇ ਲੋਕਾਂ ਲਈ ਮਸੀਹਾ ਬਣ ਕੇ ਬਹੁੜੇ ਸਨ।ਸਰਪ੍ਰਸਤ ਗੁਰਦਿੱਤ ਸਿੰਘ, ਚੇਅਰਮੈਨ ਜਰਨੈਲ ਸਿੰਘ, ਸੀਨੀਅਰ ਮੀਤ ਪ੍ਰਧਾਨ ਅਜਮੇਰ ਸਿੰਘ ਢੇਰੂ ਤੇ ਸਹਾਇਕ ਕੈਸ਼ੀਅਰ ਬੋਹੜ ਸਿੰਘ ਆਦਿ ਵੱਲੋਂ ਸਰਕਾਰ ਨੂੰ ਯਾਦ ਕਰਵਾਉਂਦਿਆਂ ਕਿਹਾ ਕਿ ਪਿਛਲੇ ਸਾਲ 26 ਨਵੰਬਰ ਵਿੱਚ ਸੂਬਾ ਪ੍ਰਧਾਨ ਤੇ ਸੀਨੀਅਰ ਆਗੂਆਂ ਵੱਲੋਂ ਸਿਹਤ ਮੰਤਰੀ ਬਲਬੀਰ ਸਿੰਘ ਨੂੰ ਆਪਣੀਆਂ ਹੱਕੀ ਮੰਗਾਂ ਲਈ ਮੰਗ ਪੱਤਰ ਦਿੱਤਾ ਗਿਆ ਸੀ।ਉਨ੍ਹਾਂ ਵੱਲੋਂ ਵਾਅਦਾ ਕੀਤਾ ਗਿਆ ਸੀ ਕਿ ਜਲਦੀ ਹੀ ਤੁਹਾਡੀ ਮੰਗ 'ਤੇ ਵਿਚਾਰ ਕਰਕੇ ਤੁਹਾਨੂੰ ਰਜਿਸਟਰਡ ਕੀਤਾ ਜਾਵੇਗਾ, ਪਰ ਹੁਣ ਤੱਕ ਸਾਡੀ ਮੰਗ ਪੂਰੀ ਨਹੀਂ ਹੋਈ ਹੈ।ਸੋ ਸਾਡੀ ਜਥੇਬੰਦੀ ਵੱਲੋਂ ਬੇਨਤੀ ਕੀਤੀ ਹੈ ਕਿ ਸਾਡੀ ਮੰਗ ਪੂਰੀ ਕੀਤੀ ਜਾਵੇ।ਇਸ ਮੀਟਿੰਗ ਵਿੱਚ ਰਾਜੀਵ ਹਸਪਤਾਲ ਮੋਗਾ ਦੇ ਡਾਕਟਰ ਅਨਿਰੁੱਧ ਗੁਪਤਾ ਤੇ ਉਨ੍ਹਾਂ ਦੀ ਟੀਮ ਨੇ ਵੀ ਸ਼ਮੂਲੀਅਤ ਕੀਤੀ।ਉਨ੍ਹਾਂ ਆਪਣੇ ਹਸਪਤਾਲ ਦੀਆਂ ਵਿਸ਼ੇਸ਼ਤਾਵਾਂ ਬਾਰੇ ਜਾਣਕਾਰੀ ਦਿੱਤੀ।

ਅਖੀਰ 'ਤੇ ਪ੍ਰਧਾਨ ਆਤਮਾ ਸਿੰਘ ਵੱਲੋਂ ਸਾਰੇ ਮੈਂਬਰਾਂ ਤੇ ਰਾਜੀਵ ਹਸਪਤਾਲ ਦੀ ਟੀਮ ਦਾ ਧੰਨਵਾਦ ਕੀਤਾ ਗਿਆ।

## ਝਾੜ ਸਾਹਿਬ ਕਾਲਜ ਦਾ ਬੀ ਏ ਸਮੈਸਟਰ ਚੌਥੇ ਦਾ ਨਤੀਜਾ ਸ਼ਾਨਦਾਰ



**ਸਮਰਾਲਾ (ਸੁਰਜੀਤ ਸਿੰਘ)**-ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਸ੍ਰੀ ਅੰਮ੍ਰਿਤਸਰ ਸਾਹਿਬ ਦੀ ਸਰਪ੍ਰਸਤੀ ਹੇਠ ਚੱਲ ਰਹੀ ਇਲਾਕੇ ਦੀ ਸੰਸਥਾ ਗੁਰੂ ਗੋਬਿੰਦ ਸਿੰਘ ਖਾਲਸਾ ਕਾਲਜ ਫਾਰ ਵਿਮਨ, ਝਾੜ ਸਾਹਿਬ (ਲੁਧਿ.) ਦਾ ਪੰਜਾਬ ਯੂਨੀਵਰਸਿਟੀ, ਚੰਡੀਗੜ੍ਹ ਵੱਲੋਂ ਐਲਾਨਿਆ ਬੀ ਏ ਸਮੈਸਟਰ ਚੌਥੇ ਦਾ ਨਤੀਜਾ ਸ਼ਾਨਦਾਰ ਰਿਹਾ।ਵਿਦਿਆਰਥਣ ਪ੍ਰਭਜੋਤ ਕੌਰ ਨੇ 82.44 ਫੀਸਦੀ ਅੰਕ ਪ੍ਰਾਪਤ ਕਰਕੇ ਕਾਲਜ ਵਿੱਚ ਪਹਿਲਾ, ਮਨਦੀਪ ਕੌਰ ਨੇ 78.35 ਫੀਸਦੀ ਅੰਕ ਹਾਸਲ ਕਰਕੇ ਦੂਜਾ ਸਥਾਨ ਹਾਸਲ ਕੀਤਾ।ਇਕਬਾਲ ਕੌਰ ਨੇ 75 ਫੀਸਦੀ ਅੰਕ ਹਾਸਲ ਕਰਕੇ ਤੀਜਾ ਸਥਾਨ ਹਾਸਲ ਕੀਤਾ।ਕਾਲਜ ਪ੍ਰਿੰਸੀਪਲ ਡਾ. ਰਜਿੰਦਰ ਕੌਰ ਨੇ ਵਿਦਿਆਰਥਣਾਂ ਅਤੇ ਸਟਾਫ਼ ਮੈਂਬਰਾਂ, ਮਾਪਿਆਂ ਨੂੰ ਵਧਾਈ ਦਿੱਤੀ ਅਤੇ ਸ਼ੁਭਕਾਮਨਾਵਾਂ ਦਿੰਦੇ ਹੋਏ ਕਿਹਾ ਕਿ ਇਹ ਸੰਸਥਾ ਵਿਦਿਆਰਥਣਾਂ ਦੇ ਸਰਵਪੱਖੀ ਵਿਕਾਸ ਦੀ ਪ੍ਰਫੁੱਲਤੀ ਲਈ ਸਦਾ ਯਤਨਸ਼ੀਲ ਰਹਿੰਦੀ ਹੈ।ਕਾਲਜ ਵਿਖੇ ਬੀ.ਏ. ਤੋਂ ਇਲਾਵਾ ਐਮ.ਏ (ਪੰਜਾਬੀ) ਕੋਰਸ ਸਫਲਤਾਪੂਰਵਕ ਚੱਲ ਰਿਹਾ ਹੈ ਅਤੇ ਇਹਨਾਂ ਦਾ ਦਾਖਲਾ ਸ਼ੁਰੂ ਹੈ ਇਸ ਲਈ ਇਲਾਕੇ ਦੀਆਂ ਵਿਦਿਆਰਥਣਾਂ ਆਪਣੇ ਸੁਪਨਿਆਂ ਨੂੰ ਸਕਾਰ ਕਰਨ ਲਈ ਕਾਲਜ ਵਿੱਚ ਦਾਖਲਾ ਲੈ ਸਕਦੀਆਂ ਹਨ।ਕਾਲਜ ਦੀ ਲੋਕਲ ਮੈਨੇਜਿੰਗ ਕਮੇਟੀ ਵੱਲੋਂ ਵਿਦਿਆਰਥਣਾਂ ਦੀ ਇਸ ਪ੍ਰਾਪਤੀ ਦੀ ਸ਼ਲਾਘਾ ਕੀਤੀ ਗਈ।

## ਐਮ ਡੀ ਪਬਲਿਕ ਸਕੂਲ 'ਚ ਤੀਆਂ ਦਾ ਤਿਉਹਾਰ ਮਨਾਇਆ



**ਸੁਨਾਮ ਊਧਮ ਸਿੰਘ ਵਾਲਾ (ਅਸ਼ੋਕ ਬਾਂਸਲ, ਹਾਕਮ ਛੱਟੀ)**-ਐਮ ਡੀ ਪਬਲਿਕ ਆਈ ਸਕੂਲ ਵਿੱਚ ਤੀਆਂ ਦਾ ਤਿਉਹਾਰ ਮਨਾਇਆ ਗਿਆ।ਪੰਜਾਬੀ ਸੱਭਿਆਚਾਰ ਵਿੱਚ ਸਾਉਣ ਮਹੀਨੇ ਦੇ ਵਿਸ਼ੇਸ਼ ਮਹੱਤਤਾ ਤੀਆਂ ਦਾ ਤਿਉਹਾਰ ਹੈ। ਇਸ ਵਿਸ਼ੇਸ਼ ਅਵਸਰ 'ਤੇ ਸਕੂਲ ਦੀਆਂ ਬੱਚੀਆਂ ਨੇ ਪੰਜਾਬੀ ਪਹਿਰਾਵੇ ਵਿੱਚ ਸੱਭਿਆਚਾਰ ਨੂੰ ਦਰਸਾਉਂਦੀਆਂ ਵੱਖ-ਵੱਖ ਗਤੀਵਿਧੀਆਂ ਦੀ ਝਲਕ ਦਿਖਾਈ ਅਤੇ ਵੱਖ-ਵੱਖ ਤਰੀਕਿਆਂ ਨਾਲ ਪੰਜਾਬੀ ਸੱਭਿਆਚਾਰ ਨੂੰ ਪੇਸ਼ ਕੀਤਾ। ਮੁਟਿਆਰਾਂ ਨੇ ਗਿੱਧਾ, ਬੋਲੀਆਂ ਅਤੇ ਪੰਜਾਬੀ ਸੱਭਿਆਚਾਰ ਦੇ ਨਾਟਕ ਪੇਸ਼ ਕਰਕੇ ਆਪਣਾ ਹੁਨਰ ਦਿਖਾਇਆ। ਇਸ ਪ੍ਰੋਗਰਾਮ ਦੀ ਸ਼ਲਾਘਾ ਕਰਦੇ ਹੋਏ ਸਕੂਲ ਦੇ ਪ੍ਰਿੰਸੀਪਲ ਸੁਸ਼ੀਲ ਪਾਠਕ, ਸਕੂਲ ਦਾ ਸਮੂਹ ਸਟਾਫ ਨੀਲਮ, ਵੀਰਪਾਲ ਕੌਰ, ਮਨਪ੍ਰੀਤ ਕੌਰ, ਜਸਪ੍ਰੀਤ ਕੌਰ, ਹਰਦੀਪ ਕੌਰ, ਸਨਮਦੀਪ ਕੌਰ, ਕੁਲਵਿੰਦਰ ਕੌਰ, ਸਾਈਨੀ, ਸਵਿਤਾ ਅਤੇ ਟੀਪੀ ਅਧਿਆਪਕ ਕਮਲਪ੍ਰੀਤ ਕੌਰ, ਯਾਦਵਿੰਦਰ ਕੌਰ, ਪ੍ਰਿਅੰਕਾ, ਲਵਲੀਸ਼ ਸਿੰਗਲਾ ਅਤੇ ਮਹਿਕ ਨੇ ਬੱਚਿਆਂ ਨੂੰ ਤੀਜ ਦੇ ਤਿਉਹਾਰ ਦੀ ਮਹੱਤਤਾ ਦੱਸੀ।

## ਸਿਸੋਦੀਆ ਦੀ ਪੰਜਾਬ ਦੇ ਲੋਕ ਸਭਾ ਇੰਚਾਰਜਾਂ ਨਾਲ ਵਿਸ਼ੇਸ਼ ਹੰਗਾਮੀ ਮੀਟਿੰਗ



**ਪਟਿਆਲਾ (ਬਿੰਦ)**-ਚੰਡੀਗੜ੍ਹ ਵਿਖੇ ਪੰਜਾਬ ਪ੍ਰਦੇਸ਼ ਆਮ ਆਦਮੀ ਪਾਰਟੀ ਦੇ ਪ੍ਰਭਾਰੀ ਮਨੀਸ਼ ਸਿਸੋਦੀਆ ਨੇ ਪੰਜਾਬ ਦੇ ਕੁਝ ਲੋਕ ਸਭਾ ਇੰਚਾਰਜਾਂ ਨਾਲ ਵਿਸ਼ੇਸ਼ ਹੰਗਾਮੀ ਮੀਟਿੰਗ ਕੀਤੀ ਜਿਸ ਵਿੱਚ ਸੰਗਠਨ ਨੂੰ ਮਜ਼ਬੂਤ ਕਰਨ ਸੰਬੰਧੀ ਰਣਨੀਤੀ ਤਹਿਤ ਆਉਂਦੀਆਂ ਵਿਧਾਨ ਸਭਾ ਚੋਣਾਂ 2027 ਲਈ ਸਮੂਹ ਲੋਕ ਸਭਾ ਇੰਚਾਰਜਾਂ ਨੂੰ ਹੋਰ ਜ਼ਿੰਮੇਵਾਰੀਆਂ ਦਿੱਤੀਆਂ ਜਾਣਗੀਆਂ। ਇਸ ਮੀਟਿੰਗ ਵਿੱਚ ਪਟਿਆਲਾ ਦੇ ਲੋਕ ਸਭਾ ਇੰਚਾਰਜ ਬਲਜਿੰਦਰ ਸਿੰਘ ਢਿੱਲੋਂ ਸ਼ਾਮਲ ਹੋਏ। ਢਿੱਲੋਂ ਨੇ ਕਿਹਾ ਕਿ ਆਗਾਮੀ ਵਿਧਾਨ ਸਭਾ ਚੋਣਾ 2027 ਨੂੰ ਮੁੱਖ ਰਖਦੇ ਹੋਏ ਪੰਜਾਬ ਪ੍ਰਦੇਸ਼ ਆਮ ਆਦਮੀ ਪਾਰਟੀ ਵੱਲੋਂ ਜੋ ਨਵਾਂ ਸੰਗਠਨ ਦਾ ਢਾਂਚਾ ਤਿਆਰ ਕੀਤਾ ਜਾ ਰਿਹਾ ਹੈ, ਉਸ ਵਿੱਚ ਨਿਯੁਕਤ ਕੀਤੇ ਹਰ ਅਹੁਦੇਦਾਰ ਨੂੰ ਜੋ ਜ਼ਿੰਮੇਵਾਰੀਆਂ ਦਿੱਤੀਆਂ ਜਾਣਗੀਆਂ ਉਨ੍ਹਾਂ ਨੂੰ ਬੜੀ ਸੁਹਿਰਦਤਾ ਨਾਲ ਨਿਭਾਉਣ ਤਾਂ ਜੋ ਹਾਈਕਮਾਨ ਵੱਲੋਂ ਇਸ ਮੀਟਿੰਗ ਵਿੱਚ ਦਿੱਤੀਆਂ ਵਿਸ਼ੇਸ਼ ਹਦਾਇਤਾਂ ਨੂੰ ਬੂਥ ਪੱਧਰ ਤੱਕ ਲਾਗੂ ਕੀਤਾ ਜਾ ਸਕੇ ਅਤੇ ਇਸ ਦੇ ਨਾਲ ਨਾਲ ਪੰਜਾਬ ਦੇ ਵਾਸੀਆਂ ਲਈ ਜੋ ਪੰਜਾਬ ਸਰਕਾਰ ਵੱਲੋਂ ਕਲਿਆਣਕਾਰੀ ਕੰਮ ਕੀਤੇ ਗਏ ਹਨ ਅਤੇ ਆਮ ਲੋਕਾਂ ਨੂੰ ਸਿੱਖਿਆ, ਸਿਹਤ ਅਤੇ ਹੋਰ ਆਰਥਿਕ ਸਹੂਲਤਾਂ ਦਿੱਤੀਆਂ ਗਈਆਂ ਹਨ ਉਨ੍ਹਾਂ ਨੂੰ ਲੋਕਾਂ ਤੱਕ ਪਹੁੰਚਾਇਆ ਜਾ ਸਕੇ।

## ਸਾਂਝੇ ਮੋਰਚੇ ਵੱਲੋਂ ਕੈਬਨਿਟ ਮੰਤਰੀ ਅਰੋੜਾ ਦਾ ਘਰ ਘੇਰਨ ਦੀਆਂ ਤਿਆਰੀਆਂ ਮੁਕੰਮਲ



**ਦਿੜ੍ਹਬਾ (ਜਸਵੀਰ ਲਾਡੀ)**-ਮਜ਼ਦੂਰ ਮੁਕਤੀ ਮੋਰਚਾ ਪੰਜਾਬ (ਅਇਰਲਾ) ਦੀ ਮੀਟਿੰਗ ਬਲਾਕ ਆਗੂ ਰਾਣੀ ਕੌਰ ਸੁਨਾਮ ਦੀ ਪ੍ਰਧਾਨਗੀ ਹੇਠ ਹੋਈ।ਮੀਟਿੰਗ ਦੌਰਾਨ ਸੂਬਾ ਪ੍ਰਧਾਨ ਕਾਮਰੇਡ ਗੋਬਿੰਦ ਸਿੰਘ ਛਾਜਲੀ ਨੇ ਵਿਚਾਰ ਵਟਾਂਦਰਾ ਕਰਦਿਆਂ ਕਿਹਾ ਕਿ ਪੰਜਾਬ ਸਰਕਾਰ ਬੁਰੀ ਤਰ੍ਹਾਂ ਫੇਲ੍ਹ ਸਾਬਿਤ ਹੋਈ ਹੈ। ਮਜ਼ਦੂਰ ਜਥੇਬੰਦੀਆਂ ਨੂੰ ਵਾਰ ਵਾਰ ਮੀਟਿੰਗ ਦਾ ਸਮਾਂ ਦੇ ਕੇ ਭੱਜ ਗਈ ਹੈ, ਜਿਸ ਕਾਰਨ ਪੰਜਾਬ ਵਿੱਚ 4 ਅਗਸਤ ਨੂੰ ਮੰਤਰੀਆਂ ਦੇ ਘਰਾਂ ਅੱਗੇ ਧਰਨਾ ਪ੍ਰਦਰਸ਼ਨ ਕੀਤਾ ਜਾਵੇਗਾ, ਜਿਸ ਦੀ ਤਿਆਰੀ ਵੱਡੀ ਪੱਧਰ 'ਤੇ ਕਰਕੇ ਲਾਮਬੰਦੀ ਕੀਤੀ ਜਾਵੇਗੀ।ਛਾਜਲੀ ਨੇ ਅੱਗੇ ਕਿਹਾ ਕਿ ਮਜ਼ਦੂਰ ਮੁਕਤੀ ਮੋਰਚਾ ਪੰਜਾਬ ਵੱਲੋਂ ਆਉਣ ਵਾਲੇ ਦਿਨਾਂ ਵਿਚ ਬਲਾਕ ਦੇ ਪਿੰਡਾਂ ਦੀ ਚੋਣ ਕਰਕੇ ਬਲਾਕਾਂ ਦੇ ਅਜਲਾਸ ਕੀਤੇ ਜਾਣਗੇ।ਜਥੇਬੰਦੀ ਦੀ ਮੈਂਬਰਸ਼ਿਪ ਦੀਆਂ ਤਿਆਰੀ ਕਮੇਟੀਆਂ ਬਣਾ ਕੇ ਤਨਦੇਹੀ ਨਾਲ ਕੰਮ ਕੀਤਾ ਜਾਵੇਗਾ।ਜ਼ਿਲ੍ਹਾ ਪ੍ਰਧਾਨ ਕਾਮਰੇਡ ਬਿੱਟੂ ਖੋਖਰ ਨੇ ਪੰਜਾਬ ਸਰਕਾਰ 'ਤੇ ਤੰਜ ਕੱਸਦਿਆਂ ਕਿਹਾ ਕਿ ਲੋਕਤੰਤਰ ਦਾ ਘਾਣ ਕੀਤਾ ਜਾ ਰਿਹਾ ਹੈ, ਆਏ ਦਿਨ ਕਿਸਾਨਾਂ ਮਜ਼ਦੂਰਾਂ ਲਾਠੀਚਾਰਜ ਕੀਤਾ ਜਾ ਰਿਹਾ ਹੈ, ਜਿਸ ਤੋਂ ਸਪੱਸ਼ਟ ਹੈ ਕਿ ਪੰਜਾਬ ਸਰਕਾਰ ਦਾ ਰਾਜ ਨਹੀਂ ਬਲਕਿ ਪੁਲਸ ਦਾ ਡੰਡਾ ਰਾਜ ਹੈ।ਉਨ੍ਹਾਂ ਕਿਸਾਨਾਂ 'ਤੇ ਕੀਤੇ ਲਾਠੀਚਾਰਜ ਦੀ ਵੀ ਨਿੰਦਾ ਕੀਤੀ, ਕਿਉਂਕਿ ਪੇਂਡੂ ਧਨਾਢਾਂ ਵੱਲੋਂ ਮਜ਼ਦੂਰਾਂ 'ਤੇ ਅੱਤਿਆਚਾਰ ਕੀਤੇ ਜਾ ਰਹੇ ਹਨ।ਪੰਜਾਬ ਸਰਕਾਰ ਕਾਰਪੋਰੇਟ ਘਰਾਣਿਆਂ ਦੀ ਕਠਪੁਤਲੀ ਬਣ ਕੇ ਰਹਿ ਗਈ ਹੈ, ਕਿਉਂਕਿ ਪੰਜਾਬ ਸਰਕਾਰ ਨੇ ਕਾਰਖਾਨਿਆਂ, ਫੈਕਟਰੀਆਂ ਤੇ ਉਦਯੋਗਿਕ ਖੇਤਰਾਂ ਵਿੱਚ ਕੰਮ ਕਰਨ ਵਾਲੇ ਮਜ਼ਦੂਰਾਂ ਨੂੰ 12 ਘੰਟੇ ਕੰਮ ਕਰਨ ਦਾ ਕਾਨੂੰਨ ਲਾਗੂ ਕੀਤਾ ਹੈ, ਜਦਕਿ 8 ਘੰਟਿਆਂ ਦਾ ਕਾਨੂੰਨ ਸ਼ਹੀਦੀਆਂ ਦੇ ਕੇ ਲਾਗੂ ਕਰਵਾਇਆ ਸੀ।ਸਾਡੀ ਪਾਰਟੀ ਸੀ ਪੀ ਆਈ (ਐੱਮ ਐੱਲ) ਲਿਬਰੇਸ਼ਨ ਵੱਲੋਂ ਉਦਯੋਗਿਕ ਖੇਤਰਾਂ ਨੂੰ 6 ਘੰਟੇ ਕੰਮ ਕਰਨ ਦਾ ਸਮਾਂ ਲਾਗੂ ਕਰਨ ਦੀ ਮੰਗ ਰੱਖੀ ਜਾ ਰਹੀ ਹੈ।ਇਸ ਮੌਕੇ ਜ਼ਿਲ੍ਹਾ ਸਕੱਤਰ ਮਨਜੀਤ ਕੌਰ ਆਲੋਅਰਖ, ਜ਼ਿਲ੍ਹਾ ਮੀਤ ਪ੍ਰਧਾਨ ਬਾਬਾ ਘੁਮੰਡ ਸਿੰਘ ਉਗਰਾਹਾਂ, ਜਸਬੀਰ ਕੌਰ ਬੀਰ ਕਲਾਂ, ਕਰਨੈਲ ਸਿੰਘ ਦੋਲੇਵਾਲ, ਸੰਦੀਪ ਸਿੰਘ ਖੰਡੇਬਾਦ, ਸਾਧਾ ਸਿੰਘ ਖਾਲਸਾ ਸੁਨਾਮ, ਜ਼ਿਲ੍ਹਾ ਪ੍ਰੈੱਸ ਸਕੱਤਰ ਕੁਲਵੰਤ ਛਾਜਲੀ, ਅਮਨੀ ਖੋਖਰ, ਗੱਗੂ, ਲਵਲੀ ਹਾਜ਼ਰ।

## ਸੰਤ ਕਬੀਰ ਕਿੰਡਰ ਗਾਰਟਨ ਸਕੂਲ 'ਚ ਰੰਗਾਰੰਗ ਪ੍ਰਦਰਸ਼ਨੀ



**ਲਹਿਰਾ ਮੁਹੱਬਤ (ਭੀਮ ਸੈਨ ਹਦਵਾਰੀਆ)**-ਸੰਤ ਕਬੀਰ ਕਿੰਡਰਗਾਰਟਨ ਸਕੂਲ ਵਿੱਚ ਰੰਗਾ-ਰੰਗ ਪ੍ਰਦਰਸ਼ਨੀ ਲਗਾਈ ਗਈ, ਜਿਸ ਵਿੱਚ ਛੋਟੇ ਬੱਚਿਆਂ ਨੇ ਆਪਣੀ ਰਚਨਾਤਮਕ ਪ੍ਰਤਿਭਾ ਦਾ ਪ੍ਰਦਰਸ਼ਨ ਕੀਤਾ। ਇਸ ਪ੍ਰਦਰਸ਼ਨੀ ਵਿੱਚ ਬੱਚਿਆਂ ਦੁਆਰਾ ਬਣਾਏ ਗਏ ਕਲਾਕ੍ਰਿਤੀਆਂ, ਦਸਤਕਾਰੀ ਵਸਤੂਆਂ, ਵਿਗਿਆਨ ਮਾਡਲ ਤੇ ਵਿੱਦਿਅਕ ਪ੍ਰੋਜੈਕਟ ਦਿਖਾਏ ਗਏ, ਜਿਸ ਵਿੱਚ ਰਹਿੰਦ-ਖੂੰਹਦ ਤੋਂ ਬਣਿਆ ਪੈੱਨ ਸਟੈਂਡ, ਨੈਪਕਿਨ ਸਟੈਂਡ, ਫੁੱਲਾਂ ਦਾ ਗੁਲਦਸਤਾ, ਵਾਤਾਵਰਣ ਸੁਰੱਖਿਆ, ਰੰਗਾਂ ਦੀ ਦੁਨੀਆ, ਫਲਾਂ ਤੇ ਸਬਜ਼ੀਆਂ ਬਾਰੇ ਜਾਣਕਾਰੀ, ਮੇਰਾ ਘਰ ਆਦਿ ਖਿਚ ਦਾ ਕੇਂਦਰ ਬਿੰਦੂ ਸਨ। ਪ੍ਰਦਰਸ਼ਨੀ ਦਾ ਉਦਘਾਟਨ ਕਰਦਿਆਂ ਮੁੱਖ ਮਹਿਮਾਨ ਅਸ਼ੋਕ ਕੁਮਾਰ ਖੱਤਰੀ ਨੇ ਕਿਹਾ ਕਿ ਅਜਿਹੇ ਸਮਾਗਮ ਵਿਦਿਆਰਥੀਆਂ ਦੇ ਆਤਮਵਿਸ਼ਵਾਸ ਨੂੰ ਵਧਾਉਂਦੇ ਹਨ ਤੇ ਉਨ੍ਹਾਂ ਨੂੰ ਆਪਣੀ ਪ੍ਰਤਿਭਾ ਦਿਖਾਉਣ ਲਈ ਉਤਸ਼ਾਹਤ ਕਰਦੇ ਹਨ। ਸਕੂਲ ਦੇ ਐੱਮ ਡੀ ਪ੍ਰੋਫੈਸਰ ਐੱਮ. ਐੱਲ. ਅਰੋੜਾ, ਡਾਇਰੈਕਟਰ ਮੈਡਮ ਨੰਦਿਤਾ ਗਰੋਵਰ, ਪ੍ਰਿੰਸੀਪਲ ਮੈਡਮ ਕੰਚਨ, ਹੈੱਡਮਿਸਟ੍ਰੈੱਸ ਮੈਡਮ ਸੋਨੀਆ ਧਵਨ ਤੇ ਰਚਨਾ ਜਿੰਦਲ ਨੇ ਮੁੱਖ ਮਹਿਮਾਨ ਦਾ ਸਵਾਗਤ ਕੀਤਾ। ਮੁੱਖ ਮਹਿਮਾਨ ਤੇ ਮਾਪਿਆਂ ਨੇ ਪ੍ਰਦਰਸ਼ਨੀ ਦੀ ਸ਼ਲਾਘਾ ਕੀਤੀ।

## ਪੈਨਸ਼ਨਰਜ਼ ਦੀਆਂ ਮੰਗਾਂ ਲਾਗੂ ਨਾ ਕਰਨ 'ਤੇ ਸਰਕਾਰ ਦੀ ਕੀਤੀ ਨਿਖੇਧੀ



**ਦੋਰਾਹਾ (ਹਰਮਿੰਦਰ ਸੇਠ)**-ਗੌਰਮਿੰਟ ਪੈਨਸ਼ਨਰਜ਼ ਐਸੋਸੀਏਸ਼ਨ ਦੋਰਾਹਾ ਦੀ ਹੋਈ ਮਹੀਨਾਵਾਰ ਮੀਟਿੰਗ ਵਿੱਚ ਪੰਜਾਬ ਸਰਕਾਰ ਦੀ ਪੈਨਸ਼ਨਰਜ਼ ਪ੍ਰਤੀ ਅਪਣਾਈ ਨਾ-ਪੱਖੀ ਨੀਤੀ ਤੇ ਪੈਨਸ਼ਨਰਜ਼ ਦੀਆਂ ਸਰਕਾਰ ਵੱਲੋਂ ਮੰਨੀਆਂ ਜਾਇਜ਼ ਮੰਗਾਂ ਦੀ ਅਣਦੇਖੀ ਕਰਨ ਦੀ ਸਖ਼ਤ ਨਿਖੇਧੀ ਕੀਤੀ ਗਈ।ਜਦੋਂ ਕਿ ਮੁੱਖ-ਮੰਤਰੀ, ਮੰਤਰੀ ਤੇ ਐਮ ਐਲ ਏ ਸਾਹਿਬਾਨ ਦੀ ਘੋਰ ਦੁਰਵਰਤੋਂ ਕਰ ਰਹੇ ਹਨ ਮਾਮੂਲੀ ਕਾਰਨਾਂ ਦੇ ਉਦਘਾਟਨਾਂ ਉੱਪਰ ਕੀਤੀ ਜਾ ਰਹੀ ਇਸ਼ਤਿਹਾਰਬਾਜ਼ੀ ਵੀ ਖ਼ਜ਼ਾਨੇ ਨੂੰ ਖੋਰਾ ਲਗਾ ਰਹੀ ਹੈ। ਸਾਢੇ ਤਿੰਨ ਸਾਲ ਬੀਤ ਜਾਣ 'ਤੇ ਵੀ ਮੁੱਖ-ਮੰਤਰੀ ਵੱਲੋਂ ਪੈਨਸ਼ਨਰਜ਼ ਨਾਲ ਕੀਤੇ ਵਾਅਦੇ ਪੂਰੇ ਕਰਨ ਲਈ ਸਾਂਝਾ ਪੈਨਸ਼ਨਰਜ਼ ਜੁਆਇੰਟ ਨਾਲ ਇੱਕ ਵੀ ਮੀਟਿੰਗ ਨਾ ਕਰਨਾ ਤੇ ਹਰ ਬਾਰ ਮੀਟਿੰਗ ਲਈ ਤਹਿ ਕੀਤੀ ਮੀਟਿੰਗਾਂ ਨੂੰ ਰੱਦ ਕਰਕੇ ਮੀਟਿੰਗ ਨੂੰ ਅਗੇ ਪਾਉਂਦੇ ਆ ਰਹੇ ਹਨ, ਨੇ ਸਰਕਾਰ ਦੀ ਸਮੁੱਚੇ ਮੁਲਾਜ਼ਮ ਤੇ ਪੈਨਸ਼ਨਰਜ਼ ਵਰਗ ਦੀਆਂ ਸਬੰਧੀ ਬਦਨੀਤੀ ਜ਼ਾਹਰ ਹੁੰਦੀ ਹੈ।ਪੁਰਾਣੀ ਪੈਨਸ਼ਨ ਸਕੀਮ ਬਹਾਲ ਕਰਨ ਸਬੰਧੀ ਵਿਧਾਨ ਸਭਾ ਵਿੱਚ ਮਤਾ ਪਾਸ ਕਰਕੇ ਇਸ ਸਕੀਮ ਨੂੰ ਲਾਗੂ ਨਾ ਕਰਨ ਦੀ ਸਖ਼ਤ ਨਿਖੇਧੀ ਕੀਤੀ। ਮੀਟਿੰਗ ਵਿੱਚ ਸਰਕਾਰ ਵੱਲੋਂ ਲਾਗੂ ਕੀਤੀ ਜਾ ਰਹੀ ਕਿਸਾਨ ਵਿਰੋਧੀ ਲੈਂਡ ਪੂਲਿੰਗ ਨੀਤੀ ਦਾ ਵਿਰੋਧ ਕਰਦੇ ਹੋਏ ਅਤੇ ਲੈਂਡ ਪੂਲਿੰਗ ਨੀਤੀ ਨੂੰ ਰੱਦ ਕਰਵਾਉਣ ਲਈ ਕਿਸਾਨੀ ਵੱਲੋਂ ਵਿੱਢੇ ਜਾਣ ਵਾਲੇ ਸੰਘਰਸ਼ ਦਾ ਸਮਰਥਨ ਕਰਨ ਦਾ ਵੀ ਫੈਸਲਾ ਕੀਤਾ ਗਿਆ।ਮੀਟਿੰਗ ਵਿੱਚ ਰਣਜੀਤ ਸਿੰਘ ਟਿਵਾਣਾ, ਕਮਲਜੀਤ ਸਿੰਘ, ਰੁਪਿੰਦਰ ਸਿੰਘ, ਪਿਆਰਾ ਸਿੰਘ, ਸਤਿੰਦਰਪਾਲ ਸਿੰਘ, ਅਵਤਾਰ ਸਿੰਘ ਸੈਣੀ ਨੇ ਆਪਣੇ ਵਿਚਾਰ ਰੱਖੇ।

# ਬਨੇਗਾ ਪ੍ਰਾਪਤੀ ਮੁਹਿੰਮ ਵੱਲੋਂ ਊਧਮ ਸਿੰਘ ਦੇ ਸ਼ਹੀਦੀ ਦਿਹਾੜੇ ਮੌਕੇ ਸੈਮੀਨਾਰ

### ਸ਼ਹੀਦਾਂ ਦੀ ਲਾਸਾਨੀ ਕੁਰਬਾਨੀ ਸਦਕਾ ਹੀ ਅੱਜ ਦੇਸ਼ ਆਜ਼ਾਦ ਹਵਾ 'ਚ ਸਾਹ ਲੈ ਰਿਹੈ : ਛਾਂਗਾਰਾਏ, ਢਾਬਾਂ




**ਗੁਰੂ ਹਰਸਹਾਏ (ਮਨਦੀਪ ਸਿੰਘ ਸੋਢੀ)**-ਸਰਬ ਭਾਰਤ ਨੌਜਵਾਨ ਸਭਾ ਤੇ ਆਲ ਇੰਡੀਆ ਸਟੂਡੈਂਟਸ ਫੈਡਰੇਸ਼ਨ ਵੱਲੋਂ ਚਲਾਈ ਬਨੇਗਾ ਪ੍ਰਾਪਤੀ ਮੁਹਿੰਮ (ਰੁਜ਼ਗਾਰ ਪ੍ਰਾਪਤੀ ਮੁਹਿੰਮ ਦਾ ਉਚੇਰਾ ਵਿਕਸਤ ਰੂਪ) ਵੱਲੋਂ ਜੰਗੇ-ਆਜ਼ਾਦੀ ਦੇ ਮਹਾਨ ਸਪੂਤ ਸ਼ਹੀਦ ਊਧਮ ਸਿੰਘ ਸੁਨਾਮ ਦੇ ਸ਼ਹੀਦੀ ਦਿਹਾੜੇ ਮੌਕੇ ਇੱਕ ਵਿਸ਼ੇਸ਼ ਸੈਮੀਨਾਰ ਤੇ ਸਿਧਾਂਤਕ ਕਲਾਸ ਦਾ ਆਯੋਜਨ ਕੀਤਾ ਗਿਆ।ਇਸ ਪ੍ਰੋਗਰਾਮ ਵਿੱਚ ਇਲਾਕੇ ਦੇ ਵੱਖ ਪਿੰਡਾਂ ਤੇ ਸਕੂਲਾਂ ਵਿੱਚੋਂ ਨੌਜਵਾਨਾਂ, ਵਿਦਿਆਰਥੀਆਂ ਤੇ ਉਨ੍ਹਾਂ ਦੇ ਮਾਪਿਆਂ ਨੇ ਹਿੱਸਾ ਲਿਆ।ਇਸ ਸੈਮੀਨਾਰ ਦਾ ਉਦਘਾਟਨ ਸਰਬ ਭਾਰਤ ਨੌਜਵਾਨ ਸਭਾ ਦੇ ਸਾਬਕਾ ਸੂਬਾ ਪ੍ਰਧਾਨ ਪਰਮਜੀਤ ਸਿੰਘ ਢਾਬਾਂ ਨੇ ਕੀਤਾ।ਇਸ ਮੌਕੇ ਸਾਥੀ ਢਾਬਾਂ ਨੇ ਸਭ ਤੋਂ ਪਹਿਲਾਂ ਮਹਾਨ ਸ਼ਹੀਦ ਊਧਮ ਸਿੰਘ ਨੂੰ ਸ਼ਰਧਾ ਦੇ ਫੁੱਲ ਭੇਟ ਕਰਦਿਆਂ ਕਿਹਾ ਕਿ ਸ਼ਹੀਦ ਊਧਮ ਸਿੰਘ ਦੀ ਲਾਸਾਨੀ ਕੁਰਬਾਨੀ ਸਦਕਾ ਹੀ ਅੱਜ ਪੂਰਾ ਦੇਸ਼ ਆਜ਼ਾਦ ਹਵਾ ਵਿੱਚ ਸਾਹ ਲੈ ਰਿਹਾ ਹੈ, ਕਿਉਂਕਿ ਜੇਕਰ ਇਨ੍ਹਾਂ ਮਹਾਨ ਸ਼ਹੀਦਾਂ ਵੱਲੋਂ ਆਪਣੀਆਂ ਕੀਮਤੀ ਜਾਨਾ ਕੁਰਬਾਨ ਕਰਕੇ ਆਜ਼ਾਦੀ ਨਾ ਦਿਵਾਈ ਹੁੰਦਾ ਤਾਂ ਅੱਜ ਅਸੀਂ ਆਜ਼ਾਦ ਨਾ ਹੁੰਦੇ।ਸਾਥੀ ਢਾਬਾਂ ਨੇ ਕਿਹਾ ਕਿ ਸ਼ਹੀਦਾਂ ਵੱਲੋਂ ਕੁਰਬਾਨੀਆਂ ਕਰਕੇ ਪ੍ਰਾਪਤ ਕੀਤੀ ਆਜ਼ਾਦੀ ਅੱਜ ਫਿਰ ਖਤਰੇ ਵਿੱਚ ਹੈ ਤੇ ਇਸ ਨੂੰ ਬਚਾਉਣਾ ਅੱਜ ਦੀ ਨੌਜਵਾਨ ਪੀੜ੍ਹੀ ਦਾ ਮੁੱਢਲਾ ਕਰਤੱਵ ਹੈ।ਉਨ੍ਹਾਂ ਨੌਜਵਾਨਾਂ ਨੂੰ ਅਪੀਲ ਕੀਤੀ ਕਿ ਨੌਜਵਾਨ ਪੀੜ੍ਹੀ ਇਨ੍ਹਾਂ ਮਹਾਨ ਸ਼ਹੀਦਾਂ ਦੀ ਵਿਚਾਰਧਾਰਾ ਤੋਂ ਅਗਵਾਈ ਲੈ ਕੇ ਅੱਗੇ ਵਧਣ, ਤਾਂ ਜੋ ਸਮਾਜ ਨੂੰ ਸ਼ਹੀਦਾਂ ਦੇ ਸੁਪਨਿਆਂ ਦਾ ਸਮਾਜ ਬਣਾਇਆ ਜਾ ਸਕੇ।ਇਸ ਮੌਕੇ ਸਰਬ ਭਾਰਤ ਨੌਜਵਾਨ ਸਭਾ ਦੇ ਸੂਬਾ ਸਕੱਤਰ ਚਰਨਜੀਤ ਸਿੰਘ ਛਾਂਗਾਰਾਏ ਨੇ ਹਾਜ਼ਰੀਨ ਨੂੰ ਸਿਧਾਂਤਕ ਕਲਾਸ ਦੌਰਾਨ ਸੰਬੋਧਨ ਕਰਦਿਆਂ ਕਿਹਾ ਕਿ ਨੌਜਵਾਨਾਂ ਤੇ ਵਿਦਿਆਰਥੀਆਂ ਨੂੰ ਸ਼ਹੀਦਾਂ ਦੀ ਵਿਚਾਰਧਾਰਾ ਦਾ ਸਮਾਜ ਬਣਾਉਣ ਲਈ ਆਪਣੇ ਆਪ ਨੂੰ ਸਿਧਾਂਤਕ ਵਿਚਾਰਾਂ ਨਾਲ ਭਰਪੂਰ ਕਰਨਾ ਪਵੇਗਾ।ਇਹ ਸਿਧਾਂਤਕ ਵਿਚਾਰ ਹੀ ਉਨ੍ਹਾਂ ਨੂੰ ਦੁਸ਼ਮਣ ਦੀਆਂ ਹਰ ਤਰ੍ਹਾਂ ਦੀਆਂ ਚਾਲਾਂ ਨੂੰ ਨਾਕਾਮ ਕਰਨ ਲਈ ਮਦਦ ਕਰਨਗੇ।ਨੌਜਵਾਨਾਂ ਦੇ ਆਗੂ ਨੇ ਅੱਗੇ ਕਿਹਾ ਕਿ ਅੱਜ ਜਵਾਨੀ ਬੇਰੁਜ਼ਗਾਰੀ ਦਾ ਸੰਤਾਪ ਹੰਢਾ ਰਹੀ ਹੈ, ਨਿਰਾਸ਼ਾ ਕਾਰਨ ਨਸ਼ਿਆਂ ਦੀ ਦਲਦਲ ਵਿੱਚ ਗਰਕਦੀ ਹੀ ਜਾਂਦੀ ਹੈ।ਉਨ੍ਹਾਂ ਨੌਜਵਾਨਾਂ ਨੂੰ ਅਪੀਲ ਕੀਤੀ ਕਿ ਜਵਾਨੀ ਨੂੰ ਆਪਣੀ ਬੰਦ ਖਲਾਸੀ ਕਰਨ ਲਈ ਸ਼ਹੀਦਾਂ ਦੀ ਵਿਚਾਰਧਾਰਾ ਦੀ ਓਟ ਲੈਣੀ ਪਵੇਗੀ, ਕਿਉਂਕਿ ਇਹ ਮਹਾਨ ਵਿਚਾਰਧਾਰਾ ਇੱਕ ਨਵੀਂ ਰੂਹ ਫੂਕਦੀ ਹੈ।ਇਸ ਮੌਕੇ ਆਲ ਇੰਡੀਆ ਸਟੂਡੈਂਟਸ ਫੈਡਰੇਸ਼ਨ ਦੇ ਸੂਬਾ ਪ੍ਰਧਾਨ ਰਮਨ ਕੁਮਾਰ ਧਰਮੂਵਾਲਾ ਨੇ ਕਿਹਾ ਕਿ ਵਿਦਿਆਰਥੀਆਂ ਨੂੰ ਦਰਪੇਸ਼ ਆ ਰਹੀਆਂ ਮੁਸ਼ਕਲਾਂ ਦਾ ਇਕੋ ਇਕ ਹੱਲ ਸਿਧਾਂਤ ਦੇ ਲੜ ਲੱਗਣ ਨਾਲ ਹੀ ਹੋ ਸਕਦਾ ਹੈ।ਵਿਦਿਆਰਥੀਆਂ ਨੂੰ ਆਪਣੇ ਸਿਲੇਬਸ ਦੇ ਨਾਲ ਨਾਲ ਸਮਾਜ ਵਿਗਿਆਨ, ਫਲਸਫੇ ਇਤਿਹਾਸ ਤੇ ਰਾਜਨੀਤਕ ਵਿਗਿਆਨ ਆਦਿ ਵਿਸ਼ਿਆਂ ਵਿੱਚ ਮੁਹਾਰਤ ਹਾਸਲ ਕਰਨੀ ਪਵੇਗੀ।ਇਨ੍ਹਾਂ ਦੀ ਸਮਝ ਜਵਾਨੀ ਨੂੰ ਸ਼ਹੀਦਾਂ ਦੀ ਵਿਚਾਰਧਾਰਾ ਨਾਲ ਭਰਪੂਰ ਕਰੇਗੀ। ਇਸ ਸੈਮੀਨਾਰ ਨੂੰ ਹੋਰਨਾਂ ਤੋਂ ਇਲਾਵਾ ਪਰਮਿੰਦਰ ਰਹਿਮੇਸ਼ਾਹ, ਪਿਆਰਾ ਮੇਘਾ, ਧਰਮਿੰਦਰ ਰਹਿਮੇਸ਼ਾਹ, ਬਲਵਿੰਦਰ ਸਰੂਪੇਵਾਲਾ, ਤੇਜਾ ਸਿੰਘ ਅਮੀਰ ਖਾਸ, ਰਮੇਸ਼ ਪੀਰ ਮੁਹੰਮਦ, ਵਰਿਆਮ ਘੁਲਾ, ਹਰਭਜਨ ਛੱਪੜੀ ਵਾਲਾ, ਸੰਦੀਪ ਜੋਧਾ, ਕਰਨੈਲ ਬੱਘੇ ਕੇ, ਸੋਨੂੰ ਧੁਨਕੀਆਂ, ਸਤਨਾਮ ਗਜਨੀਵਾਲਾ, ਰਾਜ ਥਾਰੇਵਾਲਾ, ਹਰਭਜਨ ਬਾਜੇ ਕੇ ਆਦਿ ਆਗੂਆਂ ਨੇ ਵੀ ਸੰਬੋਧਨ ਕੀਤਾ।

## ਵਪਾਰ ਮੰਡਲ ਦਾ ਬੋਰਡ ਬਣਾਇਆ ਜਾਣਾ ਚਾਹੀਦਾ : ਕਰਿਆਨਾ ਐਸੋਸੀਏਸ਼ਨ

**ਬੱਧਨੀ ਕਲਾਂ (ਲਵਲੀ ਕੁਮਾਰ)**-ਕਰਿਆਨਾ ਐਸੋਸੀਏਸ਼ਨ ਦੇ ਪੰਜਾਬ ਦੇ ਮੈਂਬਰ ਸ਼ਾਮ ਸੁੰਦਰ ਅਰੋੜਾ ਨੇ ਕਿਹਾ ਕਿ ਵਪਾਰੀ ਭਰਾਵਾਂ ਨੂੰ ਅੱਜ ਤਕ ਕੁਝ ਨਹੀਂ ਮਿਲਿਆ ਨਾਲੇ ਉਹ ਟੈਕਸ ਇਕੱਠਾ ਕਰਕੇ ਦਿੰਦੇ ਹਨ। ਕਿਸੇ ਦਾ ਕੁੱਕੜ ਮਰ ਜਾਵੇ ਤਾਂ ਉਸ ਦੀ ਮਦਦ ਕੀਤੀ ਜਾਂਦੀ ਹੈ, ਜੇਕਰ ਕਿਸੇ ਦੀ ਦੁਕਾਨ ਨੂੰ ਅੱਗ ਲਗ ਜਾਵੇ ਤਾਂ ਉਸ ਨੂੰ ਕੁਝ ਨਹੀਂ ਮਿਲਦਾ। ਇਸ ਦੀ ਡਿਊਟੀ 16 ਘੰਟੇ ਤੋਂ ਵੱਧ ਸਮਾਂ ਹੈ। ਕੋਈ ਪੈਨਸ਼ਨ ਨਹੀਂ ਸਗੋਂ ਕਈ ਵਾਰੀ ਤਾਂ ਜੁਰਮਾਨਾ ਪੈ ਜਾਂਦਾ ਹੈ ਕਿ ਤੂੰ ਲੇਟ ਹੈ, ਮਕਾਨ ਦਾ ਟੈਕਸ, ਲੈਟਰਿਨ ਦਾ ਟੈਕਸ, ਦੁਕਾਨ ਦਾ ਟੈਕਸ, ਪਾਣੀ ਦਾ ਬਿੱਲ, ਵਹੀਕਲਜ਼ ਦਾ ਟੈਕਸ, ਵਹੀਕਲ ਵਿਚ ਤੇਲ ਪਾਉਣ ਦਾ ਟੈਕਸ।

ਦਵਾਈਆਂ ਤੇ ਵਿੱਦਿਆ ਬਿਲਕੁਲ ਮੁਫਤ ਹੋਣੀ ਚਾਹੀਦੀ ਹੈ। ਅਖੀਰ ਵਿਚ ਮੰਗ ਕੀਤੀ ਗਈ ਕਿ ਇਕ ਵਪਾਰ ਮੰਡਲ ਦਾ ਬੋਰਡ ਬਣਾਇਆ ਜਾਵੇ, ਉਸ ਵਿਚ ਸਟੇਟ ਪ੍ਰਧਾਨ ਨੂੰ ਕੈਬਨਿਟ ਮੰਤਰੀ ਦੀਆਂ ਪਾਵਰਾਂ ਦਿੱਤੀਆਂ ਜਾਣ ਜਿਵੇਂ ਕਿ ਅਕਾਲੀ ਭਾਜਪਾ ਸਰਕਾਰ ਵੱਲੋਂ ਮਦਨ ਲਾਲ ਕਪੂਰ ਨੂੰ ਇਹ ਸੇਵਾ ਸੌਂਪੀ ਗਈ ਸੀ ਤੇ ਇਹ ਵਪਾਰੀ ਭਰਾਵਾਂ ਦੀਆਂ ਔਕੜਾਂ ਸੁਣੇ ਤੇ ਹੱਲ ਕਰੇ।

# 11 ਨੂੰ ਮੋਗਾ 'ਚ ਫੂਕੇ ਜਾਣਗੇ ਮੁੱਖ ਮੰਤਰੀ ਤੇ ਵਿੱਤ ਮੰਤਰੀ ਦੇ ਪੁਤਲੇ : ਸਾਂਝਾ ਫਰੰਟ ਆਗੂ



**ਮੋਗਾ (ਇਕਬਾਲ ਸਿੰਘ ਖਹਿਰਾ)**

ਪਿਛਲੇ ਲੰਮੇ ਸਮੇਂ ਤੋਂ ਪੰਜਾਬ ਸਰਕਾਰ ਦੀ ਬਣਾਈ ਕੈਬਨਿਟ ਸਬ ਕਮੇਟੀ ਵੱਲੋਂ ਮੁਲਾਜ਼ਮ ਤੇ ਪੈਨਸ਼ਨਰ ਸਾਂਝਾ ਫਰੰਟ ਦੇ ਆਗੂਆਂ ਨੂੰ ਮਿਲਣ ਲਈ ਦਿੱਤੀਆਂ ਤਰੀਕਾਂ ਨੂੰ ਲਗਾਤਾਰ ਮੁਲਤਵੀ ਕਰਨ ਖ਼ਿਲਾਫ਼ ਪੰਜਾਬ ਦੇ ਸੱਤ ਲੱਖ ਮੁਲਾਜ਼ਮਾਂ ਤੇ ਪੈਨਸ਼ਨਰਾਂ ਵਿੱਚ ਭਾਰੀ ਗੁੱਸਾ ਤੇ ਰੋਹ ਹੈ।ਹਾਲ ਹੀ ਵਿੱਚ 29 ਜੁਲਾਈ ਦੀ ਦਿੱਤੀ ਤਾਰੀਕ ਨੂੰ 20 ਅਗਸਤ 'ਤੇ ਪਾ ਕੇ ਸਰਕਾਰ ਨੇ ਬਲਦੀ 'ਤੇ ਤੇਲ ਦਾ ਕੰਮ ਕੀਤਾ, ਜਿਸ ਕਰਕੇ ਸਾਂਝਾ ਫਰੰਟ ਦੇ ਆਗੂਆਂ ਨੇ ਪੰਜਾਬ ਵਿੱਚ 5 ਅਗਸਤ ਤੋਂ 12 ਅਗਸਤ ਤੱਕ ਮੁੱਖ ਮੰਤਰੀ ਤੇ ਵਿੱਤ ਮੰਤਰੀ ਦੇ ਪੁਤਲੇ ਸਾੜਨ ਦਾ ਐਲਾਨ ਕਰ ਦਿੱਤਾ, ਜਿਸ ਦੀ ਕੜੀ ਵਜੋਂ ਮੋਗਾ ਜ਼ਿਲ੍ਹੇ ਦੇ ਮੁਲਾਜ਼ਮ ਤੇ ਪੈਨਸ਼ਨਰ ਸਾਂਝਾ ਫਰੰਟ ਦੇ ਆਗੂਆਂ ਨੇ ਨਛੱਤਰ ਸਿੰਘ ਭਵਨ ਵਿੱਚ ਮੀਟਿੰਗ ਕਰਕੇ 11 ਅਗਸਤ ਨੂੰ 12 ਵਜੇ ਉਪਰੋਕਤ ਫੈਸਲੇ ਨੂੰ ਲਾਗੂ ਕਰਨ ਲਈ ਸ਼ਹੀਦ ਨਛੱਤਰ ਸਿੰਘ ਧਾਲੀਵਾਲ ਭਵਨ ਵਿੱਚ ਇਕੱਤਰਤਾ ਹੋਣ ਉਪਰੰਤ ਬੱਸ ਸਟੈਂਡ ਸਾਹਮਣੇ ਚੌਕ ਤੱਕ ਮਾਰਚ ਕਰਕੇ 1 ਵਜੇ ਮੁੱਖ ਮੰਤਰੀ ਤੇ ਵਿੱਤ ਮੰਤਰੀ ਦੇ ਪੁਤਲੇ ਸਾੜ ਕੇ ਆਪਣੇ ਗੁੱਸੇ ਦਾ ਇਜ਼ਹਾਰ ਕਰਨ ਦਾ ਫੈਸਲਾ ਕੀਤਾ।ਪੰਜਾਬ ਗਵਰਨਮੈਂਟ ਪੈਨਸ਼ਨਰਜ਼ ਜ਼ਿਲ੍ਹਾ ਮੋਗਾ ਦੀ ਮੀਟਿੰਗ ਸੁਤੰਤਰਤਾ ਸੰਗਰਾਮੀ ਭਵਨ ਵਿਖੇ 10 ਤੋਂ 12 ਵਜੇ ਤੱਕ ਹੋਵੇਗੀ, ਬਾਅਦ ਵਿੱਚ ਸਾਰੇ ਮੈਂਬਰ ਪੁਤਲੇ ਸਾੜਨ ਲਈ ਮਾਰਚ ਵਿੱਚ ਸ਼ਾਮਲ ਹੋਣਗੇ ਤੇ 1 ਵਜੇ ਮੁੱਖ ਚੌਕ ਵਿੱਚ ਸ਼ਾਮਲ ਹੋਣਗੇ।ਪ੍ਰੈੱਸ ਸਕੱਤਰ ਸਾਬਕਾ ਡੀ ਪੀ ਆਰ ਓ ਗਿਆਨ ਸਿੰਘ ਨੇ ਦੱਸਿਆ ਕਿ ਮੀਟਿੰਗ ਵਿੱਚ ਵਰਕਿੰਗ ਪ੍ਰਧਾਨ ਸੁਖਦੇਵ ਸਿੰਘ, ਸਰਬਜੀਤ ਸਿੰਘ ਦੌਧਰ, ਜੱਜ ਪਾਲ ਬਾਜੇ ਕੇ, ਮਾਸਟਰ ਪ੍ਰੇਮ ਕੁਮਾਰ, ਸਤਿਯਾਮ ਪ੍ਰਕਾਸ਼, ਰਾਜਿੰਦਰ ਸਿੰਘ ਰਿਆੜ, ਪੋਰਲਾ ਸਿੰਘ ਬਰਾੜ ਤੇ ਹੋਰ ਆਗੂ ਸ਼ਾਮਲ ਹੋਏ।ਭਜਨ ਸਿੰਘ ਗਿੱਲ, ਸੁਰਿੰਦਰ ਰਾਮ ਕੁੱਸਾ, ਬਲੌਰ ਸਿੰਘ ਘਾਲੀ, ਗੁਰਮੇਲ ਸਿੰਘ ਨਾਹਰ, ਗੁਰਜੰਟ ਸਿੰਘ ਕੋਕਰੀ, ਸੁਖਦੇਵ ਸਿੰਘ ਖੋਸਾ, ਸੁਖਪਾਲ ਜੀਤ ਸਿੰਘ, ਬੂਟਾ ਸਿੰਘ ਭੱਟੀ ਤੇ ਕੁਲਵੀਰ ਸਿੰਘ ਢਿੱਲੋਂ ਆਦਿ ਆਗੂਆਂ ਨੇ ਉਪਰੋਕਤ ਫੈਸਲੇ ਦੀ ਤਾਈਦ ਕਰਦਿਆਂ ਆਪਣੀ ਆਪਣੀ ਜਥੇਬੰਦੀ ਵੱਲੋਂ ਭਰਵੀਂ ਸ਼ਮੂਲੀਅਤ ਕਰਨ ਦਾ ਫੈਸਲਾ ਕੀਤਾ।

# ਐੱਸ ਬੀ ਆਈ ਨੇ ਵਾਤਾਵਰਣ ਦੀ ਸੰਭਾਲ ਲਈ ਪੌਦੇ ਲਗਾਏ

### ਚੰਗੀਆਂ ਸੇਵਾਵਾਂ ਦੇ ਨਾਲ ਵਾਤਾਵਰਣ ਪ੍ਰਤੀ ਵੀ ਬੈਂਕ ਗੰਭੀਰ : ਗੁਰਲੀਨ ਕੌਰ




**ਮਾਨਸਾ (ਆਤਮਾ ਸਿੰਘ ਪਮਾਰ)**

ਸਟੇਟ ਬੈਂਕ ਆਫ਼ ਇੰਡੀਆ ਵੱਲੋਂ ਚੀਫ਼ ਮੈਨੇਜਰ ਦਲੀਪ ਕੁਮਾਰ ਦੀ ਰਹਿਨੁਮਾਈ ਹੇਠ ਆਪਣੀਆਂ ਸ਼ਾਨਦਾਰ ਬੈਂਕ ਸੇਵਾਵਾਂ ਦੇ ਨਾਲ ਨਾਲ ਵਾਤਾਵਰਣ ਦੀ ਸੰਭਾਲ ਲਈ ਵੀ ਵਿਸ਼ੇਸ਼ ਯਤਨ ਕੀਤੇ ਜਾ ਰਹੇ ਹਨ। ਇਸੇ ਲੜੀ ਤਹਿਤ ਸਿਵਲ ਸਰਜਨ ਦਫ਼ਤਰ ਮਾਨਸਾ ਵਿਖੇ ਏ.ਡੀ.ਸੀ. (ਸਿਖਲਾਈ) ਗੁਰਲੀਨ ਕੌਰ, ਸਿਵਲ ਸਰਜਨ ਡਾ. ਰਣਜੀਤ ਸਿੰਘ ਰਾਏ ਨੇ ਛਾਂਦਾਰ ਤੇ ਫਲਦਾਰ ਪੌਦੇ ਲਗਾਉਣ ਦੀ ਰਸਮ ਅਦਾ ਕਰਦਿਆਂ ਬੈਂਕ ਦੇ ਇਸ ਉਪਰਾਲੇ ਦੀ ਪ੍ਰਸੰਸਾ ਕੀਤੀ ਅਤੇ ਹੋਰਨਾਂ ਸੰਸਥਾਵਾਂ ਨੂੰ ਵੀ ਵਾਤਾਵਰਣ ਦੀ ਸੰਭਾਲ ਲਈ ਅੱਗੇ ਆਉਣ ਦਾ ਸੱਦਾ ਦਿੱਤਾ।ਉਨ੍ਹਾਂ ਕਿਹਾ ਕਿ ਸਾਵਣ ਦਾ ਮਹੀਨਾ ਪੌਦੇ ਲਗਾਉਣ ਲਈ ਸਭ ਤੋਂ ਵਧੀਆ ਸਮਾਂ ਹੁੰਦਾ ਹੈ, ਜਿਸ ਕਰਕੇ ਹਰੇਕ ਵਿਅਕਤੀ ਨੂੰ ਇਸ ਰੁੱਤ ਦੌਰਾਨ ਜ਼ਿੰਦਗੀ ਵਿੱਚ ਘੱਟ ਤੋਂ ਘੱਟ ਪੰਜ ਰੁੱਖ ਜ਼ਰੂਰ ਲਗਾਉਣੇ ਚਾਹੀਦੇ ਹਨ ਅਤੇ ਉਨ੍ਹਾਂ ਦੀ ਸਾਂਭ ਸੰਭਾਲ ਵੀ ਕਰਨੀ ਚਾਹੀਦੀ ਹੈ।ਬੁਲਾਰਿਆਂ ਨੇ ਕਿਹਾ ਕਿ ਦੂਸ਼ਿਤ ਵਾਤਾਵਰਣ ਕੈਂਸਰ ਵਰਗੀਆਂ ਬੀਮਾਰੀਆਂ ਦਾ ਵੱਡਾ ਕਾਰਨ ਹੈ।ਇਸ ਮੌਕੇ ਰਿਲੇਸ਼ਨਸ਼ਿਪ ਮੈਨੇਜਰ ਰਾਕੇਸ਼ ਕੁਮਾਰ ਗਰਗ, ਡਿਪਟੀ ਮੈਡੀਕਲ ਕਮਿਸ਼ਨਰ ਡਾ. ਮੰਯਕ, ਜ਼ਿਲ੍ਹਾ ਪਰਿਵਾਰ ਭਲਾਈ ਅਫ਼ਸਰ ਡਾ. ਕਮਲਪ੍ਰੀਤ ਬਰਾੜ, ਡਾ. ਰਵਿੰਦਰ ਸਿੰਗਲਾ, ਡਾ. ਅਵਤਾਰ ਸਿੰਘ, ਮਾਸ ਮੀਡੀਆ ਅਫ਼ਸਰ ਵਿਜੇ ਕੁਮਾਰ, ਸੰਦੀਪ ਕੁਮਾਰ, ਬਲਜੀਤ ਸਿੰਘ ਵੀ ਹਾਜ਼ਰ ਸਨ।

## ਲੈਂਡ ਪੂਲਿੰਗ ਪਾਲਿਸੀ ਸੂਬੇ ਤੇ ਕਿਸਾਨ ਵਿਰੋਧੀ : ਹਰਪਾਲ ਸੋਨੂੰ

**ਸੰਗਰੂਰ (ਪ੍ਰਵੀਨ ਸਿੰਘ)**-ਪੰਜਾਬ ਪ੍ਰਦੇਸ਼ ਕਾਂਗਰਸ ਕਮੇਟੀ ਓ ਬੀ ਸੀ ਵਿੰਗ ਦੇ ਸੂਬਾ ਵਾਈਸ ਚੇਅਰਮੈਨ ਤੇ ਸੰਗਰੂਰ ਤੋਂ ਪਾਰਟੀ ਦੇ ਮੁੱਖ ਬੁਲਾਰੇ ਹਰਪਾਲ ਸਿੰਘ ਸੋਨੂੰ ਨੇ ਪ੍ਰੈੱਸ ਨੋਟ ਜਾਰੀ ਕਰਦਿਆਂ ਕਿਹਾ ਕਿ ਪੰਜਾਬ ਸਰਕਾਰ ਵੱਲੋਂ ਹਾਲ ਹੀ ਵਿੱਚ ਲਿਆਂਦੀ ਗਈ ਲੈਂਡ ਪੂਲਿੰਗ ਪਾਲਿਸੀ ਜਿੱਥੇ ਸਾਡੇ ਕਿਸਾਨਾਂ ਦੇ ਹੱਕ ਵਿੱਚ ਨਹੀਂ ਹੈ, ਉਥੇ ਹੀ ਇਹ ਪਾਲਿਸੀ ਸੂਬੇ ਦੇ ਵਿਰੋਧੀ ਹੈ, ਕਿਉਂਕਿ ਸੂਬਾ ਸਰਕਾਰ ਕਾਰਪੋਰੇਟ ਘਰਾਣਿਆਂ ਦੇ ਹੱਕ ਵਿੱਚ ਭੁਗਤ ਕੇ ਭੋਲੇ ਭਾਲੇ ਕਿਸਾਨਾਂ ਦੀਆਂ ਜ਼ਮੀਨਾਂ ਹਥਿਆ ਲੈਣਾ ਚਾਹੁੰਦੀ ਹੈ।ਉਨ੍ਹਾਂ ਕਿਹਾ ਕਿ ਅਜਿਹੀ ਪੰਜਾਬ ਵਿਰੋਧੀ ਪਾਲਿਸੀ ਨੂੰ ਕਾਂਗਰਸ ਪਾਰਟੀ ਕਿਸੇ ਹਾਲ ਵਿੱਚ ਲਾਗੂ ਹੋਣ ਨਹੀਂ ਦੇਵੇਗੀ।ਸ੍ਰੀ ਰਾਹੁਲ ਗਾਂਧੀ ਤੇ ਪੰਜਾਬ ਪ੍ਰਦੇਸ਼ ਕਾਂਗਰਸ ਕਮੇਟੀ ਦੇ ਪ੍ਰਧਾਨ ਅਮਰਿੰਦਰ ਸਿੰਘ ਰਾਜਾ ਵੜਿੰਗ ਅਤੇ ਵਿਜੇ ਇੰਦਰ ਸਿੰਗਲਾ ਦੀ ਯੋਗ ਅਗਵਾਈ ਵਿੱਚ ਅਸੀਂ ਇਸ ਪਾਲਿਸੀ ਨੂੰ ਮੁੱਢ ਤੋਂ ਰੱਦ ਕਰਵਾਉਣ ਲਈ ਸੰਘਰਸ਼ ਕਰਦੇ ਰਹਾਂਗੇ ਤਾਂ ਜੋ ਸੂਬੇ ਦੇ ਕਿਸਾਨਾਂ ਨੂੰ ਬੇਜ਼ਮੀਨੇ ਹੋਣ ਤੋਂ ਬਚਾਇਆ ਜਾ ਸਕੇ।ਸਾਡੀ ਪਾਰਟੀ ਕਿਸਾਨਾਂ ਨਾਲ ਹਿੱਕ ਤਾਣ ਕੇ ਖੜੀ ਹੈ, ਅਸੀਂ ਕਿਸਾਨਾਂ ਦੀ ਇੱਕ ਇੰਚ ਜ਼ਮੀਨ ਵੀ ਸਰਕਾਰ ਨੂੰ ਲੈਣ ਨਹੀਂ ਦੇਵਾਂਗੇ। ਸਾਡੀ ਕਾਂਗਰਸ ਪਾਰਟੀ ਵੱਲੋਂ ਲਗਾਤਾਰ ਇਸ ਪਾਲਿਸੀ ਖਿਲਾਫ ਧਰਨੇ ਲਗਾਏ ਜਾ ਰਹੇ ਹਨ, ਜੇਕਰ ਸਰਕਾਰ ਨੇ ਇਹ ਪਾਲਿਸੀ ਵਾਪਸ ਨਾ ਲਈ ਤਾਂ ਕਾਂਗਰਸ ਪਾਰਟੀ ਹੋਰ ਤਿੱਖਾ ਸੰਘਰਸ਼ ਕਰੇਗੀ।


## ਛਾਪਾ 'ਚ ਮੇਲਾ ਤੀਆਂ ਦਾ ਪ੍ਰੋਗਰਾਮ 9 ਨੂੰ

**ਮਹਿਲ ਕਲਾਂ (ਪ੍ਰਦੀਪ ਸਿੰਘ ਲੋਹਗੜ੍ਹ)**-ਗ੍ਰਾਮ ਪੰਚਾਇਤ ਪਿੰਡ ਛਾਪਾ ਵੱਲੋਂ ਐੱਨ ਆਰ ਆਈਜ਼, ਸਮੂਹ ਨਗਰ ਨਿਵਾਸੀਆਂ ਦੇ ਸਹਿਯੋਗ ਨਾਲ 'ਤੀਆਂ ਦਾ ਮੇਲਾ' ਪ੍ਰੋਗਰਾਮ 9 ਅਗਸਤ ਨੂੰ ਅਨਾਜ ਮੰਡੀ ਛਾਪਾ ਵਿਖੇ ਧੂਮ-ਧਾਮ ਨਾਲ ਕਰਵਾਇਆ ਜਾ ਰਿਹਾ ਹੈ।

ਇਸ ਸੰਬੰਧੀ ਜਾਣਕਾਰੀ ਦਿੰਦੇ ਹੋਏ ਪਿੰਡ ਦੇ ਉੱਦਮੀ ਸਰਪੰਚ ਗੁਰਦੀਪ ਸਿੰਘ ਬਾਬਾ ਛਾਪਾ ਨੇ ਦੱਸਿਆ ਕਿ ਐੱਨ ਆਰ ਆਈ ਪਰਵਾਰਾਂ ਦੇ ਸਹਿਯੋਗ ਸਦਕਾ ਦਾਣਾ ਮੰਡੀ ਛਾਪਾ ਵਿਖੇ ਧੀਆਂ ਦਾ ਤਿਉਹਾਰ 'ਤੀਆਂ ਦਾ ਮੇਲਾ' ਬੜੀ ਧੂਮ-ਧਾਮ ਨਾਲ ਮਨਾਇਆ ਜਾ ਰਿਹਾ ਹੈ।ਇਸ ਮੌਕੇ ਪੇਕੇ ਪਿੰਡ ਆਉਣ ਵਾਲੀਆਂ ਧੀਆਂ ਨੂੰ ਸੰਧਾਰਾ ਦੇ ਕੇ ਸਨਮਾਨਤ ਕੀਤਾ ਜਾਵੇਗਾ।ਮੇਲੇ ਵਿੱਚ ਪੀਂਘਾਂ ਤੇ ਬੱਚਿਆਂ ਦੇ ਖੇਡਣ ਲਈ ਖਿਡੌਣਿਆਂ ਦਾ ਖਾਸ ਪ੍ਰਬੰਧ ਕੀਤਾ ਜਾਵੇਗਾ।

# ਪੰਜਾਬ ਨੂੰ ਨਸ਼ਾ ਮੁਕਤ ਕਰਨ ਤੱਕ 'ਯੁੱਧ ਨਸ਼ਿਆਂ ਵਿਰੁੱਧ' ਮੁਹਿੰਮ ਜਾਰੀ ਰਹੇਗੀ : ਬਰਸਟ

### ਲੋਕ ਮਿਲਣੀ ਪ੍ਰੋਗਰਾਮ 'ਚ ਲੋਕਾਂ ਦੀਆਂ ਸਮੱਸਿਆਵਾਂ ਦਾ ਮੌਕੇ 'ਤੇ ਹੀ ਕੀਤਾ ਨਿਪਟਾਰਾ



**ਸਮਾਣਾ (ਇਕਬਾਲ ਸਿੰਘ ਬੱਲ, ਗੁਰਪਿਆਰ ਸਿੰਘ ਬੱਲ)**-ਪੰਜਾਬ ਦੇ ਮਾਣਯੋਗ ਮੁੱਖ ਮੰਤਰੀ ਸ੍ਰ. ਭਗਵੰਤ ਸਿੰਘ ਮਾਨ ਦੀ ਅਗਵਾਈ ਵਿੱਚ ਪੰਜਾਬ ਸਰਕਾਰ ਵੱਲੋਂ ਸੂਬੇ ਨੂੰ ਨਸ਼ਾ ਮੁਕਤ ਬਣਾਉਣ ਲਈ ਯੁੱਧ ਨਸ਼ਿਆਂ ਵਿਰੁੱਧ ਮੁਹਿੰਮ ਚਲਾਈ ਜਾ ਰਹੀ ਹੈ, ਜਿਸ ਦੇ ਤਹਿਤ ਨਸ਼ਿਆਂ ਦਾ ਕਾਰੋਬਾਰ ਕਰਨ ਵਾਲਿਆਂ ਖਿਲਾਫ਼ ਸਖ਼ਤ ਕਾਰਵਾਈ ਕੀਤੀ ਜਾ ਰਹੀ ਹੈ, ਜਦਕਿ ਅੱਜ ਤੱਕ ਨਸ਼ਿਆਂ ਖਿਲਾਫ਼ ਪਿਛਲੀਆਂ ਸਰਕਾਰਾਂ ਨੇ ਕੋਈ ਕੰਮ ਨਹੀਂ ਕੀਤਾ, ਜੋ ਕਿ ਇਨ੍ਹਾਂ ਦੀ ਮਾੜੀ ਸੋਚ ਦੀ ਨਿਸ਼ਾਨੀ ਹੈ।

ਪੰਜਾਬ ਸਰਕਾਰ ਵੱਲੋਂ ਚਲਾਈ ਜਾ ਰਹੀ ਯੁੱਧ ਨਸ਼ਿਆਂ ਵਿਰੁੱਧ ਮੁਹਿੰਮ ਸੂਬੇ ਵਿੱਚੋਂ ਨਸ਼ਿਆਂ ਦੇ ਖਤਮ ਹੋਣ ਤੱਕ ਜਾਰੀ ਰਹੇਗੀ।ਇਨ੍ਹਾਂ ਵਿਚਾਰਾਂ ਦਾ ਪ੍ਰਗਟਾਵਾ ਪੰਜਾਬ ਮੰਡੀ ਬੋਰਡ ਦੇ ਚੇਅਰਮੈਨ ਤੇ ਆਮ ਆਦਮੀ ਪਾਰਟੀ, ਪੰਜਾਬ ਦੇ ਸੂਬਾ ਜਨਰਲ ਸਕੱਤਰ ਸ੍ਰ. ਹਰਚੰਦ ਸਿੰਘ ਬਰਸਟ ਵੱਲੋਂ ਕੀਤਾ ਗਿਆ।ਉਨ੍ਹਾਂ ਕਿਹਾ ਕਿ ਸਕੂਲਾਂ ਵਿੱਚ ਬੱਚਿਆਂ ਨੂੰ ਨਸ਼ਿਆਂ ਦੇ ਮਾੜੇ ਪ੍ਰਭਾਵਾਂ ਬਾਰੇ ਜਾਗਰੂਕ ਕਰਨ ਦੇ ਮੰਤਵ ਨਾਲ ਯੁੱਧ ਨਸ਼ਿਆਂ ਵਿਰੁੱਧ ਤਹਿਤ ਪਾਠਕ੍ਰਮ ਵੀ ਪੜ੍ਹਾਇਆ ਜਾਵੇਗਾ।ਸ਼ਨੀਵਾਰ ਪਟਿਆਲਾ ਦਫ਼ਤਰ ਵਿਖੇ ਸ. ਹਰਚੰਦ ਸਿੰਘ ਬਰਸਟ ਵੱਲੋਂ ਲੋਕ ਮਿਲਣੀ ਪ੍ਰੋਗਰਾਮ ਕੀਤਾ ਗਿਆ, ਜਿਸ ਵਿੱਚ ਵੱਖ-ਵੱਖ ਪੰਚਾਇਤਾਂ ਸਮੇਤ ਆਮ ਲੋਕ ਪਹੁੰਚੇ, ਜਿਨ੍ਹਾਂ ਵੱਲੋਂ ਸ੍ਰ. ਬਰਸਟ ਨੂੰ ਆਪਣੀਆਂ ਸਮੱਸਿਆਵਾਂ ਤੋਂ ਜਾਣੂ ਕਰਵਾਇਆ ਗਿਆ।ਸ੍ਰ. ਬਰਸਟ ਨੇ ਹਰ ਇੱਕ ਵਿਅਕਤੀ ਨਾਲ ਮੁਲਾਕਾਤ ਕਰਕੇ ਉਨ੍ਹਾਂ ਦੀ ਗੱਲ ਧਿਆਨ ਨਾਲ ਸੁਣੀ ਤੇ ਮੌਕੇ 'ਤੇ ਹੀ ਉਨ੍ਹਾਂ ਦੀਆਂ ਸਮੱਸਿਆਵਾਂ ਦਾ ਨਿਪਟਾਰਾ ਕੀਤਾ।ਇਸ ਮੌਕੇ ਸ੍ਰ. ਬਰਸਟ ਨੇ ਕਿਹਾ ਕਿ ਪੰਜਾਬ ਦੇ ਮਾਣਯੋਗ ਮੁੱਖ ਮੰਤਰੀ ਸ੍ਰ. ਭਗਵੰਤ ਸਿੰਘ ਮਾਨ ਦੀ ਅਗਵਾਈ ਵਾਲੀ ਪੰਜਾਬ ਸਰਕਾਰ ਵੱਲੋਂ ਸੂਬੇ ਦੀ ਤਰੱਕੀ ਲਈ ਮਹੱਤਵਪੂਰਨ ਉਪਰਾਲੇ ਕੀਤੇ ਜਾ ਰਹੇ ਹਨ ਤੇ ਸੂਬੇ ਦਾ ਵਿਕਾਸ ਯੋਜਨਾਬੱਧ ਤਰੀਕੇ ਨਾਲ ਕੀਤਾ ਜਾ ਰਿਹਾ ਹੈ।ਉਨ੍ਹਾਂ ਕਿਹਾ ਕਿ ਇਸ ਲੋਕ ਮਿਲਣੀ ਪ੍ਰੋਗਰਾਮ ਦਾ ਮੁੱਖ ਉਦੇਸ਼ ਲੋਕਾਂ ਦੀਆਂ ਸਮੱਸਿਆਵਾਂ ਨੂੰ ਸਿੱਧੇ ਤੌਰ 'ਤੇ ਸੁਣਨਾ ਤੇ ਇਨ੍ਹਾਂ ਦਾ ਤੁਰੰਤ ਨਿਪਟਾਰਾ ਕਰਨਾ ਹੈ।ਭਵਿੱਖ ਵਿੱਚ ਵੀ ਅਜਿਹੇ ਲੋਕ ਮਿਲਣੀ ਪ੍ਰੋਗਰਾਮ ਕੀਤੇ ਜਾਣਗੇ।ਇਸ ਮੌਕੇ ਹਰਿੰਦਰ ਸਿੰਘ ਧਬਲਾਨ, ਸ਼ਾਮ ਲਾਲ ਦੱਤ, ਬਲਕਾਰ ਡਕਾਲਾ, ਸੋਨੀ ਸਰਪੰਚ ਤਰਖਾਣ ਮਾਜਰਾ, ਵਿੱਕੀ ਸਰਪੰਚ ਸੁਨਿਆਰ ਹੇੜੀ, ਸ਼ੰਕਰ ਖੁਰਾਣਾ ਐੱਮ.ਸੀ., ਧਰਮ ਸਿੰਘ ਪੰਚ ਸਮੇਤ ਹੋਰ ਲੋਕ ਮੌਜੂਦ ਰਹੇ।

# ਪਹਿਲੀਆਂ ਪੁਜ਼ੀਸ਼ਨਾਂ ਹਾਸਲ ਕਰਨ ਵਾਲੇ ਬੱਚਿਆਂ ਦਾ ਸਨਮਾਨ



**ਜਗਰਾਉਂ (ਸੰਜੀਵ ਅਰੋੜਾ)**-ਸਕੂਲੀ ਵਿਦਿਆਰਥੀਆਂ ਦਾ ਮਨੋਬਲ ਉੱਚਾ ਚੁੱਕਣ ਤੇ ਬੱਚਿਆਂ ਦੀ ਹੌਸਲਾ ਅਫਜ਼ਾਈ ਕਰਨ ਲਈ ਸਰਕਾਰੀ ਹਾਈ ਸਕੂਲ ਪਿੰਡ ਚੀਮਾ ਵਿਖੇ ਸਾਬਕਾ ਸਰਪੰਚ ਨਾਹਰ ਸਿੰਘ ਸਿੱਧੂ (ਨੰਬਰਦਾਰ) ਯਾਦਗਾਰੀ ਸੰਸਥਾ ਵੱਲੋਂ ਐਡਵੋਕੇਟ ਕਰਮ ਸਿੰਘ ਦੇ ਯਤਨਾਂ ਸਦਕਾ ਪ੍ਰਭਾਵਸ਼ਾਲੀ ਸਮਾਗਮ ਕਰਵਾਇਆ ਗਿਆ ਤੇ ਇਸ ਮੌਕੇ ਛੇਵੀਂ ਜਮਾਤ ਤੋਂ ਲੈ ਕੇ ਦਸਵੀਂ ਜਮਾਤ ਤੱਕ ਪਹਿਲੇ, ਦੂਜੇ ਤੇ ਤੀਜੇ ਸਥਾਨ 'ਤੇ ਰਹਿਣ ਵਾਲੇ ਬੱਚਿਆਂ ਨੂੰ ਟਰਾਫੀਆਂ ਤੇ ਸਰਟੀਫਿਕੇਟ ਦੇ ਸਨਮਾਨਤ ਕੀਤਾ ਗਿਆ। ਇਸ ਮੌਕੇ ਸਮਾਗਮ ਨੂੰ ਸੰਬੋਧਨ ਕਰਦੇ ਹੋਏ ਸ਼ਹੀਦ ਭਗਤ ਸਿੰਘ ਯਾਦਗਾਰੀ ਵੈੱਲਫੇਅਰ ਤੇ ਸਪੋਰਟਸ ਕਲੱਬ ਦੇ ਸਰਪ੍ਰਸਤ ਪਰਮਜੀਤ ਸਿੰਘ ਚੀਮਾ ਨੇ ਆਖਿਆ ਕਿ ਸਰਪੰਚ ਨਾਹਰ ਸਿੰਘ ਸਿੱਧੂ ਜਦੋਂ ਸਰਪੰਚੀ ਦੀ ਚੋਣ ਜਿੱਤ ਜਾਂਦੇ ਸਨ ਤਾਂ ਉਹ ਉਸੇ ਸਮੇਂ ਆਪਣੇ ਵਿਰੋਧੀ ਉਮੀਦਵਾਰ ਦੇ ਗਲ ਵਿੱਚ ਹਾਰ ਪਾ ਕੇ ਪਿੰਡ ਵਿੱਚੋਂ ਚੋਣਾਂ ਦੀ ਕੜਵਾਹਟ ਤੇ ਧੜੇਬੰਦੀ ਖਤਮ ਕਰ ਦਿੰਦੇ ਸਨ। ਇਸ ਨਾਲ ਜਿੱਥੇ ਪਿੰਡ ਦੀ ਭਾਈਚਾਰਕ ਸਾਂਝ ਕਾਇਮ ਰਹਿੰਦੀ ਸੀ, ਉਥੇ ਹੀ ਸਾਂਝੇ ਕੰਮ ਵੀ ਸੰਚਾਰੂ ਢੰਗ ਨਾਲ ਚਲਦੇ ਰਹਿੰਦੇ ਸਨ। ਇਸ ਲਈ ਉਨ੍ਹਾਂ ਦੇ ਉਦੇਸ਼ਾਂ 'ਤੇ ਚੱਲਦਿਆਂ ਪਿੰਡਾਂ ਵਿੱਚੋਂ ਧੜੇਬੰਦੀਆਂ ਖਤਮ ਕਰਕੇ ਤੇ ਸਿਆਸੀ ਹਿੱਤਾਂ ਤੋਂ ਉੱਪਰ ਉੱਠ ਕੇ ਸਮਾਜ ਸੇਵਾ ਦੇ ਕਾਰਜ ਕਰਨੇ ਚਾਹੀਦੇ ਹਨ ਅਤੇ ਬੱਚਿਆਂ ਨੂੰ ਉਤਸ਼ਾਹਤ ਕਰਨ ਲਈ ਅਜਿਹੇ ਸ਼ਲਾਘਾਯੋਗ ਉਪਰਾਲੇ ਕਰਵਾਉਣੇ ਚਾਹੀਦੇ ਹਨ ਤਾਂ ਜੋ ਬੱਚਿਆਂ ਦਾ ਚੰਗਾ ਮਾਰਗ ਦਰਸ਼ਨ ਹੋ ਸਕੇ। ਸਾਬਕਾ ਪੁਲਸ ਇੰਸਪੈਕਟਰ ਸੁਰਜੀਤ ਸਿੰਘ ਨੇ ਆਖਿਆ ਕਿ ਪੰਜਾਬ ਸਰਕਾਰ ਵੱਲੋਂ 'ਯੁੱਧ ਨਸ਼ਿਆਂ ਵਿਰੁੱਧ' ਮੁਹਿੰਮ ਤਹਿਤ ਬੱਚਿਆਂ ਤੇ ਮਾਪਿਆਂ ਨੂੰ ਜਾਗ੍ਰਿਤ ਕਰਨ ਲਈ ਸਕੂਲਾਂ ਵਿੱਚ ਸ਼ੁਰੂ ਕੀਤਾ ਗਿਆ ਪਾਠਕ੍ਰਮ ਬਹੁਤ ਹੀ ਵਧੀਆ ਫੈਸਲਾ ਹੈ ਤੇ ਇਸ ਨਾਲ ਬੱਚਿਆਂ ਨੂੰ ਨਸ਼ਿਆਂ ਦੇ ਮਾਰੂ ਪ੍ਰਭਾਵਾਂ ਬਾਰੇ ਪੂਰਨ ਜਾਣਕਾਰੀ ਮਿਲੇਗੀ। ਉਨ੍ਹਾਂ ਇਸ ਮੌਕੇ ਬੱਚਿਆਂ ਨੂੰ ਚੰਗੇ ਨੰਬਰ ਪ੍ਰਾਪਤ ਕਰਨ ਤੇ ਦੇਸ਼ ਭਗਤੀ ਦਾ ਪਾਠ ਵੀ ਪੜ੍ਹਾਇਆ। ਸਕੂਲ ਦੇ ਮੁੱਖ ਅਧਿਆਪਕਾ ਸੰਦੀਪ ਕੌਰ ਰੂਮੀ ਨੇ ਸਮੂਹ ਨਗਰ ਨਿਵਾਸੀਆਂ ਤੇ ਸਾਬਕਾ ਸਰਪੰਚ ਨਾਹਰ ਸਿੰਘ ਸਿੱਧੂ (ਨੰਬਰਦਾਰ) ਯਾਦਗਾਰੀ ਸੰਸਥਾ ਦਾ ਬੱਚਿਆਂ ਨੂੰ ਉਤਸ਼ਾਹਤ ਕਰਨ ਲਈ ਵਿਸ਼ੇਸ਼ ਤੌਰ 'ਤੇ ਧੰਨਵਾਦ ਕੀਤਾ। ਇਸ ਮੌਕੇ ਸਵਰਗਵਾਸੀ ਸਰਪੰਚ ਨਾਹਰ ਸਿੰਘ ਦੇ ਸਪੁੱਤਰ ਐਡਵੋਕੇਟ ਕਰਮ ਸਿੰਘ ਨੇ ਵਿਸ਼ਵਾਸ ਦਿਵਾਇਆ ਬੱਚਿਆਂ ਦੀ ਪੜ੍ਹਾਈ ਤੇ ਉਚੇਰੇ ਉਦੇਸ਼ਾਂ ਦੀ ਪ੍ਰਾਪਤੀ ਲਈ ਸਕੂਲ ਪ੍ਰਬੰਧਕਾਂ ਨੂੰ ਵੱਧ ਤੋਂ ਵੱਧ ਸਹਿਯੋਗ ਦਿੱਤਾ ਜਾਵੇਗਾ। ਸਮਾਗਮ ਦੌਰਾਨ ਸਟੇਜ ਦਾ ਸੰਚਾਲਨ ਮਾ: ਸੰਜੀਵ ਥਾਪਰ ਨੇ ਬਾਖੂਬੀ ਨਿਭਾਇਆ।

## ਮਿੰਨੀ ਬੱਸ ਉਪਰੇਟਰਾਂ ਵੱਲੋਂ ਈ ਰਿਕਸ਼ਾ ਵਾਲਿਆਂ ਖਿਲਾਫ ਕਾਰਵਾਈ ਦੀ ਮੰਗ

**ਨਿਹਾਲ ਸਿੰਘ ਵਾਲਾ (ਲਵਲੀ ਕੁਮਾਰ)**-ਮਿੰਨੀ ਬੱਸ ਉਪਰੇਟਰ ਐਸੋਸੀਏਸ਼ਨ ਪੰਜਾਬ ਦੇ ਪ੍ਰਧਾਨ ਬਲਦੇਵ ਸਿੰਘ ਬੱਬੂ ਤੇ ਚੇਅਰਮੈਨ ਹਰਦੀਪ ਨਿਹਾਲ ਸਿੰਘ ਵਾਲਾ ਨੇ ਪੱਤਰਕਾਰਾਂ ਨਾਲ ਗੱਲਬਾਤ ਦੌਰਾਨ ਦੱਸਿਆ ਕਿ ਈ ਰਿਕਸ਼ਾ ਮਿੰਨੀ ਬੱਸਾਂ ਦੇ ਅੱਗੇ ਸਵਾਰੀ ਚੁੱਕ ਕੇ ਪਿੰਡਾਂ ਨੂੰ ਜਾ ਰਹੇ ਹਨ।ਪ੍ਰਸ਼ਾਸਨ ਦੇ ਧਿਆਨ ਵਿੱਚ ਵਾਰ ਵਾਰ ਲਿਆਉਣ ਤੋਂ ਬਾਅਦ ਵੀ ਕੋਈ ਇਨ੍ਹਾਂ ਉੱਪਰ ਕਾਰਵਾਈ ਨਹੀਂ ਹੋਈ।ਪੰਜਾਬ ਦੇ ਖਜ਼ਾਨੇ ਨੂੰ ਟੈਕਸ ਨਾਲ ਭਰਨ ਵਾਲੇ ਅੱਜ ਬੱਸਾਂ ਨਾ ਚਲਾਉਣ ਲਈ ਮਜਬੂਰ ਹੋ ਗਏ ਹਨ।ਮੁੱਖ ਮੰਤਰੀ ਸਾਹਿਬ ਨੂੰ ਬੇਨਤੀ ਹੈ ਕਿ ਇਨ੍ਹਾਂ ਉੱਪਰ ਕਾਨੂੰਨੀ ਨਿਯਮਾਂ ਨੂੰ ਲਾਗੂ ਕੀਤਾ ਜਾਵੇ।ਜੇਕਰ ਇਨ੍ਹਾਂ ਨੂੰ ਨੱਥ ਨਾ ਪਾਈ ਗਈ ਤਾਂ ਪੂਰੇ ਪੰਜਾਬ ਵਿੱਚ ਤਿੱਖਾ ਸੰਘਰਸ਼ ਕੀਤਾ ਜਾਵੇਗਾ।ਇਸ ਤੋਂ ਇਲਾਵਾ ਈ ਰਿਕਸ਼ਾ ਦੇ ਪ੍ਰਧਾਨ ਕੁਲਦੀਪ ਸਿੰਘ ਨਾਲ ਗੱਲਬਾਤ ਕਰਨ 'ਤੇ ਉਨ੍ਹਾਂ ਕਿਹਾ ਕਿ ਧੂੜਕੋਟ 'ਚ ਚੱਲ ਰਹੇ ਈ ਰਿਕਸ਼ਾ ਤੇ ਉੱਥੋਂ ਲੰਘ ਰਹੀਆਂ ਮਿੰਨੀ ਬੱਸਾਂ ਵਿਚਕਾਰ ਸਮਝੌਤਾ ਹੋਇਆ, ਪਰ ਫਿਰ ਵੀ ਈ ਰਿਕਸ਼ਾ ਵਾਲੇ ਆਪਣੀਆਂ ਹਰਕਤਾਂ ਤੋਂ ਬਾਜ਼ ਨਹੀਂ ਆ ਰਹੇ। ਈ ਰਿਕਸ਼ਾ ਵਾਲਿਆਂ ਨੂੰ ਪ੍ਰਧਾਨ ਵੱਲੋਂ ਕਿਹਾ ਗਿਆ ਕਿ ਬੱਸਾਂ ਅੱਗੋਂ ਸਵਾਰੀਆਂ ਨਾ ਚੁੱਕੋ, ਪਰ ਫਿਰ ਈ ਰਿਕਸ਼ਾ ਵਾਲਿਆਂ ਵੱਲੋਂ ਕਿਹਾ ਗਿਆ ਕਿ ਜਦੋਂ ਬੱਸ ਨਹੀਂ ਆਉਂਦੀ, ਉਦੋਂ ਹੀ ਸਵਾਰੀ ਚੁੱਕਦੇ ਹਾਂ।

## ਆਸ਼ਾ ਵਰਕਰਾਂ ਤੇ ਫੈਸਿਲੀਟੇਟਰਾਂ ਵੱਲੋਂ ਸਰਕਾਰ ਖਿਲਾਫ ਸੰਘਰਸ਼ ਦਾ ਐਲਾਨ



**ਫਿਰੋਜ਼ਪੁਰ (ਅਸ਼ੋਕ ਸ਼ਰਮਾ)**-ਆਲ ਇੰਡੀਆ ਆਸ਼ਾ ਵਰਕਰ ਤੇ ਫੈਸਿਲੀਟੇਟਰ ਯੂਨੀਅਨ ਪੰਜਾਬ ਨੇ ਬੀਤੇ ਦਿਨ ਮੁੱਖ ਦਫਤਰ ਚੰਡੀਗੜ੍ਹ 'ਚ ਇਕ ਮੀਟਿੰਗ ਕੀਤੀ। ਜਨਰਲ ਸਕੱਤਰ ਗੁਰਮੀਤ ਕੌਰ ਬਹਿਬਲਪੁਰ ਦੀ ਅਗਵਾਈ ਵਿਚ ਹੋਈ ਇਸ ਮੀਟਿੰਗ ਵਿੱਚ ਪੰਜਾਬ ਭਰ ਦੀਆਂ ਆਸ਼ਾ ਵਰਕਰਾਂ ਤੇ ਫੈਸਿਲੀਟੇਟਰਾਂ ਨੂੰ ਕੰਮ ਦੌਰਾਨ ਆ ਰਹੀਆਂ ਮੁਸ਼ਕਲਾਂ 'ਤੇ ਗੰਭੀਰ ਚਰਚਾ ਕੀਤੀ ਗਈ। ਮੀਟਿੰਗ ਵਿਚ ਅਮਰਜੀਤ ਕੌਰ ਰਣ ਸਿੰਘ ਵਾਲੇ ਨੇ ਦੱਸਿਆ ਕਿ ਆਸ਼ਾ ਵਰਕਰਾਂ ਦੀਆਂ ਸਮੱਸਿਆਵਾਂ ਦਿਨ-ਬ-ਦਿਨ ਵਧ ਰਹੀਆਂ ਹਨ ਤੇ ਪੰਜਾਬ ਸਰਕਾਰ ਇਨ੍ਹਾਂ ਨੂੰ ਨਜ਼ਰਅੰਦਾਜ਼ ਕਰ ਰਹੀ ਹੈ। ਯੂਨੀਅਨ ਨੇ ਵਿਸ਼ੇਸ਼ ਤੌਰ 'ਤੇ ਕਈ ਮੁੱਖ ਮੰਗਾਂ ਉਠਾਈਆਂ ਹਨ, ਜਿਨ੍ਹਾਂ ਵਿੱਚ ਕੱਟੇ ਪੱਤੇ (ਕਟੌਤੀ ਕੀਤੇ ਗਏ ਪੱਤੇ) ਬਹਾਲ ਕਰਾਉਣਾ, ਗੁਆਂਢੀ ਰਾਜਾਂ ਦੀ ਤਰਜ 'ਤੇ ਸੇਵਾਮੁਕਤ ਹੋਣ ਵਾਲੀਆਂ ਆਸ਼ਾ ਵਰਕਰਾਂ ਨੂੰ 5 ਲੱਖ ਰੁਪਏ ਦੀ ਵਿੱਤੀ ਸਹਾਇਤਾ ਦੇਣਾ ਤੇ ਆਸ਼ਾ ਵਰਕਰਾਂ ਤੇ ਫੈਸਿਲੀਟੇਟਰਾਂ ਦੀ ਮਹੀਨਾਵਾਰ ਤਨਖਾਹ ਵਿੱਚ ਵਾਧਾ ਕਰਨਾ ਸ਼ਾਮਲ ਹਨ। ਆਗੂਆਂ ਨੇ ਦੱਸਿਆ ਕਿ ਇਨ੍ਹਾਂ ਮੰਗਾਂ ਨੂੰ ਲੈ ਕੇ ਸਰਕਾਰ ਨਾਲ ਕਈ ਵਾਰ ਮੀਟਿੰਗਾਂ ਹੋ ਚੁੱਕੀਆਂ ਹਨ, ਪਰ ਕੋਈ ਠੋਸ ਨਤੀਜਾ ਨਹੀਂ ਨਿਕਲਿਆ। ਜੇਕਰ ਪੰਜਾਬ ਸਰਕਾਰ ਹੁਣ ਵੀ ਇਨ੍ਹਾਂ ਮੰਗਾਂ 'ਤੇ ਧਿਆਨ ਨਹੀਂ ਦਿੰਦੀ ਤਾਂ ਯੂਨੀਅਨ ਨੇ ਸਖ਼ਤ ਕਦਮ ਚੁੱਕਣ ਦੀ ਚੇਤਾਵਨੀ ਦਿੱਤੀ ਹੈ। ਯੂਨੀਅਨ ਲੀਡਰਸ਼ਿਪ ਨੇ ਐਲਾਨ ਕੀਤਾ ਹੈ ਕਿ ਉਹ ਨਿਆਂ ਲਈ ਲੇਬਰ ਕੋਰਟ ਦਾ ਦਰਵਾਜ਼ਾ ਖਟਖਟਾਉਣਗੇ। ਇਸ ਤੋਂ ਇਲਾਵਾ ਪੰਜਾਬ ਦੀਆਂ ਸਾਰੀਆਂ ਆਸ਼ਾ ਵਰਕਰਾਂ ਇਕੱਠੇ ਹੋ ਕੇ ਇਕ ਸਾਂਝਾ ਮੋਰਚਾ ਬਣਾਉਣਗੀਆਂ ਤੇ 25 ਅਗਸਤ 2025 ਤੋਂ 31 ਅਗਸਤ 2025 ਤੱਕ ਸਿਹਤ ਵਿਭਾਗ ਦੇ ਸਾਰੇ ਕੰਮਾਂ ਦਾ ਬਾਈਕਾਟ ਕਰਨਗੀਆਂ। ਯੂਨੀਅਨ ਨੇ ਸਪੱਸ਼ਟ ਕੀਤਾ ਕਿ ਇਸ ਸਥਿਤੀ ਲਈ ਪੂਰੀ ਤਰ੍ਹਾਂ ਨਾਲ ਪੰਜਾਬ ਸਰਕਾਰ ਜ਼ਿੰਮੇਵਾਰ ਹੋਵੇਗੀ। ਮੀਟਿੰਗ ਵਿੱਚ ਜਨਰਲ ਸਕੱਤਰ ਗੁਰਮੀਤ ਕੌਰ ਬਹਿਬਲ ਖੁਰਦ, ਸੰਤੋਸ਼ ਕੁਮਾਰੀ ਫਿਰੋਜ਼ਪੁਰ, ਰਾਣੋ ਕੇ ਖੇੜੀ, ਹਰਵਿੰਦਰ ਕੌਰ, ਸੁਖਵਿੰਦਰ ਕੌਰ, ਸੁੱਖੀ ਮਾਨਸਾ ਤੇ ਪੰਜਾਬ ਭਰ ਤੋਂ ਹੋਰ ਅਹੁਦੇਦਾਰ ਮੌਜੂਦ ਸਨ।

## ਕੰਨੀਆਂ ਖੁਰਦ ਦੀ ਨਵੀਂ ਚੁਣੀ ਗਈ ਪੰਚਾਇਤ ਦਾ ਸਨਮਾਨ



**ਜਗਰਾਉਂ (ਅਮਿਤ ਖੰਨਾ)**-ਬੀਤੇ ਦਿਨੀਂ ਹੋਈਆਂ ਪੰਚਾਇਤੀ ਜ਼ਿਮਨੀ ਚੋਣਾਂ ਵਿੱਚ ਹਲਕਾ ਜਗਰਾਉਂ ਦੇ ਪਿੰਡ ਕੰਨੀਆਂ ਖੁਰਦ ਤੋਂ ਅਕਾਲੀ ਦਲ ਦੀ ਬਣੀ ਪੰਚਾਇਤ ਸ਼੍ਰੋਮਣੀ ਅਕਾਲੀ ਦਲ ਦੇ ਕੋਰ ਕਮੇਟੀ ਮੈਂਬਰ ਤੇ ਸਾਬਕਾ ਵਿਧਾਇਕ ਐੱਸ. ਆਰ. ਕਲੇਰ ਦਾ ਧੰਨਵਾਦ ਕਰਨ ਉਨ੍ਹਾਂ ਦੇ ਦਫਤਰ ਪਹੁੰਚੀ, ਜਿੱਥੇ ਇਸ ਪੰਚਾਇਤ ਦਾ ਸ੍ਰੀ ਕਲੇਰ ਵੱਲੋਂ ਸਨਮਾਨ ਕੀਤਾ ਗਿਆ।ਇਸ ਮੌਕੇ ਸਰਪੰਚ ਸੰਦੀਪ ਕੌਰ, ਪੰਚ ਭਗਵਾਨ ਸਿੰਘ, ਪੰਚ ਸੁਰਜੀਤ ਕੌਰ, ਪੰਚ ਧਰਵਿੰਦਰ ਕੌਰ, ਪੰਚ ਸੁਰਜੀਤ ਕੌਰ, ਪੰਚ ਜਸਕਰਨ ਸਿੰਘ ਤੇ ਸਰਕਲ ਪ੍ਰਧਾਨ ਤੇਜਿੰਦਰਪਾਲ ਸਿੰਘ ਕੰਨੀਆ ਖੁਰਦ, ਸਰਕਲ ਪ੍ਰਧਾਨ ਸ਼ਿਵਰਾਜ ਸਿੰਘ, ਸਾਬਕਾ ਸਰਪੰਚ ਮਨਜੀਤ ਸਿੰਘ ਹਾਜ਼ਰ ਸਨ।

## ਬਾਬਾ ਮੋਨੀ ਜੀ ਕਾਲਜ ਵਿਖੇ ਆਕਸੀਜਨ ਸਾਈਕਲ ਗਤੀਵਿਧੀ ਕਰਵਾਈ



**ਲਹਿਰਾ ਮੁਹੱਬਤ (ਭੀਮ ਸੈਨ ਹਦਵਾਰੀਆ)**-ਦੁਨੀਆ ਦੀ ਸਭ ਤੋਂ ਗੰਭੀਰ ਸਮੱਸਿਆ ਵਧ ਰਹੇ ਪ੍ਰਦੂਸ਼ਣ ਨੂੰ ਰੋਕਣ ਲਈ ਬਾਬਾ ਮੋਨੀ ਜੀ ਮਹਾਰਾਜ ਡਿਗਰੀ ਕਾਲਜ ਲਹਿਰਾ ਮੁਹੱਬਤ ਵਿੱਚ ਸਮਾਜ, ਦੇਸ਼ ਤੇ ਸੰਸਾਰ ਦੀ ਭਲਾਈ ਲਈ, ਵਿਗਿਆਨ ਨੂੰ ਦਿਲਚਸਪ ਬਣਾਉਣ ਲਈ ਤੇ ਵਿਦਿਆਰਥੀਆਂ ਦੇ ਗਿਆਨ ਵਿੱਚ ਵਾਧਾ ਕਰਨ ਲਈ ਇੱਕ ਆਕਸੀਜਨ ਸਾਈਕਲ ਗਤੀਵਿਧੀ ਕਰਵਾਈ ਗਈ ਅਤੇ ਵਧ ਰਹੇ ਪ੍ਰਦੂਸ਼ਣ ਨੂੰ ਮੱਦੇਨਜ਼ਰ ਰੱਖਦੇ ਹੋਏ ਬੱਚਿਆਂ ਨੂੰ ਆਕਸੀਜਨ ਸਾਈਕਲ ਬਾਰੇ ਸੂਚਿਤ ਕੀਤਾ ਤੇ ਵੱਧ ਤੋਂ ਵੱਧ ਰੁੱਖ ਲਗਾਉਣ ਲਈ ਉਤਸ਼ਾਹਤ ਕੀਤਾ। ਅਧਿਆਪਕਾਂ ਨੇ ਕਿਹਾ ਕਿ ਇਹ ਗਤੀਵਿਧੀ ਵਿਦਿਆਰਥੀਆਂ ਦੇ ਅਧਿਐਨ ਪੱਧਰ ਨੂੰ ਵਧਾਉਣ ਦੇ ਨਾਲ-ਨਾਲ ਉਨ੍ਹਾਂ ਦੇ ਮਾਨਸਿਕ ਸਤਰ ਨੂੰ ਉੱਚਾ ਚੁੱਕਣ ਵਿੱਚ ਵੀ ਮਦਦ ਕਰਦੀ ਹੈ। ਪੰਜਾਬ ਦੇ ਕਈ ਕਾਲਜਾਂ ਨੇ ਵੀ ਇਸ ਗਤੀਵਿਧੀ ਵਿੱਚ ਹਿੱਸਾ ਲਿਆ। ਇਸ ਗਤੀਵਿਧੀ ਵਿੱਚ ਕਾਲਜ ਦੀਆਂ ਵਿਦਿਆਰਥਣਾਂ ਪ੍ਰਭਜੋਤ ਕੌਰ, ਨਵਜੋਤ ਕੌਰ ਤੇ ਅਮਨ ਸ਼ਰਮਾ ਜੇਤੂ ਰਹੀਆਂ। ਮੈਨੇਜਮੈਂਟ ਨੇ ਜੇਤੂ ਵਿਦਿਆਰਥੀਆਂ ਨੂੰ ਇਨਾਮ ਤੇ ਸਰਟੀਫਿਕੇਟ ਦੇ ਕੇ ਸਨਮਾਨਤ ਕੀਤਾ। ਵਿਦਿਆਰਥੀਆਂ ਦੀ ਬੇਨਤੀ 'ਤੇ ਪ੍ਰੋ. ਨਵਦੀਪ ਸ਼ਰਮਾ, ਪ੍ਰੋ. ਨਵਜੋਤ ਕੌਰ, ਪ੍ਰੋ. ਲਵਪ੍ਰੀਤ ਕੌਰ ਤੇ ਹੋਰ ਅਧਿਆਪਕਾਂ ਨੇ ਅਜਿਹੀਆਂ ਹੋਰ ਗਤੀਵਿਧੀਆਂ ਦਾ ਆਯੋਜਨ ਕਰਨ ਦਾ ਭਰੋਸਾ ਦਿੱਤਾ।

## ਹਰਗੋਬਿੰਦ ਪਬਲਿਕ ਸਕੂਲ 'ਚ ਊਧਮ ਸਿੰਘ ਦਾ ਸ਼ਹੀਦੀ ਦਿਵਸ ਮਨਾਇਆ





**ਬਠਿੰਡਾ (ਰਾਜੀਵ ਗੋਇਲ)**-ਹਰਗੋਬਿੰਦ ਪਬਲਿਕ ਸਕੂਲ ਕਾਂਗੜ ਵਿਖੇ ਸਕੂਲ ਦੇ ਪ੍ਰਿੰਸੀਪਲ ਸੋਨੂੰ ਕੁਮਾਰ ਕਾਂਗੜ ਦੀ ਅਗਵਾਈ 'ਚ ਸਕੂਲੀ ਵਿਦਿਆਰਥੀਆਂ ਵੱਲੋਂ ਸ੍ਰ. ਊਧਮ ਸਿੰਘ ਦਾ ਸ਼ਹੀਦੀ ਦਿਵਸ ਮਨਾਇਆ ਗਿਆ।ਸਕੂਲ ਪ੍ਰਿੰਸੀਪਲ ਸੋਨੂੰ ਕਾਂਗੜ ਨੇ ਸੰਬੋਧਨ ਕਰਦੇ ਹੋਏ ਕਿਹਾ ਕਿ ਸ਼ਹੀਦ ਦੇਸ਼ ਦਾ ਸਰਮਾਇਆ ਹਨ ਅਤੇ ਸ਼ਹੀਦਾਂ ਦੀਆਂ ਕੁਰਬਾਨੀਆਂ ਪ੍ਰਤੀ ਦੇਸ਼ ਦੇ ਬੱਚੇ ਤੇ ਨੌਜਵਾਨਾਂ ਨੂੰ ਜਾਣਕਾਰੀ ਦੇਣਾ ਸਾਡਾ ਮੁੱਢਲਾ ਫ਼ਰਜ਼ ਹੈ।ਇਸ ਮੌਕੇ ਧਾਰਮਿਕ ਅਧਿਆਪਕਾ ਪਲਵਿੰਦਰ ਕੌਰ ਜਲਾਲ ਨੇ ਸ਼ਹੀਦ ਊਧਮ ਸਿੰਘ ਨੂੰ ਸ਼ਰਧਾ ਦੇ ਫੁੱਲ ਭੇਟ ਕਰਦੇ ਹੋਏ ਬੱਚਿਆਂ ਨੂੰ ਸ਼ਹੀਦ ਊਧਮ ਸਿੰਘ ਦੇ ਜੀਵਨ ਬਾਰੇ ਦੱਸਦਿਆਂ ਊਧਮ ਸਿੰਘ ਦੇ ਜਨਮ ਤੇ ਕੁਰਬਾਨੀਆਂ ਬਾਰੇ ਵਿਸਥਾਰ ਪੂਰਵਕ ਚਾਨਣਾ ਪਾਇਆ।ਸਕੂਲ ਦੇ ਵਿਦਿਆਰਥੀਆਂ ਨੇ ਸ਼ਹੀਦ ਊਧਮ ਸਿੰਘ ਦੇ ਸ਼ਹੀਦੀ ਦਿਵਸ 'ਤੇ ਕਵੀਸ਼ਰੀ ਤੇ ਕਵਿਤਾਵਾਂ ਗਾਈਆਂ। ਇਸ ਮੌਕੇ ਨੀਤੂ ਸ਼ਰਮਾ, ਬਲਵਿੰਦਰ ਕੌਰ, ਰਣਜੀਤ ਕੌਰ, ਗੁਰਪ੍ਰੀਤ ਕੌਰ, ਤਰਨਵੀਰ ਕੌਰ, ਪਵਨਪ੍ਰੀਤ ਕੌਰ, ਰਣਦੀਪ ਕੌਰ, ਜਸਵੀਰ ਕੌਰ, ਸਵਰਨਜੀਤ ਕੌਰ, ਅਮਨਦੀਪ ਕੌਰ, ਜਸਪ੍ਰੀਤ ਕੌਰ, ਲਵਪ੍ਰੀਤ ਕੌਰ,ਮੰਦਰ ਸਿੰਘ, ਦਵਿੰਦਰ ਕੁਮਾਰ ਆਦਿ ਹਾਜ਼ਰ ਸਨ।

## ਜੇ ਐੱਮ ਐੱਸ ਨੇ ਲਵਾਇਆ ਕੈਨੇਡਾ ਦਾ ਵਿਜ਼ਿਟਰ ਵੀਜ਼ਾ



**ਬਾਘਾ ਪੁਰਾਣਾ (ਮਨੀ ਸਿੰਗਲਾ)**-ਬਾਘਾ ਪੁਰਾਣਾ ਸ਼ਹਿਰ ਦੀ ਮੰਨੀ ਪ੍ਰਮੰਨੀ ਸੰਸਥਾ ਜੇ ਐੱਮ ਐੱਸ ਇਮੀਗ੍ਰੇਸ਼ਨ, ਜੋ ਕਿ ਰਿਫਿਊਜ਼ ਕੇਸਾਂ ਨੂੰ ਹੱਲ ਕਰਨ ਵਿੱਚ ਮਾਹਰ ਦੇ ਨਾਮ ਨਾਲ ਜਾਣੀ ਜਾਂਦੀ ਹੈ।ਇਸ ਦੇ ਨਾਲ-ਨਾਲ ਹੁਣ ਸੰਸਥਾਂ ਵੱਲੋਂ ਬਹੁਤ ਹੀ ਘੱਟ ਉਮਰ ਵਾਲਿਆਂ ਬੱਚਿਆਂ ਦਾ ਵਿਦੇਸ਼ਾਂ ਵਿੱਚ ਜਾਣ ਦਾ ਸੁਪਨਾ ਵੀ ਬੜੀ ਜਲਦੀ ਪੂਰਾ ਕੀਤਾ ਜਾ ਰਿਹਾ ਹੈ।ਕਾਮਯਾਬੀ ਦੀ ਇਸ ਲੜੀ ਨੂੰ ਜਾਰੀ ਰੱਖਦਿਆਂ ਸੰਸਥਾਂ ਵੱਲੋਂ ਪਾਲਸਤਿੰਦਰਜੀਤ ਸਿੰਘ ਤੇ ਕਿਰਨਪ੍ਰੀਤ ਕੌਰ ਵਾਸੀ ਜ਼ੀਰਾ ਦਾ ਕੈਨੇਡਾ ਦਾ ਵਿਜ਼ਿਟਰ ਵੀਜ਼ਾ ਬਹੁਤ ਹੀ ਘੱਟ ਸਮੇਂ ਵਿੱਚ ਲਗਵਾ ਕੇ ਦਿੱਤਾ ਗਿਆ ਹੈ।ਉਨ੍ਹਾ ਨੇ ਆਪਣੀ ਖੁਸ਼ੀ ਸਾਂਝੀ ਕਰਦਿਆਂ ਕਿਹਾ ਕਿ ਉਸਨੂੰ ਬਹੁਤ ਹੀ ਜਲਦ ਜੇ.ਐੱਮ.ਐੱਸ. ਸੰਸਥਾ ਵੱਲੋਂ ਕੈਨੇਡਾ ਦਾ ਵਿਜ਼ਿਟਰ ਵੀਜ਼ਾ ਪ੍ਰਾਪਤ ਹੋਇਆ ਹੈ।ਇੱਥੇ ਇਹ ਵੀ ਦੱਸਣਯੋਗ ਹੈ ਕਿ ਮਾਹਰਾਂ ਦੀ ਦੇਖ-ਰੇਖ ਹੇਠ ਪਹਿਲਾਂ ਵੀਜ਼ੇ ਲਈ ਸਾਰੇ ਦਸਤਾਵੇਜ਼ ਤਸੱਲੀਬਖਸ਼ ਪੂਰੇ ਕੀਤੇ ਜਾਂਦੇ ਹਨ ਤੇ ਵਿਦੇਸ਼ਾਂ ਵਿੱਚ ਜਾਣ ਦੇ ਚਾਹਵਾਨਾਂ ਨੂੰ ਪਹਿਲੀ ਵਾਰ ਵਿੱਚ ਹੀ ਸੰਸਥਾਂ ਵੱਲੋਂ ਵੀਜ਼ਾ ਪ੍ਰਾਪਤ ਹੋ ਜਾਂਦਾ ਹੈ।ਸੰਸਥਾ ਵੱਲੋਂ ਵਿਜ਼ਿਟਰ ਵੀਜ਼ਾ, ਸਪਾਊਸ ਓਪਨ ਵਰਕ ਪਰਮਿਟ, ਸਟੱਡੀ ਵੀਜ਼ਾ ਬਹੁਤ ਹੀ ਘੱਟ ਸਮੇਂ ਵਿੱਚ ਲਗਵਾ ਕੇ ਦਿੱਤੇ ਜਾਂਦੇ ਹਨ।ਜੇਕਰ ਤੁਸੀਂ ਵੀ ਆਪਣੇ ਵਿਦੇਸ਼ਾਂ ਵਿੱਚ ਘੁੰਮਣ ਜਾਣ ਦੇ ਸੁਪਨਿਆਂ ਨੂੰ ਉੱਚੀ ਉਡਾਣ ਦੇਣਾ ਚਾਹੁੰਦੇ ਹੋ ਤਾਂ ਇੱਕ ਵਾਰ ਸੰਸਥਾ ਵਿਖੇ ਪਹੁੰਚ ਕੇ ਆਪਣੇ ਦਸਤਾਵੇਜ਼ ਜ਼ਰੂਰ ਸਾਂਝੇ ਕਰੋ।ਸੰਸਥਾ ਦੇ ਡਾਇਰੈਕਟਰ ਹਰਲਾਲ ਸਿੰਘ ਮਾਨ ਨੇ ਵੀਜ਼ਾ ਚਾਹਵਾਨਾਂ ਨੂੰ ਵੀਜ਼ਾ ਸੌਂਪਦਿਆਂ ਵਧਾਈ ਦਿੱਤੀ।

## ਪੰਜਾਬ ਮੁਲਾਜ਼ਮ, ਪੈਨਸ਼ਨਰਜ਼ ਸਾਂਝਾ ਫਰੰਟ ਦੇ ਸੱਦੇ 'ਤੇ ਮਾਨਸਾ ਇਕਾਈ ਵੱਲੋ ਮੀਟਿੰਗ



**ਮਾਨਸਾ (ਆਤਮਾ ਸਿੰਘ ਪਮਾਰ)**-ਪੰਜਾਬ ਮੁਲਾਜ਼ਮ ਤੇ ਪੈਨਸ਼ਨਰਜ਼ ਸਾਂਝਾ ਫਰੰਟ ਇਕਾਈ ਮਾਨਸਾ ਵੱਲੋਂ ਸੂਬਾ ਕਮੇਟੀ ਦੇ ਸੱਦੇ 'ਤੇ ਸਥਾਨਕ ਪੈਨਸ਼ਨਰਜ਼ ਭਵਨ ਵਿਖੇ ਇੱਕ ਮੀਟਿੰਗ ਕੀਤੀ ਗਈ।ਮੀਟਿੰਗ ਦੌਰਾਨ ਵਿਚਾਰ ਵਟਾਂਦਰਾ ਕਰਨ ਉਪਰੰਤ ਫੈਸਲਾ ਲਿਆ ਗਿਆ ਕਿ ਸੂਬਾਈ ਸੱਦੇ ਅਨੁਸਾਰ 5 ਅਗਸਤ ਨੂੰ ਪੰਜਾਬ ਸਰਕਾਰ ਤੇ ਸਬ ਕਮੇਟੀ ਦੀ ਅਰਥੀ ਫੂਕੀ ਜਾਵੇਗੀ।ਇਹ ਅਰਥੀ ਫੂਕ ਮੁਜ਼ਾਹਰੇ ਸਰਕਾਰ ਵੱਲੋਂ ਮੁਲਾਜ਼ਮ ਫਰੰਟ ਨੂੰ ਵਾਰ ਵਾਰ ਮੀਟਿੰਗਾਂ ਦੇ ਕੇ ਰੱਦ ਕਰਨ ਵਿਰੁੱਧ ਰੋਸ ਵਜੋਂ ਸਮੁੱਚੇ ਪੰਜਾਬ ਵਿੱਚ ਕੀਤੇ ਜਾਣਗੇ।ਮੀਟਿੰਗ 'ਚ ਕਨਵੀਨਰ ਅਜੈਬ ਸਿੰਘ ਅਲੀਸ਼ੇਰ, ਲਖਨ ਲਾਲ ਮਾਨਸਾ, ਬਿੱਕਰ ਸਿੰਘ ਮਾਖਾ, ਰਾਜ ਕੁਮਾਰ ਰੰਗਾ, ਜਨਕ ਸਿੰਘ ਫਤਿਹਪੁਰ ਤੋਂ ਇਲਾਵਾ ਕੇਵਲ ਸਿੰਘ ਮਾਨਸਾ, ਜਗਸੀਰ ਸਿੰਘ ਢਿੱਲੋਂ, ਹਰਬੰਸ ਸਿੰਘ ਢਿੱਲੋਂ, ਜੀਤ ਸਿੰਘ ਭੁੱਲਰ, ਸੁਰਜੀਤ ਸਿੰਘ ਖਿਆਲਾ ਤੇ ਇੰਦਰ ਸਿੰਘ ਆਦਿ ਹਾਜ਼ਰ ਸਨ।ਇਸ ਆਗੂ ਸਾਥੀਆਂ ਨੇ ਸਰਕਾਰ ਤੋਂ ਮੰਗ ਕੀਤੀ ਕਿ ਪੰਜਾਬ ਸਰਕਾਰ ਮੁਲਾਜ਼ਮ ਤੇ ਪੈਨਸ਼ਨਰਜ਼ ਦੀਆਂ ਹੱਕੀ ਤੇ ਜਾਇਜ਼ ਮੰਗਾਂ ਦਾ ਤੁਰੰਤ ਨਿਪਟਾਰਾ ਕਰੇ।ਆਗੂਆਂ ਨੇ ਆਪਣੀਆਂ ਮੰਗਾਂ ਮਸਲਿਆਂ ਸਬੰਧੀ ਗੱਲਬਾਤ ਕਰਦਿਆਂ ਕਿਹਾ ਕਿ ਸਮੁੱਚੇ ਵਿਭਾਗਾਂ 'ਚ ਠੇਕੇ 'ਤੇ ਕੰਮ ਕਰਦੇ ਕਾਮਿਆਂ ਨੂੰ ਪੱਕੇ ਕਰਨਾ, ਡੀ. ਏ. ਦੀਆਂ ਬਕਾਇਆ ਕਿਸ਼ਤਾਂ ਜਾਰੀ ਕਰਨਾ, ਪਿਛਲਾ ਬਣਦਾ ਬਕਾਇਆ ਦੇਣਾ, ਪੈਨਸ਼ਨਰਜ਼ ਨੂੰ 2.59 ਦੇ ਗੁਣਾਂਕ ਨਾਲ ਪੈਨਸ਼ਨ ਦੁਹਰਾਈ ਕਰਨਾ, ਮਹਿਕਮਿਆਂ ਦਾ ਨਿੱਜੀਕਰਨ ਬੰਦ ਕਰਕੇ ਮੁਲਾਜ਼ਮਾਂ ਦੀ ਰੈਗੂਲਰ ਭਰਤੀ ਕਰਨ ਤੋਂ ਇਲਾਵਾ ਸਾਂਝੇ ਫਰੰਟ ਦੇ ਮੰਗ ਪੱਤਰ 'ਚ ਦਰਜ ਮੰਗਾਂ ਨੂੰ ਪਹਿਲ ਦੇ ਅਧਾਰ 'ਤੇ ਪੂਰਾ ਕਰਨਾ ਹੈ।ਅਜਿਹਾ ਨਾ ਹੋਣ ਦੀ ਸੂਰਤ 'ਚ ਸੂਬਾਈ ਸੱਦੇ ਅਨੁਸਾਰ ਜੋ ਵੀ ਪ੍ਰੋਗਰਾਮ ਦਿੱਤਾ ਜਾਵੇਗਾ, ਉਸ ਨੂੰ ਜ਼ਿਲ੍ਹਾ ਮਾਨਸਾ ਪੂਰਨ ਰੂਪ 'ਚ ਲਾਗੂ ਕੀਤਾ ਜਾਵੇਗਾ।ਆਗੂਆਂ ਨੇ ਦੱਸਿਆ ਕਿ 5 ਅਗਸਤ ਨੂੰ ਅਰਥੀ ਫੂਕ ਮੁਜ਼ਾਹਰੇ ਦੌਰਾਨ ਪੈਨਸ਼ਨਰਜ਼ ਭਵਨ ਵਿਖੇ ਚੈਰੀਟੇਬਲ ਲੈਬੋਰਟਰੀ ਵੱਲੋਂ ਸਵੇਰੇ 8 ਵਜੇ ਤੋਂ 12 ਵਜੇ ਤੱਕ ਹਰ ਤਰ੍ਹਾਂ ਦੇ ਟੈਸਟ ਵੀ ਕੀਤੇ ਜਾਣਗੇ।

# ਹੈਰੋਇਨ ਤੇ ਡਰੱਗ ਮਨੀ ਸਮੇਤ ਕੀਤੇ ਗ੍ਰਿਫ਼ਤਾਰ

**ਬਠਿੰਡਾ, ( ਪਰਵਿੰਦਰ ਜੀਤ ਸਿੰਘ)** ਯੁੱਧ ਨਸ਼ਿਆਂ ਵਿਰੁੱਧ ਦੀ ਲੜੀ ਅਧੀਨ ਬਠਿੰਡਾ ਪੁਲਿਸ ਨਸ਼ਾ ਤਸਕਰੀ ਦੇ ਖ਼ਿਲਾਫ਼ ਸਖ਼ਤ ਕਾਰਵਾਈ ਕਰ ਰਹੀ ਹੈ ਅਤੇ ਸਮਾਜ ਨੂੰ ਨਸ਼ਾ ਮੁਕਤ ਬਣਾਉਣ ਲਈ ਵਚਨਬੱਧ ਹੈ। ਇਹ ਜਾਣਕਾਰੀ ਐਸ ਐਸ ਪੀ ਮੈਡਮ ਅਮਨੀਤ ਕੌਂਡਲ ਨੇ ਸਾਂਝੀ ਕੀਤੀ। ਐਸ ਐਸ ਪੀ ਮੈਡਮ ਅਮਨੀਤ ਕੌਂਡਲ ਨੇ ਕਿਹਾ ਕਿ ਨਸ਼ਿਆਂ ਖ਼ਿਲਾਫ਼ ਚਲਾਈ ਗਈ ਮੁਹਿੰਮ ਤਹਿਤ ਬਠਿੰਡਾ ਪੁਲਿਸ (ਸੀ.ਆਈ.ਏ ਸਟਾਫ-1) ਵੱਲੋਂ ਦੋ ਵਿਅਕਤੀਆਂ ਨੂੰ ਗ੍ਰਿਫ਼ਤਾਰ ਕਰਕੇ ਉਹਨਾਂ ਦੇ ਕਬਜ਼ੇ ਵਿੱਚੋਂ 37 ਗ੍ਰਾਮ ਹੈਰੋਇਨ ਅਤੇ 11,75,000/- ਰੁਪਏ ਡਰੱਗ ਮਨੀ ਬਰਾਮਦ ਕੀਤੀ ਗਈ। ਐਸ ਐਸ ਪੀ ਨੇ ਆਮ ਲੋਕਾਂ ਨੂੰ ਪੁਰਜ਼ੋਰ ਅਪੀਲ ਕਰਦਿਆਂ ਕਿਹਾ ਕਿ ਜੇਕਰ ਤੁਹਾਨੂੰ ਕਿਸੇ ਵੀ ਸ਼ੱਕੀ ਗਤੀਵਿਧੀ ਬਾਰੇ ਜਾਣਕਾਰੀ ਮਿਲਦੀ ਹੈ ਤਾਂ ਤੁਰੰਤ ਪੁਲਿਸ ਨੂੰ ਫੋਨ ਰਾਹੀਂ ਸੂਚਨਾ ਦੇ ਸਕਦੇ ਹਨ ਜਾਂ ਸਿੱਧਾ ਦਫ਼ਤਰ ਆ ਕੇ ਸੰਪਰਕ ਕਰ ਸਕਦੇ ਹਨ। ਉਨ੍ਹਾਂ ਇਹ ਵੀ ਕਿਹਾ ਕਿ ਨਸ਼ੇ ਦੇ ਸੌਦਾਗਰ ਦਾ ਪਤਾ ਦੱਸਣ ਵਾਲੇ ਵਿਅਕਤੀ ਦੀ ਪਹਿਚਾਣ ਤੇ ਨਾਮ ਗੁਪਤ ਰੱਖਿਆ ਜਾਵੇਗਾ।


ੴ ਸ੍ਰੀ ਵਾਹਿਗੁਰੂ ਜੀ ਕੀ ਫ਼ਤਹਿ

**Punjab & Sind Bank** (A Govt. of India Undertaking)

**B/O:- International Banking Division, Gill Road, Millerganj, Ludhiana. Phone: 0161- 5068062,63**

## ਰੂਲ-8 (1) ਕਬਜ਼ਾ ਨੋਟਿਸ (ਅਚੱਲ ਜਾਇਦਾਦ ਵਾਸਤੇ)

ਜਦੋਂ ਕਿ ਨਿਮਨਹਸਤਾਖਰੀ ਨੇ ਸਕਿਉਰਿਟਾਈਜ਼ੇਸ਼ਨ ਐਂਡ ਰੀਕੰਸਟਰੱਕਸ਼ਨ ਆਫ ਫਾਈਨੈਂਸ਼ੀਅਲ ਐੱਸਟਸ ਐਂਡ ਇਨਫੋਰਸਮੈਂਟ ਆਫ ਸਕਿਉਰਿਟੀ ਇੰਟਰੈੱਸਟ ਐਕਟ 2002 (2002 ਦਾ 54) ਤਹਿਤ ਪੰਜਾਬ ਐਂਡ ਸਿੰਧ ਬੈਂਕ, ਆਈ ਬੀ ਡੀ, ਲੁਧਿਆਣਾ ਦੇ ਅਧਿਕਾਰਤ ਅਫ਼ਸਰ ਵਜੋਂ ਅਤੇ ਸਕਿਉਰਿਟੀ ਇੰਟਰੈੱਸਟ (ਇਨਫੋਰਸਮੈਂਟ) ਰੂਲਜ਼, 2002 ਦੇ ਰੂਲ 3 ਨਾਲ ਪੜ੍ਹੇ ਜਾਂਦੇ ਸੈਕਸ਼ਨ ਰਹਿਣਕਾਰ ਅਤੇ 13 (12) ਤਹਿਤ ਮਿਲੇ ਅਧਿਕਾਰਾਂ ਦੀ ਵਰਤੋਂ ਕਰਦਿਆਂ ਕਰਜ਼ਦਾਰਾਂ/ਗਰੰਟਰਾਂ ਨੂੰ ਨੋਟਿਸ 'ਚ ਦਰਸਾਈ ਰਕਮ, ਉਕਤ ਨੋਟਿਸ ਦੀ ਪ੍ਰਾਪਤੀ ਮਿਤੀ ਤੋਂ 60 ਦਿਨਾਂ ਦੇ ਅੰਦਰ ਵਾਪਸ ਮੋੜਨ ਦਾ ਸੱਦਾ ਦਿੰਦਾ ਡਿਮਾਂਡ ਨੋਟਿਸ ਸੈਕਸ਼ਨ 13 (2) ਤਹਿਤ ਹੇਠਾਂ ਦਰਸਾਈ ਮਿਤੀ ਨੂੰ ਜਾਰੀ ਕੀਤਾ ਸੀ।

ਕਰਜ਼ਦਾਰ/ਰਹਿਣਕਾਰ ਅਤੇ ਗਰੰਟਰ ਰਕਮ ਵਾਪਸ ਮੋੜਨ 'ਚ ਅਸਫਲ ਰਹੇ ਹਨ, ਕਰਜ਼ਦਾਰਾਂ ਅਤੇ ਆਮ ਜਨਤਾ ਨੂੰ ਨੋਟਿਸ ਦਿੱਤਾ ਜਾਂਦਾ ਹੈ ਕਿ ਨਿਮਨਹਸਤਾਖਰੀ ਨੇ ਸਕਿਉਰਟੀ ਇੰਟਰੈੱਸਟ (ਇਨਫੋਰਸਮੈਂਟ) ਰੂਲਜ਼, 2002 ਦੇ ਰੂਲ 8 ਪੜ੍ਹੇ ਜਾਂਦੇ ਉਕਤ ਐਕਟ ਦੇ ਸੈਕਸ਼ਨ 13 (4) ਤਹਿਤ ਮਿਲੇ ਅਧਿਕਾਰਾਂ ਦੀ ਵਰਤੋਂ ਕਰਦਿਆਂ ਹੇਠਾਂ ਦਰਸਾਈ ਜਾਇਦਾਦ ਦਾ ਹੇਠਾਂ ਦਰਸਾਏ ਖਾਤੇ ਵਿਰੁੱਧ ਦਰਸਾਈ ਮਿਤੀ 'ਤੇ ਕਬਜ਼ਾ ਹਾਸਲ ਕਰ ਲਿਆ ਹੈ।

ਕਰਜ਼ਦਾਰਾਂ, ਰਹਿਣਕਾਰਾਂ ਅਤੇ ਗਰੰਟਰਾਂ ਨੂੰ ਖਾਸ ਕਰਕੇ ਅਤੇ ਆਮ ਜਨਤਾ ਨੂੰ ਜਾਇਦਾਦ ਸੰਬੰਧੀ ਸੌਦੇਬਾਜ਼ੀ ਕਰਨ ਤੋਂ ਖ਼ਬਰਦਾਰ ਕੀਤਾ ਜਾਂਦਾ ਹੈ ਅਤੇ ਜਾਇਦਾਦ ਸੰਬੰਧੀ ਕਿਸੇ ਤਰ੍ਹਾਂ ਦੀ ਸੌਦੇਬਾਜ਼ੀ ਪੰਜਾਬ ਐਂਡ ਸਿੰਧ ਬੈਂਕ, ਆਈ ਬੀ ਡੀ, ਲੁਧਿਆਣਾ ਦੀ ਹੇਠਾਂ ਦਰਸਾਈ ਕੁੱਲ ਰਕਮ ਜਮ੍ਹਾਂ ਇਸ ਉਪਰ ਭਵਿੱਖੀ ਵਿਆਜ ਅਤੇ ਲਾਗਤਾਂ ਆਦਿ ਦੀ ਵਸੂਲੀ ਹੇਠ ਹੋਵੇਗੀ।

ਉਪਲਬਧ ਸਮੇਂ 'ਚ ਸਕਿਉਰਡ ਐੱਸਟਸ ਦੇ ਪੁਨਰਗ੍ਰਹਿਣ ਲਈ ਕਰਜ਼ਦਾਰਾਂ/ਰਹਿਣਕਾਰਾਂ/ਗਰੰਟਰਾਂ ਦਾ ਧਿਆਨ ਐਕਟ ਦੇ ਸੈਕਸ਼ਨ 13 ਦੇ ਸਬ-ਸੈਕਸ਼ਨ (8) ਦੀਆਂ ਵਿਵਸਥਾਵਾਂ ਵੱਲ ਦਿਵਾਇਆ ਜਾਂਦਾ ਹੈ।

| ਕਰਜ਼ਦਾਰ/ਗਰੰਟਰ/ਜਾਇਦਾਦ ਦੇ ਮਾਲਕ ਦਾ ਨਾਂਅ | ਰਹਿਣ ਕੀਤੀਆਂ ਜਾਇਦਾਦਾਂ ਦਾ ਵੇਰਵਾ | ਡਿਮਾਂਡ ਨੋਟਿਸ ਦੀ ਮਿਤੀ | ਕਬਜ਼ੇ ਦੀ ਮਿਤੀ | ਕਬਜ਼ੇ ਦੀ ਕਿਸਮ / ਬਕਾਇਆ ਰਕਮ |
|---|---|---|---|---|
| 1. (ਕਰਜ਼ਦਾਰ) : ਮੈਸ : ਜੀ ਨਿੱਟਿਸ ਐਂਡ ਵੀਵਸ ਪ੍ਰਾਈਵੇਟ ਲਿਮਟਿਡ, ਰਜਿਸਟਰਡ ਦਫ਼ਤਰ 169/7, ਸੈਕਟਰ-2, ਰੋਹਣੀ, ਨਵੀਂ ਦਿੱਲੀ-85, ਦੂਜਾ ਪਤਾ : ਡੀ 332, ਫੇਸ-VIII, ਫੋਕਲ ਪੁਆਇੰਟ, ਲੁਧਿਆਣਾ (ਕਰਜ਼ਦਾਰ) ਰਾਹੀਂ ਇਸ ਦੇ ਡਾਇਰੈਕਟਰ ਸ੍ਰੀ ਪਵਨ ਕੁਮਾਰ ਗਰਗ ਪੁੱਤਰ ਸ੍ਰੀ ਲੁੱਧੜ ਮੱਲ ਅਤੇ ਸ੍ਰੀਮਤੀ ਅੰਜੂ ਗਰਗ ਪਤਨੀ ਸ੍ਰੀ ਪਵਨ ਕੁਮਾਰ ਗਰਗ (2) (ਡਾਇਰੈਕਟਰ/ਰਹਿਣਕਾਰ/ਗਰੰਟਰ) : ਸ੍ਰੀ ਪਵਨ ਕੁਮਾਰ ਗਰਗ ਪੁੱਤਰ ਸ੍ਰੀ ਲੁੱਧੜ ਮੱਲ (3) (ਡਾਇਰੈਕਟਰ/ਰਹਿਣਕਾਰ/ਗਰੰਟਰ) : ਸ੍ਰੀਮਤੀ ਅੰਜੂ ਗਰਗ ਪਤਨੀ ਸ੍ਰੀ ਪਵਨ ਕੁਮਾਰ ਗਰਗ, ਦੋਵੇਂ ਵਾਸੀ ਬੀ-XXXIV- 6952, ਸੁਨੀਲ ਪਾਰਕ, ਜੱਸੀਆਂ ਰੋਡ, ਹੈਬੋਵਾਲ ਕਲਾਂ, ਲੁਧਿਆਣਾ, ਦੂਜਾ ਪਤਾ : 18ਡੀ, ਰਿਸ਼ੀ ਨਗਰ, ਲੁਧਿਆਣਾ | ਬੈਨਾਮਾ ਵਸੀਕਾ ਨੰ. 16095, ਮਿਤੀ 30.03.2011 ਰਾਹੀਂ ਸ੍ਰੀ ਪਵਨ ਕੁਮਾਰ ਗਰਗ ਪੁੱਤਰ ਸ੍ਰੀ ਲੁੱਧੜ ਮੱਲ ਦੇ ਹੱਕ 'ਚ ਰਿਹਾਇਸ਼ੀ ਜਾਇਦਾਦ ਰਕਬਾ 527.77 ਵਰਗ ਗਜ਼, ਪਲਾਟ ਨੰ. 5023, ਫੇਸ-II, ਅਰਬਨ ਅਸਟੇਟ, ਦੁੱਗਰੀ, ਲੁਧਿਆਣਾ। ਹੱਦਾਂ : ਉੱਤਰ : ਪਲਾਟ ਨੰ. 5003, ਦੱਖਣ : ਸੜਕ, ਪੂਰਬ : ਮਕਾਨ ਨੰ. 5024, ਪੱਛਮ : ਪਲਾਟ ਨੰ. 5022 | 21.04.2022 | 30.07.2025 | ਭੌਤਿਕ ਕਬਜ਼ਾ<br>ਰੁ. 14,51,01,585.27/- (ਚੌਦਾਂ ਕਰੋੜ ਇਕਵੰਜਾ ਲੱਖ ਇਕ ਹਜ਼ਾਰ ਪੰਜ ਸੌ ਪਚਾਸੀ ਰੁਪਏ ਅਤੇ ਸਤਾਈ ਪੈਸੇ ਕੇਵਲ), 31.12.2016 ਨੂੰ ਬਕਾਇਆ ਜਮ੍ਹਾਂ 01 ਜਨਵਰੀ 2017 ਤੋਂ ਇਸ ਉਪਰ ਭਵਿੱਖੀ ਵਿਆਜ/ਹੋਰ ਚਾਰਜਿਜ਼। |

ਮਿਤੀ : 03.08.2025 ਸਥਾਨ : ਲੁਧਿਆਣਾ ਅਧਿਕਾਰਤ ਅਫਸਰ



**PUNJAB NATIONAL BANK**
**BRANCH:- Machhiwara. DISTT. LUDHIANA, Punjab. Email:-bo814102@pnb.co.in**

## ਸਕਿਉਰਟਾਈਜ਼ੇਸ਼ਨ ਐਂਡ ਰੀਕੰਸਟਰੱਕਸ਼ਨ ਆਫ ਫਾਈਨਾਂਸ਼ੀਅਲ ਐੱਸਟਸ ਐਂਡ ਇਨਫੋਰਸਮੈਂਟ ਆਫ ਸਕਿਉਰਟੀ ਇੰਟਰੈੱਸਟ ਐਕਟ 2002 (ਸਰਫੇਸੀ ਐਕਟ) ਦੇ ਸੈਕਸ਼ਨ 13 (2) ਅਧੀਨ ਡਿਮਾਂਡ ਨੋਟਿਸ

ਇਸ ਦੁਆਰਾ ਇੱਕ ਨੋਟਿਸ ਦਿੱਤਾ ਜਾਂਦਾ ਹੈ ਕਿ ਹੇਠਾਂ ਵਰਨਣ ਕਰਜ਼ਦਾਰ ਅਤੇ ਸਹਿ-ਕਰਜ਼ਦਾਰ ਬੈਂਕ ਕੋਲੋਂ ਪ੍ਰਾਪਤ ਕੀਤੀ ਕਰਜ਼ਾ ਸਹੂਲਤਾਂ ਦੀ ਵਿਆਜ ਸਹਿਤ ਮੂਲ ਰਕਮ ਅਤੇ ਵਿਆਜ ਦੀ ਅਦਾਇਗੀ ਕਰਨ ਵਿੱਚ ਉਲੰਘਣਾ ਕੀਤੀ ਹੈ ਅਤੇ ਦਰਸਾਈਆਂ ਸਹੂਲਤਾਂ ਨੂੰ ਨਾਨ-ਪਰਫਾਰਮਿੰਗ ਐੱਸਟਸ (ਐੱਨ ਪੀ ਏ) ਵਜੋਂ ਵਰਗੀਕ੍ਰਿਤ ਕੀਤਾ ਜਾ ਚੁੱਕਾ ਹੈ। ਸਕਿਉਰਟਾਈਜ਼ੇਸ਼ਨ ਐਂਡ ਰੀਕੰਸਟਰੱਕਸ਼ਨ ਆਫ ਫਾਈਨਾਂਸ਼ੀਅਲ ਐੱਸਟਸ ਐਂਡ ਇਨਫੋਰਸਮੈਂਟ ਆਫ ਸਕਿਉਰਟੀ ਇੰਟਰੈੱਸਟ ਐਕਟ 2002 ਦੇ ਸੈਕਸ਼ਨ 13 (2) ਅਧੀਨ ਬੈਂਕ ਦੇ ਅਧਿਕਾਰਤ ਅਫਸਰ ਵੱਲੋਂ ਨੋਟਿਸ ਕਰਜ਼ਦਾਰਾਂ ਅਤੇ ਗਰੰਟਰਾਂ ਨੂੰ ਉਨ੍ਹਾਂ ਦੇ ਆਖਰੀ ਜਾਣਕਾਰੀ ਵਾਲੇ ਪਤੇ 'ਤੇ ਭੇਜੇ ਗਏ ਸਨ ਪਰ ਕੁਝ ਮਾਮਲਿਆਂ 'ਚ ਨੋਟਿਸ ਬਿਨਾਂ ਤਾਮੀਲ ਦੇ ਵਾਪਸ ਆ ਗਏ ਹਨ। ਅਜਿਹੇ ਵਿੱਚ ਕਰਜ਼ਦਾਰਾਂ ਅਤੇ ਗਰੰਟਰਾਂ ਨੂੰ ਉਕਤ ਬਾਰੇ ਪਬਲਿਕ ਨੋਟਿਸ ਦੁਆਰਾ ਸੂਚਿਤ ਕੀਤਾ ਜਾਂਦਾ ਹੈ।

| ਜਾਇਦਾਦ ਦੇ ਕਰਜ਼ਦਾਰ/ਗਰੰਟਰ/ਭਾਈਵਾਲ/ਗਿਰਵੀਕਾਰ | ਜਾਇਦਾਦਾਂ/ਜਾਇਦਾਦਾਂ ਦਾ ਵੇਰਵਾ | ਨਾਨ-ਪ੍ਰਫਾਰਮਿੰਗ ਐੱਸਟ (ਐੱਨ ਪੀ ਏ) ਦੀ ਮਿਤੀ | ਡਿਮਾਂਡ ਨੋਟਿਸ ਦੀ ਮਿਤੀ | ਬਕਾਇਆ ਰਾਸ਼ੀ |
|---|---|---|---|---|
| 1. (ਕਰਜ਼ਦਾਰ) :- ਸ੍ਰੀ ਨਰਿੰਦਰ ਪਾਲ ਸਿੰਘ ਬਾਜਵਾ ਪੁੱਤਰ ਸ੍ਰੀ ਵਿਰਸਾ ਸਿੰਘ #ਦਸਮੇਸ਼ ਨਗਰ ਮਾਛੀਵਾੜਾ, ਜ਼ਿਲ੍ਹਾ ਲੁਧਿਆਣਾ, ਦੂਜਾ ਪਤਾ ਮਕਾਨ ਨੰ. 67, ਪਿੰਡ ਹੇੜੋਂ ਬੇਟ, ਤਹਿਸੀਲ ਸਮਰਾਲਾ ਜ਼ਿਲ੍ਹਾ ਲੁਧਿਆਣਾ 2. ਸ੍ਰੀਮਤੀ ਸੁਖਜੀਤ ਕੌਰ ਪਤਨੀ ਸ੍ਰੀ ਨਰਿੰਦਰ ਪਾਲ ਸਿੰਘ #ਦਸਮੇਸ਼ ਨਗਰ, ਮਾਛੀਵਾੜਾ, ਜ਼ਿਲ੍ਹਾ ਲੁਧਿਆਣਾ, ਦੂਜਾ ਪਤਾ ਮਕਾਨ ਨੰ. 67, ਪਿੰਡ ਹੇੜੋਂ ਬੇਟ, ਤਹਿਸੀਲ ਸਮਰਾਲਾ, ਜ਼ਿਲ੍ਹਾ ਲੁਧਿਆਣਾ, 3. (ਗਰੰਟਰ) ਸ੍ਰੀ ਅਸ਼ੋਕ ਸਿੰਘ ਪੁੱਤਰ ਸ੍ਰੀ ਕਰਤਾਰਾ ਸਿੰਘ #ਦਾਣਾ ਮੰਡੀ ਮਾਛੀਵਾੜਾ, ਜ਼ਿਲ੍ਹਾ ਲੁਧਿਆਣਾ | ਰਿਹਾਇਸ਼ੀ ਅਚੱਲ ਜਾਇਦਾਦ ਦਾ ਉਚਿਤ ਗਿਰਵੀਨਾਮਾ : ਕੁੱਲ ਜਾਇਦਾਦ ਰਕਬਾ 0 ਕਨਾਲ 3-1/4 ਮਰਲੇ ਜਮ੍ਹਾਂਬੰਦੀ ਸਾਲ 2006-07, ਹਦਬਸਤ ਨਗਰ ਮਾਛੀਵਾੜਾ-1, ਤਹਿਸੀਲ ਸਮਰਾਲਾ, ਜ਼ਿਲ੍ਹਾ ਲੁਧਿਆਣਾ, ਬੈਨਾਮਾ ਵਸੀਕਾ ਨੰ. 783 ਮਿਤੀ 19-07-2010 ਜੋ ਸ੍ਰੀ ਨਰਿੰਦਰ ਪਾਲ ਸਿੰਘ ਬਾਜਵਾ ਪੁੱਤਰ ਸ੍ਰੀ ਵਿਰਸਾ ਸਿੰਘ ਦੇ ਨਾਂਅ ਹੈ। ਜਾਇਦਾਦ ਦਾ ਵੇਰਵਾ ਇਸ ਤਰ੍ਹਾਂ ਹੈ- ਜਾਇਦਾਦ ਰਕਬਾ 0 ਕਨਾਲ-2-1/4 ਮਰਲੇ ਜ਼ਮੀਨ 42 ਕਨਾਲ-4 ਮਰਲੇ ਦਾ 2-1/4/844 ਹਿੱਸਾ, ਖੇਵਟ ਨੰ. 477, ਖਤੌਨੀ ਨੰ. 503, ਕਿੱਲਾ ਨੰ. 92//5/3 (0-3), 6/3 (2-0), 7/1 (6-13), 4/3 (0-1), 14 (8-0), 15/1 (1-16), 16/4(1-4), 17(8-0), 18/1(1-18), 23/2 (3-12), 24 (6-12), 25 (1-6), 28 (1-8) ਜਾਇਦਾਦ ਰਕਬਾ 0 ਕਨਾਲ-1 ਮਰਲਾ ਜ਼ਮੀਨ 6 ਕਨਾਲ-16 ਮਰਲੇ ਦਾ 1/35 ਹਿੱਸਾ, ਖੇਵਟ ਨੰ. 448, ਖਤੌਨੀ ਨੰ. 504, ਕਿੱਲਾ ਨੰ. 92//8/3(3-2), 13/2 (3-13), ਪੂਰਬ : ਗਲੀ, ਪੱਛਮ : ਗਲੀ, ਉੱਤਰ : ਗਲੀ, ਦੱਖਣ : ਗਲੀ | 29.05.2025 | 31.07.2025 | 31-05-2025 ਨੂੰ ਰੁਪਏ 3,49,659.49 (ਤਿੰਨ ਲੱਖ ਉਣੰਜਾ ਹਜ਼ਾਰ ਛੇ ਸੌ ਉਣਾਹਠ ਰੁਪਏ ਅਤੇ ਉਣੰਜਾ ਪੈਸੇ ਕੇਵਲ) ਸਮੇਤ ਪੂਰੀ ਅਦਾਇਗੀ ਤੱਕ ਹੋਰ ਵਿਆਜ ਅਤੇ ਅਚਨਚੇਤੀ ਖਰਚੇ। |

ਨੋਟਿਸ ਦੀ ਬਦਲਵੀਂ ਸੇਵਾ ਲਈ ਕਦਮ ਚੁੱਕੇ ਗਏ ਹਨ ਅਤੇ ਉਪਰੋਕਤ ਕਰਜ਼ਦਾਰਾਂ ਅਤੇ/ਜਾਂ ਉਨ੍ਹਾਂ ਦੇ ਗਰੰਟਰਾਂ (ਜਿੱਥੇ ਲਾਗੂ ਹੋਵੇ) ਨੂੰ ਇਸ ਨੋਟਿਸ ਦੀ ਪ੍ਰਕਾਸ਼ਨਾ ਦੀ ਮਿਤੀ ਤੋਂ 60 ਦਿਨਾਂ ਦੇ ਅੰਦਰ-ਅੰਦਰ ਬਕਾਇਆ ਰਕਮ ਦੀ ਅਦਾਇਗੀ ਕਰਨ ਲਈ ਕਿਹਾ ਜਾਂਦਾ ਹੈ, ਅਜਿਹਾ ਨਾ ਕਰਨ 'ਤੇ ਸਰਫੇਸੀ ਐਕਟ 2002 ਦੇ ਸੈਕਸ਼ਨ 13 ਦੇ ਸਬ-ਸੈਕਸ਼ਨ (4) ਦੇ ਅਧੀਨ ਅਗਲੀ ਕਾਰਵਾਈ ਕੀਤੀ ਜਾਵੇਗੀ। ਐਕਟ ਦੇ ਸੈਕਸ਼ਨ 13 (13) ਅਨੁਸਾਰ ਇਸ ਨੋਟਿਸ ਦੇ ਪ੍ਰਾਪਤ ਹੋਣ 'ਤੇ ਤੁਹਾਨੂੰ ਬੈਂਕ ਦੀ ਸਹਿਮਤੀ ਤੋਂ ਬਿਨਾਂ ਉੱਪਰ ਵਰਨਣ ਸਕਿਉਰਟੀਜ਼ ਦੀ ਡਿਸਪੋਜ਼ਿੰਗ ਜਾਂ ਕੋਈ ਸੌਦੇਬਾਜ਼ੀ ਕਰਨ ਦੀ ਮਨਾਹੀ ਹੋਵੇਗੀ। ਕਿਰਪਾ ਕਰਕੇ ਧਿਆਨ ਦਿੱਤਾ ਜਾਵੇ ਕਿ ਸੈਕਸ਼ਨ ਦੀ ਉਲੰਘਣਾ ਕਰਨ 'ਤੇ ਗੰਭੀਰ ਨਤੀਜਿਆਂ ਦਾ ਸਾਹਮਣਾ ਕਰਨਾ ਹੋਵੇਗਾ।
ਕਰਜ਼ਦਾਰਾਂ/ਗਰੰਟਰਾਂ/ਗਿਰਵੀਕਾਰਾਂ ਨੂੰ ਸੰਬੰਧਤ ਬਰਾਂਚ ਕੋਲੋਂ ਨੋਟਿਸ ਦੀ ਕਾਪੀ ਪ੍ਰਾਪਤ ਕਰ ਲੈਣ ਦੀ ਵੀ ਸਲਾਹ ਦਿੱਤੀ ਜਾਂਦੀ ਹੈ।

ਮਿਤੀ : 03.08.2025 ਸਥਾਨ : ਮਾਛੀਵਾੜਾ ਅਧਿਕਾਰਤ ਅਫਸਰ



**SBI**
**BRANCH: HLC SANGRUR**
**DISTRICT : SANGRUR (PB)**
**email : sbi.64793@sbi.co.in**

## ਸਕਿਉਰਟਾਈਜੇਸ਼ਨ ਐਂਡ ਰੀਕੰਸਟਰੱਕਸ਼ਨ ਆਫ ਫਾਇਨੈਂਸ਼ੀਅਲ ਐੱਸਟਸ ਐਂਡ ਇਨਫੋਰਸਮੈਂਟ ਆਫ ਸਕਿਉਰਟੀ ਇੰਟਰੈੱਸਟ ਐਕਟ 2002 (ਸਰਫੇਸੀ ਐਕਟ) ਦੇ ਸੈਕਸ਼ਨ 13 (2) ਤਹਿਤ ਡਿਮਾਂਡ ਨੋਟਿਸ

ਨੋਟਿਸ ਦਿੱਤਾ ਜਾਂਦਾ ਹੈ ਕਿ ਹੇਠਾਂ ਦਰਸਾਏ ਕਰਜ਼ਦਾਰਾਂ ਅਤੇ ਸਹਿ-ਕਰਜ਼ਦਾਰਾਂ ਨੇ ਉਨ੍ਹਾਂ ਵੱਲੋਂ ਬੈਂਕ ਕੋਲੋਂ ਪ੍ਰਾਪਤ ਕੀਤੀਆਂ ਕਰਜ਼ਾ ਸਹੂਲਤਾਂ ਦੇ ਮੂਲ ਅਤੇ ਵਿਆਜ ਦੀ ਮੁੜ ਅਦਾਇਗੀ 'ਚ ਨਾਕਾਮੀ ਦਿਖਾਈ ਹੈ ਅਤੇ ਉਕਤ ਸਹੂਲਤਾਂ ਨਾਨ ਪ੍ਰਫਾਰਮਿੰਗ ਐੱਸਟਸ (ਐੱਨ ਪੀ ਏ) ਵਰਗੀਕ੍ਰਿਤ ਕਰ ਦਿੱਤੀਆਂ ਗਈਆਂ ਹਨ। ਬੈਂਕ ਦੇ ਅਧਿਕਾਰਤ ਅਫਸਰ ਵੱਲੋਂ ਸਕਿਉਰਟਾਈਜੇਸ਼ਨ ਐਂਡ ਰੀਕੰਸਟਰੱਕਸ਼ਨ ਆਫ ਫਾਇਨੈਂਸ਼ੀਅਲ ਐੱਸਟਸ ਐਂਡ ਇਨਫੋਰਸਮੈਂਟ ਆਫ ਸਕਿਉਰਟੀ ਇੰਟਰੈੱਸਟ ਐਕਟ 2002 ਦੇ ਸੈਕਸ਼ਨ 13 (2) ਤਹਿਤ ਕਰਜ਼ਦਾਰਾਂ ਅਤੇ ਗਰੰਟਰਾਂ ਨੂੰ ਉਨ੍ਹਾਂ ਦੇ ਆਖਰੀ ਜਾਣਕਾਰੀ ਵਾਲੇ ਪਤਿਆਂ 'ਤੇ ਨੋਟਿਸ ਜਾਰੀ ਕੀਤਾ ਜਾ ਚੁੱਕਾ ਹੈ, ਬੇਸ਼ੱਕ ਕੁਝ ਮਾਮਲਿਆਂ 'ਚ ਨੋਟਿਸ ਬਿਨਾਂ ਤਾਮੀਲ ਦੇ ਵਾਪਸ ਆ ਗਏ ਹਨ ਅਤੇ ਹੋਰ ਮਾਮਲਿਆਂ 'ਚ ਪ੍ਰਾਪਤੀ ਰਸੀਦਾਂ ਹਾਸਲ ਨਹੀਂ ਹੋਈਆਂ। ਅਜਿਹੇ 'ਚ 'ਚ ਕਰਜ਼ਦਾਰਾਂ/ਗਰੰਟਰਾਂ ਨੂੰ ਇਸ ਜਨਤਕ ਨੋਟਿਸ ਰਾਹੀਂ ਉਹੀ ਜਾਣਕਾਰੀ ਦਿੱਤੀ ਜਾਂਦੀ ਹੈ।

| ਲੜੀ ਨੰ. | ਕਰਜ਼ਦਾਰ/ਗਰੰਟਰ/ਭਾਈਵਾਲ ਤੇ ਰਹਿਣਕਾਰ | ਜਾਇਦਾਦਾਂ ਦਾ ਵੇਰਵਾ | ਨਾਨ-ਪ੍ਰਫਾਰਮਿੰਗ ਐੱਸਟ (ਐੱਨ ਪੀ ਏ) ਦੀ ਮਿਤੀ | ਡਿਮਾਂਡ ਨੋਟਿਸ ਦੀ ਮਿਤੀ | ਬਕਾਇਆ ਰਕਮ |
|---|---|---|---|---|---|
| 1. | (ਕਰਜ਼ਦਾਰ) (1) ਲੇਟ ਸ੍ਰੀ ਸੁਖਵਿੰਦਰ ਸਿੰਘ ਪੁੱਤਰ ਸ੍ਰੀ ਬਾਬੂ ਸਿੰਘ, ਵਾਸੀ ਮਕਾਨ ਨੰ. 636, ਗੁਰੂ ਤੇਗ ਬਹਾਦਰ ਨਗਰ, ਕਰਤਾਰਪੁਰ ਬਸਤੀ, ਵਾਰਡ ਨੰ. 1, ਹਰੇੜੀ ਰੋਡ, ਸੰਗਰੂਰ (ਪੰਜਾਬ) 148001 ਰਾਹੀਂ ਇਸ ਦੇ ਕਾਨੂੰਨੀ ਵਾਰਸ (ਏ) ਸ੍ਰੀਮਤੀ ਕੁਲਵਿੰਦਰ ਕੌਰ ਪਤਨੀ ਲੇਟ ਸ੍ਰੀ ਸੁਖਵਿੰਦਰ ਸਿੰਘ ਵਾਸੀ ਮਕਾਨ ਨੰ. 636, ਗੁਰੂ ਤੇਗ ਬਹਾਦਰ ਨਗਰ, ਕਰਤਾਰਪੁਰ ਬਸਤੀ, ਵਾਰਡ ਨੰ. 1, ਹਰੇੜੀ ਰੋਡ, ਸੰਗਰੂਰ (ਪੰਜਾਬ) 148001 (ਲੇਟ ਸ੍ਰੀ ਸੁਖਵਿੰਦਰ ਸਿੰਘ ਦੇ ਸਹਿ-ਕਰਜ਼ਦਾਰ ਅਤੇ ਕਾਨੂੰਨ ਵਾਰਸ) (ਬੀ) ਸ੍ਰੀ ਇੰਦਰਜੀਤ ਸਿੰਘ ਪੁੱਤਰ ਲੇਟ ਸ੍ਰੀ ਸੁਖਵਿੰਦਰ ਸਿੰਘ ਵਾਸੀ ਮਕਾਨ ਨੰ. 636, ਗੁਰੂ ਤੇਗ ਬਹਾਦਰ ਨਗਰ, ਕਰਤਾਰਪੁਰ ਬਸਤੀ, ਵਾਰਡ ਨੰ. 1, ਹਰੇੜੀ ਰੋਡ, ਸੰਗਰੂਰ (ਪੰਜਾਬ) 148001 (ਲੇਟ ਸ੍ਰੀ ਸੁਖਵਿੰਦਰ ਸਿੰਘ ਦੇ ਕਾਨੂੰਨੀ ਵਾਰਸ)। (ਸੀ) ਸ੍ਰੀਮਤੀ ਮਨਪ੍ਰੀਤ ਕੌਰ ਪੁੱਤਰੀ ਲੇਟ ਸ੍ਰੀ ਸੁਖਵਿੰਦਰ ਸਿੰਘ ਵਾਸੀ ਮਕਾਨ ਨੰ. 636, ਗੁਰੂ ਤੇਗ ਬਹਾਦਰ ਨਗਰ, ਕਰਤਾਰਪੁਰ ਬਸਤੀ, ਵਾਰਡ ਨੰ. 1, ਹਰੇੜੀ ਰੋਡ, ਸੰਗਰੂਰ (ਪੰਜਾਬ) 148001 (ਲੇਟ ਸ੍ਰੀ ਸੁਖਵਿੰਦਰ ਸਿੰਘ ਦਾ ਕਾਨੂੰਨੀ ਵਾਰਸ), ਗਰੰਟਰ ਸ੍ਰੀ ਕਰਮਜੀਤ ਸਿੰਘ ਪੁੱਤਰ ਸ੍ਰੀ ਸੁਖਦੇਵ ਸਿੰਘ, ਵਾਸੀ ਨੇੜੇ ਮੰਦਰ, ਹਰੇੜੀ ਰੋਡ, ਸੰਗਰੂਰ, (ਪੰਜਾਬ) 148001 | ਬੈਨਾਮਾ ਵਸੀਕਾ ਨੰ. 157, ਮਿਤੀ 24.04.2006 ਅਨੁਸਾਰ ਸ੍ਰੀ ਸੁਖਵਿੰਦਰ ਸਿੰਘ ਪੁੱਤਰ ਸ੍ਰੀ ਬਾਬੂ ਸਿੰਘ ਦੇ ਨਾਂਅ 'ਤੇ ਜ਼ਮੀਨ ਅਤੇ ਇਮਾਰਤ, ਖੱਤਾ ਖਤੌਨੀ ਨੰ. 364/493, ਖਸਰਾ ਨੰ. 88//10 (0-7), 89//4/1/1 ਮਿਨ (1-4-6.00), 89//6/1 (7-15), 89//7/1 (4-7), ਕਿੱਤੇ 4, ਖੱਤਾ/ਖਤੌਨੀ ਨੰ. 364/494, ਖਸਰਾ ਨੰ. 89//4/1/1 ਮਿਨ (0-8.3.00), ਖੱਤਾ/ਖਤੌਨੀ ਨੰ. 365/495, ਖਸਰਾ ਨੰ. 94//24/1/2 ਮਿਨ (2-0) ਅਤੇ ਖੱਤਾ/ਖਤੌਨੀ ਨੰ. 1928/2667, ਖਸਰਾ ਨੰ. 89//4/2 (2-15) ਖੇਤਰ ਰਕਬਾ 188/11310 ਹਿੱਸਾ, ਕੁੱਲ ਜ਼ਮੀਨ 18 ਕਨਾਲ 17 ਮਰਲੇ, ਜੋ ਕਿ 0 ਕਨਾਲ 6.8/30 ਮਰਲਾ (188 ਵਰਗ ਗਜ਼) ਪਿੰਡ ਸੰਗਰੂਰ ਏ ਅਬਾਦੀ ਕਰਤਾਰਪੁਰ ਬਸਤੀ, ਤਹਿਸੀਲ ਤੇ ਜ਼ਿਲ੍ਹਾ ਸੰਗਰੂਰ, ਜਮ੍ਹਾਂਬੰਦੀ ਸਾਲ 2019-20 ਨਾਲ ਸੰਬੰਧਤ ਸਭ ਕੁਝ। ਹੱਦਾਂ : ਪੂਰਬ : ਸਾਈਡ 47 ਫੁੱਟ ਸ਼ਿੰਦਰ ਕੌਰ, ਪੱਛਮ : ਸਾਈਡ 47 ਫੁੱਟ ਨਰਪਿੰਦਰ ਸਿੰਘ, ਉੱਤਰ : ਸਾਈਡ 36 ਫੁੱਟ, ਗਲੀ 11 ਫੁੱਟ ਚੌੜੀ, ਦੱਖਣ : ਸਾਈਡ 36 ਫੁੱਟ ਕਰਨੈਲ ਸਿੰਘ | 01-09.2016 | 22-07.2025 | ਰੁ. 18,76,332.00 (ਅਠਾਰਾਂ ਲੱਖ ਛਿਹੱਤਰ ਹਜ਼ਾਰ ਤਿੰਨ ਸੌ ਬੱਤੀ ਰੁਪਏ ਕੇਵਲ) 18.07.2025 ਨੂੰ ਜਮ੍ਹਾਂ ਇਸ ਉਪਰ ਇਕਰਾਰਨਾਮੇ ਦੀ ਦਰ 'ਤੇ ਭਵਿੱਖੀ ਵਿਆਜ ਸਮੇਤ ਇਸ ਤੋਂ ਬਾਅਦ ਦੇ ਅਚਨਚੇਤੀ ਖਰਚੇ, ਲਾਗਤ ਚਾਰਜਿਜ਼ ਆਦਿ। |
| 2. | (ਕਰਜ਼ਦਾਰ) : ਸੰਜੀਵ ਕੁਮਾਰ ਪੁੱਤਰ ਸ੍ਰੀ ਦੌਲਤ ਰਾਮ, ਵਾਸੀ ਨੇੜੇ ਡੀ ਸੀ ਰਿਹਾਇਸ਼, ਸੁੰਦਰ ਬਸਤੀ, ਸੰਗਰੂਰ (ਪੰਜਾਬ) 148001, ਗਰੰਟਰ : ਸ੍ਰੀ ਰਮੇਸ਼ ਕੁਮਾਰ ਪੁੱਤਰ ਸ੍ਰੀ ਰਘਬੀਰ ਚੰਦ, ਵਾਸੀ ਮਕਾਨ ਨੰ. 181, ਡਾ. ਅੰਬੇਦਕਰ ਨਗਰ, ਸੰਗਰੂਰ (ਪੰਜਾਬ) 148001 | ਬੈਨਾਮਾ ਵਸੀਕਾ ਨੰ. 1105 ਮਿਤੀ 02.06.2011 ਰਾਹੀਂ ਸ੍ਰੀ ਸੰਜੀਵ ਕੁਮਾਰ ਪੁੱਤਰ ਸ੍ਰੀ ਦੌਲਤ ਰਾਮ ਦੇ ਨਾਂਅ 'ਤੇ ਜ਼ਮੀਨ ਅਤੇ ਇਮਾਰਤ, ਖੱਤਾ/ਖਤੌਨੀ ਨੰ. 1266/1716 ਤੋਂ 1722, ਖਸਰਾ ਨੰ. 49//26 (0-16), 49//27 (1-19), 49//28 ਮਿਨ (5-11), 49//28 ਮਿਨ (3-9), 49//28 ਮਿਨ (4-10), 49//28 ਮਿਨ (6-0), 49//28 ਮਿਨ (4-10-6.00) ਅਤੇ 49//28 ਮਿਨ (0-3-3.00) ਕਿੱਤੇ 8, ਰਕਬਾ 31/3234 ਹਿੱਸਾ, ਕੁੱਲ ਜ਼ਮੀਨ ਰਕਬਾ 26 ਕਨਾਲ 19 ਮਰਲੇ, ਜੋ ਕਿ 0-5.5/30 ਮਰਲਾ (155 ਵਰਗ ਗਜ਼), ਪਿੰਡ ਸੰਗਰੂਰ, ਅਬਾਦੀ ਸ਼ਿਵਮ ਕਾਲੋਨੀ, ਤਹਿਸੀਲ ਤੇ ਜ਼ਿਲ੍ਹਾ ਸੰਗਰੂਰ (ਪੰਜਾਬ) ਜਮ੍ਹਾਂਬੰਦੀ ਸਾਲ 2019-20-ਹੱਦਾਂ : ਪੂਰਬ : ਸਾਈਡ 72 ਫੁੱਟ ਖਾਲੀ ਪਲਾਟ, ਪੱਛਮ : ਸਾਈਡ 81 ਫੁੱਟ ਖਾਲੀ ਪਲਾਟ, ਉੱਤਰ : ਨਿੱਲ, ਦੱਖਣ : ਸਾਈਡ 38 ਫੁੱਟ 6 ਇੰਚ ਸਾਂਝਾ ਰਸਤਾ | 13-06.2021 | 22-07.2025 | ਰੁ. 9,15,422.00 (ਨੌਂ ਲੱਖ ਪੰਦਰਾਂ ਹਜ਼ਾਰ ਚਾਰ ਸੌ ਬਾਈ ਰੁਪਏ ਕੇਵਲ) 18.07.2025 ਨੂੰ ਜਮ੍ਹਾਂ ਇਸ ਉਪਰ ਇਕਰਾਰਨਾਮੇ ਦੀ ਦਰ 'ਤੇ ਭਵਿੱਖੀ ਵਿਆਜ ਸਮੇਤ ਇਸ ਤੋਂ ਬਾਅਦ ਦੇ ਅਚਨਚੇਤੀ ਖਰਚੇ, ਲਾਗਤ ਚਾਰਜਿਜ਼ ਆਦਿ। |
| 3. | (ਕਰਜ਼ਦਾਰ) : ਸ੍ਰੀ ਰਮੇਸ਼ ਕੁਮਾਰ ਪੁੱਤਰ ਸ੍ਰੀ ਪੋਲਾ ਰਾਮ, ਵਾਸੀ ਗਲੀ ਨੰ. 3, ਰਾਜਗੜ੍ਹ ਬਸਤੀ ਸੋਹੀਆਂ ਰੋਡ, ਸੰਗਰੂਰ, (ਪੰਜਾਬ)-148001, ਗਰੰਟਰ : ਸ੍ਰੀ ਕਰਮਜੀਤ ਸਿੰਘ ਪੁੱਤਰ ਸ੍ਰੀ ਜੋਗਿੰਦਰ ਸਿੰਘ, ਵਾਸੀ ਡਾ. ਅੰਬੇਦਕਰ ਨਗਰ, ਬਾਹਰਵਾਰ ਸੁਨਾਮੀ ਗੇਟ, ਸੰਗਰੂਰ (ਪੰਜਾਬ) 148001 | ਬੈਨਾਮਾ ਵਸੀਕਾ ਨੰ. 2323 ਮਿਤੀ 02.08.2011 ਰਾਹੀਂ ਸ੍ਰੀ ਰਮੇਸ਼ ਕੁਮਾਰ ਪੁੱਤਰ ਸ੍ਰੀ ਪੋਲਾ ਰਾਮ ਦੇ ਨਾਂਅ 'ਤੇ ਜ਼ਮੀਨ ਅਤੇ ਇਮਾਰਤ, ਖੱਤਾ/ਖਤੌਨੀ ਨੰ. 155/232, ਖਸਰਾ ਨੰ. 482/17/1/1 (0-4-9) ਅਤੇ 484/18/2(0-2-4), ਕਿੱਤੇ 2, ਰਕਬਾ 10/133 ਹਿੱਸਾ, ਕੁਲ ਜ਼ਮੀਨ ਰਕਬਾ 0 ਵਿਘਾ 6 ਵਿਸਵਾ 13 ਬਿਸਵਾਸੀ, ਜੋ ਕਿ 0-0-10 ਬਿਸਵਾਸੀ ਪੁਖਤਾ (75.55 ਵਰਗ ਗਜ਼), ਪਿੰਡ ਕੰਮੋ ਮਾਜਰਾ ਖੁਰਦ, ਤਹਿਸੀਲ ਤੇ ਜ਼ਿਲ੍ਹਾ ਸੰਗਰੂਰ (ਪੰਜਾਬ), ਜਮ੍ਹਾਂਬੰਦੀ ਸਾਲ 2013-14, ਹੱਦਾਂ : ਪੂਰਬ : 34 ਫੁੱਟ ਵਿਪਨ ਕੁਮਾਰ ਵਗੈਰਾ, ਪੱਛਮ : 34 ਫੁੱਟ ਵਿਪਨ ਕੁਮਾਰ ਵਗੈਰਾ, ਉੱਤਰ : 20 ਫੁੱਟ ਪਲਾਟ, ਦੱਖਣ : 20 ਫੁੱਟ ਰਸਤਾ 10 ਫੁੱਟ ਚੌੜਾ। | 04-07.2021 | 22-07.2025 | ਰੁ. 9,21,673.00/- (ਨੌਂ ਲੱਖ ਇੱਕੀ ਹਜ਼ਾਰ ਛੇ ਸੌ ਤਿਹੱਤਰ ਰੁਪਏ ਕੇਵਲ) 18.07.2025 ਨੂੰ ਜਮ੍ਹਾਂ ਇਸ ਉਪਰ ਇਕਰਾਰਨਾਮੇ ਦੀ ਦਰ 'ਤੇ ਭਵਿੱਖੀ ਵਿਆਜ ਸਮੇਤ ਇਸ ਤੋਂ ਬਾਅਦ ਦੇ ਅਚਨਚੇਤੀ ਖਰਚੇ, ਲਾਗਤ ਚਾਰਜਿਜ਼ ਆਦਿ। |
| 4. | (ਕਰਜ਼ਦਾਰ) (ਏ) ਸ੍ਰੀਮਤੀ ਹਰਵਿੰਦਰ ਕੌਰ ਪਤਨੀ ਸ੍ਰੀ ਪਰਮਜੀਤ ਸਿੰਘ, ਵਾਸੀ ਮਕਾਨ ਨੰ. 291, ਵਾਰਡ ਨੰ. 20, ਅਜੀਤ ਨਗਰ, ਬਰਨਾਲਾ ਰੋਡ, ਸੰਗਰੂਰ (ਪੰਜਾਬ)-148001 (ਬੀ) ਸ੍ਰੀ ਪਰਮਜੀਤ ਸਿੰਘ ਪੁੱਤਰ ਸ੍ਰੀ ਅਜੈਬ ਸਿੰਘ, ਵਾਸੀ ਮਕਾਨ ਨੰ. 291 ਵਾਰਡ ਨੰ. 20, ਅਜੀਤ ਨਗਰ, ਬਰਨਾਲਾ ਰੋਡ, ਸੰਗਰੂਰ (ਪੰਜਾਬ) 148001 ਗਰੰਟਰ : ਸ੍ਰੀ ਗੁਰਜੰਟ ਸਿੰਘ ਪੁੱਤਰ ਸ੍ਰੀ ਸੁਖਦੇਵ ਸਿੰਘ, ਵਾਸੀ ਪਿੰਡ ਸਾਹੋਕੇ, ਜ਼ਿਲ੍ਹਾ ਸੰਗਰੂਰ, (ਪੰਜਾਬ)-148106 | ਬੈਨਾਮਾ ਵਸੀਕਾ ਨੰ. 959 ਮਿਤੀ 07.06.2007 ਅਨੁਸਾਰ ਸ੍ਰੀਮਤੀ ਹਰਵਿੰਦਰ ਕੌਰ ਪਤਨੀ ਸ੍ਰੀ ਪਰਮਜੀਤ ਸਿੰਘ ਦੇ ਨਾਂਅ 'ਤੇ ਜ਼ਮੀਨ ਅਤੇ ਇਮਾਰਤ ਖੱਤਾ/ਖਤੌਨੀ ਨੰ. 1398/1964, ਖਸਰਾ ਨੰ. 1506 ਮਿਨ (0-6), ਖੇਤਰ ਰਕਬਾ 0 ਕਨਾਲ 6 ਮਰਲਾ (180 ਵਰਗ ਗਜ਼), ਪਿੰਡ ਸੰਗਰੂਰ ਏ, ਅਬਾਦੀ ਅਜੀਤ ਨਗਰ ਬਸਤੀ, ਜਮ੍ਹਾਂਬੰਦੀ ਸਾਲ 2014-15, ਹੱਦਾਂ : ਪੂਰਬ : 50'-0'' ਸ੍ਰੀ ਅਜੈਬ ਸਿੰਘ ਦਾ ਮਕਾਨ, ਪੱਛਮ : 50'-0'' ਸ੍ਰੀ ਜਰਨੈਲ ਸਿੰਘ ਦਾ ਮਕਾਨ, ਉੱਤਰ : 32'-0'' ਸਾਂਝੀ ਗਲੀ, ਦੱਖਣ : 32'-5'' ਸਾਂਝੀ ਗਲੀ ਅਤੇ ਸ੍ਰੀ ਗੁਰਦੇਵ ਸਿੰਘ ਦਾ ਮਕਾਨ। | 28-09.2024 | 22-07.2025 | ਰੁ. 8,89,241.00/- (ਅੱਠ ਲੱਖ ਉਨਾਨਵੇਂ ਹਜ਼ਾਰ ਦੋ ਸੌ ਇਕਤਾਲੀ ਰੁਪਏ ਕੇਵਲ) 18.07.2025 ਨੂੰ ਜਮ੍ਹਾਂ ਇਸ ਉਪਰ ਇਕਰਾਰਨਾਮੇ ਦੀ ਦਰ 'ਤੇ ਭਵਿੱਖੀ ਵਿਆਜ ਸਮੇਤ ਇਸ ਤੋਂ ਬਾਅਦ ਦੇ ਅਚਨਚੇਤੀ ਖਰਚੇ, ਲਾਗਤ ਚਾਰਜਿਜ਼ ਆਦਿ। |

ਬਦਲਵੀ ਨੋਟਿਸ ਸੇਵਾ ਵਾਸਤੇ ਕਦਮ ਉਠਾਏ ਜਾ ਰਹੇ ਹਨ, ਉਪਰੋਕਤ ਕਰਜ਼ਦਾਰ ਅਤੇ/ਜਾਂ ਉਨ੍ਹਾਂ ਦੇ ਗਰੰਟਰ (ਜਿੱਥੇ ਵੀ ਲਾਗੂ ਹੋਵੇ) ਨੂੰ ਇਸ ਨੋਟਿਸ ਦੀ ਪ੍ਰਕਾਸ਼ਨਾ ਮਿਤੀ ਤੋਂ 60 ਦਿਨਾਂ ਦੇ ਅੰਦਰ ਬਕਾਇਆ ਰਕਮ ਦੀ ਅਦਾਇਗੀ ਕਰਨ ਦਾ ਸੱਦਾ ਦਿੱਤਾ ਗਿਆ ਹੈ, ਅਸਫਲ ਰਹਿਣ 'ਤੇ ਇਸ ਨੋਟਿਸ ਦੀ ਮਿਤੀ ਤੋਂ 60 ਦਿਨ ਗੁਜ਼ਰ ਜਾਣ ਦੇ ਬਾਅਦ ਸਕਿਉਰਟਾਈਜੇਸ਼ਨ ਐਂਡ ਰੀਕੰਸਟਰੱਕਸ਼ਨ ਆਫ ਫਾਈਨੈਂਸ਼ੀਅਲ ਐੱਸਟਸ ਐਂਡ ਇਨਫੋਰਸਮੈਂਟ ਆਫ ਸਕਿਉਰਟੀ ਇੰਟਰੈੱਸਟ ਐਕਟ 2002 ਦੇ ਸੈਕਸ਼ਨ 13 ਦੇ ਸਬ-ਸੈਕਸ਼ਨ ਤਹਿਤ ਅਗਲੇ ਕਦਮ ਉਠਾਏ ਜਾਣਗੇ। ਐਕਟ ਦੇ ਸੈਕਸ਼ਨ 13 (13) ਅਨੁਸਾਰ ਇਸ ਨੋਟਿਸ ਦੀ ਪ੍ਰਾਪਤੀ 'ਤੇ ਬੈਂਕ ਦੀ ਮਨਜ਼ੂਰੀ ਤੋਂ ਬਿਨਾਂ ਤੇ ਕਾਰੋਬਾਰ ਦੀ ਆਮ ਪ੍ਰਕਿਰਿਆ ਤੋਂ ਇਲਾਵਾ ਤੁਹਾਡੇ 'ਤੇ ਉਪਰੋਕਤ ਸਕਿਉਰਟੀਜ਼ ਦੇ ਨਿਪਟਾਰੇ ਜਾਂ ਸੌਦੇਬਾਜ਼ੀ 'ਤੇ ਪਾਬੰਦੀ ਹੈ। ਕਿਰਪਾ ਕਰਕੇ ਧਿਆਨ ਦਿੱਤਾ ਜਾਵੇ ਕਿ ਇਸ ਸੈਕਸ਼ਨ ਦੀ ਕਿਸੇ ਤਰ੍ਹਾਂ ਦੀ ਉਲੰਘਣਾ ਕਰਨ 'ਤੇ ਗੰਭੀਰ ਨਤੀਜੇ ਭੁਗਤਣੇ ਪੈ ਸਕਦੇ ਹਨ।
ਕਰਜ਼ਦਾਰਾਂ/ਗਰੰਟਰਾਂ/ਰਹਿਣਕਾਰਾਂ ਨੂੰ ਸੰਬੰਧਤ ਬਰਾਂਚ ਤੋਂ ਨੋਟਿਸ ਪ੍ਰਾਪਤੀ ਦੀ ਕਾਪੀ ਹਾਸਲ ਕਰਨ ਦੀ ਵੀ ਸਲਾਹ ਦਿੱਤੀ ਜਾਂਦੀ ਹੈ।

ਮਿਤੀ : 03.08.2025 ਸਥਾਨ : ਸੰਗਰੂਰ ਅਧਿਕਾਰਤ ਅਫਸਰ



## COURT NOTICE

In The Court of
**Ms. Shruti**
Judicial Magistrate - Ist Class
Ludhiana
CNR No.:- PBLD03-069366-2022
Next Date:-26-09-2025
Kotak Mahindra Bank Ltd.
Vs.
Inderjit Singh
Detail of offence:-
Notice To:
Inderjit Singh S/o Jarnail Singh, H. No. 88 O, Mudaki Rd to Labh Singh Basti Gurufuara Gali, Vill. Hariye Wala, Baghapurana, Moga- 142038, Punjab

In above titled case, the accused could not be served. It is ordered that accused should appear in person or through counsel on 26-09-2025 at 10.00 a.m.

For details logon to https://highcourtchd.gov.in/?mod=district_notice&district=mogacourt.

Judicial Magistrate Ist Class, Ludhiana
Dated, this day of 02-08-2025



## COURT NOTICE

District and Sessions Courts, Ludhiana
In The Court Of Sh. Raman Kumar
Principal Judge Family Court Ludhiana
Next Date, Purpose of case, Orders and Judgments as well as other case Information is available on http://ecourts.gov.in


PPBLD010086352023_5_1
NEXT DATE: 08-09-2025
Case No.:- MNT125/233/2023
POOJA Vs KETAN KUMAR
Police Station/Fir No. //0
125 Of Code Of Criminal Procedure, 1973
Proclamation Requiring The Appearance of a Person accused
Detail of offence:-
Notice To:
Ketan Kumar S/O Sh. Kuldeep Singh R/o Raj Enclave, Ishar Nagar, Back Side G.N.E. Collage, Ludhiana

Whereas complaint/case has been made before me that Ketan Kumar S/o Sh. Kuldeep Singh R/o Raj Enclave, Ishar Nagar, Back Side G.N.E. Collage, Ludhiana has committed (or is suspected to have committed) the offence punishable under section 125 of Code of Criminal Procedure, 1973 and it has been returned to a warrant of arrest thereupon issued that the said KETAN KUMAR cannot be found, and whereas it has been shown to my satisfaction that the said KETAN KUMAR has absconded (or is concealing himself/herself to avoid the service of the said warrant); Proclamation is hereby made that the said KETAN KUMAR is required to appear before this Court (or before me) on 08-09-2025 to answer the said complaint/case.

Principal Judge Family Court Ludhiana
Dated, this day of 28-07-2025.


# ਭੱਠਾ ਐਸੋਸੀਏਸ਼ਨ ਵੱਲੋਂ 11 ਤੋਂ 15 ਤੱਕ ਇੱਟਾਂ ਦੀ ਵਿਕਰੀ 'ਤੇ ਰੋਕ : ਹਰਸ਼ ਗੁਪਤਾ

## ਪੰਜਾਬ ਸਰਕਾਰ ਭੱਠਾ ਮਾਲਕਾਂ ਨੂੰ ਆ ਰਹੀਆਂ ਮੁਸ਼ਕਲਾਂ ਵੱਲ ਨਹੀਂ ਦੇ ਰਹੀ ਧਿਆਨ



**ਸਮਾਣਾ (ਇਕਬਾਲ ਸਿੰਘ ਬੱਲ, ਗੁਰਪਿਆਰ ਸਿੰਘ ਬੱਲ)**-ਐਤਵਾਰ 15 ਜ਼ਿਲ੍ਹਿਆਂ ਦੀਆਂ ਭੱਠਾ ਐਸੋਸੀਏਸ਼ਨਾਂ ਦੀ ਹੋਟਲ ਅਜੂਬਾ ਰੈਸੀਡੈਂਸੀ ਪਟਿਆਲਾ ਵਿਖੇ ਹੋਈ ਸਾਂਝੀ ਮੀਟਿੰਗ ਵਿੱਚ ਭੱਠਾ ਇੰਡਸਟਰੀ ਵੱਲੋਂ ਸਰਕਾਰ ਵੱਲੋਂ ਹੋ ਰਹੀ ਅਣਦੇਖੀ ਦੇ ਵਿਰੋਧ ਵਿੱਚ 11 ਤੋਂ 15 ਅਗਸਤ 2025 ਤੱਕ ਪੂਰੇ ਪੰਜਾਬ ਵਿੱਚ ਇੱਟਾਂ ਦੀ ਸੇਲ ਮੁਕੰਮਲ ਤੌਰ 'ਤੇ ਬੰਦ ਰੱਖਣ ਦਾ ਐਲਾਨ ਕੀਤਾ ਗਿਆ ਹੈ, ਜੋ ਕਿ ਮੰਗਾਂ ਨਾ ਮੰਨਣ ਦੀ ਸੂਰਤ ਵਿੱਚ ਅਣਮਿੱਥੇ ਸਮੇਂ ਲਈ ਵਧਾਇਆ ਜਾ ਸਕਦਾ ਹੈ।ਇਸ ਤੋਂ ਇਲਾਵਾ ਪ੍ਰਦੂਸ਼ਣ ਦੀ ਸਮੱਸਿਆ ਤੇ ਮਿੱਟੀ ਨੂੰ ਸੰਜਮਤਾ ਨਾਲ ਵਰਤਣ ਲਈ ਭੱਠਿਆਂ ਨੂੰ ਇੱਕ ਤੈਅ ਸਮੇਂ ਅੰਦਰ ਚਲਾਉਣ ਲਈ ਵੀ ਮਤਾ ਪਾਸ ਹੋਇਆ, ਜਿਸ ਲਈ ਇੱਕ ਪੰਜ ਮੈਂਬਰੀ ਕਮੇਟੀ ਦਾ ਗਠਨ ਕੀਤਾ ਗਿਆ ਤੇ ਭੱਠਾ ਮਾਲਕਾਂ ਦੀ ਪੈਲੇਟਸ ਤੇ ਮਾਇਨਿੰਗ ਦੇ ਸੰਬਧ ਵਿੱਚ ਸਰਕਾਰ ਨਾਲ ਰਾਬਤਾ ਕਰਨ ਲਈ ਵੱਖਰੇ ਤੌਰ 'ਤੇ ਇਕ ਨੌਂ ਮੈਂਬਰੀ ਕਮੇਟੀ ਬਣਾਈ ਗਈ।

ਇਸ ਮੀਟਿੰਗ ਵਿੱਚ ਸ੍ਰੀ ਹਰਸ਼ ਗੁਪਤਾ ਪ੍ਰਧਾਨ ਭੱਠਾ ਮਾਲਕ ਐਸੋਸੀਏਸ਼ਨ ਪਟਿਆਲਾ ਤੇ ਹਰਵਿੰਦਰ ਸੇਖੋਂ ਪ੍ਰਧਾਨ ਭੱਠਾ ਮਾਲਕ ਐਸੋਸੀਏਸ਼ਨ ਸੰਗਰੂਰ ਦੁਆਰਾ ਲੀਡ ਕੀਤਾ ਗਿਆ ਤੇ ਵੱਖ ਵੱਖ ਜ਼ਿਲ੍ਹਿਆਂ ਤੋਂ ਆਏ ਭੱਠਾ ਮਾਲਕਾਂ ਦਾ ਅਨੂਪ ਸਿੰਗਲਾ ਜਰਨਲ ਸਕੱਤਰ ਪਟਿਆਲਾ ਤੇ ਗਿੰਨੀ ਗੁਪਤਾ ਜਨਰਲ ਸਕੱਤਰ ਸੰਗਰੂਰ ਵੱਲੋ ਉੱਚੇਚੇ ਤੌਰ 'ਤੇ ਸਵਾਗਤ ਕੀਤਾ ਗਿਆ।ਬਤੌਰ ਮੁੱਖ ਮਹਿਮਾਨ 14 ਜ਼ਿਲ੍ਹਾ ਭੱਠਾ ਮਾਲਕ ਐਸੋਸੀਏਸ਼ਨ ਪ੍ਰਧਾਨਾਂ ਨੇ ਆਪਣੀ ਹਾਜ਼ਰੀ ਨੂੰ ਯਕੀਨੀ ਬਣਾਇਆ ਤੇ ਹਾਊਸ 'ਚ ਲਏ ਗਏ ਫੈਸਲਿਆਂ ਉੱਪਰ ਪੂਰੀ ਤਰ੍ਹਾਂ ਅਮਲ ਕਰਨ ਲਈ ਸਪਥ ਲਈ।

# ਅਕਾਲ ਕੌਂਸਲ ਮਸਤੂਆਣਾ ਸਾਹਿਬ ਵਿਖੇ ਵਿਚਾਰ-ਗੋਸ਼ਟੀ



**ਲੌਂਗੋਵਾਲ, (ਪ੍ਰਦੀਪ ਸਿੰਘ ਸੱਪਲ) :** ਅਕਾਲ ਕੌਂਸਲ ਮਾਸਤੂਆਣਾ ਸਾਹਿਬ ਵਿਖੇ ਵਿਚਾਰ ਗੋਸ਼ਟੀ ਸਮਾਗਮ ਕਰਵਾਇਆ ਗਿਆ, ਜਿਸ ਵਿੱਚ ਬਹੁਤ ਵੱਡਾ ਕਾਫਲਾ ਲੈ ਕੇ ਪਹੁੰਚੇ ਪਾਲੀ ਸਿੰਘ ਕਮਲ ਸਾਬਕਾ ਸਰਪੰਚ ਗ੍ਰਾਮ ਪੰਚਾਇਤ ਪਿੰਡ ਉੱਭਾਵਾਲ ਤੇ ਉਨ੍ਹਾਂ ਦੀ ਪਤਨੀ ਸਾਬਕਾ ਪੰਚ ਪਰਮਜੀਤ ਕੌਰ ਕਮਲ ਤੇ ਸੁਰਜੀਤ ਸਿੰਘ ਮੰਗੀ ਐਸੋਸੀਏਸ਼ਨ ਦੇ ਜ਼ਿਲ੍ਹਾ ਪ੍ਰਧਾਨ ਸੰਗਤ ਦੇ ਕਾਫਲੇ ਨਾਲ ਸਤਗੁਰ ਸਿੰਘ, ਮੱਖਣ ਸਿੰਘ, ਖਾਨ ਕੁੰਨਰਾਂ, ਅਰਸ਼ਦੀਪ ਸਿੰਘ, ਸੇਵਕ ਸਿੰਘ, ਹਰਜਿੰਦਰ ਸਿੰਘ ਗੋਰੀਆ, ਗੁਰਜੰਟ ਸਿੰਘ ਵੇਦਵਾਨ, ਜਗਸੀਰ ਸਿੰਘ ਨਦਾਮਪੁਰ, ਜੱਗਾ ਸਿੰਘ ਢੀਂਡਸਾ, ਮਿਸਤਰੀ ਸੁਖਦੀਪ ਸਿੰਘ, ਬੱਗਾ ਸਿੰਘ, ਬਾਬਾ ਨਿਲਾ ਜੀ, ਬਾਬਾ ਸਰਦਾਰਾ ਜੀ, ਭੁਪਿੰਦਰ ਸਿੰਘ, ਪੁਸ਼ਵਿੰਦਰ ਸਿੰਘ, ਪਰਵਿੰਦਰ ਕੌਰ, ਹਸਨਦੀਪ ਕੌਰ, ਅੰਗਰੇਜ ਕੌਰ, ਹਰਜਿੰਦਰ ਕੌਰ ਢੀਂਡਸਾ ਸਮੇਤ ਬਹੁਤ ਸਾਰੇ ਆਗੂ ਸਾਹਿਬਾਨ ਵਰਕਰ ਇਸ ਧਾਰਮਿਕ ਵਿਚਾਰ ਗੋਸ਼ਟੀ ਸੰਤ ਬਾਬਾ ਅਤਰ ਸਿੰਘ ਜੀ ਮਸਤੂਆਣਾ ਸਾਹਿਬ ਵਾਲਿਆਂ ਦੇ ਬਾਬਾ ਤੇਜਾ ਸਿੰਘ ਹਾਲ ਦੇ ਵਿੱਚ ਸਰਦਾਰ ਜਸਵੰਤ ਸਿੰਘ ਜੀ ਖੈਰਾ ਮੁੱਖ ਸਕੱਤਰ ਅਕਾਲ ਕੌਂਸਲ ਦੀ ਅਗਵਾਈ ਹੇਠ ਵੱਖ-ਵੱਖ ਬੁਲਾਰਿਆਂ ਨੇ ਸੰਗਤਾਂ ਨੂੰ ਸ਼੍ਰੋਮਣੀ ਅਕਾਲੀ ਦਲ ਦੀ ਸੁਰਜੀਤੀ ਲਈ ਵਿਚਾਰ ਦਿੱਤੇ।ਇਸ ਸਮੇਂ ਪਾਲੀ ਸਿੰਘ ਕਮਲ ਨੇ ਜਾਣਕਾਰੀ ਦਿੰਦਿਆਂ ਦੱਸਿਆ ਕਿ ਅਜਿਹੇ ਪ੍ਰੋਗਰਾਮ ਹੋਰਨਾਂ ਸੰਸਥਾਵਾਂ ਨੂੰ ਕਰਵਾਉਣੇ ਚਾਹੀਦੇ ਹਨ ਤੇ ਇਸ ਸਮੇਂ ਬਹੁਤ ਵਧੀਆ ਵਿਚਾਰਾਂ ਕੀਤੀਆਂ ਗਈਆਂ, ਜਿਸ ਵਿੱਚ ਕਰਨੈਲ ਸਿੰਘ ਪੰਜੋਲੀ ਵਰਗੇ ਵਿਦਵਾਨਾਂ ਦੇ ਵਿਚਾਰ ਸੁਣੇ।

# ਡਾ. ਅੰਬੇਡਕਰ ਦਾ ਬੁੱਤ ਖੰਨਾ ਵਿਖੇ ਤਿੰਨ ਮਹੀਨੇ 'ਚ ਸਥਾਪਤ ਹੋਵੇਗਾ : ਤਰੁਨਪ੍ਰੀਤ ਸੌਂਦ

## ✡ ਸਰਕਾਰ ਅੰਬੇਡਕਰ ਦੇ ਸੁਪਨਿਆਂ ਨੂੰ ਸਾਕਾਰ ਕਰਨ ਲਈ ਵਚਨਬੱਧ : ਜਸਵੀਰ ਗੜ੍ਹੀ



**ਖੰਨਾ (ਸੁਖਵਿੰਦਰ ਸਿੰਘ ਭਾਦਲਾ, ਪਰਮਿੰਦਰ ਸਿੰਘ ਮੋਨੂੰ) :** ਭਾਰਤੀ ਸੰਵਿਧਾਨ ਨਿਰਮਾਤਾ ਭਾਰਤ ਰਤਨ ਬਾਬਾ ਸਾਹਿਬ ਡਾ. ਭੀਮ ਰਾਓ ਅੰਬੇਡਕਰ ਜੀ ਦੇ 134ਵੇਂ ਜਨਮ ਦਿਨ ਨੂੰ ਸਮਰਪਤ ਸੰਵਿਧਾਨ ਬਾਰੇ ਜਾਗ੍ਰਤੀ ਸਮਾਗਮ ਗੁਰੂ ਰਵਿਦਾਸ ਧਰਮਸ਼ਾਲਾ ਭੱਟੀਆਂ, ਖੰਨਾ ਵਿਖੇ ਕਰਵਾਇਆ ਗਿਆ।ਇਸ ਸਮਾਗਮ ਵਿੱਚ ਪੰਜਾਬ ਦੇ ਕੈਬਨਿਟ ਮੰਤਰੀ ਸ੍ਰੀ ਤਰੁਨਪ੍ਰੀਤ ਸਿੰਘ ਸੌਂਦ ਤੇ ਪੰਜਾਬ ਰਾਜ ਅਨੁਸੂਚਿਤ ਜਾਤੀਆਂ ਕਮਿਸ਼ਨ ਦੇ ਚੇਅਰਮੈਨ ਜਸਵੀਰ ਸਿੰਘ ਗੜ੍ਹੀ ਮੁੱਖ ਮਹਿਮਾਨ ਵਜੋਂ ਸ਼ਾਮਲ ਹੋਏ। ਕੈਬਨਿਟ ਮੰਤਰੀ ਤਰੁਨਪ੍ਰੀਤ ਸਿੰਘ ਸੌਂਦ ਨੇ ਚੇਅਰਮੈਨ ਜਸਵੀਰ ਸਿੰਘ ਗੜ੍ਹੀ ਦੀ ਰੱਖੀਆਂ ਮੰਗਾਂ ਨੂੰ ਪੂਰਾ ਕਰਨ ਦਾ ਐਲਾਨ ਕਰਦਿਆਂ ਕਿਹਾ ਕਿ ਖੰਨਾ ਦੇ ਅਮਲੋਹ ਚੌਂਕ, ਜਿਸ ਦਾ ਨਾਮ ਪਹਿਲਾ ਹੀ ਡਾ. ਭੀਮ ਰਾਓ ਅੰਬੇਡਕਰ ਦੇ ਨਾਮ 'ਤੇ ਰੱਖਿਆ ਹੋਇਆ ਹੈ, ਵਿੱਚ ਆਉਣ ਵਾਲੇ ਤਿੰਨ ਮਹੀਨਿਆਂ ਅੰਦਰ ਬਾਬਾ ਸਾਹਿਬ ਡਾ. ਭੀਮ ਰਾਓ ਅੰਬੇਡਕਰ ਜੀ ਦਾ ਬੁੱਤ ਸਥਾਪਤ ਕੀਤਾ ਜਾਵੇਗਾ।ਇਸ ਤੋਂ ਇਲਾਵਾ ਉਨ੍ਹਾਂ ਵਿਸ਼ੇਸ਼ ਤੌਰ 'ਤੇ ਆਪਣੇ ਅਖਤਿਆਰੀ ਕੋਟੇ ਵਿੱਚੋਂ ਪਿੰਡ ਭੱਟੀਆਂ (ਖੰਨਾ) ਲਈ 10 ਲੱਖ ਰੁਪਏ ਦੇਣ ਦਾ ਐਲਾਨ ਕੀਤਾ।ਉਨ੍ਹਾਂ ਕਿਹਾ ਕਿ ਖੰਨਾ ਵਿੱਚ 6 ਮੁਹੱਲਾ ਕਲੀਨਿਕ ਪਹਿਲਾਂ ਹੀ ਚੱਲ ਰਹੇ ਹਨ ਤੇ 4 ਹੋਰ ਮੁਹੱਲਾ ਕਲੀਨਿਕਾਂ ਦੀ ਪ੍ਰਵਾਨਗੀ ਮਿਲ ਚੁੱਕੀ ਹੈ, ਜਿਨ੍ਹਾਂ ਵਿੱਚੋਂ ਇੱਕ ਮੁਹੱਲਾ ਕਲੀਨਿਕ ਪਿੰਡ ਭੱਟੀਆਂ ਦੇ ਏਰੀਏ ਵਿੱਚ ਖੋਲ੍ਹਿਆ ਜਾਵੇਗਾ।ਚੇਅਰਮੈਨ ਜਸਵੀਰ ਸਿੰਘ ਗੜ੍ਹੀ ਨੇ ਕੈਬਨਿਟ ਮੰਤਰੀ ਤਰੁਨਪ੍ਰੀਤ ਸਿੰਘ ਸੌਂਦ ਵੱਲੋਂ ਉਨ੍ਹਾਂ ਦੀਆਂ ਰੱਖੀਆ ਮੰਗਾਂ ਨੂੰ ਪੂਰਾ ਕਰਨ ਦਾ ਭਰੋਸਾ ਦੇਣ 'ਤੇ ਧੰਨਵਾਦ ਕਰਦਿਆਂ ਕਿਹਾ ਕਿ ਜਿਸ ਦਿਨ ਖੰਨਾ ਵਿਖੇ ਬਾਬਾ ਸਾਹਿਬ ਡਾ. ਭੀਮ ਰਾਓ ਅੰਬੇਡਕਰ ਜੀ ਦੇ ਬੁੱਤ ਦਾ ਉਦਘਾਟਨ ਕੀਤਾ ਜਾਵੇਗਾ, ਉਸ ਦਿਨ ਉਹ ਖ਼ੁਦ ਤੇ ਦਲਿਤ ਸਮਾਜ ਦੇ ਲੋਕ ਵੀ ਵੱਡੀ ਗਿਣਤੀ ਵਿੱਚ ਇਸ ਉਦਘਾਟਨ ਸਮਾਗਮ ਵਿੱਚ ਸ਼ਾਮਲ ਹੋਣਗੇ।ਚੇਅਰਮੈਨ ਗੜ੍ਹੀ ਨੇ ਕਿਹਾ ਕਿ ਮੁੱਖ ਮੰਤਰੀ ਪੰਜਾਬ ਸ੍ਰੀ ਭਗਵੰਤ ਸਿੰਘ ਮਾਨ ਦੀ ਅਗਵਾਈ ਵਾਲੀ ਪੰਜਾਬ ਸਰਕਾਰ ਵਲੋਂ ਜਦੋਂ ਤੋਂ ਪੰਜਾਬ ਦੀ ਸੱਤਾ ਸੰਭਾਲੀ ਗਈ ਹੈ, ਉਦੋਂ ਤੋਂ ਹੀ ਬਾਬਾ ਸਾਹਿਬ ਡਾ. ਭੀਮ ਰਾਓ ਅੰਬੇਡਕਰ ਦੇ ਸੁਪਨਿਆਂ ਨੂੰ ਸਾਕਾਰ ਕਰਨ ਲਈ ਪੂਰੀ ਲਗਨ ਤੇ ਸੁਹਿਰਦਤਾ ਨਾਲ ਕੰਮ ਕੀਤਾ ਜਾ ਰਿਹਾ ਹੈ।ਇਸ ਮੌਕੇ ਚੇਅਰਮੈਨ ਮਾਰਕੀਟ ਕਮੇਟੀ ਖੰਨਾ ਜਗਤਾਰ ਸਿੰਘ ਗਿੱਲ ਰਤਨਹੇੜੀ, 'ਆਪ' ਦੇ ਆਗੂ ਡਾ. ਜਸਪ੍ਰੀਤ ਸਿੰਘ ਬੀਜਾ, ਐਡੀਸ਼ਨਲ ਐਡਵੋਕੇਟ ਜਨਰਲ ਪੰਜਾਬ ਧਰਮਿੰਦਰ ਸਿੰਘ ਲਾਂਬਾ, ਹਰਵਿੰਦਰ ਸਿੰਘ ਭੱਟੀ, ਰਣਦੀਪ ਸਿੰਘ ਹਨੀ, ਹਲਕਾ ਸਗੰਠਨ ਇੰਚਾਰਜ ਮਾਸਟਰ ਅਵਤਾਰ ਸਿੰਘ ਦਹਿੜੂ, ਭੁਪਿੰਦਰ ਸਿੰਘ ਸੌਂਦ, ਕੌਂਸਲਰ ਪਰਮਪ੍ਰੀਤ ਸਿੰਘ, ਕੌਂਸਲਰ ਸੁਖਮਨਜੀਤ ਸਿੰਘ, ਓ.ਐਸ.ਡੀ ਕਰਨ ਅਰੋੜਾ, ਬਲਾਕ ਪ੍ਰਧਾਨ ਨੀਸੂ ਕਪਲਾ, ਰਜਿੰਦਰ ਜੀਤ ਸਿੰਘ, ਜਤਿੰਦਰ ਪਾਠਕ, ਕੀਮਤੀ ਲਾਲ, ਗੁਰਦੀਪ ਸਿੰਘ ਦੀਪਾ, ਰਾਜਨ ਭੱਟੀਆਂ, ਮਨਦੀਪ ਸਿੰਘ ਭੱਟੀਆਂ ਤੇ ਅਮਰਜੀਤ ਭੱਟੀਆਂ, ਕੁਲਵੰਤ ਸਿੰਘ ਮਹਿਮੀ, ਰਾਧੇ ਸ਼ਾਮ ਤੋਂ ਇਲਾਵਾ ਵੱਡੀ ਗਿਣਤੀ ਵਿੱਚ ਲੋਕਾਂ ਨੇ ਸ਼ਮੂਲੀਅਤ ਕੀਤੀ।


## CRIMINAL COURTS, LUDHIANA

In The Court of Ms. Shruti
Judicial Magistrate - Ist Class Ludhiana
Next Date, Purpose of case, Orders and Judgments as well as other case information is available on http://ecourts.gov.in


PPBLD030983912022_5_1
NEXT DATE: 12-09-2025
M/s Indusind Bank Limited
Vs Sarabjit Kaur
Case No.:- COMA/93381/2022
Police Station/Fir No. Division 5//0
138 of Negotiable Instruments Act
Proclamation Requiring The Appearance of a Person accused
Detail of offence:-
Notice To:
Sarabjit Kaur Wife of Sh. Amarjit Singh R/o Village Rohla, Teh. Samrala Distt. Ludhiana

Whereas complaint/case has been made before me that Sarabjit Kaur :- Wife Of Sh. Amarjit Singh R/O Village Rohla, Teh. Samrala Distt. Ludhiana has committed (or is suspected to have committed) the offence punishable under section 138 of Negotiable Instruments Act and it has been returned to a warrant of arrest thereupon issued that the said SARABJIT KAUR cannot be found, and whereas it has been shown to my satisfaction that the said SARABJIT KAUR has absconded (or is concealing himself/herself to avoid the service of the said warrant); Proclamation is hereby made that the said SARABJIT KAUR is required to appear before this Court (or before me) on 12-09-2025 to answer the said complaint/case.

Judicial Magistrate - Ist Class Ludhiana
Dated, This day of 02-08-2025


# ਸਰੂ ਮਾਤਾ ਨਹਿਰਾਂ ਵਾਲੀ ਦੇ ਮੇਲੇ ਦੌਰਾਨ ਵਿਸ਼ਾਲ ਜਾਗਰਣ






## ➢ ਹਲਕਾ ਵਿਧਾਇਕ ਤੇ ਹੋਰ ਕਈ ਸਿਆਸੀ ਆਗੂਆਂ ਲਵਾਈ ਹਾਜ਼ਰੀ

ਮਮਦੋਟ, (ਜਸਬੀਰ ਸਿੰਘ ਕੰਬੋਜ)-ਕਸਬਾ ਮਮਦੋਟ ਵਿੱਚ ਮਾਤਾ ਨਹਿਰਾਂ ਵਾਲੀ ਦੇ ਭਵਨ 'ਤੇ ਚੱਲ ਰਿਹਾ ਤਿੰਨ ਰੋਜ਼ਾ ਮੇਲਾ ਬੜੀ ਸ਼ਰਧਾ ਤੇ ਉਤਸ਼ਾਹ ਨਾਲ ਮਨਾਇਆ ਜਾ ਰਿਹਾ ਹੈ।ਪਹਿਲੇ ਦਿਨ ਮਾਤਾ ਜੀ ਦੇ ਕੱਢੇ ਗਏ ਝੰਡੇ ਸਮੇਂ ਵਿੱਚ ਸ਼ਰਧਾਲੂਆਂ ਨੇ ਹਾਜ਼ਰੀ ਭਰੀ। ਇਸ ਸਮੇਂ ਸਜਾਈਆਂ ਝਾਕੀਆਂ ਵੇਖਣਯੋਗ ਸਨ। ਇਸ ਮੌਕੇ ਵਿਸ਼ੇਸ਼ ਤੌਰ 'ਤੇ ਪੁੱਜੀ ਟੀਮ ਨੇ ਖੂਬ ਰੌਣਕਾਂ ਲਾਈਆਂ। ਮੇਲੇ 'ਤੇ ਹਾਜ਼ਰੀ ਭਰਨ ਪੁੱਜੇ ਅਮਰਦੀਪ ਸਿੰਘ ਆਸ਼ੂ ਬੰਗੜ ਇੰਚਾਰਜ ਕਾਂਗਰਸ ਪਾਰਟੀ ਹਲਕਾ ਫਿਰੋਜ਼ਪੁਰ ਦਿਹਾਤੀ ਤੇ ਉਨ੍ਹਾ ਨਾਲ ਟੀਮ ਵਿੱਚ ਹਾਜ਼ਰ ਗੁਰਬਚਨ ਸਿੰਘ ਖਾਰਾ ਸਾਬਕਾ ਚੇਅਰਮੈਨ ਮਾਰਕੀਟ ਕਮੇਟੀ ਮਮਦੋਟ, ਹਰਪਾਲ ਸੋਢੀ, ਅਮਿਤਾਬ ਸਿੰਘ ਵੱਲੋਂ ਸਰਦਾਰ ਸ਼ੇਰ ਸਿੰਘ ਘੁਬਾਇਆ ਮੈਂਬਰ ਪਾਰਲੀਮੈਂਟ ਵੱਲੋਂ ਭੇਜੀ ਪਾਣੀ ਵਾਲੀ ਟੈਂਕੀ ਮਾਤਾ ਦੇ ਭਵਨ 'ਤੇ ਭੇਟ ਕੀਤੀ ਗਈ। ਇਸ ਮੌਕੇ ਪ੍ਰਬੰਧਕਾਂ ਵੱਲੋਂ ਉਨ੍ਹਾਂ ਨੂੰ ਸਨਮਾਨਤ ਵੀ ਕੀਤਾ ਗਿਆ। ਭਵਨ 'ਤੇ ਰਾਤ ਨੂੰ ਵਿਸ਼ਾਲ ਜਾਗਰਣ ਦਾ ਆਯੋਜਨ ਕੀਤਾ ਗਿਆ, ਜਿਸ ਵਿੱਚ ਸੰਗਤਾਂ ਨੇ ਮਾਤਾ ਜੀ ਦੇ ਚਰਨਾਂ ਵਿੱਚ ਆਪਣੀ ਸ਼ਰਧਾ ਦਾ ਪ੍ਰਗਟਾਵਾ ਕੀਤਾ।ਇਸ ਮੌਕੇ ਹਲਕਾ ਵਿਧਾਇਕ ਐਡਵੋਕੇਟ ਰਜਨੀਸ਼ ਕੁਮਾਰ ਦਹੀਆ ਵੀ ਆਪਣੀ ਪੂਰੀ ਟੀਮ ਸਮੇਤ ਵਿਸ਼ੇਸ਼ ਤੌਰ 'ਤੇ ਹਾਜ਼ਰ ਰਹੇ।ਇਸ ਮੌਕੇ ਉਨ੍ਹਾ ਇਲਾਕਾ ਨਿਵਾਸੀਆਂ ਨੂੰ ਮੇਲੇ ਦੀਆਂ ਮੁਬਾਰਕਾਂ ਦਿੰਦਿਆਂ ਕਿਹਾ ਕਿ ਮਾਤਾ ਰਾਣੀ ਦੀ ਕਿਰਪਾ ਨਾਲ ਮਮਦੋਟ ਤੇ ਆਸ-ਪਾਸ ਦੇ ਇਲਾਕੇ ਵਿੱਚ ਹਮੇਸ਼ਾ ਚੜ੍ਹਦੀ ਕਲਾ ਰਹੇਗੀ।ਸਰੂ ਮਾਤਾ ਨਹਿਰਾਂ ਵਾਲੀ ਕਮੇਟੀ ਦੇ ਪ੍ਰਧਾਨ ਛਿੰਦਾ ਸੇਠੀ ਤੇ ਉਨ੍ਹਾਂ ਦੀ ਟੀਮ ਵੱਲੋਂ ਵਿਧਾਇਕ ਰਜਨੀਸ਼ ਕੁਮਾਰ ਤੇ ਨਾਲ ਪੁੱਜੀ ਆਮ ਆਦਮੀ ਪਾਰਟੀ ਦੀ ਟੀਮ ਦਾ ਵਿਸ਼ੇਸ਼ ਸਨਮਾਨ ਕੀਤਾ ਗਿਆ। ਮੇਲਾ ਕਮੇਟੀ ਦੇ ਪ੍ਰਧਾਨ ਸ਼ਿੰਦਾ ਸੇਠੀ ਨੇ ਦੱਸਿਆ ਕਿ ਕੱਲ੍ਹ 4 ਅਗਸਤ ਨੂੰ ਮੇਲੇ ਦੇ ਆਖਰੀ ਦਿਨ ਸ਼ਾਮ ਨੂੰ ਕਬੱਡੀ ਮੈਚ ਕਰਵਾਏ ਜਾਣਗੇ।ਇਸ ਮੌਕੇ ਮਾਰਕੀਟ ਕਮੇਟੀ ਦੇ ਚੇਅਰਮੈਨ ਬਲਰਾਜ ਸਿੰਘ ਸੰਧੂ, ਨਗਰ ਪੰਚਾਇਤ ਦੇ ਪ੍ਰਧਾਨ ਉਪਿੰਦਰ ਸਿੰਘ, ਸਿੰਧੀ ਸੁਰਿੰਦਰ ਕੁਮਾਰ ਸੋਨੂ ਸੇਠੀ, ਨਿਰਵੈਰ ਸਿੰਘ ਸਿੰਧੀ, ਐੱਸ.ਐੱਚ.ਓ. ਗੁਰਿੰਦਰ ਕੁਮਾਰ, ਬੇਅੰਤ ਸਿੰਘ ਚੇਅਰਮੈਨ ਮਾਰਕੀਟ ਕਮੇਟੀ ਫਿਰੋਜ਼ਪੁਰ, ਜਗਮੀਤ ਸਿੰਘ ਭੁੱਲਰ ਸਰਪੰਚ, ਤਰਸੇਮ ਸਿੰਘ ਸੋਨੂ, ਸੰਦੀਪ ਸੋਨੀ, ਸੁਭਾਸ਼ ਬੱਤਾ, ਬਗੀਚਾ ਸਿੰਘ, ਜੋਗਿੰਦਰ ਸਿੰਘ, ਵਿਕਰਮ ਸਰਪੰਚ, ਐਡਵੋਕੇਟ ਸੁਮਿਤ ਅਗਰਵਾਲ ਸਮੇਤ ਹੋਰ ਵੀ ਬਹੁਤ ਸਾਰੇ ਸਿਆਸੀ ਤੇ ਧਾਰਮਿਕ ਆਗੂ ਹਾਜ਼ਰ ਸਨ।

# ਸਟੈਪਿੰਗ ਸਟੋਨਜ਼ ਨੇ ਤੀਆਂ ਦਾ ਤਿਉਹਾਰ ਮਨਾਇਆ



ਦੋਰਾਹਾ (ਹਰਮਿੰਦਰ ਸੇਠ)- ਸਟੈਪਿੰਗ ਸਟੋਨਜ਼ ਪ੍ਰੀ ਸਕੂਲ ਦੋਰਾਹਾ ਵਿੱਚ ਤੀਜ ਦਾ ਤਿਉਹਾਰ ਬੜੇ ਉਤਸ਼ਾਹ ਭਰੀ ਮਾਹੌਲ ਵਿੱਚ ਮਨਾਇਆ ਗਿਆ। ਛੋਟੇ-ਛੋਟੇ ਬੱਚਿਆਂ ਨੇ ਰੰਗ-ਬਿਰੰਗੇ ਪੰਜਾਬੀ ਪਹਿਰਾਵੇ ਪਾ ਕੇ ਸਕੂਲ ਵਿੱਚ ਪਿੰਡਾਂ ਵਾਲਾ ਮਾਹੌਲ ਤਿਆਰ ਕੀਤਾ, ਜਿਸ ਵਿੱਚ ਝੂਲੇ, ਗਿੱਧਾ, ਬੋਲੀਆਂ ਅਤੇ ਰੰਗੀਨ ਸਜਾਵਟ ਨੇ ਸਭ ਦਾ ਮਨ ਮੋਹ ਲਿਆ। ਬੱਚਿਆਂ ਨੇ ਗਿੱਧਾ ਪਾ ਕੇ ਅਤੇ ਤੀਜ ਦੀਆਂ ਪਰੰਪਰਾਵਾਂ ਨੂੰ ਜੀਵੰਤ ਕਰਕੇ ਸਾਂਝੀ ਸੱਭਿਆਚਾਰ ਦੀ ਪਿਆਰੀ ਮਹਿਕ ਫੈਲਾਈ। ਅਧਿਆਪਕਾਵਾਂ ਨੇ ਵੀ ਤੀਜ ਦੀ ਮਹਤੱਤਾ ਬਾਰੇ ਬੱਚਿਆਂ ਨੂੰ ਜਾਣੂ ਕਰਵਾਇਆ। ਪ੍ਰਿੰਸੀਪਲ ਮੈਡਮ ਨੇ ਸਾਰੇ ਸਟਾਫ ਨੂੰ ਇਸ ਸ਼ਾਨਦਾਰ ਉਤਸਵ ਲਈ ਮੁਬਾਰਕਬਾਦ ਦਿੰਦੇ ਹੋਏ ਕਿਹਾ ਕਿ ਸਾਡਾ ਰੁੱਖ ਦੀ ਛਾਂ ਵਰਗਾ ਸਕੂਲ, ਜਿੱਥੇ ਸਿੱਖਿਆ ਨਾਲ-ਨਾਲ ਸੱਭਿਆਚਾਰ ਵੀ ਵਧਦਾ ਹੈ।ਸਾਡਾ ਮਿਹਨਤੀ ਸਟਾਫ ਹਰ ਪਲ ਇਹੀ ਕੋਸ਼ਿਸ ਕਰਦਾ ਹੈ ਕਿ ਆਪਣੇ ਬੱਚਿਆਂ ਨੂੰ ਸਿਰਫ਼ ਕਿਤਾਬੀ ਗਿਆਨ ਹੀ ਨਹੀਂ, ਸਗੋਂ ਜੀਵਨ ਦੇ ਅਸਲੀ ਰੰਗ ਵੀ ਸਿਖਾਈਏ।


## COURT NOTICE

**In The Court of SH. Sumer Singh Gurijar, IAS**
**Financial Commissioner (Appeals) Punjab Civil Secretariat-1, 3d Floor, Sector-1, Chandigarh**
**Public Notice**

In Case ROR No. 353/2025
(District Jalandhar)
Pending for ....................

The above mentioned case as per given title is pending before this Hon'ble Court which relate to petition.

Titled :-
Kehar Singh Sandhu @ Kehar Singh. ........ Petitioner
Versus
Manjeet Singh & Others ...... Respondents

Public Notice is issued to following Respondents.

**1. Respondent No.1:-** Manjeet Singh, Son of Santokh Singh, Son of Shankar Singh, resident of Village Dhadda, Dilkhapur, Tehsil Nakodar, District Jalandhar through Special Power of Attorney Surinder Singh son of Gurbaksh Singh resident of Village Mallupur, Tehsil Shahkot, District Jalandhar., **2. Respondent No. 2 :-** Manjinder Singh, son of Santokh Singh, son of Shankar Singh, resident of Village Dhadda, Dilkhapur, Tehsil Nakodar, District Jalandhar through Special Power of Attorney Santokh Singh son of Shankar Singh resident of Village Dhadda, Dilkhapur, Tehsil Nakodar, District Jalandhar, **3. Respondent No. 3 :-** Shingara Singh, son of Gurmej Singh, R/o Village Dhadda, Dilkhapur, Tehsil Nakodar, District Jalandhar, **4. Respondent No. 4** Kundan Singh son of Gurmej Singh, R/o Village Dhadda, Dilkhapur. Tehsil Nakodar, District Jalandhar, **5. Respondent No. 5:-** Gurcharan Singh son of Gurmej Singh r/o Village Dhadda, Dilkhapur, Tehsil Nakodar, District Jalandhar , **6. Respondent No. 6:-** Nanjjo, D/o Chanan Singh, resident of Village Dhadda Haripur, Tehsil Nakodar, District Jalandhar, **7. Respondent No. 7:-** Mahinder Singh, son of Udham Singh, resident of Village Dhadda Haripur, Tehsil Nakodar, District Jalandhar, **8. Respondent No. 8:-** Kewal Singh son of Udham Singh, resident of Village Dhadda Haripur, Tehsil Nakodar, District Jalandhar, **9. Respondent No. 9 :-** Bhajan Singh son of Udham Singh, resident of Village Dhadda Haripur, Tehsil Nakodar, District Jalandhar, **10. Respondent No. 10 :-** Mahinder Singh son of Udham Singh, resident of Village Dhadda Haripur, Tehsil Nakodar, District Jalandhar, **11. Respondent No. 11:-** Jit Singh son of Udham Singh, resident of Village Dhadda Haripur, Tehsil Nakodar, District Jalandhar, **12. Respondent No.12:-** Malkit Singh S/o Rattan Singh, Son of Udham Singh, resident of Village Dhadda Haripur, Tehsil Nakodar, District Jalandhar, **13. Respondent No.13:-** Nirmal Singh son of Kishan Singh, resident of Village Dhadda Haripur, Tehsil Nakodar, District Jalandhar, **14. Respondent No.14 :-** Munsa Singh son of Kalu, resident of Village Dhadda Haripur Tehsil Nakodar, District Jalandhar, **15.Respondent No.15 :-** Surjit Kaur @ Balbiro, daughter of Lachman Singh, resident of Village Dhadda Haripur, Tehsil Nakodar, District Jalandhar, **16. Respondent No.16 :-** Puro widow of Joginder Singh, resident of Village Dhadda Haripur, Tehsil Nakodar, District Jalandhar, **17. Respondent. No.17 :-** Avtar Singh, son of Joginder Singh, resident of Village Dhadda Haripur, Tehsil Nakodar, District Jalandhar, **18. Respondent No. 19 :-** Surjit Singh son of Joginder Singh, resident of Village Dhadda, Haripur, Tehsil Nakodar, District Jalandhar. **19. Respondent No. 20 :-** Sukhdev Kaur, daughter of Joginder Singh, resident of Village Dhadda Haripur, Tehsil Nakodar, District Jalandhar, **20. Respondent No. 21:-** Prasan Kaur daughter of Joginder Singh resident of Village Dhadda Haripur, Tehall Nakodar, District Jalandhar. **21. Respondent No. 22 :-** Jagir, s/o Santa Singh, resident of Village Dhadda Haripur, Tehsil Nakodar, District Jalandhar, **22. Respondent No. 23 :-** Jaswant Kaur, D/o Shankar Singh, resident of Village Dhadda Dilkhapur, Tehsil Nakodar District Jalandhar, **23. Respondent No. 24 :-** Amarjit Singh, s/o Gurdial Singh, resident of Village Dhadda Dilkhapur, Tehsil Nakodar District Jalandhar. **24. Respondent No.26 :-** Gurdeep Singh, s/o Bhag Singh, resident of Village Dhadda Dilkhapur, Tehsil Nakodar District Jalandhar, **25. Respondent No. 27 :-** Dilbagh Singh s/o Bhag Singh, resident of Village Dhadda Dilkhapur, Tehsil Nakodar, District Jalandhar, **26. Respondent No. 28 :-** Kulwinder Kaur w/o Dilbagh Singh, resident of Village Dhadda Dilkhapur, Tehsil Nakodar District Jalandhar, **27. Respondent No. 29 :-** Dinno widow of Nirmal Singh, resident of Village Dhadda Dilkhapur, Tehsil Nakodar, District Jalandhar, **28. Respondent No. 30 :-** Balwinder Singh S/o Teju @ Teja Singh, resident of Village Dhadda Dilkhapur, Tehsil Nakodar, District Jalandhar, **29. Respondent No. 31 :-** Kulwinder Singh s/o Teja Singh, resident of Village Dhadda Dilkhapur, Tehsil Nakodar District Jalandhar, **30. Respondent No. 32 :-** Tirath Kaur, D/o Teja Singh, resident of Village Dhadda Dilkhapur, Tehsil Nakodar District Jalandhar, **31. Respondent No. 33 :-** Iqbal Singh, s/o Piara Singh, resident of Village Dhadda Dilkhapur, Tehsil Nakodar District Jalandhar, **32. Respondent No. 34 :-** Balwinder Singh S/o Ajaib Singh, resident of Village Dhadda Dilkhapur, Tehsil Nakodar District Jalandhar, **33. Respondent No. 35 :-** Jaswinder Singh, S/o Ajaib Singh, resident of Village Dhadda Dilkhapur, Tehsil Nakodar District Jalandhar, **34 .Respondent No. 36 :-** Gulwinder Singh, S/o Ajaib Singh, resident of Village Dhadda Dilkhapur, Tehsil Nakodar District Jalandhar.

Whereas Kehar Singh Sandhu @ Kehar Singh, aged about 65 years, son of Gurmej Singh, permanent resident of Village Dhadda, Dilkhapur, Tehsil Nakodar, District Jalandhar, Punjab, India presently residing at 32244 Pineview Ave, Abbotsford. In the province of British Columbia, V2T IR3, Canada through Special Power of Attorney Holder of Smt. Sarbjit Kaur, wife of Kuldeep Singh, resident of Village Dhadda Dilkhapur, PO Malsian, Tehsil Nakoder, District Jalandhar. (Aadhar Card No. 7124 033 8131) has filed a revision petition under Section 16 of the Punjab Land Revenue Act, 1987 against the order **dated 31.01.2023,** passed by the Ld. D.R.O cum Assistant Collector Fast Track Court for NRIs, Jalandhar and Sanad Takseem **dated 14.03.2024**, issued by the Ld. D.R.O cum Assistant Collector Fast Track Court for NRIs, Jalandhar. That in the said revision petition, the above-named persons are impleaded as **Respondent No. 1 to 6, 16,17,19 to 22, 24 to 36.**

And whereas it has been proved to the satisfaction of the Court that the Respondents named above cannot be served in the ordinary way of service. The case is fixed for **hearing on 27/08/25 at 11:00 a.m** and if they want to defend their case they need to appear personally or through their Representative on 27-08-25 at 11:00 a.m. Take notice that, in default of their appearance on the day as mentioned, the above said case will be heard and decided in their absence.

Given under my hand and seal of this Court on 16/07/25

**Sh. Sumer Singh Gurjjar, Ias**
**Financial Commissioner (Appeal Appeals)**
**Punjab Civil Secretariat-1, 3rd Floor, Sector-1, Chandigarh**



# ਕਲਾਸੀਫਾਈਡ ਇਸ਼ਤਿਹਾਰ

## Change of Name

**I, Anju Bala also known as Anju Mehra W/O Darshan Kumar Resident of H. N0. 1052, Fakrawali Gali Shahkot, District Jalandhar-14470, Punjab, India have changed and assumed my name Anju Mehra only. Note Please.**

**I, Sandeep Singh S/o. Sawinder Singh, Chak Kare Khan, Tehsil Khadoor Sahib (Tarn Taran) declare that my Wife's Name Danish is misspelled in my daughter's School records due to some kind of clerical error. So the spelling of my wife's name in my daughter's School records be Corrected to Danishpreet Kaur . Which is absolutely Correct.**

**I, Amarjit S/o Surinder Pal R/o Vpo. Heon Teh-Banga Distt. SBS Nagar have changed my name from Amarjit to Amarjeet.**

**I, Amandeep S/o Sukhdev Singh Vill-Gohgron Post Office Rampur Jhanjowal Teh-Garhshankar Distt Hoshiarpur I have changed my name Amandeep to Amandeep Singh.**

**I, Suman Bala w/o Arjun Dass r/o H.No. 95/4, Bhargo Nagar, Jalandhar have changed my name from Suman Bala to Suman Arora. All Please Note.**

## Change of Name

**We, Edify Constructions LLP, registered address, ES-66, Nakodar Road, Dhobi Mohalla, Distt. Jalandhar - 144001, Punjab have changed our name from Edify Constructions Pvt. ltd to Edify Constructions LLP. All note.**

**I, Manjit Kaur W/o Baldev Singh R/o Baba Nam Dev Colony, Kapurthala, Punjab have changed my name from Manjit Kaur to Manjeet Kaur. All Please Note.**

**I, Rajinder Singh S/o Joginder Singh R/o 26/1, Narayan Nagar, Basti Sheikh Road, Jalandhar declare that Rajinder Singh and Rajinder Singh Sahdev are one and the same person. All Please Note.**

**I, Jogi Masih S/o Jaggu Ram R/o H.No. 282, VPO. Chuheki, Distt. Jalandhar, Punjab have changed the spelling of my name from Jogi Masih to Joji Masih. All Please Note.**

**I, Balwinder S/o Dev Raj R/o H.No. 321, New Abadi, Jallowal, Boota Mandi, Jalandhar-144003, Punjab have changed my name from Balwinder to Balwinder Kumar. All Please Note.**

## ਬੇਦਖਲੀ ਨੋਟਿਸ

ਮੈਂ ਪ੍ਰਤਾਪ ਸਿੰਘ ਪੁੱਤਰ ਸੁੱਚਾ ਸਿੰਘ ਵਾਸੀ ਪਿੰਡ ਧੁੰਨ, ਤਹਿਸੀਲ ਪੱਟੀ ਜ਼ਿਲ੍ਹਾ ਤਰਨ ਤਾਰਨ ਸੂਚਿਤ ਕਰਦਾ ਹਾਂ ਕਿ ਮੇਰਾ ਲੜਕਾ ਜਗਰੂਪ ਸਿੰਘ ਉਰਫ ਰੂਪਾ ਮੇਰੇ ਕਹਿਣੇ ਤੋਂ ਬਾਹਰ ਹੈ । ਮੈਂ ਉਸ ਨੂੰ ਆਪਣੀ ਚੱਲ ਅਚੱਲ ਜਾਇਦਾਦ ਤੋਂ ਬੇਦਖਲ ਕਰ ਦਿੱਤਾ ਹੈ । ਉਸ ਨਾਲ ਲੈਣ ਦੇਣ ਕਰਨ ਵਾਲਾ ਖੁਦ ਜ਼ਿੰਮੇਵਾਰ ਹੋਵੇਗਾ ।

ਮੈਂ, ਇੰਦਰ ਸਿੰਘ ਪੁੱਤਰ ਰਾਮ ਧਨ ਵਾਸੀ ਮਕਾਨ ਨੰ. 32, ਗਲੀ ਨੰ. 1, ਸੰਜੀਵ ਗਾਂਧੀ ਨਗਰ, ਜਲੰਧਰ ਬਿਆਨ ਕਰਦਾ ਹਾਂ ਕਿ ਮੇਰਾ ਲੜਕਾ ਸੰਜੈ ਕੁਮਾਰ ਅਤੇ ਉਸਦੀ ਪਤਨੀ ਗੀਤਾ ਅਤੇ ਉਹਨਾਂ ਦੀ ਲੜਕੀ ਪਾਰੁਲ ਅਤੇ ਲੜਕਾ ਨੀਖਿਲ, ਜੋ ਕਿ ਮੇਰੇ ਕਹਿਣੇ ਤੋਂ ਬਾਹਰ ਹਨ। ਮੈਂ ਇਹਨਾਂ ਸਾਰਿਆਂ ਨੂੰ ਆਪਣੀ ਚੱਲ-ਅਚੱਲ ਜਾਇਦਾਦ ਤੋਂ ਬੇਦਖਲ ਕਰਦਾ ਹਾਂ। ਮੇਰਾ ਅਤੇ ਮੇਰੇ ਪਰਿਵਾਰ ਦਾ ਇਹਨਾਂ ਸਾਰਿਆਂ ਨਾਲ ਕੋਈ ਵੀ ਲੈਣ ਦੇਣ ਨਹੀਂ ਹੈ। ਜੋ ਕੋਈ ਵੀ ਇਹਨਾ ਨਾਲ ਲੈਣ ਦੇਣ ਕਰੇਗਾ, ਉਹ ਆਪਣੇ ਨਫ਼ੇ ਨੁਕਸਾਨ ਦਾ ਖੁਦ ਜ਼ਿੰਮੇਵਾਰ ਹੋਵੇਗਾ। ਸੰਬੰਧਿਤ ਨੋਟ ਕਰਨ।

ਮੈਂ, ਲਾਲ ਚੰਦ ਪੁੱਤਰ ਲੇਟ ਭਾਨ ਚੰਦ ਵਾਸੀ ਬਲੰਦਾ, ਤਹਿਸੀਲ ਨਕੋਦਰ, ਜ਼ਿਲ੍ਹਾ ਜਲੰਧਰ ਬਿਆਨ ਕਰਦਾ ਹਾਂ ਕਿ ਮੇਰੀਆਂ ਲੜਕੀਆਂ ਕਰਿਸਟੀਨਾ, ਐਗਨਸ ਅਤੇ ਲੜਕਾ ਸ਼ਮਾਊਨ, ਜੋ ਮੇਰੇ ਕਹਿਣੇ ਤੋਂ ਬਾਹਰ ਹਨ ਅਤੇ ਮੇਰੇ ਤੋਂ ਅਲੱਗ ਰਹਿੰਦੇ ਹਨ। ਮੈਂ ਇਨ੍ਹਾਂ ਨੂੰ ਆਪਣੀ ਚੱਲ-ਅਚੱਲ ਜਾਇਦਾਦ ਵਿਚੋਂ ਬੇਦਖਲ ਕਰਦਾ ਹਾਂ। ਇਨ੍ਹਾਂ ਨਾਲ ਲੈਣ-ਦੇਣ ਕਰਨ ਵਾਲਾ ਖੁਦ ਜ਼ਿੰਮੇਵਾਰ ਹੋਵੇਗਾ। ਮੇਰੀ ਕੋਈ ਜ਼ਿੰਮੇਵਾਰੀ ਨਹੀਂ ਹੋਵੇਗੀ। ਮੇਰਾ ਇਨ੍ਹਾਂ ਨਾਲ ਕੋਈ ਤਲਕ-ਵਾਸਤਾ ਨਹੀਂ ਹੈ।

ਮੈਂ, ਕਰਮਜੀਤ ਕੌਰ ਪਤਨੀ ਹਰਜਿੰਦਰਪਾਲ ਸਿੰਘ ਵਾਸੀ ਪਿੰਡ ਢੰਡੋਵਾਲ, ਤਹਿਸੀਲ ਸ਼ਾਹਕੋਟ, ਜ਼ਿਲ੍ਹਾ ਜਲੰਧਰ-144702, ਪੰਜਾਬ ਘੋਸ਼ਣਾ ਕਰਦੀ ਹਾਂ ਕਿ ਮੇਰਾ ਲੜਕਾ ਐਰਨਜੀਤ ਚੱਠਾ ਮੇਰੇ ਕਹਿਣੇ ਤੋਂ ਬਾਹਰ ਹੈ, ਮੇਰੇ ਨਾਲ ਲੜਾਈ-ਝਗੜਾ ਅਤੇ ਆਪਣੀ ਮਨਮਰਜ਼ੀ ਕਰਦਾ ਹੈ। ਮੈਂ ਇਸ ਨੂੰ ਆਪਣੀ ਚੱਲ-ਅਚੱਲ ਜਾਇਦਾਦ ਵਿਚੋਂ ਬੇਦਖਲ ਕਰਦੀ ਹਾਂ। ਇਸ ਨਾਲ ਲੈਣ-ਦੇਣ ਕਰਨ ਵਾਲਾ ਖੁਦ ਜ਼ਿੰਮੇਵਾਰ ਹੋਵੇਗਾ। ਮੇਰਾ ਜਾਂ ਮੇਰੇ ਪਰਵਾਰ ਦੇ ਕਿਸੇ ਵੀ ਮੈਂਬਰ ਦਾ ਇਸ ਨਾਲ ਕੋਈ ਤਲਕ-ਵਾਸਤਾ ਨਹੀਂ ਹੈ।

## ਇਸ਼ਤਿਹਾਰਾਂ ਸੰਬੰਧੀ ਜ਼ਰੂਰੀ ਬੇਨਤੀ

'ਨਵਾਂ ਜ਼ਮਾਨਾ' ਅਖ਼ਬਾਰ ਵਿੱਚ ਛਪੇ ਇਸ਼ਤਿਹਾਰਾਂ (ਡਿਸਪਲੇ/ ਕਲਾਸੀਫਾਈਡ) ਦੇ ਤੱਥਾਂ ਤੇ ਦਾਅਵਿਆਂ ਦੀ ਜ਼ਿੰਮੇਵਾਰੀ ਨਹੀਂ ਲੈਂਦਾ। ਸਾਡਾ ਅਖ਼ਬਾਰ ਇਹਨਾਂ ਨੂੰ ਤਸਦੀਕ ਨਹੀਂ ਕਰਦਾ। ਪਾਠਕਾਂ ਨੂੰ ਬੇਨਤੀ ਕੀਤੀ ਜਾਂਦੀ ਹੈ ਕਿ ਉਹ ਇਹਨਾਂ ਇਸ਼ਤਿਹਾਰਾਂ 'ਤੇ ਕਾਰਵਾਈ ਤੇ ਭਰੋਸੇ ਤੋਂ ਪਹਿਲਾਂ ਤੱਥਾਂ ਦੀ ਪੁਸ਼ਟੀ ਕਰ ਲੈਣ।

# ਹਾਵੀਏ 'ਤੇ ਲੁੱਟਾਂ-ਖੋਹਾਂ ਕਰਨ ਵਾਲੇ ਗਰੋਹ ਦੇ 6 ਮੈਂਬਰ ਕਾਬੂ

**ਫਿਲੌਰ (ਨਿਰਮਲ)**- ਐੱਸ.ਐੱਸ.ਪੀ. ਜਲੰਧਰ ਦਿਹਾਤੀ ਹਰਵਿੰਦਰ ਸਿੰਘ ਵਿਰਕ ਦੇ ਦਿਸ਼ਾ ਨਿਰਦੇਸ਼ਾਂ ਤਹਿਤ ਐਸ.ਪੀ. ਸਰਬਜੀਤ ਰਾਏ ਅਤੇ ਡੀ.ਐਸ.ਪੀ. ਫਿਲੌਰ ਸਰਵਣ ਸਿੰਘ ਬੱਲ ਦੀ ਅਗਵਾਈ ਹੇਠ ਐਸ.ਐਚ.ਓ. ਫਿਲੌਰ ਭੂਸ਼ਣ ਕੁਮਾਰ ਅਤੇ ਐਸ.ਆਈ. ਗੋਵਿੰਦਰ ਸਿੰਘ ਦੀ ਟੀਮ ਅਲੀ ਮੁਹੰਮਦ ਖ਼ਾਨ ਅਤੇ ਕੁਲਦੀਪ ਆਦਿ ਵੱਲੋਂ ਮੁੱਖ ਮਾਰਗ 'ਤੇ ਲੁੱਟਾਂ- ਖੋਹਾਂ ਕਰਨ ਵਾਲੇ ਗਿਰੋਹ ਦੇ 6 ਮੈਂਬਰਾਂ ਨੂੰ ਗ੍ਰਿਫ਼ਤਾਰ ਕੀਤਾ ਗਿਆ। ਜਾਣਕਾਰੀ ਦਿੰਦੇ ਹੋਏ ਡੀ.ਐਸ.ਪੀ. ਫਿਲੌਰ ਨੇ ਦੱਸਿਆ ਕਿ ਮਿਲੀ ਗੁਪਤ ਸੂਚਨਾਂ ਦੇ ਅਧਾਰ ਤੇ ਪੁਲਿਸ ਨੇ ਰਣਜੀਤ ਕੁਮਾਰ ਪੁੱਤਰ ਪਵਨ ਕੁਮਾਰ ਵਾਸੀ ਫਿਲੌਰ, ਕੁਲਵੀਰ ਕੁਮਾਰ ਪੁੱਤਰ ਅਜਮੇਰ ਸਿੰਘ ਵਾਸੀ ਰਾਇਪੁਰ ਅਰਾਈਆਂ, ਸੰਦੀਪ ਕੁਮਾਰ ਉਰਫ਼ ਬਾਬੂ ਪੁੱਤਰ ਛੋਟੇ ਲਾਲ ਵਾਸੀ ਫਿਲੌਰ, ਹਰਜੀਤ ਸਿੰਘ ਉਰਫ਼ ਸੋਨੂੰ ਪੁੱਤਰ ਤਲਵਰਨ ਸਿੰਘ ਵਾਸੀ ਪਿੰਡ ਦਾਰਾਪੁਰ, ਮਨਦੀਪ ਸਿੰਘ ਉਰਫ਼ ਮਨੀ ਪੁੱਤਰ ਬਹਾਦਰ ਸਿੰਘ ਵਾਸੀ ਰਾਮਗੜ੍ਹ ਅਤੇ ਹਰਜੀਤ ਸਿੰਘ ਉਰਫ਼ ਜੀਤੀ ਪੁੱਤਰ ਹਰਬੰਸ ਸਿੰਘ ਵਾਸੀ ਪਿੰਡ ਮਾਓ ਸਾਹਿਬ ਨੂੰ 4 ਕਿਰਪਾਨਾਂ, ਇਕ ਦਾਤਰ, ਇਕ ਲੋਹੇ ਦਾ ਖੰਡਾ, 6 ਮੋਬਾਇਲ ਫ਼ੋਨ, ਇਕ ਮੋਟਰਸਾਇਕਲ ਅਤੇ 288 ਨਸ਼ੀਲੀਆਂ ਗੋਲੀਆਂ ਸਮੇਤ ਕਾਬੂ ਕੀਤਾ ਹੈ। ਉਨ੍ਹਾਂ ਦੱਸਿਆ ਕਿ ਇਹ ਗਰੋਹ ਲੁਧਿਆਣਾ, ਗੁਰਾਇਆ ਅਤੇ ਰਾਹੋਂ ਰੋਡ 'ਤੇ ਵਾਰਦਾਤਾਂ ਨੂੰ ਅੰਜ਼ਾਮ ਦਿੰਦਾ ਸੀ ਅਤੇ ਰਾਹਗੀਰਾਂ ਤੇ ਮਜ਼ਦੂਰ ਬੰਦਿਆਂ ਨੂੰ ਹਨੇਰੇ ਸਵੇਰੇ ਹਥਿਆਰਾਂ ਨਾਲ ਕੁੱਟਮਾਰ ਕਰਕੇ ਅਤੇ ਡਰਾ ਧਮਕਾ ਕੇ ਲੁੱਟ ਲੈਂਦੇ ਸਨ। ਆਰੋਪੀਆਂ ਵਿਰੁੱਧ 2 ਅਗਸਤ ਨੂੰ ਥਾਣਾ ਫਿਲੌਰ 'ਚ ਕੇਸ ਦਰਜ ਕਰਕੇ ਅਗਲੇਰੀ ਜਾਂਚ ਅਰੰਭ ਦਿੱਤੀ ਗਈ। ਆਰੋਪੀਆਂ ਕੋਲੋਂ 288 ਨਸ਼ੀਲੀਆਂ ਗੋਲੀਆਂ ਦੇ ਆਧਾਰ ਤੇ ਕੇਸ ਵਿੱਚ ਜ਼ੁਰਮ ਵਾਧਾ ਕਰ 22-61-85 ਐਨ.ਡੀ.ਪੀ.ਐਸ. ਦਾ ਵਾਧਾ ਕੀਤਾ ਗਿਆ। ਪੁਲਸ ਰਿਮਾਂਡ ਲੈ ਕੇ ਹੋਰ ਪੁੱਛਗਿੱਛ ਕੀਤੀ ਜਾਵੇਗੀ।



# ਗੁਰਾਇਆ ਪੁਲਸ ਵੱਲੋਂ 1200 ਲੀਟਰ ਲਾਹਣ, 1,50,000 ਐੱਮ ਐੱਲ ਨਾਜਾਇਜ਼ ਸ਼ਰਾਬ ਬਰਾਮਦ

**ਗੁਰਾਇਆ (ਬਿੰਦਰ ਸੁਮਨ)**- ਸ੍ਰੀ ਸਰਵਨ ਸਿੰਘ ਬੱਲ, ਉਪ ਪੁਲਿਸ ਕਪਤਾਨ, ਸਬ-ਡਵੀਜਨ ਫਿਲੌਰ ਜ਼ਿਲ੍ਹਾ ਜਲੰਧਰ ਦਿਹਾਤੀ ਨੇ ਦੱਸਿਆ ਕਿ ਇੰਸਪੈਕਟਰ ਸਿਕੰਦਰ ਸਿੰਘ ਵਿਰਕ ਮੁੱਖ ਅਫਸਰ ਥਾਣਾ ਗੁਰਾਇਆ ਜਿਲ੍ਹਾ ਜਲੰਧਰ ਦਿਹਾਤੀ ਦੀ ਪੁਲਿਸ ਪਾਰਟੀ ਏ. ਐੱਸ. ਆਈ ਅਮਨਦੀਪ ਚੌਕੀ ਇੰਚਾਰਜ ਰੁੜਕਾ ਕਲਾਂ ਥਾਣਾ ਗੁਰਾਇਆ ਜ਼ਿਲ੍ਹਾ ਜਲੰਧਰ ਨੇ ਸਮੇਤ ਸਾਥੀ ਕਰਮਚਾਰੀਆ ਦੇ ਨਾਲ ਰਾਜ ਗੋਮਾਲ ਟੀ-ਪੁਆਇੰਟ ਰੁੜਕਾ ਕਲਾਂ ਮੋਜੂਦ ਸੀ ਕਿ ਮੁਖਬਰ ਖਾਸ ਨੇ ਇਤਲਾਹ ਦਿੱਤੀ ਕਿ ਬਹਾਦਰ ਸਿੰਘ, ਸੁਖਦੇਵ ਸਿੰਘ ਪੁੱਤਰ ਪੂਰਨ ਸਿੰਘ, ਬਲਜੀਤ ਸਿੰਘ ਪੁੱਤਰ ਰੇਸ਼ਮ ਸਿੰਘ ਵਾਸੀਆਨ ਰੁੜਕਾ ਕਲਾਂ ਅਤੇ ਰੋਜਸ਼ ਪੁੱਤਰ ਗੁਰਿੰਦਰ ਵਾਸੀ ਬਿਹਾਰ ਜੋ ਆਪਣੇ ਘਰ ਵਿੱਚ ਨਜਾਇਜ ਸ਼ਰਾਬ ਵੇਚਣ ਦਾ ਧੰਦਾ ਕਰਦੇ ਹਨ ਅਤੇ ਸ਼ਰਾਬ ਦੀ ਭੱਠੀ ਲਗਾਈ ਹੋਈ ਹੈ। ਜਿਸ ਤੇ ਏ.ਐਸ.ਆਈ ਅਮਨਦੀਪ ਚੌਂਕੀ ਇੰਚਾਰਜ ਰੁੜਕਾ ਕਲ੍ਹਾਂ ਵੱਲੋਂ ਸਮੇਤ ਸਾਥੀ ਕਰਮਚਾਰੀਆਂ ਦੇ ਬਹਾਦਰ ਸਿੰਘ ਦੇ ਘਰ ਛਾਪਾ ਮਾਰਿਆ ਤਾਂ ਬਲਜੀਤ ਸਿੰਘ ਪੁੱਤਰ ਰੇਸ਼ਮ ਸਿੰਘ ਅਤੇ ਰਾਜੇਸ਼ ਯਾਦਵ ਪੁੱਤਰ ਬਰਿੰਦਰ ਯਾਦਵ ਨੂੰ ਕਾਬੂ ਕੀਤਾ ਗਿਆ ਅਤੇ ਚਾਲੂ ਭੱਠੀ ਸ਼ਰਾਬ ਦੀ ਫੜੀ ਗਈ। ਜੋ ਸੁਖਦੇਵ ਸਿੰਘ ਦੇ ਖਿਲਾਫ ਪਹਿਲਾ ਵੀ 05 ਮੁਕੱਦਮੇ ਦਰਜ ਰਜਿਸਟਰ ਹਨ ਅਤੇ ਬਹਾਦਰ ਸਿੰਘ ਦੇ ਖਿਲਾਫ ਵੀ ਪਹਿਲਾ 02 ਮੁਕੱਦਮੇ ਦਰਜ ਰਜਿਸਟਰ ਹਨ, ਜਿਹਨਾਂ ਨੂੰ ਜਲਦ ਤੋਂ ਜਲਦ ਗ੍ਰਿਫਤਾਰ ਕੀਤਾ ਜਾਵੇਗਾ। ਦੋਸ਼ੀ ਬਲਜੀਤ ਸਿੰਘ ਅਤੇ ਰਾਜੇਸ਼ ਯਾਦਵ ਨੂੰ ਮਾਨਯੋਗ ਇਲਾਕਾ ਮੈਜਿਸਟਰੇਟ ਸਾਹਿਬ ਫਿਲੌਰ ਦੀ ਅਦਾਲਤ ਵਿੱਚ ਪੇਸ਼ ਕਰਕੇ ਦੋਸ਼ੀਆਂ ਦਾ ਪੁਲਿਸ ਰਿਮਾਂਡ ਹਾਸਲ ਕੀਤਾ ਜਾ ਰਿਹਾ ਹੈ। ਦੋਸ਼ੀਆਂ ਬਲਜੀਤ ਸਿੰਘ ਅਤੇ ਰਾਜੇਸ਼ ਯਾਦਵ ਪਾਸੋਂ ਡੂੰਘਾਈ ਨਾਲ ਹੋਰ ਪੁੱਛਗਿੱਛ ਕੀਤੀ ਜਾ ਰਹੀ ਹੈ।



# ਵਿਦਿਆਰਥੀ ਕੌਂਸਲ ਕਮੇਟੀ ਦੀ ਚੋਣ



**ਸੁਲਤਾਨਪੁਰ ਲੋਧੀ (ਹਨੀ)**- ਸ੍ਰੀ ਗੁਰੂ ਹਰਕ੍ਰਿਸ਼ਨ ਪਬਲਿਕ ਸੀਨੀਅਰ ਸੈਕੰਡਰੀ ਸਕੂਲ ਵਿਖੇ ਪ੍ਰਿੰਸੀਪਲ ਰੇਨੂੰ ਅਰੋੜਾ ਦੀ ਅਗਵਾਈ ਵਿੱਚ ਵਿਦਿਆਰਥੀ ਕੌਂਸਲ ਕਮੇਟੀ ਦੀ ਚੋਣ ਸਬੰਧੀ ਸਮਾਗਮ ਕਰਵਾਇਆ ਗਿਆ।ਇਸ ਮੌਕੇ ਸਕੂਲ ਦੇ ਡਾਇਰੈਕਟਰ ਇੰਜੀਨੀਅਰ ਹਰਨਿਆਮਤ ਕੌਰ ਅਤੇ ਪ੍ਰਸ਼ਾਸਕ ਇੰਜੀਨੀਅਰ ਨਿਮਰਤਾ ਕੌਰ ਮੁੱਖ ਮਹਿਮਾਨ ਵਜੋਂ ਸਮਾਗਮ ਵਿੱਚ ਸ਼ਾਮਲ ਹੋਏ । ਪ੍ਰਿੰਸੀਪਲ, ਸਟਾਫ ਮੈਂਬਰਾਂ ਅਤੇ ਵਿਦਿਆਰਥੀਆਂ ਵੱਲੋਂ ਉਨ੍ਹਾਂ ਦਾ ਨਿੱਘਾ ਸਵਾਗਤ ਕੀਤਾ ਗਿਆ। ਸਮਾਗਮ ਦੀ ਸ਼ੁਰੂਆਤ ਸ਼ਬਦ ਗਾਇਨ ਨਾਲ ਕੀਤੀ ਗਈ । ਉਪਰੰਤ ਨਵੇਂ ਵਿਦਿਅਕ ਸੈਸ਼ਨ 2025 -26 ਲਈ ਵਿਦਿਆਰਥੀ ਕੌਂਸਲ ਕਮੇਟੀ ਦੀ ਚੋਣ ਕੀਤੀ ਗਈ ਅਤੇ ਚੁਣੇ ਵਿਦਿਆਰਥੀਆਂ ਨੇ ਸਹੁੰ ਚੁੱਕ ਕੇ ਪ੍ਰਣ ਕੀਤਾ ਕਿ ਉਹ ਅਦਾਰੇ ਪ੍ਰਤੀ ਹਮੇਸ਼ਾ ਇਮਾਨਦਾਰ ਰਹਿਣਗੇ। ਨਵੀਂ ਚੁਣੀ ਗਈ ਕੌਂਸਲ ਕਮੇਟੀ ਵਿੱਚ ਵੰਸ਼ਦੀਪ ਸਿੰਘ ਹੈਡ ਬੁਆਏ ਅਤੇ ਤਰਨਪ੍ਰੀਤ ਕੌਰ ਹੈੱਡ ਗਰਲ ਚੁਣੇ ਗਏ । ਕੈਸ਼ਪ੍ਰੀਤ ਸਿੰਘ ਵਾਇਸ ਹੈਡ ਬੁਆਏ ਅਤੇ ਜਸਲੀਨ ਕੌਰ ਵਾਇਸ ਹੈਡ ਗਰਲ ਚੁਣਿਆ ਗਿਆ । ਅੰਮ੍ਰਿਤਪ੍ਰੀਤ ਕੌਰ ਅਤੇ ਨਵਰਾਜ ਕੁਮਾਰ ਅਨੁਸ਼ਾਸਨ ਕਪਤਾਨ, ਐਸ਼ਮੀਨ ਕੌਰ ਐਕਟੀਵਿਟੀ ਕਪਤਾਨ ਅਤੇ ਜਸਮੀਨ ਕੌਰ ਨੂੰ ਵਾਈਸ ਐਕਟੀਵਿਟੀ ਕਪਤਾਨ ਚੁਣਿਆ ਗਿਆ। ਜਸ਼ਨਦੀਪ ਸਿੰਘ ਅਤੇ ਸਿਮਰਨਜੀਤ ਕੌਰ ਨੂੰ ਸਪੋਰਟਸ ਕੈਪਟਨ, ਅਵਨੂਰ ਸਿੰਘ ਅਤੇ ਗੁਰਲੀਨ ਕੌਰ ਨੂੰ ਵਾਇਸ ਸਪੋਰਟਸ ਕੈਪਟਨ ਵਜੋਂ ਚੁਣਿਆ ਗਿਆ। ਸਕੂਲ ਦੀ ਪ੍ਰਬੰਧਕ ਕਮੇਟੀ ਦੇ ਪ੍ਰਧਾਨ ਬੀਬੀ ਗੁਰਪ੍ਰੀਤ ਕੌਰ ਮੈਂਬਰ ਸ਼੍ਰੋਮਣੀ ਕਮੇਟੀ, ਇੰਜੀ. ਸਵਰਨ ਸਿੰਘ ਪ੍ਰਧਾਨ ਗੁਰੂ ਨਾਨਕ ਖਾਲਸਾ ਕਾਲਜ ਸੁਲਤਾਨਪੁਰ ਲੋਧੀ, ਡਾਇਰੈਕਟਰ ਸਕੂਲ ਇੰਜੀਨੀਅਰ ਹਰਨਿਆਮਤ ਕੌਰ ਅਤੇ ਪ੍ਰਸ਼ਾਸਕ ਇੰਜੀਨੀਅਰ ਨਿਮਰਤਾ ਕੌਰ ਨੇ ਵਿਦਿਆਰਥੀਆਂ ਨੂੰ ਮੰਨ ਲਾ ਕੇ ਪੜ੍ਹਨ ਅਤੇ ਅਦਾਰੇ ਨੂੰ ਹੋਰ ਉਚਾਈਆਂ ਤੇ ਲੈ ਕੇ ਜਾਣ ਲਈ ਪ੍ਰੇਰਿਤ ਕੀਤਾ ।

# ਬਾਬਾ ਜਵਾਹਰ ਸਿੰਘ ਦਾ ਜਨਮ ਦਿਹਾੜਾ ਮਨਾਇਆ



**ਭਲਾਣ (ਹਰਭਜਨ ਢਿੱਲੋਂ)**- ਧੰਨ ਧੰਨ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੀ ਛਤਰ ਛਾਇਆ ਹੇਠ ਬਾਬਾ ਜਵਾਹਰ ਸਿੰਘ ਜੀ ਦੇ ਜਨਮ ਦਿਹਾੜੇ ਨੂੰ ਸਮਰਪਿਤ ਬਾਬਾ ਜਵਾਹਰ ਸਿੰਘ ਗੁਰਦੁਆਰਾ ਸਨੌਲੀ ਵਿਖੇ ਸਨੌਲੀ, ਮਜਾਰਾ ਤੇ ਮਲਕਪੁਰ ਦੀ ਸਮੂਹ ਸੰਗਤ ਵੱਲੋਂ ਇਲਾਕੇ ਦੀ ਖੁਸ਼ਹਾਲੀ, ਵਿਦੇਸ਼ਾਂ ਵਿੱਚ ਰਹਿ ਰਹੇ ਨੌਜਵਾਨਾਂ, ਫੌਜੀ ਵੀਰਾਂ ਦੀ ਚੜ੍ਹਦੀ ਕਲਾ ਅਤੇ ਸਰਬੱਤ ਦੇ ਭਲੇ ਲਈ ਸ੍ਰੀ ਅਖੰਡ ਪਾਠ ਸਾਹਿਬ ਜੀ ਦੇ ਭੋਗ ਪਾਏ ਗਏ।ਇਸ ਮੌਕੇ ਭਾਈ ਕਮਲਦੀਪ ਸਿੰਘ ਜੀ ਨੰਗਲ ਵਾਲਿਆਂ ਨੇ ਗੁਰਬਾਣੀ ਕੀਰਤਨ ਰਾਹੀਂ ਸੰਗਤਾਂ ਨੂੰ ਗੁਰੂ ਚਰਨਾਂ ਨਾਲ ਜੋੜਿਆ। ਉਪਰੰਤ ਗੁਰਿੰਦਰ ਸਿੰਘ ਬੈਂਸ ਦੇ ਢਾਡੀ ਜਥੇ ਨੇ ਸੰਗਤਾਂ ਨੂੰ ਗੁਰੂ ਇਤਿਹਾਸ ਸੁਣਾ ਕੇ ਨਿਹਾਲ ਕੀਤਾ। ਇਸ ਮੌਕੇ ਸੰਗਤਾਂ ਦਾ ਵੱਡਾ ਇਕੱਠ ਸੀ ਤੇ ਗੁਰੂ ਕਾ ਲੰਗਰ ਅਤੁੱਟ ਵਰਤਾਇਆ ਗਿਆ।

# ਟਿੱਪਰ ਮਾਲਕਾਂ ਵੱਲੋਂ ਅਣਮਿੱਥੇ ਸਮੇਂ ਲਈ ਹੜਤਾਲ ਜਾਰੀ

**ਬਲਾਚੌਰ (ਜਸਵਿੰਦਰ ਬੈਂਸ)**- ਟਿੱਪਰ ਮਾਲਕਾਂ ਵੱਲੋਂ ਪਿਛਲੇ ਕਈ ਦਿਨਾਂ ਤੋਂ ਪੂਰੇ ਪੰਜਾਬ ਵਿੱਚ ਟਿੱਪਰਾਂ ਦਾ ਚੱਕਾ ਜਾਮ ਕੀਤਾ ਹੋਇਆ ਹੈ। ਇਸ ਸਬੰਧੀ ਪੱਤਰਕਾਰਾਂ ਨਾਲ ਗੱਲਬਾਤ ਕਰਦਿਆਂ ਟਰਾਂਸਪੋਰਟਰ ਮਨੀਸ਼ ਕੌਸ਼ਲੀ ਨੇ ਕਿਹਾ ਕਿ ਕਿ ਪਿਛਲੇ ਲੰਬੇ ਸਮੇਂ ਤੋਂ ਟਿੱਪਰ ਮਾਲਕ ਮੰਦੀ ਦੀ ਮਾਰ ਝੱਲ ਰਹੇ ਹਨ, ਉਨ੍ਹਾਂ ਨੂੰ ਬਿਨਾਂ ਵਜ੍ਹਾ ਤੰਗ ਪ੍ਰੇਸ਼ਾਨ ਕੀਤਾ ਜਾ ਰਿਹਾ ਹੈ। ਉਹਨਾਂ ਨੇ ਕਿਹਾ ਸਭ ਤੋਂ ਵੱਧ ਪੰਜਾਬ ਸਰਕਾਰ ਨੂੰ ਰੋਡ ਟੈਕਸ ਟਿੱਪਰਾਂ ਦੇ ਮਾਲਕ ਹੀ ਦੇ ਰਹੇ ਹਨ। ਪੰਜਾਬ ਸਰਕਾਰ ਵੱਲੋਂ ਪਿਛਲੇ ਸਮੇਂ ਵਿੱਚ ਇੱਕ ਨਵਾਂ ਕਾਨੂੰਨ ਲਾਗੂ ਕਰਕੇ ਜਿਸ ਨੂੰ ਕਿਉ ਫਾਰਮ ਦਾ ਨਾ ਦਿੱਤਾ ਗਿਆ, ਜਿਸ ਦੇ ਤਹਿਤ ਕਰੈਸ਼ਰ ਮਾਲਕ ਵੱਲੋਂ ਸਰਕਾਰ ਦੀਆਂ ਹਦਾਇਤਾਂ ਮੁਤਾਬਕ ਜਦੋਂ ਟਿੱਪਰ ਕਰੈਸ਼ਰ ਤੋਂ ਲੋਡ ਹੋ ਜਾਂਦਾ ਹੈ ਤਾਂ ਉਸ ਨੂੰ ਬਿਲ ਦੇ ਨਾਲ ਇੱਕ ਕਿਉ ਫਾਰਮ ਦਿੱਤਾ ਜਾਂਦਾ ਹੈ ਜਿਸ ਤੇ ਤਕਰੀਬਨ 24 ਘੰਟੇ ਦਾ ਟਾਈਮ ਪਾਇਆ ਜਾਂਦਾ ਹੈ, ਜੇ ਇਹ ਟਾਈਮ ਲੰਘ ਜਾਵੇ ਤਾਂ ਮਾਇਨਿੰਗ ਵਿਭਾਗ ਦੀਆਂ ਟੀਮਾਂ ਵੱਲੋਂ ਇਹਨਾਂ ਟਿੱਪਰਾਂ ਨੂੰ 2 ਲੱਖ ਤੋਂ ਉੱਪਰ ਜੁਰਮਾਨੇ ਕੀਤੇ ਜਾਂਦੇ ਹਨ ਅਤੇ ਟਿੱਪਰ ਮਾਲਕਾਂ ਨੂੰ ਦੋਸ਼ੀ ਠਹਿਰਾਇਆ ਜਾਂਦਾ ਹੈ, ਪਰ ਸਭ ਤੋਂ ਵੱਧ ਸੋਚਣ ਵਾਲੀ ਗੱਲ ਇਹ ਕਿ ਟਿੱਪਰ ਲੋਡ ਹੋਣ ਤੋਂ ਬਾਅਦ ਆਪਣੀ ਮੰਜ਼ਿਲ ਤੇ ਜਾਣ ਲਈ ਤਿਆਰ ਹੁੰਦਾ ਹੈ ਤਾਂ ਰਸਤੇ ਵਿਚ ਜਾਮ ਲੱਗ ਜਾਂਦੇ ਹਨ, ਟਿੱਪਰ ਵਿੱਚ ਤਕਨੀਕੀ ਖਰਾਬੀ ਵੀ ਆ ਜਾਂਦੀ ਹੈ ਅਤੇ ਟਿੱਪਰ ਚਾਲਕ ਨੇ ਰੋਟੀ ਵੀ ਖਾਣੀ ਹੁੰਦੀ ਹੈ ਅਤੇ ਆਰਾਮ ਵੀ ਕਰਨਾ ਹੁੰਦਾ ਹੈ। ਕਈ ਵਾਰ ਤਾ ਟਿੱਪਰ ਦੇ ਪੈਚਰ ਵੀ ਜਾਂਦੇ ਹਨ। ਉਨ੍ਹਾਂ ਸਰਕਾਰ ਕੋਲੋਂ ਇਹ ਮੰਗ ਕੀਤੀ ਹੈ ਕਿ ਜੇ 2 ਲੱਖ ਰੁਪਏ ਵਾਲਾ ਚਲਾਨ ਦਾ ਮਸਲਾ ਹਾਲ ਨਾ ਕੀਤਾ ਗਿਆ ਤਾਂ ਅਣਮਿੱਥੇ ਸਮੇਂ ਲਈ ਹੜਤਾਲ ਕਰਨਗੇ।



# ਸੀ ਟੀ ਪਬਲਿਕ ਸਕੂਲ ਨੇ ਮਨਾਇਆ ਤੀਜ ਦਾ ਤਿਉਹਾਰ

**ਜਲੰਧਰ (ਸ਼ੈਲੀ ਐਲਬਰਟ)**- ਸੀ.ਟੀ. ਪਬਲਿਕ ਸਕੂਲ ਹਾਲ ਹੀ ਵਿੱਚ ਰੰਗੀਨ ਕਾਰਜਕ੍ਰਮਾਂ, ਸਭਿਆਚਾਰਕ ਗੌਰਵ ਅਤੇ ਤਿਉਹਾਰੀ ਮਾਹੌਲ ਨਾਲ ਜੀਵੰਤ ਹੋ ਉੱਠਿਆ, ਜਿੱਥੇ ਵਿਦਿਆਰਥੀਆਂ ਅਤੇ ਅਧਿਆਪਕਾਂ ਨੇ ਮਿਲ ਕੇ ਪਰੰਪਰਾਗਤ ਅੰਦਾਜ਼ ਵਿੱਚ ਇਸ ਤਿਉਹਾਰ ਨੂੰ ਮਨਾਇਆ। ਇਹ ਸਮਾਗਮ ਸਿਰਫ਼ ਇੱਕ ਜਸ਼ਨ ਨਹੀਂ ਸੀ, ਬਲਕਿ ਇੱਕ ਸਿੱਖਿਆਤਮਕ ਅਨੁਭਵ ਵੀ ਸੀ, ਜਿਸ ਨੇ ਇਸ ਮੌਕੇ ਦੀ ਸਭਿਆਚਾਰਕ ਅਤੇ ਇਤਿਹਾਸਕ ਮਹੱਤਤਾ ਨੂੰ ਉਜਾਗਰ ਕੀਤਾ। ਪਰੰਪਰਾਗਤ ਪਹਿਰਾਵੇ ਵਿੱਚ ਸਜੇ ਵਿਦਿਆਰਥੀਆਂ ਨੇ ਸਭਿਆਚਾਰਕ ਪ੍ਰਦਰਸ਼ਨਾਂ, ਮਨੋਰੰਜਕ ਖੇਡਾਂ ਅਤੇ ਦਿਲਚਸਪ ਗਤੀਵਿਧੀਆਂ ਵਿੱਚ ਹਿੱਸਾ ਲਿਆ। ਇਸ ਕਾਰਜਕ੍ਰਮ ਦਾ ਇੱਕ ਮੁੱਖ ਆਕਰਸ਼ਣ ਮਾਡਲਿੰਗ ਮੁਕਾਬਲਾ ਸੀ, ਜਿੱਥੇ ਵਿਦਿਆਰਥੀਆਂ ਨੇ ਵੱਖ-ਵੱਖ ਪਰੰਪਰਾਗਤ ਵੇਸ਼ਭੂਸ਼ਾਵਾਂ ਵਿੱਚ ਰੈਂਪ ਵਾਕ ਕੀਤਾ ਅਤੇ ਸਾਡੀ ਸਮ੍ਰਿੱਧ ਵਿਰਾਸਤ ਦੀ ਸੁੰਦਰਤਾ ਨੂੰ ਪ੍ਰਦਰਸ਼ਿਤ ਕੀਤਾ। ਖਾਣ-ਪੀਣ ਅਤੇ ਗਤੀਵਿਧੀਆਂ ਦੇ ਸਟਾਲਾਂ ਨੇ ਤਿਉਹਾਰੀ ਖੁਸ਼ੀ ਨੂੰ ਹੋਰ ਵਧਾ ਦਿੱਤਾ, ਜਿਸ ਨਾਲ ਸਕੂਲ ਦਾ ਕੈਂਪਸ ਖੁਸ਼ੀਆਂ ਅਤੇ ਉਤਸ਼ਾਹ ਨਾਲ ਭਰ ਗਿਆ। ਇਸ ਮੌਕੇ 'ਤੇ ਮੁੱਖ ਮਹਿਮਾਨ ਡਾ. ਸੁਸ਼ਮਾ ਚਾਵਲਾ (ਐੱਮ.ਡੀ. ਪੀ.ਜੀ. ਆਈ. ; ਐੱਫ ਆਈ ਸੀ ਐੱਸ ਸੀ ਐੱਚ, ਐੱਫ ਆਈ ਸੀ ਓ ਜੀ, ਸੀ ਆਈ ਐੱਮ ਪੀ), ਮਸ਼ਹੂਰ ਪ੍ਰਸੂਤੀ ਅਤੇ ਔਰਤਾਂ ਦੇ ਰੋਗਾਂ ਦੀ ਮਾਹਿਰ, ਲੈਪਰੋਸਕੋਪਿਕ ਅਤੇ ਹਿਸਟੈਰੋਸਕੋਪਿਕ ਸਰਜਨ ਅਤੇ ਆਈਵੀਐਫ ਸਪੈਸ਼ਲਿਸਟ ਨੇ ਸਕੂਲ ਦੇ ਯਤਨਾਂ ਦੀ ਸ਼ਲਾਘਾ ਕਰਦੇ ਹੋਏ ਕਿਹਾ, 'ਸੀ.ਟੀ. ਪਬਲਿਕ ਸਕੂਲ ਵੱਲੋਂ ਸਿੱਖਿਆਤਮਕ ਗਤੀਵਿਧੀਆਂ ਨੂੰ ਸਭਿਆਚਾਰਕ ਮੁੱਲਾਂ ਨਾਲ ਜੋੜਨਾ ਸੱਚਮੁੱਚ ਪ੍ਰਸ਼ੰਸਾਯੋਗ ਹੈ। ਇਸ ਤਰ੍ਹਾਂ ਦੇ ਸਮਾਗਮ ਵਿਦਿਆਰਥੀਆਂ ਨੂੰ ਉਨ੍ਹਾਂ ਦੀਆਂ ਜੜ੍ਹਾਂ ਨਾਲ ਜੋੜਦੇ ਹੋਏ ਸੰਪੂਰਨ ਵਿਅਕਤਿਤਵ ਦਾ ਨਿਰਮਾਣ ਕਰਨ ਵਿੱਚ ਅਹਿਮ ਭੂਮਿਕਾ ਨਿਭਾਉਂਦੇ ਹਨ।' ਇਸ ਮੌਕੇ 'ਤੇ ਸਹਿ-ਚੇਅਰਪਰਸਨ ਮੈਡਮ ਪਰਮਿੰਦਰ ਕੌਰ ਅਤੇ ਪ੍ਰਿੰਸੀਪਲ ਡਾ. ਸਰੋਜ ਚੌਹਾਨ ਵੀ ਮੌਜੂਦ ਸਨ, ਜਿਨ੍ਹਾਂ ਨੇ ਵਿਦਿਆਰਥੀਆਂ ਅਤੇ ਸਟਾਫ ਨੂੰ ਸਫਲ ਸਮਾਗਮ ਲਈ ਵਧਾਈ ਦਿੱਤੀ।



# ਨਸ਼ਾ ਮੁਕਤੀ ਯਾਤਰਾ ਖੀਰਾਂਵਾਲੀ ਤੇ ਮੈਰੀਪੁਰ ਪਹੁੰਚੀ



**ਸੁਲਤਾਨਪੁਰ ਲੋਧੀ (ਬਲਵੀਰ ਸ਼ਾਲ੍ਹਾਪੁਰੀ)**- ਜ਼ਿਲ੍ਹਾ ਕਪੂਰਥਲਾ ਤੋਂ ਨਗਰ ਸੁਧਾਰ ਟਰੱਸਟ ਦੇ ਚੇਅਰਮੈਨ ਤੇ ਹਲਕਾ ਸੁਲਤਾਨਪੁਰ ਲੋਧੀ ਤੋਂ ਆਮ ਆਦਮੀ ਪਾਰਟੀ ਦੇ ਇੰਚਾਰਜ ਸੱਜਣ ਸਿੰਘ ਚੀਮਾ ਦੀ ਅਗਾਈ ਹੇਠ ਨਸ਼ਾ ਮੁਕਤੀ ਯਾਤਰਾ ਪਿੰਡ ਖੀਰਾਂਵਾਲੀ ਤੇ ਮੈਰੀਪੁਰ ਵਿਖੇ ਪਹੁੰਚੀ,ਜਿੱਥੇ ਲੋਕਾਂ ਨੂੰ ਨਸ਼ਿਆਂ ਦੇ ਖਾਤਮੇ ਲਈ ਪੰਜਾਬ ਸਰਕਾਰ ਦੀ ਯੁੱਧ ਨਸ਼ਿਆਂ ਵਿਰੁੱਧ ਮੁਹਿੰਮ ਵਿੱਚ ਸ਼ਾਮਲ ਹੋਣ ਲਈ ਪ੍ਰੇਰਿਤ ਕੀਤਾ ਗਿਆ। ਉਨ੍ਹਾਂ ਕਿਹਾ ਕਿ ਲੋਕ ਪੰਜਾਬ ਸਰਕਾਰ ਦਾ ਨਸ਼ਾ ਵਿਰੋਧੀ ਮੁਹਿੰਮ ਵਿੱਚ ਬਿਨਾ ਕਿਸੇ ਦਬਾਅ ਤੋਂ ਸਹਿਯੋਗ ਦੇਣ। ਉਨ੍ਹਾਂ ਕਿਹਾ ਕਿ ਜੇਕਰ ਪਿੰਡਾਂ ਦੀਆਂ ਪੰਚਾਇਤਾਂ ਨਸ਼ਾ ਮੁਕਤੀ ਦਾ ਪ੍ਰਣ ਲੈ ਲੈਣਗੀਆਂ ਤਾਂ ਨਸ਼ਾ ਜਾਂ ਨਸ਼ਾ ਤਸਕਰਾਂ ਦਾ ਨਾਮੋ ਨਿਸ਼ਾਨ ਵੀ ਨਹੀਂ ਰਹੇਗਾ। ਉਨ੍ਹਾਂ ਕਿਹਾ ਕਿ ਹੁਣ ਕਿਸੇ ਵੀ ਨਸ਼ਾ ਤਸਕਰ ਨੂੰ ਸਿਆਸੀ ਜਾਂ ਹੋਰ ਕੋਈ ਸਹਿਯੋਗ ਨਹੀਂ ਮਿਲ ਰਿਹਾ ਇਸ ਲਈ ਬਹੁਤ ਜਲਦ ਪੰਜਾਬ ਨਸ਼ਾ ਮੁਕਤ ਹੋਵੇਗਾ। ਇਸ ਮੌਕੇ ਉਨ੍ਹਾਂ ਸਮੂਹ ਪਿੰਡ ਵਾਸੀਆਂ ਨੂੰ ਨਸ਼ਾ ਮੁਕਤੀ ਮੁਹਿੰਮ ਵਿੱਚ ਆਪਣਾ ਪੂਰਨ ਸਹਿਜੋਗ ਦੇਣ ਦਾ ਪ੍ਰਣ ਦਿਵਾਇਆ।

# ਵਟਸਐਪ ਚੈਟਬੋਟ ਦੀ ਸ਼ੁਰੂਆਤ ਸਿਹਤ ਸੇਵਾਵਾਂ ਨੂੰ ਹੋਰ ਆਸਾਨ ਬਣਾਏਗੀ : ਮੋਹਿੰਦਰ ਭਗਤ

**ਜਲੰਧਰ (ਸ਼ੈਲੀ ਐਲਬਰਟ)**- ਪੰਜਾਬ ਦੇ ਬਾਗਬਾਨੀ, ਸੁਤੰਤਰਤਾ ਸੈਨਾਨੀ ਅਤੇ ਰੱਖਿਆ ਸੇਵਾਵਾਂ ਭਲਾਈ ਮੰਤਰੀ ਮੋਹਿੰਦਰ ਭਗਤ ਨੇ ਮੁੱਖ ਮੰਤਰੀ ਪੰਜਾਬ ਸ. ਭਗਵੰਤ ਸਿੰਘ ਮਾਨ ਵੱਲੋਂ ਅੱਜ ਸੂਬੇ ਦੇ ਸਾਰੇ ਆਮ ਆਦਮੀ ਕਲੀਨਿਕਾਂ ਵਿੱਚ ਵਟਸਐਪ ਚੈਟਬੋਟ ਸੇਵਾ ਦੀ ਸ਼ੁਰੂਆਤ ਕਰਨ 'ਤੇ ਉਨ੍ਹਾਂ ਦਾ ਧੰਨਵਾਦ ਪ੍ਰਗਟ ਕਰਦਿਆਂ ਕਿਹਾ ਕਿ ਇਹ ਤਕਨੀਕੀ ਪਹਿਲ ਸਿਹਤ ਸੇਵਾਵਾਂ ਨੂੰ ਹੋਰ ਆਸਾਨ, ਤੇਜ਼ ਤੇ ਪ੍ਰਭਾਵਸ਼ਾਲੀ ਬਣਾਏਗੀ। ਕੈਬਿਨਟ ਮੰਤਰੀ ਨੇ ਕਿਹਾ ਕਿ ਹੁਣ ਮਰੀਜ਼ਾਂ ਨੂੰ ਆਪਣੀਆਂ ਦਵਾਈਆਂ, ਟੈਸਟ ਰਿਪੋਰਟਾਂ, ਅਪਾਇੰਟਮੈਂਟ ਰਿਮਾਈਂਡਰ ਅਤੇ ਸਿਹਤ ਸਬੰਧੀ ਹੋਰ ਜਾਣਕਾਰੀਆਂ ਸਿੱਧਾ ਆਪਣੇ ਵਟਸਐਪ 'ਤੇ ਮਿਲ ਸਕਣਗੀਆਂ। ਉਨ੍ਹਾਂ ਕਿਹਾ ਕਿ ਇਸ ਸੇਵਾ ਸਦਕਾ ਲੋਕਾਂ ਨੂੰ ਕਲੀਨਿਕਾਂ ਦੀਆਂ ਲਾਈਨਾਂ 'ਚ ਖੜ੍ਹੇ ਹੋਣ ਦੀ ਲੋੜ ਨਹੀਂ ਰਹੇਗੀ। ਉਨ੍ਹਾਂ ਦੱਸਿਆ ਕਿ ਇਹ ਆਟੋਮੈਟਿਕ ਚੈਟਬੋਟ ਸਿਸਟਮ ਮਰੀਜ਼ਾਂ ਦੀ ਜਾਣਕਾਰੀ ਨੂੰ ਸੁਰੱਖਿਅਤ ਢੰਗ ਨਾਲ ਸੰਭਾਲੇਗਾ ਅਤੇ ਕਾਗਜ਼ੀ ਰਿਕਾਰਡ ਤੋਂ ਵੀ ਮੁਕਤੀ ਮਿਲੇਗੀ, ਜਿਸ ਨਾਲ ਜਿਥੇ ਸਮਾਂ ਬਚੇਗਾ ਉਥੇ ਕਾਰਗੁਜ਼ਾਰੀ ਵਿੱਚ ਵੀ ਤੇਜ਼ੀ ਆਵੇਗੀ। ਕੈਬਨਿਟ ਮੰਤਰੀ ਨੇ ਕਿਹਾ ਕਿ ਦਵਾਈਆਂ ਦੀ ਲਿਸਟ ਤੇ ਜਾਣਕਾਰੀ, ਲੈਬ ਟੈਸਟ ਰਿਪੋਰਟਾਂ, ਅਪਾਇੰਟਮੈਂਟ ਦੀ ਸੂਚਨਾ ਅਤੇ ਆਮ ਸਿਹਤ ਸਬੰਧੀ ਪ੍ਰਸ਼ਨਾਂ ਦੇ ਜਵਾਬ ਮਰੀਜ਼ ਇਸ ਵਟਸਐਪ ਸੇਵਾ ਰਾਹੀਂ ਪ੍ਰਾਪਤ ਕਰ ਸਕਣਗੇ। ਉਨ੍ਹਾਂ ਕਿਹਾ ਕਿ ਇਹ ਨਵੀਂ ਸੇਵਾ ਸੂਬੇ ਦੀ ਆਮ ਜਨਤਾ ਲਈ ਇੱਕ ਵੱਡੀ ਸੁਵਿਧਾ ਸਾਬਤ ਹੋਵੇਗੀ ਅਤੇ ਸਰਕਾਰੀ ਸਿਹਤ ਸੇਵਾਵਾਂ ਦੀ ਪਹੁੰਚ ਨਵੀਂ ਉਚਾਈਆਂ ਤੱਕ ਲੈ ਜਾਵੇਗੀ।



# ਤੇਂਦੂਏ ਦੇ ਡਰ ਤੋਂ ਦੁਭਾਲੀ ਮੰਡ 'ਚ ਵਿਭਾਗ ਵੱਲੋਂ ਪਿੰਜਰਾ ਲਗਾਇਆ

**ਬਲਾਚੌਰ (ਜਸਵਿੰਦਰ ਬੈਂਸ)**- ਸ਼ਹੀਦ ਭਗਤ ਸਿੰਘ ਨਗਰ ਦੀ ਸਬ ਡਿਵੀਜ਼ਨ ਬਲਾਚੌਰ ਵਿੱਚ ਕੁਝ ਦਿਨ ਪਹਿਲਾਂ ਕਾਠਗੜ੍ਹ ਦੇ ਲਾਗੇ ਪਿੰਡ ਦੁਭਾਲੀ ਮੰਡ ਵਿਖੇ ਪਿਆਰਾ ਸਿੰਘ ਵਾੜੇ ਵਿੱਚ ਤੇਦੂਏ ਨੇ ਇੱਕ ਬੱਕਰੀ ਤੇ ਇੱਕ ਬੱਕਰੇ ਨੂੰ ਬੁਰੀ ਤਰ੍ਹਾਂ ਜ਼ਖ਼ਮੀ ਕਰ ਦਿੱਤਾ ਸੀ, ਉਸ ਤੋਂ ਬਾਅਦ ਉਹਨਾਂ ਦੋਨਾਂ ਦੀ ਮੌਤ ਹੋ ਗਈ। ਪਿੰਡ ਵਿੱਚ ਦਹਿਸ਼ਤ ਦਾ ਮਾਹੌਲ ਬਣਿਆ ਹੋਇਆ ਸੀ। ਮੌਕੇ ਤੇ ਬਲਾਕ ਅਫਸਰ ਕੁਲਦੀਪ ਚੰਦ ਤੇ ਬੇਲਦਾਰ ਦਿਲਾਵਰ ਸਿੰਘ ਅਤੇ ਉਹਨਾਂ ਨਾਲ ਇੱਕ ਡਾਕਟਰਾਂ ਦੀ ਟੀਮ ਪਹੁੰਚੀ ਅਤੇ ਨਾਲ ਉਹਨਾਂ ਦੀ ਟੀਮ ਨੇ ਸੈਂਪਲ ਲੈ ਕੇ ਅੱਗੇ ਲੈਬੋਰਟਰੀ ਨੂੰ ਭੇਜ ਦਿੱਤੇ ਅਤੇ ਬੱਕਰਾ ਤੇ ਬੱਕਰੀ ਨੂੰ ਧਰਤੀ ਵਿੱਚ ਦਬਾ ਦਿੱਤਾ ਗਿਆ ਤੇ ਅਗਲੇ ਦੋ ਦਿਨ ਬਾਅਦ ਪਿੰਡ ਵਿੱਚ ਫਿਰ ਤੇਂਦੂਏ ਦਾ ਰੌਲਾ ਪੈ ਗਿਆ। ਅਗਸਤ ਨੂੰ ਮਹਿਕਮੇ ਵੱਲੋਂ ਉਹਨਾਂ ਦੇ ਖੇਤਾਂ ਵਿੱਚ ਪਿੰਜਰਾ ਲਗਾਇਆ ਗਿਆ ਇਸ ਪਿੰਜਰੇ ਦੀ ਜਿੰਮੇਵਾਰੀ ਖੇਤ ਮਾਲਕ ਪਿਆਰਾ ਸਿੰਘ ਦੀ ਹੋਵੇਗੀ ।ਇਸ ਪਿੰਜਰੇ ਵਿੱਚ ਕੋਈ ਵੀ ਜੰਗਲੀ ਜਾਨਵਰ ਤੇਂਦੂਆ ਫਸ ਜਾਂਦਾ ਹੈ ਤਾਂ ਇਸ ਦੀ ਜਾਣਕਾਰੀ ਮਹਿਕਮੇ ਨੂੰ ਦੇਣ ਦੀ ਜਿੰਮੇਵਾਰੀ ਖੇਤ ਮਾਲਕ ਦੀ ਹੋਵੇਗੀ। ਇਸ ਮੌਕੇ ਤੇ ਮੌਜੂਦਾ ਸਰਪੰਚ ਰਜਿੰਦਰ ਸਿੰਘ ਮੌਜੂਦ ਸਨ।

# ਪ੍ਰਬੰਧਕੀ ਵਿਵਸਥਾ ਤੇ ਸੇਵਾਵਾਂ ਮੁਹੱਈਆ ਕਰਵਾਉਣ ਲਈ ਪ੍ਰਸ਼ਾਸਕੀ ਸੁਧਾਰ ਕੀਤੇ : ਹਰਜੋਤ ਬੈਂਸ

**● ਨੰਗਲ ਨੂੰ ਬਲਾਕ ਦਾ ਦਰਜਾ ਮਿਲਣ 'ਤੇ ਧੰਨਵਾਦ ਕਰਨ ਪਹੁੰਚੇ ਪੰਚ, ਸਰਪੰਚ ਤੇ ਪਤਵੰਤੇ**

**ਨੰਗਲ (ਸੁਰਜੀਤ ਸਿੰਘ)**- ਮੁੱਖ ਮੰਤਰੀ ਸ.ਭਗਵੰਤ ਸਿੰਘ ਮਾਨ ਵੱਲੋਂ ਕੈਬਨਿਟ ਮੰਤਰੀ ਹਰਜੋਤ ਸਿੰਘ ਬੈਂਸ ਦੀ ਸਿਫਾਰਿਸ਼ ਨਾਲ ਨੰਗਲ ਇਲਾਕੇ ਦੀਆਂ ਪੰਚਾਇਤਾਂ ਦੀ ਚਿਰਕੋਣੀ ਮੰਗ ਨੂੰ ਮੰਤਰੀ ਮੰਡਲ ਵਿਚ ਪ੍ਰਵਾਨਗੀ ਦੇ ਕੇ ਨੰਗਲ ਨੂੰ ਬਲਾਕ ਦਾ ਦਰਜਾ ਐਲਾਨੇ ਜਾਣ ਲਈ ਧੰਨਵਾਦ ਕਰਨ ਪਹੁੰਚੇ ਇਲਾਕੇ ਦੇ ਪੰਚਾਂ, ਸਰਪੰਚਾਂ ਨੇ ਕਿਹਾ ਹੈ ਕਿ ਚੋਣਾਂ ਦੌਰਾਨ ਆਪਣੇ ਵਾਅਦਿਆਂ ਨੂੰ ਬੂਰ ਪਾ ਕੇ ਇਸ ਇਲਾਕੇ ਦੇ ਵਿਕਾਸ ਦੇ ਰਾਹ ਪੱਧਰੇ ਕਰਨ ਦਾ ਕੰਮ ਪੰਜਾਬ ਸਰਕਾਰ ਨੇ ਕਰ ਦਿੱਤਾ ਹੈ। ਅੱਜ ਨੰਗਲ 2 ਆਰ ਵੀ ਆਰ ਵਿੱਚ ਹਫਤਾਵਾਰੀ ਲੋਕ ਮਿਲਣੀ ਪ੍ਰੋਗਰਾਮ ਸਾਡਾ ਐੱਮ.ਐੱਲ.ਏ ਸਾਡੇ ਵਿੱਚ ਮੌਕੇ ਪਹੁੰਚੇ ਚੇਅਰਮੈਨ ਕਮਿੱਕਰ ਸਿੰਘ ਡਾਢੀ ਹਲਕਾ ਕੋਆਰਡੀਨੇਟਰ, ਡਾਇਰੈਕਟਰ ਪੰਜਾਬ ਐਗਰੋ ਰਾਮ ਕੁਮਾਰ ਮੁਕਾਰੀ ਜ਼ਿਲ੍ਹਾ ਸਕੱਤਰ, ਹਿਤੇਸ਼ ਸ਼ਰਮਾ, ਦੀਪਕ ਸੋਨੀ, ਸਤੀਸ਼ ਚੋਪੜਾ, ਦਇਆ ਸਿੰਘ,ਐਡਵੋਕੇਟ ਨਿਸ਼ਾਂਤ, ਸਰਪੰਚ ਬ੍ਰਹਮਪੁਰ ਚੰਨਣ ਸਿੰਘ ਪੰਮੂ ਢਿੱਲੋਂ, ਸਰਪੰਚ ਭੰਗਲਾ ਜਸਵਿੰਦਰ ਸਿੰਘ ਕਾਕੂ, ਗੁਰਵਿੰਦਰ ਕੌਰ ਸਰਪੰਚ ਰਾਏਪੁਰ, ਪਲਵਿੰਦਰ ਕੌਰ ਸਰਪੰਚ ਸੂਰੇਵਾਲ ਲੋਅਰ, ਕੰਵਲਜੀਤ ਕੌਰ ਸਰਪੰਚ ਸੂਰੇਵਾਲ ਅੱਪਰ, ਪੰਚ ਭਾਗੋ ਬੇਗਮ, ਰਕੇਸ਼ ਕੌਰ, ਜੁਝਾਰ ਸਿੰਘ ਆਸਪੁਰ, ਸੁਖਵਿੰਦਰ ਸਿੰਘ ਸੇਖੋਂ,ਵਿੱਕਰ ਸਿੰਘ, ਰਜਿੰਦਰ ਸਿੰਘ ਕਾਕੂ, ਗੁਰਵਿੰਦਰ ਸਿੰਘ ਕਾਲਾ ਸ਼ੇਕਰ ਤੇ ਇਲਾਕੇ ਦੇ ਵੱਖ ਵੱਖ ਪੰਚਾਂ, ਸਰਪੰਚਾਂ ਤੇ ਪਤਵੰਤਿਆਂ ਨੇ ਕਿਹਾ ਕਿ ਇਸ ਇਲਾਕੇ ਦੇ ਲੋਕਾਂ ਦੀ ਵੱਡੀ ਸਮੱਸਿਆਂ ਹੁਣ ਹੱਲ ਹੋ ਗਈ ਹੈ। ਸ੍ਰੀ ਅਨੰਦਪੁਰ ਸਾਹਿਬ ਤੇ ਨੰਗਲ ਦੇ ਵੱਖੋ ਵੱਖਰੇ ਉਪ ਮੰਡਲਾਂ/ਤਹਿਸੀਲਾਂ ਅਤੇ ਨੂਰਪੁਰ ਬੇਦੀ ਸਬ ਤਹਿਸੀਲ ਅਧੀਨ ਪੈਂਦੇ ਪਿੰਡਾਂ ਦੀਆਂ ਪੰਚਾਇਤਾਂ ਨੂੰ ਬਲਾਕ ਦਫਤਰ ਸ੍ਰੀ ਅਨੰਦਪੁਰ ਸਾਹਿਬ ਅਤੇ ਨੂਰਪੁਰ ਬੇਦੀ ਵਿਖੇ ਆਉਣ ਜਾਣ ਦੀ ਖੱਜਲ ਖੁਆਰੀ ਨਾਲ ਅਕਸਰ ਹੀ ਬਹੁਤ ਪ੍ਰੇਸ਼ਾਨੀ ਰਹਿੰਦੀ ਸੀ, ਪ੍ਰੰਤੂ ਹੁਣ ਨੰਗਲ ਨੂੰ ਬਲਾਕ ਦਾ ਦਰਜਾ ਮਿਲਣ ਨਾਲ ਇਸ ਇਲਾਕੇ ਦੀ ਤਰੱਕੀ ਅਤੇ ਖੁਸ਼ਹਾਲੀ ਦਾ ਮਾਰਗ ਖੁੱਲ ਗਿਆ ਹੈ। ਆਗੂਆਂ ਨੇ ਦੱਸਿਆ ਕਿ ਹਰਜੋਤ ਸਿੰਘ ਬੈਂਸ ਕੈਬਨਿਟ ਮੰਤਰੀ ਨੇ 2022 ਦੀਆਂ ਚੋਣਾਂ ਦੌਰਾਨ ਇਹ ਵਾਅਦਾ ਕੀਤਾ ਸੀ ਕਿ ਲੋਕਾਂ ਨੂੰ ਦਫਤਰਾਂ ਦੀ ਖੱਜਲ ਖੁਆਰੀ ਨਹੀ ਝੱਲਣੀ ਪਵੇਗੀ, ਅੱਜ ਤੱਕ ਹਾਲਾਤ ਇਸ ਤਰਾਂ ਸੁਖਾਵੇ ਹੋ ਗਏ ਹਨ ਕਿ ਹਰਜੋਤ ਬੈਂਸ ਹਰ ਹਫਤੇ ਲੋਕਾਂ ਦੀਆਂ ਸਮੱਸਿਆਵਾ ਹੱਲ ਕਰਨ ਲਈ ਨੰਗਲ ਸੇਵਾ ਸਦਨ ਵਿੱਚ ਘੰਟਿਆ ਬੱਧੀ ਬੈਠਦੇ ਹਨ, ਜਿੱਥੇ ਹਰ ਕੋਈ ਬਿਨਾ ਸਿਫਾਰਿਸ਼ ਮਿਲ ਕੇ ਆਪਣੇ ਮਸਲੇ ਹਲ ਕਰਵਾ ਰਿਹਾ ਹੈ।



# ਵਿਦਿਆਰਥੀਆਂ ਨੇ ਵੱਖ-ਵੱਖ ਥਾਵਾਂ 'ਤੇ ਬੂਟੇ ਲਗਾਏ



**ਗੜ੍ਹਸ਼ੰਕਰ (ਫੂਲਾ ਸਿੰਘ ਬੀਰਮਪੁਰ)**- ਸਰਕਾਰੀ ਸੀਨੀਅਰ ਸੈਕੰਡਰੀ ਸਕੂਲ ਦੇ ਧਮਾਈ ਦੇ ਵਿਦਿਆਰਥੀਆਂ ਨੇ ਲੈਕਚਰਾਰ ਮੁਕੇਸ਼ ਕੁਮਾਰ ਅਤੇ ਪੰਜਾਬੀ ਮਾਸਟਰ ਬਲਕਾਰ ਸਿੰਘ ਮਗਾਣੀਆਂ ਦੀ ਅਗਵਾਈ ਹੇਠ ਸਰਕਾਰੀ ਸਕੂਲ, ਸਰਕਾਰੀ ਕਲੀਨਿਕ ਅੱਗੇ,ਸੜਕ ਕਿਨਾਰੇ ਅਤੇ ਪਸ਼ੂਆਂ ਦੇ ਹਸਪਤਾਲ ਵਿੱਚ ਬੂਟੇ ਲਗਾਏ। ਇਸ ਸਮੇਂ ਸਰਕਾਰੀ ਆਮ ਆਦਮੀ ਕਲੀਨਿਕ ਧਮਾਈ ਦੇ ਇੰਚਾਰਜ ਐਮ.ਓ ਗਿਆਨ ਚੰਦ,ਸ਼ੁਬਮ ਸਹਿਦੇਵ ਫਾਰਮੇਸੀ ਅਫਸਰ ਅਤੇ ਮੈਡਮ ਰਿਆ ਬ੍ਰਾਂਚ ਪੋਸਟ ਮਾਸਟਰ ਨੇ ਵਿਦਿਆਰਥੀਆਂ ਦੇ ਇਸ ਉਪਰਾਲੇ ਦਾ ਪ੍ਰਸ਼ੰਸਾ ਕਰਦਿਆਂ ਹੋਇਆ ਮਨੁੱਖ ਦੇ ਜੀਵਨ ਵਿੱਚ ਪੌਦਿਆਂ ਦੀ ਮਹੱਤਤਾ ਬਾਰੇ ਵਿਦਿਆਰਥੀਆਂ ਨੂੰ ਜਾਗਰੂਕ ਕੀਤਾ ਅਤੇ ਜੀਵਨ ਵਿੱਚ ਅਗਾਂਹ ਨੂੰ ਵੀ ਹੋਰ ਵੱਧ ਤੋਂ ਵੱਧ ਪੌਦੇ ਲਾਉਣ ਅਤੇ ਸੰਭਾਲਣ ਦੀ ਸਲਾਹ ਦਿੱਤੀ। ਇਸ ਸਮੇਂ ਬੂਟੇ ਲਗਾਉਣ ਵੇਲੇ ਵਿਦਿਆਰਥੀ ਹਰਸ਼ਦੀਪ ਸਿੰਘ,ਸੰਦੀਪ ਕੁਮਾਰ ਤੇ ਸੁਖਪ੍ਰੀਤ ਮਾਨ ਮਹਿੰਦਪੁਰ, ਹਰਮਨ ਭੱਟੀ ਤੇ ਨਿੰਦਰਵੀਰ ਧਮਾਈ, ਜਸਕਰਨ ਚੱਕ ਫੁੱਲੂ, ਪਰਮਜੀਤ ਸਿੰਘ ਤੇ ਜਸਵੀਰ ਸਿੰਘ ਧਮਾਈ ਹਾਜ਼ਰ ਸਨ।



# ਪਿਤਾ ਦਿਵਸ ਸਮਾਰੋਹ ਭਲਕੇ

**ਗੜ੍ਹਸ਼ੰਕਰ (ਫੂਲਾ ਸਿੰਘ ਬੀਰਮਪੁਰ)**- ਸਰਕਾਰੀ ਸੀਨੀਅਰ ਸੈਕੰਡਰੀ ਸਕੂਲ ਬੀਰਮਪੁਰ ਵਿਖੇ ਸਾਲਾਨਾ ਸਮਾਰੋਹ ਮਾਤਾ ਪਿਤਾ ਦਿਵਸ (ਮੇਰਾ ਪੰਜਾਬ, ਮੇਰੀ ਪੰਜਾਬੀ, ਮੇਰੇ ਪੰਜਾਬੀ) ਕਲ 5 ਅਗਸਤ ਨੂੰ ਮਨਾਇਆ ਜਾ ਰਿਹਾ ਹੈ। ਇਸ ਸਮਾਗਮ ਸਬੰਧੀ ਸਕੂਲ ਮੁਖੀ ਸ਼੍ਰੀ ਸੁਖਵਿੰਦਰ ਕੁਮਾਰ ਨੇ ਦੱਸਿਆ ਕਿ ਇਸ ਸਮਾਗਮ ਦੌਰਾਨ ਬੱਚਿਆਂ ਵੱਲੋਂ ਵੱਖ-ਵੱਖ ਤਰ੍ਹਾਂ ਦੇ ਪ੍ਰੋਗਰਾਮ ਜਿਵੇ ਭਾਸ਼ਣ ਪ੍ਰਤੀਯੋਗਤਾ, ਪ੍ਰਦਰਸ਼ਨੀ, ਗੀਤ ਅਤੇ ਕੋਰਿਓਗਰਾਫੀ ਆਦਿ ਪੇਸ਼ ਕੀਤੇ ਜਾਣਗੇ ਅਤੇ ਵਧੀਆ ਸਥਾਨ ਪ੍ਰਾਪਤ ਕਰਨ ਵਾਲੇ ਬੱਚਿਆਂ ਨੂੰ ਵਿਸ਼ੇਸ਼ ਤੌਰ ਤੇ ਸਨਮਾਨਿਤ ਵੀ ਕੀਤਾ ਜਾਵੇਗਾ। ਉਹਨਾਂ ਕਿਹਾ ਕਿ ਇਸ ਸਮਾਗਮ ਦੇ ਮੁੱਖ ਮਹਿਮਾਨ ਉੱਘੇ ਕਾਰੋਬਾਰੀ ਅਤੇ ਸਮਾਜ ਸੇਵੀ ਸ੍ਰ. ਹਰਦੇਵ ਸਿੰਘ ਕਾਹਮਾ ਹੋਣਗੇ।

## ਸਰਕਾਰ ਨੇ ਸਾਰੇ ਵਰਗਾਂ ਨੂੰ ਵਿਕਾਸ 'ਚ ਬਰਾਬਰ ਭਾਗੀਦਾਰ ਬਣਾਇਆ : ਗੰਗਵਾ

**ਚੰਡੀਗੜ੍ਹ (ਕ੍ਰਿਸ਼ਨ ਗਰਗ)**- ਹਰਿਆਣਾ ਦੇ ਲੋਕ ਨਿਰਮਾਣ ਅਤੇ ਜਨਸਿਹਤ ਇੰਜੀਨੀਅਰਿੰਗ ਮੰਤਰੀ ਸ੍ਰੀ ਰਣਬੀਰ ਗੰਗਵਾ ਨੇ ਕਿਹਾ ਕਿ ਕੇਂਦਰ ਅਤੇ ਸੂਬਾ ਵਿੱਚ ਸਾਡੀ ਸਰਕਾਰ ਨੇ ਵਿਵਸਥਾ ਬਦਲਣ ਦਾ ਕੰਮ ਕੀਤਾ ਹੈ। ਸ੍ਰੀ ਗੰਗਵਾ ਐਤਵਾਰ ਨੂੰ ਝੱਜਰ ਵਿੱਚ ਆਯੋਜਿਤ ਮਹਾਰਾਜਾ ਦਕਸ਼ ਪ੍ਰਜਾਪਤੀ ਜੈਯੰਤੀ ਸਮਾਰੋਹ ਵਿੱਚ ਮੌਜੂਦ ਜਨਸਮੂਹ ਨੂੰ ਸੰਬੋਧਿਤ ਕਰ ਰਹੇ ਸਨ। ਗੰਗਵਾ ਨੇ ਪਹਿਲਾਂ ਦੀਆਂ ਸਰਕਾਰਾਂ 'ਤੇ ਨੌਕਰੀਆਂ ਵਿੱਚ ਭੇਜਭਾਵ ਦਾ ਦੋਸ਼ ਲਗਾਉਂਦੇ ਹੋਏ ਕਿਹਾ ਕਿ ਪਹਿਲਾਂ ਭਾਈ-ਭਤੀਜਵਾਦ ਹਾਵੀ ਸੀ। ਸੂਬੇ ਵਿੱਚ ਭਾਜਪਾ ਸਰਕਾਰ ਬਨਣ ਦੇ ਪਾਰਦਰਸ਼ੀ ਭਰਤੀ ਪ੍ਰਣਾਲੀ ਲਾਗੂ ਕੀਤੀ ਗਈ, ਜਿਸ ਵਿੱਚ ਨੌਜਵਾਨਾਂ ਨੂੰ ਮੈਰਿਟ ਆਧਾਰ 'ਤੇ ਨੌਕਰੀ ਮਿਲ ਰਹੀ ਹੈ। ਉਨ੍ਹਾਂ ਨੇ ਦਸਿਆ ਕਿ 13 ਜੁਲਾਈ ਨੂੰ ਝੱਜਰ ਜਿਲ੍ਹੇ ਦੇ ਵੱਖ-ਵੱਖ ਪਿੰਡਾਂ ਦੇ ਪ੍ਰਤੀਨਿਧੀਆਂ ਦੇ ਨਾਲ ਭਿਵਾਨੀ ਵਿੱਚ ਆਯੋਜਿਤ ਗੁਰੂ ਦਕਸ਼ ਪ੍ਰਜਾਪਤੀ ਜੈਯੰਤੀ ਸਮਾਰੋਹ ਵਿੱਚ ਭਾਰਤੀ ਗਿਣਤੀ ਵਿੱਚ ਲੋਕ ਪਹੁੰਚੇ ਅਤੇ ਮੁੱਖ ਮੰਤਰੀ ਸ੍ਰੀ ਨਾਇਬ ਸਿੰਘ ਸੈਨੀ ਦਾ ਸਵਾਗਤ ਕੀਤਾ। ਮੁੱਖ ਮੰਤਰੀ ਵੱਲੋਂ ਸਮਾਰੋਹ ਵਿੱਚ ਦਕਸ਼ ਪ੍ਰਜਾਪਤੀ ਸਮਾਜ ਦੇ ਹਿੱਤ ਵਿੱਚ ਕੀਤੇ ਗਏ ਐਲਾਨਾਂ ਨੂੰ ਜ਼ਮੀਨੀ ਪੱਧਰ 'ਤੇ ਉਤਾਰਿਆ ਜਾ ਰਿਹਾ ਹੈ। ਸੂਬੇ ਦੇ ਦੋ ਹਜ਼ਾਰ ਪਿੰਡਾਂ ਵਿੱਚ ਸਮਾਜ ਨੂੰ ਪੰਜ-ਪੰਜ ਏਕੜ ਭੂਮੀ ਪ੍ਰਦਾਨ ਕੀਤੀ ਜਾਵੇਗੀ। ਸ੍ਰੀ ਗੰਗਵਾ ਨੇ ਕਿਹਾ ਕਿ ਸਾਲ 2014 ਵਿੱਚ ਭਾਜਪਾ ਸਰਕਾਰ ਦੇ ਗਠਨ ਦੇ ਬਾਅਦ ਹਰਿਆਣਾ ਸਰਕਾਰ ਨੇ ਇਹ ਇਤਿਹਾਸਿਕ ਫੈਸਲਾ ਕੀਤਾ ਕਿ ਸਮਾਜ ਨੂੰ ਦਿਸ਼ਾ ਦੇਣ ਵਾਲੇ ਮਹਾਪੁਰਸ਼ਾ, ਗੁਰੂਆਂ ਅਤੇ ਸੰਤਾਂ ਦੀ ਜੈਯੰਤੀ ਹਰ ਸਾਲ ਸੂਬਾ ਪੱਧਰ ਤੇ ਮਨਾਈ ਜਾਵੇਗੀ।

# ਖੂਨਦਾਨ ਕੈਂਪ 'ਚ 203 ਯੂਨਿਟ ਇਕੱਤਰ ਕੀਤੇ

**ਅਨੰਦਪੁਰ ਸਾਹਿਬ (ਅਰਵਿੰਦਰ ਸਿੰਘ ਬਿੰਦੀ)**- ਸ਼੍ਰੀ ਸ਼ਾਦੀ ਲਾਲ ਆਂਗਰਾ ਮੈਮੋਰੀਅਲ ਸੋਸਾਇਟੀ (ਰਜਿ.) ਵਲੋਂ ਭਾਈ ਜੈਤਾ ਜੀ ਸਿਵਲ ਹਸਪਤਾਲ ਸ਼੍ਰੀ ਅਨੰਦਪੁਰ ਸਾਹਿਬ ਵਿਖੇ ਖੂਨਦਾਨ ਕੈਂਪ ਲਗਾਇਆ ਗਿਆ। ਇਸ ਕੈਂਪ ਵਿੱਚ 203 ਯੂਨਿਟ ਇਕੱਤਰ ਕੀਤੇ ਗਏ।ਵੱਖ-ਵੱਖ ਪਿੰਡਾਂ ਦੇ ਸਰਪੰਚ ਸਾਹਿਬਾਨ, ਨੰਬਰਦਾਰ ਸਾਹਿਬਾਨ , ਯੂਥ ਕਲੱਬਾਂ ਦੇ ਪ੍ਰਧਾਨ ਅਤੇ ਹੋਰ ਸਮਾਜ ਭਲਾਈ ਜਥੇਬੰਦੀਆਂ ਵਲੋਂ ਵੱਡੀ ਗਿਣਤੀ 'ਚ ਨੌਜਵਾਨਾਂ ਸਮੇਤ ਕੈਂਪ ਵਿੱਚ ਸ਼ਮੂਲੀਅਤ ਕੀਤੀ। ਇਸ ਮੌਕੇ ਪੱਤਰਕਾਰ ਭਾਈਚਾਰੇ ਵਲੋਂ ਵੀ ਸਮੂਹਿਕ ਰੂਪ ਵਿੱਚ ਸ਼ਮੂਲੀਅਤ ਕੀਤੀ। ਇੱਕ 60 ਸਾਲਾਂ ਦੇ ਬਜ਼ੁਰਗ ਲਖਵੀਰ ਸਿੰਘ ਵਲੋਂ ਖੂਨਦਾਨ ਕਰਕੇ ਨੌਜਵਾਨ ਪੀੜ੍ਹੀ ਨੂੰ ਵਿਸ਼ੇਸ਼ ਸੰਦੇਸ਼ ਦਿੱਤਾ। ਸਵਾਮੀ ਕਿਰਪਾਲਾ ਨੰਦ ਦੜੌਲੀ ਵਾਲੇ ਅਤੇ ਸਵਾਮੀ ਅਮੋਲਕਾਨੰਦ ਝੱਜ ਵਾਲਿਆਂ ਨੇ ਖੂਨਦਾਨੀਆਂ ਨੂੰ ਅਸ਼ੀਰਵਾਦ ਦਿੱਤਾ। ਮਾ. ਵਿਕਾਸ ਸੋਨੀ ਦੇ ਮਾਤਾ ਸ਼੍ਰੀਮਤੀ ਰਕਸ਼ਾ ਦੇਵੀ ਵਲੋਂ ਕੈਂਪ ਦੀ ਸ਼ੁਰੂਆਤ ਤੋਂ ਲੈ ਕੇ ਕੈਂਪ ਦੀ ਸਮਾਪਤੀ ਤੱਕ ਹਾਜ਼ਰੀ ਭਰੀ। ਇਸ ਕੈਂਪ ਦੌਰਾਨ 12ਵੀਂ ਜਮਾਤ ਵਿੱਚੋਂ ਚੰਗੇ ਅੰਕ ਪ੍ਰਾਪਤ ਕਰਨ ਵਾਲੇ ਨੰਗਲ ਅਤੇ ਸ੍ਰੀ ਅਨੰਦਪੁਰ ਸਾਹਿਬ ਦੇ ਵਿਦਿਆਰਥੀਆਂ ਨੂੰ ਸਨਮਾਨਿਤ ਕੀਤਾ ਗਿਆ। ਇਸ ਮੌਕੇ ਸ੍ਰੀ ਸ਼ਾਦੀ ਲਾਲ ਆਂਗਰਾ ਮੈਮੋਰੀਅਲ ਸੋਸਾਇਟੀ ਦੇ ਅਹੁਦੇਦਾਰ ਸਾਬਕਾ ਆਈ.ਜੀ ਸ੍ਰੀ ਲੋਕ ਨਾਥ ਆਂਗਰਾ , ਰਾਜਪਾਲ ਆਂਦਰਾ , ਕੇ.ਕੇ ਬੇਦੀ,ਦਵਿੰਦਰ ਕੌਸ਼ਲ, ਮਹੰਤ ਬਚਨ ਦਾਸ ਜੀ ਤੋਂ ਇਲਾਵਾ ਸ਼ਮੀ ਡਾਬਰਾ, ਦੀਪਕ ਚਨਾਰਥਲ,ਰਾਜ ਘਈ, ਜਰਨੈਲ ਨਿੱਕੂਵਾਲ, ਜਰਨੈਲ ਸਿੰਘ ਸੰਧੂ, ਮਾ. ਵਿਕਾਸ ਸੋਨੀ, ਕਮਲ ਸਹਿਗਲ, ਦਿਲਾਵਰ ਸਿੰਘ, ਅਵਨੀਤ ਚੱਢਾ, ਗਰਪ੍ਰੀਤ ਹੈਪੀ, ਵਿਸ਼ਣੂ, ਬਲਵਿੰਦਰ ਲੋਧੀਪੁਰ, ਸੁਰਜੀਤ ਰਾਣਾ, ਸੁਸ਼ੀਲ ਰਾਜਪੂਤ, ਗੁਰਚਰਨ ਸਿੰਘ, ਜਗਮੋਹਣ ਵਸ਼ਿਸ਼ਟ, ਕੁਲਦੀਪ ਪਰਮਾਰ, ਹਰਮੀਤ ਸਿੰਘ, ਨੰਬਰਦਾਰ ਪ੍ਰਦੀਪ ਸੋਨੀ, ਸੁਰਜੀਤ ਸਿੰਘ ਢੇਰ, ਦੀਪਕ ਸੋਨੀ, ਰਾਹੁਲ ਸੋਨੀ, ਡਾ. ਅੱਛਰ ਸ਼ਰਮਾ, ਐਡਵੋਕੇਟ ਵਿਸ਼ਾਲ ਸੈਨੀ, ਗੁਰਦੀਪ ਖਾਬੜਾ, ਰਾਮ ਰਾਣਾ, ਸੁਰਿੰਦਰ ਸਿੰਘ ਜਿੰਦਵੜੀ ਆਦਿ ਹਾਜ਼ਰ ਸਨ।



# ਪੰਜਾਬ ਦੇ ਸਕੂਲਾਂ ਦੇ ਸਿਲੇਬਸ 'ਚ ਸ਼ਾਮਲ ਹੋਏ ਨਸ਼ਾ ਰੋਕੂ ਪਾਠ : ਜਲਾਲਪੁਰ

**ਬਲਾਚੌਰ (ਜਸਵਿੰਦਰ ਬੈਂਸ)**- ਮੁੱਖ ਮੰਤਰੀ ਭਗਵੰਤ ਮਾਨ ਵੱਲੋਂ ਨਸ਼ਿਆਂ ਵਿਰੁੱਧ ਚਲਾਈ ਜਾ ਰਹੀ ਮੁਹਿੰਮ 'ਚ ਇਕ ਨਵਾਂ ਕਦਮ ਚੁੱਕਦੇ ਹੋਏ ਹੁਣ ਸਕੂਲ ਸਿਲੇਬਸ ਰਾਹੀਂ ਵੀ ਵਿਦਿਆਰਥੀਆਂ ਨੂੰ ਨਸ਼ਿਆਂ ਤੋਂ ਦੂਰ ਰੱਖਣ ਦੀ ਕੋਸ਼ਿਸ਼ ਕੀਤੀ ਜਾ ਰਹੀ ਹੈ। ਨਵੇਂ ਸਿਲੇਬਸ ਰਾਹੀਂ ਨਿੱਕੀ ਉਮਰ ਤੋਂ ਹੀ ਬੱਚਿਆਂ ਨੂੰ ਇਹ ਸੂਝ ਦਿੱਤੀ ਜਾਵੇਗੀ ਕਿ ਨਸ਼ਾ ਇਕ ਤਬਾਹੀ ਵੱਲ ਲਿਜਾਣ ਵਾਲਾ ਰਸਤਾ ਹੈ ਅਤੇ ਇਸ ਤੋਂ ਦੂਰ ਰਹਿਣਾ ਚਾਹੀਦਾ ਹੈ। ਨਸ਼ਿਆਂ ਵਿਰੁੱਧ ਯੁੱਧ ਪੜ੍ਹਾਈ ਨਾਲ ਜਿੱਤਿਆ ਜਾ ਸਕਦਾ ਹੈ। ਇਹ ਨਸ਼ਾ ਰੋਕੂ ਪਾਠ ਨੌਵੀ ਕਲਾਸ ਤੋਂ ਲੈ ਕੇ ਬਾਰਵੀਂ ਕਲਾਸ ਤੱਕ ਦੇ ਸਿਲੇਬਸ ਵਿੱਚ ਸ਼ਾਮਿਲ ਕੀਤਾ ਜਾ ਰਿਹਾ ਹੈ ਇਸ ਉਪਰਾਲੇ ਦੀ ਜਿਲ੍ਹਾ ਸ਼ਹੀਦ ਭਗਤ ਸਿੰਘ ਨਗਰ ਤੋਂ ਆਮ ਆਦਮੀ ਪਾਰਟੀ ਦੇ ਜ਼ਿਲ੍ਹਾ ਪ੍ਰਧਾਨ ਅਤੇ ਜ਼ਿਲ੍ਹਾ ਯੋਜਨਾ ਬੋਰਡ ਦੇ ਚੇਅਰਮੈਨ ਸਤਨਾਮ ਜਲਾਲਪੁਰ ਨੇ ਭਾਰੀ ਪ੍ਰਸ਼ੰਸਾ ਕੀਤੀ ਹੈ। ਉਨ੍ਹਾਂ ਕਿਹਾ 'ਇਹ ਫੈਸਲਾ ਨੌਜਵਾਨ ਪੀੜ੍ਹੀ ਨੂੰ ਨਸ਼ਿਆਂ ਤੋਂ ਬਚਾਉਣ ਵਿੱਚ ਮੀਲ ਦਾ ਪੱਥਰ ਸਾਬਤ ਹੋਵੇਗਾ ਵਿਦਿਆਰਥੀਆਂ ਨੂੰ ਨਿੱਕੀ ਉਮਰ ਤੋਂ ਹੀ ਸਹੀ ਦਿਸ਼ਾ ਵਿਚ ਸੂਝ ਦੇਣੀ ਬਹੁਤ ਜ਼ਰੂਰੀ ਹੈ ਅਤੇ ਮਾਨ ਸਰਕਾਰ ਦਾ ਇਹ ਕਦਮ ਕਾਬਿਲ-ਏ-ਤਾਰੀਫ ਹੈ।ਨਸ਼ਿਆਂ ਵਿਰੁੱਧ ਇਹ ਜੰਗ ਸਿਰਫ਼ ਸਰਕਾਰ ਦੀ ਨਹੀਂ, ਸਗੋਂ ਹਰ ਇਕ ਨਾਗਰਿਕ ਦੀ ਵੀ ਜ਼ਿੰਮੇਵਾਰੀ ਹੈ। ਇਸ ਅਭਿਆਨ ਵਿੱਚ ਹਰੇਕ ਵਿਅਕਤੀ ਦੀ ਭਾਗੀਦਾਰੀ ਨਸ਼ਾ ਮੁਕਤ ਪੰਜਾਬ ਦੀ ਨੀਂਹ ਰੱਖੇਗੀ।'

# ਸ਼ਮਸ਼ਾਨਘਾਟ 'ਚ ਛਾਂਦਾਰ ਬੂਟਾ ਲਾਇਆ



**ਭਲਾਣ (ਹਰਭਜਨ ਢਿੱਲੋਂ)**- ਪਿੰਡ ਭੱਲੜੀ ਦੇ ਸ਼ਮਸ਼ਾਨ ਘਾਟ ਵਿਖੇ 51ਵਾਂ ਛਾਂਦਾਰ ਬੂਟਾ ਪਿੰਡ ਵਾਸੀਆਂ ਨੇ ਲਾਇਆ, ਤਾਂ ਕਿ ਇੱਥੇ ਪਹੁੰਚਣ ਵਾਲੇ ਲੋਕਾ ਨੂੰ ਗਰਮੀ ਤੋਂ ਰਾਹਤ ਮਿਲ ਸਕੇ ਅਤੇ ਵਾਤਾਵਰਨ ਸ਼ੁੱਧ ਰਹੇ। ਜ਼ਿਕਰਯੋਗ ਹੈ ਕਿ ਪਿੰਡ ਭੱਲੜੀ ਦੇ ਗਰੇਵਾਲ ਪਰਵਾਰ ਨੇ ਆਪਣੀ ਜਮੀਨ ਵਿੱਚੋਂ 2 ਕਨਾਲ 4 ਮਰਲੇ ਜ਼ਮੀਨ ਸ਼ਮਸ਼ਾਨ ਘਾਟ ਲਈ ਦਾਨ ਦਿੱਤੀ ਹੋਈ ਹੈ। ਜਿਸ ਉੱਤੇ ਪਿੰਡ ਵਾਸੀਆਂ ਨੇ 15 ਲੱਖ ਦੇ ਕਰੀਬ ਪੈਸਾ ਲਗਾ ਕੇ ਚਾਰ ਚੁਫੇਰੇ ਦੀਵਾਰ ਬਣਾ ਕੇ ਉਸ ਦੇ ਅੰਦਰ ਸ਼ਮਸ਼ਾਨ ਘਾਟ ਤਿਆਰ ਕੀਤਾ ਹੋਇਆ ਹੈ। ਇਸ ਦੇ ਅੰਦਰ ਇੱਕ ਕਮਰਾ, ਬਰਾਂਡਾ ਅਤੇ ਅਲੱਗ ਤੋਂ ਇੱਕ ਟੀਨ ਪਾਈ ਹੋਈ ਹੈ। ਲੋਕਾਂ ਦੀ ਸਹੂਲਤ ਲਈ ਹੈਂਡ ਪੰਪ ਵੀ ਲਾਇਆ ਹੋਇਆ ਹੈ। ਇਸ ਸ਼ਮਸ਼ਾਨ ਘਾਟ ਲਈ ਵਿਸ਼ਵਕਰਮਾ ਮੰਦਰ ਕਮੇਟੀ ਭੱਲੜੀ ਵੱਲੋਂ ਮ੍ਰਿਤਕ ਪ੍ਰਾਣੀ ਦੀ ਦੇਹ ਨੂੰ ਸ਼ਮਸ਼ਾਨ ਘਾਟ ਲਿਜਾਉਣ ਲਈ ਇੱਕ ਟਰਾਲੀ ਦਾਨ ਵਜੋਂ ਦਿੱਤੀ ਹੋਈ ਹੈ। ਪਿੰਡ ਭੱਲੜੀ ਵਾਸੀ ਮਲਕੀਤ ਸਿੰਘ ਫੌਜੀ, ਪੰਚ ਦੀਪ ਸਿੰਘ, ਕਿਸ਼ਨ ਸਿੰਘ ਮੁਸਾਫਰ, ਨਿਰੰਜਨ ਸਿੰਘ ਝਾਂਗਰਾ, ਚਰਨ ਸਿੰਘ ਬਣਵੈਤ, ਬੰਤ ਸਿੰਘ ਸੈਣੀ, ਰੋਸ਼ਨ ਸਿੰਘ ਅਤੇ ਸੋਹਨ ਸਿੰਘ ਭੱਠਲ ਆਦਿ ਨੇ ਕਿਹਾ ਕਿ ਹਿਮਾਚਲ ਵਿੱਚ ਭਾਰੀ ਮੀਂਹ ਪੈਣ ਕਾਰਨ ਸਵਾਂ ਨਦੀ ਵਿੱਚ ਭਾਰੀ ਪਾਣੀ ਆਉਣ ਕਾਰਨ ਜ਼ਮੀਨਾਂ ਰੁੜ ਰਹੀਆਂ ਹਨ। ਸ਼ਮਸ਼ਾਨ ਘਾਟ ਦਾ ਰਸਤਾ ਵੀ ਟੁੱਟ ਗਿਆ ਹੈ। ਉਹਨਾਂ ਪੰਜਾਬ ਸਰਕਾਰ ਤੋਂ ਮੰਗ ਕੀਤੀ ਹੈ ਕਿ ਸ਼ਮਸ਼ਾਨ ਘਾਟ ਦੇ ਨਾਲ ਅਤੇ ਪਿੰਡ ਵਾਸੀਆਂ ਦੀ ਜ਼ਮੀਨ ਦੇ ਮੂਹਰੇ ਡੰਗੇ ਅਤੇ ਠੋਕਰਾਂ ਲਗਾਈਆਂ ਜਾਣ ਤਾਂ ਕਿਕੋਈ ਜਾਨੀ ਅਤੇ ਮਾਲੀ ਨੁਕਸਾਨ ਹੋਣ ਤੋਂ ਬਚ ਸਕੇ।

# ਪੰਜਾਬ ਦੇ ਲੋਕ ਭਾਜਪਾ ਦੀਆਂ ਨੀਤੀਆਂ ਤੋਂ ਖੁਸ਼ : ਰਾਜਵਿੰਦਰ ਸਿੰਘ ਲੱਕੀ

**ਬਲਾਚੌਰ (ਜਸਵਿੰਦਰ ਬੈਂਸ)**- ਭਾਰਤੀ ਜਨਤਾ ਪਾਰਟੀ ਜ਼ਿਲ੍ਹਾ ਐੱਸ.ਬੀ.ਐੱਸ. ਨਗਰ ਵੱਲੋਂ ਜ਼ਿਲ੍ਹਾ ਪ੍ਰਧਾਨ ਸ੍ਰੀ ਰਾਜਵਿੰਦਰ ਸਿੰਘ ਲੱਕੀ ਦੀ ਅਗਵਾਈ ਹੇਠ ਹਲਕਾ ਬਲਾਚੌਰ ਦੇ ਪਿੰਡ ਜੈਨਪੁਰ ਵਿਖੇ ਕੇਂਦਰ ਸਰਕਾਰ ਦੀਆਂ ਸਕੀਮਾਂ ਦਾ ਵਿਸ਼ੇਸ਼ ਸਹਾਇਤਾ ਕੈਂਪ ਲਗਾਇਆ ਗਿਆ। ਕੈਂਪ ਦਾ ਉਦਘਾਟਨ ਪਿੰਡ ਦੇ ਜ਼ਿਲ੍ਹਾ ਪ੍ਰਧਾਨ ਰਾਜਵਿੰਦਰ ਸਿੰਘ ਲੱਕੀ ਨੇ ਕੀਤਾ। ਇਸ ਮੌਕੇ ਜ਼ਿਲ੍ਹਾ ਪ੍ਰਧਾਨ ਰਾਜਵਿੰਦਰ ਸਿੰਘ ਲੱਕੀ ਨੇ ਕਿਹਾ ਕਿ ਕੇਂਦਰੀ ਸਕੀਮਾਂ ਦੇ ਇਹ ਕੈਂਪ ਲਗਾ ਕੇ ਭਾਜਪਾ ਲੋਕਾਂ ਨੂੰ ਸਹੂਲਤਾਂ ਦੇ ਰਹੀ ਹੈ ਅਤੇ ਲੋਕ ਬੀਜੇਪੀ ਸਰਕਾਰ ਦੀਆਂ ਸਕੀਮਾਂ ਦਾ ਲਾਭ ਲੈ ਕੇ ਬਹੁਤ ਖੁਸ਼ ਹਨ। ਕੈਂਪ ਦੌਰਾਨ ਭਾਰੀ ਸੰਖਿਆ ਵਿੱਚ ਲੋਕਾਂ ਨੇ ਸ਼ਮੂਲੀਅਤ ਕੀਤੀ, ਜਿੱਥੇ ਹੇਠ ਲਿਖੀਆਂ ਸਕੀਮਾਂ ਤਹਿਤ ਜ਼ਮੀਨੀ ਪੱਧਰ 'ਤੇ ਲਾਭ ਦਿੱਤੇ ਗਏ: ਆਯੁਸ਼ਮਾਨ ਕਾਰਡ ਬਣਾਏ ਗਏ, ਜਿਸ ਰਾਹੀਂ ਲਾਭਪਾਤਰੀ ਹੁਣ 5 ਲੱਖ ਰੁਪਏ ਤੱਕ ਮੁਫ਼ਤ ਇਲਾਜ ਦੀ ਸਹੂਲਤ ਪ੍ਰਾਪਤ ਕਰ ਸਕਣਗੇ। ਪ੍ਰਧਾਨ ਮੰਤਰੀ ਕਿਸਾਨ ਸਨਮਾਨ ਨਿਧੀ ਯੋਜਨਾ -ਤਹਿਤ ਕਿਸਾਨਾਂ ਨੇ ਆਪਣੀ KYC ਕਰਵਾਈ, ਜੋ ਉਨ੍ਹਾਂ ਨੂੰ ਰੁਪਏ 6 ਹਜ਼ਾਰ ਸਾਲਾਨਾ ਦੀ ਆਵਰਤੀ ਰਾਸ਼ੀ ਲੈਣ ਯੋਗ ਬਣਾਉਂਦੀ ਹੈ। ਮਹਿਲਾਵਾਂ ਲਈ ਟੂਲ ਕਿੱਟ ਯੋਜਨਾ-ਤਹਿਤ ਮਹਿਲਾਵਾਂ ਨੇ ਟੂਲ ਕਿੱਟ ਲਈ ਫਾਰਮ ਭਰਵਾਏ, ਜੋ ਉਨ੍ਹਾਂ ਦੇ ਸਵੈਰੋਜ਼ਗਾਰ ਨੂੰ ਉਤਸ਼ਾਹਿਤ ਕਰਨ ਵਿੱਚ ਮਦਦਗਾਰ ਸਾਬਤ ਹੋਵੇਗਾ। ਈ-ਸ਼੍ਰਮ ਕਾਰਡ-ਕਈ ਅਣਸੰਗਠਿਤ ਖੇਤਰਾਂ ਵਿੱਚ ਕੰਮ ਕਰਨ ਵਾਲੇ ਮਜ਼ਦੂਰਾਂ ਨੇ ਵੀ ਆਪਣੇ ਈ-ਸ਼੍ਰਮ ਕਾਰਡ ਬਣਵਾਏ, ਜਿਸ ਨਾਲ ਉਹ ਭਵਿੱਖ ਵਿੱਚ ਸਰਕਾਰੀ ਲਾਭਾਂ ਦੇ ਹੱਕਦਾਰ ਬਣਨਗੇ। ਇਸ ਮੌਕੇ ਸਰਪੰਚ ਸਮਿਤਾ ਦੇਵੀ, ਮਹਿੰਦਰ ਚੇਚੀ , ਵਿਨੋਦ ਕੁਮਾਰ ਜੈਨਪੁਰ, ਲੱਕੀ ਚੇਚੀ ਜੈਨਪੁਰ, ਸੁਰਿੰਦਰ ਕਾਲਾ ਜੈਨਪੁਰ, ਸਾਬਕਾ ਸਰਪੰਚ ਕਸ਼ਮੀਰੀ ਲਾਲ,ਪੰਚ ਰਾਣੀ ਦੇਵੀ , ਨਰਿੰਦਰ ਸੂਦਨ, ਪੰਕਜ ਕੁਮਾਰ ਪ੍ਰਧਾਨ ਯੁਵਾ ਮੋਰਚਾ ਅਤੇ ਵੱਡੀ ਗਿਣਤੀ ਵਿੱਚ ਪਿੰਡ ਦੇ ਵਸਨੀਕ ਮੌਜੂਦ ਰਹੇ।



# ਆਜ਼ਾਦੀ ਦਿਵਸ ਨੂੰ ਸਮਰਪਿਤ ਪੋਸਟਰ ਬਣਾਉਣ ਤੇ ਸਕੈਚਿੰਗ ਮੁਕਾਬਲੇ ਕਰਵਾਏ



**ਭੋਗਪੁਰ (ਗੁਰਪ੍ਰੀਤ ਸਿੰਘ ਭੋਗਲ)**- ਡਿਪਸ ਭੋਗਪੁਰ ਵਿਖੇ ਵਿਦਿਆਰਥੀਆਂ ਦੇ ਚਾਰ (ਹਾਊਸ) ਸਦਨਾਂ ਦੇ ਵਿਚਕਾਰ ਕਲਰਿੰਗ ਅਤੇ ਸਕੈਚਿੰਗ ਮੁਕਾਬਲੇ ਕਰਵਾਏ ਗਏ। ਜਿਸ ਦਾ ਵਿਸ਼ਾ ਦੇਸ਼ ਭਗਤੀ ਅਤੇ ਸੁਤੰਤਰਤਾ ਦਿਵਸ ਨੂੰ ਸਮਰਪਿਤ ਪੋਸਟਰ ਬਣਾਉਣਾ ਅਤੇ ਸਕੈਚਿੰਗ ਕਰਨਾ ਸੀ। ਚਾਰ (ਹਾਊਸ) ਸਦਨਾਂ ਦੇ ਵਿਦਿਆਰਥੀਆਂ ਨੇ ਉਤਸ਼ਾਹ ਨਾਲ ਭਾਗ ਲਿਆ। ਇਸ ਮੁਕਾਬਲੇ ਦੌਰਾਨ ਚੌਥੀ ਜਮਾਤ ਦੇ ਵਿਦਿਆਰਥੀ ਤਨਜੋਤ ਨੇ ਪਹਿਲਾ ਸਥਾਨ ਅਤੇ ਦੀਪ ਨੇ ਦੂਜਾ ਸਥਾਨ ਪ੍ਰਾਪਤ ਕੀਤਾ। ਇਸ ਤਰਾਂ ਛੇਵੀਂ ਤੋਂ ਅੱਠਵੀਂ ਤੱਕ ਦੇ ਵਿਦਿਆਰਥੀਆਂ ਦੀ ਸਕੈਚਿੰਗ ਪ੍ਰਤੀਯੋਗਤਾ ਵਿੱਚ ਆਰਵ ਨੇ ਪਹਿਲਾ ਸਥਾਨ ਅਤੇ ਪ੍ਰਭਨੂਰ ਸਿੰਘ ਨੇ ਦੂਜਾ ਸਥਾਨ ਹਾਸਲ ਕੀਤਾ। ਇਸ ਮੌਕੇ 'ਤੇ ਡਿਪਸ ਵਿਦਿਆਲਿਆ ਦੇ ਐੱਮ.ਡੀ. ਸ਼੍ਰੀ ਤਰਵਿੰਦਰ ਸਿੰਘ, ਸੀ.ਈ.ਓ ਮੋਨੀਕਾ ਮੰਡੋਤਰਾ, ਸੀ.ਏ. ਰਮਨੀਕ, ਸੀ. ਏ. ਜਸ਼ਨ ਸਿੰਘ, ਚੇਅਰਪਰਸਨ ਸ਼੍ਰੀਮਤੀ ਜਸਵਿੰਦਰ ਕੌਰ, ਵਾਇਸ ਚੇਅਰਪਰਸਨ ਪ੍ਰੀਤਿੰਦਰ ਕੌਰ ਅਤੇ ਸਕੂਲ ਦੀ ਪ੍ਰਿੰਸੀਪਲ ਸ਼੍ਰੀਮਤੀ ਗੁਰਵੀਨ ਕੌਰ ਨੇ ਜਿੱਤੇ ਹੋਏ ਵਿਦਿਆਰਥੀਆਂ ਨੂੰ ਵਧਾਈ ਦਿੱਤੀ।

# ਆਮ ਆਦਮੀ ਪਾਰਟੀ ਨੇ ਬਦਲੇ ਦੀ ਰਾਜਨੀਤੀ ਸ਼ੁਰੂ ਕਰ ਦਿੱਤੀ : ਵਿਜੇ ਸਾਂਪਲਾ

**ਹੁਸ਼ਿਆਰਪੁਰ (ਬਲਵੀਰ ਸਿੰਘ ਸੈਣੀ)**- ਪੰਜਾਬ ਦੀ ਆਮ ਆਦਮੀ ਸਰਕਾਰ ਜੋ ਪਿਛਲੇ ਤਿੰਨ ਸਾਲਾਂ ਤੋਂ ਰਾਜਨੀਤੀ ਦੇ ਹਰ ਖੇਤਰ ਵਿੱਚ ਲਗਾਤਾਰ ਅਸਫਲ ਹੋ ਰਹੀ ਹੈ,ਆਮ ਆਦਮੀ ਪਾਰਟੀ ਨੇ ਹੁਣ ਪੰਜਾਬ ਵਿੱਚ ਭਾਜਪਾ ਦੇ ਵੱਧਦੇ ਕਦਮਾਂ ਨੂੰ ਦੇਖ ਕੇ ਬਦਲੇ ਦੀ ਰਾਜਨੀਤੀ ਸ਼ੁਰੂ ਕਰ ਦਿੱਤੀ ਹੈ। ਇਹਨਾਂ ਗੱਲਾਂ ਦਾ ਪ੍ਰਗਟਾਵਾ ਵਿਜੇ ਸਾਂਪਲਾ ਨੇ ਆਪਣੇ ਨਿਵਾਸ ਅਸਥਾਨ ਤੇ ਇੱਕ ਪ੍ਰੈੱਸ ਕਾਨਫਰੰਸ ਦੌਰਾਨ ਪੱਤਰਕਾਰਾਂ ਨਾਲ ਗੱਲਬਾਤ ਕਰਦਿਆਂ ਕੀਤਾ । ਸਾਂਪਲਾ ਨੇ ਕਿਹਾ ਕਿ ਆਮ ਆਦਮੀ ਪਾਰਟੀ ਨੇ ਗਿਲਕੋ ਕੰਪਨੀ ਦੇ ਮਾਲਕ ਰਣਜੀਤ ਸਿੰਘ ਗਿੱਲ ਦੇ ਘਰ ਵਿਜੀਲੈਂਸ ਛਾਪਾ ਮਾਰ ਕੇ ਇਸ ਦਾ ਸਬੂਤ ਦਿੱਤਾ ਹੈ। ਗੱਲਬਾਤ ਕਰਦਿਆਂ ਸਾਂਪਲਾ ਨੇ ਕਿਹਾ ਕਿ ਰਣਜੀਤ ਸਿੰਘ ਗਿੱਲ ਲੰਬੇ ਸਮੇਂ ਤੋਂ ਰਾਜਨੀਤੀ ਵਿੱਚ ਕੰਮ ਕਰ ਰਹੇ ਹਨ। ਉਹ ਖਰੜ ਵਿਧਾਨ ਸਭਾ ਸੀਟ ਤੋਂ ਦੋ ਵਾਰ ਚੋਣ ਵੀ ਲੜ ਚੁੱਕੇ ਹਨ। ਰਣਜੀਤ ਸਿੰਘ ਗਿੱਲ ਇੱਕ ਦਿਨ ਪਹਿਲਾਂ ਹੀ ਭਾਜਪਾ ਵਿੱਚ ਸ਼ਾਮਲ ਹੋਏ ਹਨ। ਰਣਜੀਤ ਸਿੰਘ ਗਿੱਲ ਨੇ ਆਪਣੀ ਪ੍ਰੈਸ ਕਾਨਫਰੰਸ ਵਿੱਚ ਸਪੱਸ਼ਟ ਤੌਰ ਤੇ ਕਿਹਾ ਹੈ ਕਿ ਉਹ ਦੇਸ਼ ਵਿੱਚ ਨਰਿੰਦਰ ਮੋਦੀ ਦੀ ਕਾਰਜਸ਼ੈਲੀ ਤੋਂ ਪ੍ਰਭਾਵਿਤ ਹੋ ਕੇ ਭਾਜਪਾ ਵਿੱਚ ਸ਼ਾਮਲ ਹੋਏ ਹਨ। ਹੈਰਾਨੀ ਵਾਲੀ ਗੱਲ ਇਹ ਹੈ ਕਿ ਆਮ ਜਿਵੇਂ ਹੀ ਰਣਜੀਤ ਸਿੰਘ ਗਿੱਲ ਭਾਜਪਾ ਵਿੱਚ ਸ਼ਾਮਲ ਹੋਏ, ਆਮ ਆਦਮੀ ਪਾਰਟੀ ਨੇ ਵਿਜੀਲੈਂਸ ਛਾਪਾ ਮਾਰਿਆ। ਇਸ ਮੌਕੇ ਉਨ੍ਹਾਂ ਨਾਲ ਭਾਰਤ ਭੂਸ਼ਣ ਵਰਮਾ, ਸ਼ਿਵਮ ਓਹਰੀ ਪ੍ਰਧਾਨ ਜ਼ਿਲ੍ਹਾ ਭਾਜਪਾ ਯੁਵਾ ਮੋਰਚਾ ਅਤੇ ਹੋਰ ਪਾਰਟੀ ਵਰਕਰ ਮੌਜੂਦ ਸਨ।



# ਤਰਕਸ਼ੀਲ ਸੁਸਾਇਟੀ ਪੰਜਾਬ ਦੀ ਮੀਟਿੰਗ

**ਸ਼ਾਹਕੋਟ (ਗਿਆਨ ਸੈਦਪੁਰੀ)**- ਤਰਕਸ਼ੀਲ ਸੁਸਾਇਟੀ ਪੰਜਾਬ ਦੀ ਇਕਾਈ ਸ਼ਾਹਕੋਟ ਦੀ ਅਹਿਮ ਮੀਟਿੰਗ ਸੁਸਾਇਟੀ ਦੇ ਦਫ਼ਤਰ ਅੱਪੂ ਆਰਟ ਪ੍ਰੈੱਸ ਸ਼ਾਹਕੋਟ ਵਿਖੇ ਇਕਾਈ ਮੁਖੀ ਪ੍ਰਿੰਸੀਪਲ ਮਨਜੀਤ ਸਿੰਘ ਮਲਸੀਆਂ ਦੀ ਪ੍ਰਧਾਨਗੀ ਹੇਠ ਹੋਈ। ਇਸ ਮੀਟਿੰਗ ਵਿਚ ਸੁਸਾਇਟੀ ਵੱਲੋਂ ਅਗਸਤ ਮਹੀਨੇ ਦੇ ਅਖੀਰ ਵਿਚ ਕਰਵਾਈ ਜਾ ਰਹੀ 'ਵਿਦਿਆਰਥੀ ਚੇਤਨਾ ਪਰਖ਼ ਪ੍ਰੀਖਿਆ' ਲਈ ਜਿਨ੍ਹਾਂ ਸਕੂਲਾਂ ਵਿਚ ਪਹੁੰਚ ਕਰਕੇ ਵਿਦਿਆਰਥੀਆਂ ਦੀਆਂ ਸੂਚੀਆਂ ਪ੍ਰਾਪਤ ਹੋਈਆਂ ਹਨ ਉਨ੍ਹਾਂ ਦੀ ਰਜਿਸਟ੍ਰੇਸ਼ਨ ਕਰਨ ਅਤੇ ਰਹਿੰਦੇ ਸਕੂਲਾਂ ਵਿਚ ਆਉਂਦੇ ਹਫ਼ਤੇ ਦੌਰਾਨ ਪਹੁੰਚ ਕਰਕੇ ਵਿਦਿਆਰਥੀਆਂ ਨੂੰ ਇਸ ਪ੍ਰੀਖਿਆ ਪ੍ਰਤੀ ਪ੍ਰੇਰਿਤ ਕਰਨ ਦਾ ਫੈਸਲਾ ਕੀਤਾ ਗਿਆ। ਇਸ ਮੌਕੇ 8 ਅਗਸਤ ਨੂੰ ਮੋਗਾ ਵਿਖੇ ਹੋ ਰਹੀ ਜ਼ਬਰ ਵਿਰੋਧੀ ਰੈਲੀ ਵਿਚ ਵੱਧ ਤੋਂ ਵੱਧ ਗਿਣਤੀ ਵਿਚ ਸ਼ਮੂਲੀਅਤ ਕਰਨ ਦਾ ਫੈਸਲਾ ਵੀ ਕੀਤਾ ਗਿਆ। ਇਸ ਮੌਕੇ ਵੱਖ-ਵੱਖ ਥਾਈਂ ਰਾਸ਼ਟਰੀ ਮਾਰਗਾਂ ਉੱਤੇ ਧਾਰਮਿਕ ਸਥਾਨਾਂ ਦੇ ਨਾਂ 'ਤੇ ਨਜਾਇਜ਼ ਕਬਜ਼ੇ ਕਰਕੇ ਉਸਾਰੀਆਂ ਕਰਨ ਨਾਲ ਸੜਕੀ ਆਵਾਜਾਈ ਵਿਚ ਪੈਂਦੇ ਵਿਘਨ ਦਾ ਨੋਟਿਸ ਲੈਂਦਿਆਂ ਇਸ ਸਬੰਧੀ ਐੱਸ.ਡੀ.ਐੱਮ. ਸ਼ਾਹਕੋਟ ਅਤੇ ਨਕੋਦਰ ਨੂੰ ਇਨ੍ਹਾਂ ਨਜਾਇਜ਼ ਕਬਜ਼ਿਆਂ ਪ੍ਰਤੀ ਧਿਆਨ ਦਿਵਾਉਣ ਲਈ ਪੱਤਰ ਸੌਂਪਣ ਦਾ ਫ਼ੈਸਲਾ ਕੀਤਾ ਗਿਆ। ਇਸੇ ਦੌਰਾਨ ਸੋਹਣ ਸਿੰਘ ਥਿੰਦ ਯੂ.ਐੱਸ.ਏ. ਵਲੋਂ ਸੁਸਾਇਟੀ ਦੀ ਸ਼ਾਹਕੋਟ ਇਕਾਈ ਨੂੰ 'ਵਿਦਿਆਰਥੀ ਚੇਤਨਾ ਪਰਖ਼ ਪ੍ਰੀਖਿਆ' ਲਈ 25 ਹਜ਼ਾਰ ਰੁਪਏ ਦੇਣ ਤੇ ਉਨ੍ਹਾਂ ਦਾ ਧੰਨਵਾਦ ਕੀਤਾ ਗਿਆ। ਇਸ ਮੀਟਿੰਗ ਵਿਚ ਹੋਰਨਾਂ ਤੋਂ ਇਲਾਵਾ ਜਗੀਰ ਜੋਸਨ, ਸੁਖਵਿੰਦਰ ਬਾਗਪੁਰ, ਡਾ. ਨਗਿੰਦਰ ਸਿੰਘ ਬਾਂਸਲ, ਗੁਰਦੇਵ ਸਿੰਘ ਨਵਾਂ ਕਿਲਾ, ਪਾਲ ਬਾਗਪੁਰ, ਸਤਨਾਮ ਸਿੰਘ ਨੀਟਾ, ਜਿੰਦਰ ਬਾਗਪੁਰ, ਬਿੱਟੂ ਰੂਪੇਵਾਲੀ, ਅਮਨਦੀਪ ਬਾਗਪੁਰ ਆਦਿ ਹਾਜ਼ਰ ਸਨ।

# 7 ਪੇਟੀਆਂ ਸ਼ਰਾਬ ਸਮੇਤ ਇੱਕ ਕਾਬੂ




**ਬੰਗਾ (ਅਵਤਾਰ ਕਲੇਰ)**- ਪੰਜਾਬ ਪੁਲਸ ਵੱਲੋਂ ਨਸ਼ਿਆਂ ਖ਼ਿਲਾਫ਼ ਸ਼ੁਰੂ ਕੀਤੀ ਮੁਹਿੰਮ ਤਹਿਤ ਪੁਲਿਸ ਵੱਲੋਂ ਮੇਹਲੀ ਪੁਲ ਦੇ ਨਜ਼ਦੀਕ ਇੱਕ ਵਿਅਕਤੀ ਨੂੰ 7 ਪੇਟੀਆਂ ਸ਼ਰਾਬ ਸਮੇਤ ਕਾਬੂ ਕੀਤਾ ਗਿਆ ਹੈ। ਇਸ ਸੰਬੰਧੀ ਜਾਣਕਾਰੀ ਦਿੰਦਿਆਂ ਥਾਣਾ ਬਹਿਰਾਮ ਦੇ ਅਧੀਨ ਪੈਂਦੀ ਪੁਲਿਸ ਚੌਕੀ ਮੇਹਲੀ ਦੇ ਇੰਚਾਰਜ ਏ ਐਸ ਆਈ ਸਤਨਾਮ ਸਿੰਘ ਨੇ ਦੱਸਿਆ ਕਿ ਮੇਹਲੀ ਪੁਲ ਦੇ ਕੋਲ ਨਾਕਾਬੰਦੀ ਕੀਤੀ ਹੋਈ ਸੀ। ਇਕ ਕਾਰ ਜਿਸ ਦਾ ਨੰਬਰ ਪੀ ਬੀ 01 ਐਫ 5707 ਜਲੰਧਰ ਵਾਲੇ ਪਾਸੇ ਤੋਂ ਆ ਰਹੀ ਸੀ। ਕਾਰ ਨੂੰ ਰੋਕ ਕੇ ਉਸ ਦੀ ਤਲਾਸ਼ੀ ਲਈ ਤਾਂ ਕਾਰ ਵਿਚੋ 7 ਪੇਟੀਆਂ ਸ਼ਰਾਬ ਬਰਾਮਦ ਹੋਈ। 5 ਪੇਟੀਆਂ ਮਾਰਕਾ ਪੰਜਾਬ ਫਸਟ, 1ਪੇਟੀ ਮਾਰਕਾ ਇੰਪੀਰੀਅਲ ਬਲਿਊ, 1ਪੇਟੀ ਮਾਰਕਾ ਰੋਇਲ ਸਟੈਗ ਬਰਾਮਦ ਕੀਤੀ ਗਈ।ਕਾਰ ਚਾਲਕ ਰਸ਼ਪਾਲ ਸਿੰਘ ਉਰਫ ਟੀਟੂ ਪੁੱਤਰ ਤਾਰਾ ਸਿੰਘ ਵਾਸੀ ਚਾਹਲ ਕਲਾਂ ਥਾਣਾ ਬੰਗਾ ਨੂੰ ਗ੍ਰਿਫ਼ਤਾਰ ਕਰਕੇ ਥਾਣਾ ਬਹਿਰਾਮ ਵਿਖੇ ਪਰਚਾ ਦਰਜ ਕਰਕੇ ਅਗਲੇਰੀ ਕਾਰਵਾਈ ਸ਼ੁਰੂ ਕਰ ਦਿੱਤੀ ਹੈ।



# ਫੌਜ ਦੇ ਸੇਵਾ-ਮੁਕਤ ਜਵਾਨਾਂ ਦਾ ਜਲੰਧਰ ਕੈਂਟ ਸਟੇਸ਼ਨ ਪਹੁੰਚਣ 'ਤੇ ਨਿੱਘਾ ਸਵਾਗਤ

**ਆਦਮਪੁਰ (ਪਰਮਜੀਤ ਸਿੰਘ)**- ਜਲੰਧਰ ਇਲਾਕੇ ਨਾਲ ਸਬੰਧਤ ਸੇਵਾ ਮੁਕਤ ਫੌਜੀ ਜਵਾਨਾ ਵਲੋਂ ਜਿਸ ਯੂਨਿਟ ਵਿਚ ਉਨਾ ਨੇ ਆਪਣੇ ਜੀਵਨ ਦਾ ਕਾਫੀ ਲੰਮਾ ਸਮਾਂ ਫੌਜ ਵਿੱਚ ਨੌਕਰੀ ਕਰਦਿਆਂ ਆਪਣੇ ਦੇਸ਼ ਦੀ ਸੇਵਾ । ਯੂਨਿਟ ਕੱਲ ਸਵੇਰੇ ਉਧਮਪੁਰ ਤੋਂ ਚੱਲੀ ਸੀ ਅਤੇ ਰਾਤ ਨੂੰ ਜਲੰਧਰ ਕੈਂਟ ਸਟੇਅ ਕੀਤਾ ਸੀ। ਅੱਜ ਸਵੇਰੇ ਜਲੰਧਰ ਤੋਂ ਅੱਗੇ ਚਾਲੇ ਪਾ ਲਏ ਹਨ। ਕੱਲ 19 ਸਿੱਖ ਦੇ ਰਿਟਾਇਰਡ ਜੰਮੂ ਇਲਾਕੇ ਦੇ ਮੈਂਬਰਾਂ ਨੇ ਇਕੱਠੇ ਹੋ ਕੇ ਬ੍ਰਾਹਮਣਾਂ ਦੀ ਵਾੜੀ ਯੂਨਿਟ ਦੇ ਸਾਰੇ ਮੈਂਬਰਾਂ ਨੂੰ ਸਤਿਕਾਰ ਵਾਜੋ ਚਾਹ ਪਾਣੀ ਪਿਲਾ ਕੇ ਯੂਨਿਟ ਦੇ ਆਏ ਹੋਏ ਅਫ਼ਸਰ, ਜੇ ਸੀ ਉ ਅਤੇ ਜਵਾਨਾ ਨੂੰ ਜੀ ਆਇਆਂ ਆਖਿਆ। ਉਸ ਤੋਂ ਬਾਅਦ ਯੂਨਿਟ ਦੇ ਜਲੰਧਰ ਪਹੁੰਚਣ ਤੇ ਜਲੰਧਰ ਇਲਾਕੇ ਦੇ ਰਿਟਾਇਰਡ ਮੈਂਬਰਾਂ ਨੇ ਯੂਨਿਟ ਦੇ ਅਫ਼ਸਰ, ਜੇ ਸੀ ਉ ਅਤੇ ਜਵਾਨਾਂ ਨੂੰ ਜੀ ਆਇਆਂ ਆਖਿਆ ਅਤੇ ਆਪਣੇ ਵਿਚਾਰ ਸਾਂਝੇ ਕੀਤੇ। ਉਸ ਤੋਂ ਬਾਅਦ ਰਿਟਾਇਰਡ ਮੈਂਬਰਾਂ ਵੱਲੋਂ ਕੁਝ ਖਾਣ ਪੀਣ ਲਈ ਪੈਕਟ ਬਣਾ ਕੇ ਤਿਆਰ ਕੀਤੇ ਸਨ ਜਿਸ ਵਿੱਚ ਫਰੂਟ, ਮਠਿਆਈ, ਨਮਕੀਨ, ਲਿਮਕਾ ਅਤੇ ਪਾਣੀ ਵਗੈਰਾ ਸੀ ਉਹ ਅਫ਼ਸਰ ਜੇ ਸੀ ਉ ਅਤੇ ਜਵਾਨਾਂ ਨੂੰ ਭੇਟ ਕੀਤੇ ਗਏ। ਯੂਨਿਟ ਨੂੰ ਜੀ ਆਇਆਂ ਕਹਿਣ ਲਈ ਆਏ ਹੋਏ ਰਿਟਾਇਰਡ ਮੈਂਬਰਾਂ ਵਿੱਚ ਕੈਪਟਨ ਸੁਖਵੀਰ ਸਿੰਘ, ਕੈਪਟਨ ਬਖਤੌਰ ਸਿੰਘ, ਕੈਪਟਨ ਅਮਰੀਕ ਸਿੰਘ, ਸੂਬੇਦਾਰ ਮੇਜਰ ਸੰਤੋਖ ਸਿੰਘ,ਸੂਬੇਦਾਰ ਗੁਰਮੇਲ ਸਿੰਘ, ਸੂਬੇਦਾਰ ਸੁਰਿੰਦਰਪਾਲ ਸਿੰਘ, ਸੂਬੇਦਾਰ ਜੁਗਰਾਜ ਸਿੰਘ, ਸੂਬੇਦਾਰ ਰਾਜਵਿੰਦਰ ਸਿੰਘ, ਸੂਬੇਦਾਰ ਲਵਜੀਤ ਸਿੰਘ,ਹੌਲਦਾਰ ਜਸਵੰਤ ਸਿੰਘ, ਹੌਲਦਾਰ ਪਰਵਿੰਦਰ ਸਿੰਘ ਸਨ। ਕੁੱਝ ਮੈਂਬਰਾਂ ਨੇ ਫੋਨ ਕਰਕੇ ਹਾਜ਼ਰੀ ਲਗਵਾਈ ਜੋ ਆਉਣਾ ਚਾਹੁੰਦੇ ਸਨ ਪਰ ਕਿਸੇ ਕਾਰਨ ਕਰਕੇ ਨਹੀਂ ਆ ਸਕੇ।ਉਹਨਾਂ ਵਿੱਚ ਕੈਪਟਨ ਗੁਰਦਿਆਲ ਸਿੰਘ, ਕੈਪਟਨ ਸਤਪਾਲ ਸਿੰਘ, ਕੈਪਟਨ ਦਲਵੀਰ ਸਿੰਘ,ਕੈਪਟਨ ਸੁਰਿੰਦਰ ਸਿੰਘ, ਕੈਪਟਨ ਕੁਲਵਿੰਦਰ ਸਿੰਘ, ਕੈਪਟਨ ਪ੍ਰੇਮ ਸਿੰਘ, ਕੈਪਟਨ ਸਕੱਤਰ ਸਿੰਘ, ਹੌਲਦਾਰ ਰਛਪਾਲ ਸਿੰਘ, ਹੌਲਦਾਰ ਬਚਿੱਤਰ ਸਿੰਘ ਬੈਲਜੀਅਮ, ਹੌਲਦਾਰ ਸੁੱਖਵਿੰਦਰ ਸਿੰਘ ਯੂ ਕੇ, ਸੂਬੇਦਾਰ ਭਗਤ ਸਿੰਘ, ਕੈਪਟਨ ਤਰਲੋਕ ਸਿੰਘ, ਸੂਬੇਦਾਰ ਲਖਵੀਰ ਸਿੰਘ, ਕੈਪਟਨ ਅਵਤਾਰ ਸਿੰਘ, ਸੂਬੇਦਾਰ ਸੁਖਦਰਸ਼ਨ ਸਿੰਘ, ਨਾਇਬ ਸੂਬੇਦਾਰ ਅਮਰ ਸਿੰਘ ਸਰਾਭਾ, ਨਾਇਕ ਅਮਨਦੀਪ ਸਿੰਘ ਆਦਿ ਸ਼ਾਮਲ ਹਨ।

# ਜ਼ਿੰਦਗੀ ਜ਼ਿੰਦਾਬਾਦ !

ਸੌ ਕੁ ਸਾਲ ਦੇ ਨੇੜੇ ਪਹੁੰਚੀ ਬੀਬੀ ਗੁਰਮੇਜ ਕੌਰ (ਗੇਜੋ) ਦਾ ਜਨਮ ਪਿਤਾ ਉਜਾਗਰ ਸਿੰਘ ਦੇ ਘਰ ਮਾਤਾ ਈਸ਼ਰ ਕੌਰ ਦੀ ਕੁੱਖੋਂ ਪਿੰਡ ਜੱਲੂਵਾਲ, ਤਹਿਸੀਲ ਬਾਬਾ ਬਕਾਲਾ ਸਾਹਿਬ, ਜ਼ਿਲ੍ਹਾ ਅੰਮ੍ਰਿਤਸਰ ਵਿਖੇ ਹੋਇਆ। ਸੱਤ ਭਰਾਵਾਂ ਦੀ ਲਾਡਲੀ ਬੀਬੀ ਗੁਰਮੇਜ ਕੌਰ ਦਾ ਬਚਪਨ ਬੜਾ ਵੀ ਵਧੀਆ ਤੇ ਖੁਸ਼ੀਆਂ-ਖੇੜਿਆਂ ਵਿੱਚ ਬੀਤਿਆ। ਬੀਬੀ ਦਾ ਵਿਆਹ ਸਰਦਾਰ ਪਿਆਰਾ ਸਿੰਘ ਪੁੱਤਰ ਹਰਨਾਮ ਸਿੰਘ ਨਾਲ ਪਿੰਡ ਵਜ਼ੀਰ ਭੁੱਲਰ, ਜ਼ਿਲ੍ਹਾ ਅੰਮ੍ਰਿਤਸਰ ਵਿਖੇ ਹੋਇਆ। ਬੀਬੀ ਦਾ ਵਿਆਹ ਉਸ ਦੇ ਮਾਪਿਆਂ ਬੜੀ ਧੂਮ-ਧਾਮ ਨਾਲ ਕੀਤਾ। ਬੀਬੀ ਦੇ ਘਰ ਦੋ ਪੁੱਤਰਾਂ ਜਗਜੀਤ ਸਿੰਘ ਤੇ ਕੰਵਲਜੀਤ ਸਿੰਘ ਨੇ ਜਨਮ ਲਿਆ, ਜਿਨ੍ਹਾਂ ਨੂੰ ਬੀਬੀ ਨੇ ਬੜੇ ਚਾਵਾਂ-ਮਲ੍ਹਾਰਾਂ ਨਾਲ ਪਾਲਿਆ ਤੇ ਸਕੂਲੀ ਸਿੱਖਿਆ ਦਿਵਾਈ। ਜ਼ਿਕਰਯੋਗ ਹੈ ਕਿ ਸਾਨੂੰ ਵੀ ਬੀਬੀ ਗੁਰਮੇਜ ਕੌਰ ਨੇ ਹੀ ਪਾਲਿਆ ਹੈ। ਸਾਡਾ ਬਚਪਨ ਵੀ ਬੀਬੀ ਦੇ ਘਰ ਹੀ ਉਸ ਦੇ ਬੱਚਿਆਂ ਨਾਲ ਖੇਡਦਿਆਂ ਬੀਤਿਆ। ਬੀਬੀ ਨੇ ਆਪਣੇ ਬੱਚਿਆਂ ਤੇ ਸਾਡੇ ਵਿੱਚ ਕਦੇ ਕੋਈ ਵਿਤਕਰਾ ਨਹੀਂ ਕੀਤਾ। ਕੰਵਲਜੀਤ ਸਿੰਘ ਤਾਂ ਵਧੀਆ ਕਲਾਕਾਰ ਬਣ ਗਿਆ। ਉਸ ਨੇ ਗੁਰਸ਼ਰਨ ਸਿੰਘ ਭਾਅ ਜੀ ਤੇ ਹੰਸਾ ਸਿੰਘ ਦੇ ਨਾਟਕਾਂ ਵਿੱਚ ਕੰਮ ਕਰਦਿਆਂ ਦੇਸ਼ ਭਗਤ ਯਾਦਗਾਰ ਹਾਲ ਜਲੰਧਰ ਵਿਖੇ ਹਰ ਸਾਲ ਲੱਗਦੇ ਗਦਰੀ ਬਾਬਿਆਂ ਦੇ ਮੇਲੇ 'ਚ ਵੀ ਆਪਣੀ ਕਲਾ ਦਾ ਲੋਹਾ ਮੰਨਵਾਇਆ। ਕੋਈ ਐਸਾ ਭਾਣਾ ਵਰਤਿਆ ਕਿ ਬੀਬੀ ਦਾ ਛੋਟਾ ਪੁੱਤਰ ਕੰਵਲਜੀਤ ਸਿੰਘ ਜਵਾਨੀ ਵਿੱਚ ਹੀ ਵਿਛੋੜਾ ਦੇ ਗਿਆ। ਬੀਬੀ ਗੁਰਮੇਜ ਕੌਰ ਤੇ ਉਸ ਦਾ ਪਤੀ ਪਿਆਰਾ ਸਿੰਘ ਛੋਟੇ ਪੁੱਤਰ ਦੇ ਵਿਛੋੜੇ ਦੇ ਦੁੱਖ ਨੂੰ ਅਜੇ ਭੁੱਲੇ ਹੀ ਨਹੀਂ ਸਨ ਕਿ ਵੱਡਾ ਪੁੱਤਰ ਜਗਜੀਤ ਸਿੰਘ ਰੀੜ੍ਹ ਦੀ ਹੱਡੀ 'ਤੇ ਸੱਟ ਵੱਜਣ ਕਾਰਨ ਕੁਝ ਸਮਾਂ ਬਿਮਾਰ ਰਹਿਣ ਉਪਰੰਤ ਉਹ ਵੀ ਰੱਬ ਨੂੰ ਪਿਆਰਾ ਹੋ ਗਿਆ। ਇਕ ਤਰ੍ਹਾਂ ਨਾਲ ਬੀਬੀ ਗੁਰਮੇਜ ਕੌਰ ਦੇ ਪਰਵਾਰ 'ਤੇ ਦੁੱਖਾਂ ਦਾ ਪਹਾੜ ਹੀ ਟੁੱਟ ਪਿਆ, ਪਰ ਬੀਬੀ ਤੇ ਉਸ ਦੀ ਨੂੰਹ ਹਰਜੀਤ ਕੌਰ ਨੇ ਹਿੰਮਤ ਨਹੀਂ ਹਾਰੀ ਤੇ ਸਬਰ, ਸਿਦਕ ਤੇ ਹੌਸਲੇ ਨਾਲ ਮਿਹਨਤ ਕਰਕੇ ਆਪਣੀਆਂ ਪੋਤਰੀਆਂ ਤੇ ਪੋਤੇ ਅਰਸ਼ਦੀਪ ਸਿੰਘ ਨੂੰ ਉੱਚ ਸਿੱਖਿਆ ਦਿਵਾਈ ਤੇ ਚੰਗੇ ਘਰੀਂ ਪੋਤਰੀਆਂ ਦਾ ਵਿਆਹ ਕੀਤਾ। ਬੀਬੀ ਦਾ ਪੋਤਰਾ ਅਰਸ਼ਦੀਪ ਸਿੰਘ ਆਸਟਰੇਲੀਆ ਵਿਖੇ ਸੈੱਟ ਹੈ। ਜ਼ਿੰਦਗੀ ਵਿੱਚ ਬੀਬੀ ਗੁਰਮੇਜ ਕੌਰ ਨੇ ਆਪਣੇ ਪੇਕੇ ਤੇ ਸਹੁਰੇ ਪਰਵਾਰ ਵਿੱਚ ਬੜੇ ਦੁੱਖ ਦੇਖੇ, ਪਰ ਉਹ ਕਦੇ ਡੋਲੀ ਨਹੀਂ ਤੇ ਨਾ ਹੀ ਪਰਵਾਰ ਨੂੰ ਡੋਲਣ ਦਿੱਤਾ। ਹਰ ਵਕਤ ਕੁਝ ਨਾ ਕੁਝ ਕਰਦੇ ਰਹਿਣਾ ਹੀ ਬੀਬੀ ਦੀ ਲੰਮੀ ਉਮਰ ਦਾ ਰਾਜ਼ ਹੈ। ਸ਼ਾਲਾ! ਇਸੇ ਤਰ੍ਹਾਂ ਹੀ ਬੀਬੀ ਗੁਰਮੇਜ ਕੌਰ ਆਪਣੇ ਪੋਤੇ-ਪੋਤਰੀਆਂ ਵਿੱਚ ਲੰਮੀ ਉਮਰ ਭੋਗੇ ਤੇ ਉਨ੍ਹਾਂ ਦੀਆਂ ਖੁਸ਼ੀਆਂ ਨੂੰ ਹੋਰ ਚਾਰ ਚੰਨ ਲਾਵੇ।



**—ਸੁਖਬੀਰ ਸਿੰਘ**

# ਜੀ ਆਰ ਡੀ ਨਰਸਿੰਗ ਕਾਲਜ 'ਚ ਮਨਾਇਆ ਤੀਆਂ ਦਾ ਤਿਉਹਾਰ

**ਟਾਂਡਾ ਉੜਮੁੜ (ਜਸਵਿੰਦਰ ਸੰਧੂ, ਓਂਕਾਰ ਸਿੰਘ)**- ਜੀ.ਆਰ.ਡੀ ਇੰਸਟੀਚਿਊਟ ਆਫ ਨਰਸਿੰਗ ਕਾਲਜ ਟਾਂਡਾ ਵਿਖੇ ਸਾਉਣ ਮਹੀਨੇ ਦਾ ਪ੍ਰਮੁੱਖ ਤੀਆਂ ਦਾ ਤਿਉਹਾਰ ਤੀਆਂ ਤੀਜ ਦੀਆਂ ਵਜੋਂ ਮਨਾਇਆ ਗਿਆ। ਸੰਸਥਾ ਦੀ ਚੇਅਰਪਰਸਨ ਪ੍ਰਦੀਪ ਕੌਰ ਤੇ ਐਮ.ਡੀ ਬਿਕਰਮ ਸਿੰਘ ਦੇ ਦਿਸ਼ਾ-ਨਿਰਦੇਸ਼ਾਂ ਅਧੀਨ ਕਰਵਾਏ ਗਏ ਗਏ ਇਸ ਤੀਆਂ ਤੀਜ ਦੀਆਂ ਦੇ ਪ੍ਰੋਗਰਾਮ ਵਿੱਚ ਨਰਸਿੰਗ ਸਟਾਫ ਤੋਂ ਇਲਾਵਾ ਵੱਖ-ਵੱਖ ਕਲਾਸਾਂ ਤੋਂ ਨਰਸਿੰਗ ਦੀਆ ਵਿਦਿਆਰਥਣਾਂ ਨੇ ਭਾਗ ਲਿਆ। ਪ੍ਰਿੰਸੀਪਲ ਰੇਨੂ ਬਾਲਾ ਦੀ ਅਗਵਾਈ ਵਿੱਚ ਹੋਏ ਇਸ ਪ੍ਰੋਗਰਾਮ ਦੌਰਾਨ ਜੀ.ਆਰ.ਡੀ ਸਿੱਖਿਆ ਸੰਸਥਾਵਾਂ ਦੀ ਚੇਅਰਪਰਸਨ ਪ੍ਰਦੀਪ ਕੌਰ ਨੇ ਮੁੱਖ ਮਹਿਮਾਨ ਵਜੋਂ ਸ਼ਿਰਕਤ ਕਰਦੇ ਹੋਏ ਸਕੂਲ ਕਾਲਜ ਦੇ ਸਟਾਫ ਅਤੇ ਵਿਦਿਆਰਥਣਾਂ ਨਾਲ ਖੁਸ਼ੀਆਂ ਖੇੜਿਆਂ ਨੂੰ ਸਾਂਝਾ ਕੀਤਾ। ਪ੍ਰੋਗਰਾਮ ਦੇ ਸ਼ੁਰੂਆਤ ਵਿੱਚ ਰਵਾਇਤੀ ਪੰਜਾਬੀ ਪਹਿਰਾਵੇ ਵਿੱਚ ਤਿਆਰ ਹੋਈਆਂ ਵਿਦਿਆਰਥਣਾਂ ਨੇ ਪੰਜਾਬੀ ਸੱਭਿਆਚਾਰ ਦੀ ਝਲਕ ਪੇਸ਼ ਕਰਦੇ ਹੋਏ ਪੁਰਾਤਨ ਸਮੇਂ ਦੇ ਗੀਤ ਪੇਸ਼ ਕੀਤੇ। ਉਪਰੰਤ ਵਿਸ਼ੇਸ਼ ਤੌਰ ਤੇ ਤਿਆਰ ਕੀਤਾ ਗਿਆ ਗਿੱਧੇ ਦਾ ਪ੍ਰੋਗਰਾਮ ਪੇਸ਼ ਕੀਤਾ ਗਿਆ ਜਿਸ ਦੌਰਾਨ ਵਿਦਿਆਰਥਣਾ ਨੇ ਸ਼ਾਨਦਾਰ ਪੇਸ਼ਕਾਰੀ ਕਰਦੇ ਹੋਏ ਸਭਨਾਂ ਨੂੰ ਅਮੀਰ ਪੰਜਾਬੀ ਸੱਭਿਆਚਾਰ ਤੇ ਪੁਰਾਤਨ ਵਿਰਸੇ ਨਾਲ ਜੋੜਿਆ। ਇਸ ਮੌਕੇ ਮੁੱਖ ਮਹਿਮਾਨ ਚੇਅਰਪਰਸਨ ਪ੍ਰਦੀਪ ਕੌਰ ਨੇ ਕਾਲਜ ਦੇ ਸਟਾਫ ਅਤੇ ਵਿਦਿਆਰਥੀਆਂ ਨੂੰ ਇਸ਼ ਤਿਉਹਾਰ ਦੀ ਮੁਬਾਰਕਬਾਦ ਦਿੰਦੇ ਹੋਏ ਕਿਹਾ ਇਹ ਤਿਉਹਾਰ ਸਾਨੂੰ ਆਪਣੇ ਪੰਜਾਬੀ ਸੱਭਿਆਚਾਰ ਨਾਲ ਜੋੜਨ ਦੇ ਨਾਲ-ਨਾਲ ਸਾਨੂੰ ਆਪਸ ਵਿੱਚ ਮਿਲ ਬੈਠ ਕੇ ਖੁਸ਼ੀਆਂ ਸਾਂਝੀਆਂ ਕਰਨ ਦਾ ਮੌਕਾ ਵੀ ਪ੍ਰਾਪਤ ਕਰਦਾ ਹੈ। ਇਸ ਮੌਕੇ ਵਿਦਿਆਰਥਣਾਂ ਵੱਲੋਂ ਸਾਉਣ ਮਹੀਨੇ ਵਿਸ਼ੇਸ਼ ਪਕਵਾਨ ਵੀ ਤਿਆਰ ਵੀ ਕੀਤੇ ਗਏ। ਪ੍ਰੋਗਰਾਮ ਵਿੱਚ ਮਿਸ ਤੀਜ ਦਾ ਜਿੱਤਣ ਵਾਲੀ ਨਰਸਿੰਗ ਦੀ ਵਿਦਿਆਰਥਣ ਨੂੰ ਵਿਸ਼ੇਸ਼ ਤੌਰ ਤੇ ਸਨਮਾਨਿਤ ਵੀ ਕੀਤਾ ਗਿਆ। ਇਸ ਮੌਕੇ ਡਾ. ਤਵਲੀਨ ਕੌਰ, ਵਾਈਸ ਪ੍ਰਿੰਸੀਪਲ ਰਾਜਵਿੰਦਰ ਕੌਰ, ਦਲਜਿੰਦਰ ਕੌਰ, ਲਵਲੀ ਸੈਣੀ, ਜਸਲੀਨ ਕੌਰ, ਹਰਲੀਨ ਕੌਰ, ਮਨਪ੍ਰੀਤ ਕੌਰ,ਆਰਤੀ, ਕਸ਼ਮੀਰ ਕੌਰ, ਸੁਖਪ੍ਰੀਤ ਕੌਰ, ਪ੍ਰਿੰਯਕਾ, ਤਰਨਦੀਪ ਕੌਰ, ਨੀਲਮ ਜੋਤ ਕੌਰ ਵੀ ਮੌਜੂਦ ਸਨ।



# ਅੱਜ ਵੱਡੀ ਗਿਣਤੀ ਔਰਤਾਂ ਧਰਨੇ 'ਚ ਸ਼ਾਮਲ ਹੋਣਗੀਆਂ : ਲਾਲੀ

**ਸ਼ਾਹਕੋਟ (ਗਿਆਨ ਸੈਦਪੁਰੀ)**- ਪੇਂਡੂ ਤੇ ਖੇਤ ਮਜ਼ਦੂਰ ਜਥੇਬੰਦੀਆਂ ਦੇ ਸਾਂਝੇ ਮੋਰਚੇ ਦੇ ਸੱਦੇ ਉੱਤੇ 4 ਅਗਸਤ ਨੂੰ ਜਲੰਧਰ ਤੋਂ ਆਮ ਆਦਮੀ ਪਾਰਟੀ ਦੇ ਕੈਬਨਿਟ ਮੰਤਰੀ ਮਹਿੰਦਰ ਭਗਤ ਦੀ ਜਲੰਧਰ ਸਥਿਤ ਰਿਹਾਇਸ਼ ਅੱਗੇ ਧਰਨੇ ਦੀ ਤਿਆਰੀ ਲਈ ਕਸਬਾ ਮਲਸੀਆਂ ਦੀ ਪੱਤੀ ਸਾਹਲਾ ਨਗਰ ਵਿਖੇ ਔਰਤਾਂ ਦੀ ਮੀਟਿੰਗ ਕੀਤੀ ਗਈ ਜਿਸ ਨੂੰ ਪੰਜਾਬ ਖੇਤ ਮਜ਼ਦੂਰ ਯੂਨੀਅਨ ਦੇ ਇਲਾਕਾ ਨਕੋਦਰ ਸ਼ਾਹਕੋਟ ਦੇ ਸਕੱਤਰ ਸੁਖਜਿੰਦਰ ਲਾਲੀ ਨੇ ਸੰਬੋਧਨ ਕਰਦਿਆਂ ਕਿਹਾ ਕਿ ਭਗਵੰਤ ਮਾਨ ਸਰਕਾਰ ਪਿਛਲੀਆਂ ਸਰਕਾਰਾਂ ਵਾਂਗ ਹੀ ਮਜ਼ਦੂਰਾਂ ਨਾਲ ਵਿਤਕਰਾ ਕਰ ਰਹੀ ਹੈ।ਇਸ ਮੌਕੇ ਔਰਤਾਂ ਦੇ ਇਕੱਠ ਨੂੰ ਸੰਬੋਧਨ ਕਰਦਿਆਂ ਜਥੇਬੰਦੀ ਦੇ ਸੂਬਾ ਵਿੱਤ ਸਕੱਤਰ ਹਰਮੇਸ਼ ਮਾਲੜੀ ਨੇ ਕਿਹਾ ਕਿ ਔਰਤਾਂ ਦੇ ਖਾਤੇ ਵਿੱਚ ਪ੍ਰਤੀ ਮਹੀਨਾ ਇਕ ਹਜ਼ਾਰ ਰੁਪਏ ਪਾਉਣ ਵਾਲੇ ਵਾਅਦੇ ਤੋਂ ਮੁਕਰ ਗਈ ਹੈ ਮਜ਼ਦੂਰਾਂ ਨੂੰ ਰਿਹਾਇਸ਼ੀ ਪਲਾਟ ਦੇਣ, ਕਰਜ਼ ਮਾਫੀ, ਜ਼ਮੀਨੀ ਸੁਧਾਰ ਕਾਨੂੰਨ ਲਾਗੂ ਕਰਨ ਵਰਗੀਆਂ ਮੰਗਾਂ ਤੇ ਮਜ਼ਦੂਰ ਲੜ ਰਹੇ । ਸੂਬਾ ਆਗੂ ਨੇ ਕਿਹਾ ਕਿ ਮਜ਼ਦੂਰ ਮੰਗਾਂ ਦੀ ਪ੍ਰਾਪਤੀ ਲਈ 4 ਅਗਸਤ ਦੇ ਧਰਨੇ ਮਿਸਾਲੀ ਹੋਣਗੇ।

# ਵਾਰਡ ਨੰਬਰ ਅੱਠ ਦੇ ਵਿਕਾਸ ਕੰਮ ਵੱਡੀ ਪੱਧਰ 'ਤੇ ਹੋਣਗੇ : ਗੋਗਨਾ

**ਗੁਰਾਇਆ (ਬਿੰਦਰ ਸੁਮਨ)**- ਗੁਰਾਇਆ ਨਗਰ ਕੌਂਸਲ ਅਧੀਨ ਆਉਂਦੇ ਵਾਰਡ ਨੰਬਰ 8 ਵਿੱਚ ਵਾਰਡ ਕੌਂਸਲਰ ਮਨੋਜ ਕੁਮਾਰ ਗੋਗਨਾ ਦੇ ਅਣਥੱਕ ਯਤਨਾਂ ਸਦਕਾ ਵਿਕਾਸ ਕਾਰਜ ਸ਼ੁਰੂ ਕੀਤੇ ਗਏ। ਇਸ ਦੌਰਾਨ ਆਮ ਆਦਮੀ ਪਾਰਟੀ ਦੇ ਹਲਕਾ ਇੰਚਾਰਜ ਪ੍ਰਿੰਸੀਪਲ ਪ੍ਰੇਮ ਕੁਮਾਰ ਮੁੱਖ ਮਹਿਮਾਨ ਵਜੋਂ ਪਹੁੰਚੇ। ਉਨ੍ਹਾਂ ਨਾਲ ਜ਼ਿਲ੍ਹਾ ਜਲੰਧਰ ਦਿਹਾਤੀ ਪ੍ਰਧਾਨ ਪ੍ਰਦੀਪ ਦੁੱਗਲ, ਸੰਗਠਨ ਇੰਚਾਰਜ ਸੰਜੇ ਅਟਵਾਲ, ਬਲਾਕ ਗੁਰਾਇਆ ਦੇ ਪ੍ਰਧਾਨ ਸੁਦੇਸ਼ ਬਿੱਲਾ, ਨਗਰ ਕੌਂਸਲ ਪ੍ਰਧਾਨ ਹਰਮੇਸ਼ ਲਾਲ, ਕੋਆਰਡੀਨੇਟਰ ਪੰਕਜ ਰਾਏ ਵਿਸ਼ੇਸ਼ ਮਹਿਮਾਨ ਵਜੋਂ ਮੌਜੂਦ ਸਨ, ਜਿਨ੍ਹਾਂ ਦਾ ਵਾਰਡ ਕੌਂਸਲਰ ਮਨੋਜ ਗੋਗਨਾ ਅਤੇ ਵਾਰਡ ਵਾਸੀਆਂ ਨੇ ਹਾਰ ਪਾ ਕੇ ਸਵਾਗਤ ਕੀਤਾ। ਮੁੱਖ ਮਹਿਮਾਨ ਪ੍ਰਿੰਸੀਪਲ ਪ੍ਰੇਮ ਕੁਮਾਰ ਨੇ ਰਸਮੀ ਤੌਰ 'ਤੇ ਰਿਬਨ ਕੱਟ ਕੇ ਵਿਕਾਸ ਕਾਰਜਾਂ ਦਾ ਉਦਘਾਟਨ ਕੀਤਾ। ਉਨ੍ਹਾਂ ਕਿਹਾ ਕਿ ਕੌਂਸਲਰ ਮਨੋਜ ਕੁਮਾਰ ਗੋਗਨਾ ਵੱਲੋਂ ਵਾਰਡ ਦੇ ਵਿਕਾਸ ਵਿੱਚ ਦਿਖਾਈ ਗਈ ਤਤਪਰਤਾ ਸ਼ਲਾਘਾਯੋਗ ਹੈ। ਪ੍ਰਦੀਪ ਦੁੱਗਲ ਅਤੇ ਸੰਜੇ ਅਟਵਾਲ ਨੇ ਕਿਹਾ ਕਿ ਕੌਂਸਲਰ ਮਨੋਜ ਕੁਮਾਰ ਗੋਗਨਾ ਦੇ ਪਰਿਵਾਰ ਨੇ ਹਮੇਸ਼ਾ ਵਾਰਡ ਦੇ ਵਿਕਾਸ ਵਿੱਚ ਵੱਡਾ ਯੋਗਦਾਨ ਪਾਇਆ ਹੈ। ਇਸ ਦੌਰਾਨ ਕੌਂਸਲਰ ਮਨੋਜ ਕੁਮਾਰ ਗੋਗਨਾ ਨੇ ਵਾਰਡ ਵਾਸੀਆਂ ਨੂੰ ਭਰੋਸਾ ਦਿੱਤਾ ਕਿ ਉਨ੍ਹਾਂ ਨੇ ਆਪਣੇ ਵਾਰਡ ਦੇ ਲੋਕਾਂ ਨਾਲ ਜੋ ਵੀ ਵਾਅਦੇ ਕੀਤੇ ਹਨ, ਉਹ ਹਰ ਕੀਮਤ 'ਤੇ ਪੂਰੇ ਕਰਨਗੇ। ਵਾਰਡ ਵਿੱਚ ਸੀਵਰੇਜ, ਪਾਣੀ ਅਤੇ ਸਟਰੀਟ ਲਾਈਟਾਂ ਵਰਗੀਆਂ ਬੁਨਿਆਦੀ ਸਹੂਲਤਾਂ ਯਕੀਨੀ ਬਣਾਈਆਂ ਜਾਣਗੀਆਂ। ਉਨ੍ਹਾਂ ਅਫਸੋਸ ਪ੍ਰਗਟ ਕੀਤਾ ਕਿ ਉਨ੍ਹਾਂ ਤੋਂ ਪਹਿਲਾਂ ਕਿਸੇ ਨੇ ਵੀ ਵਾਰਡ ਦੇ ਵਿਕਾਸ ਪ੍ਰਤੀ ਗੰਭੀਰਤਾ ਨਹੀਂ ਦਿਖਾਈ। ਇਸ ਮੌਕੇ ਕੌਂਸਲਰ ਜਸਵੀਰ ਰਾਜੂ, ਕੌਂਸਲਰ ਦੇ ਪਤੀ ਸੁਨੀਲ ਮਨੋਤਾ, ਕੌਂਸਲਰ ਦੇ ਪਤੀ ਸੰਜੀਵ ਹੀਰ, ਕੌਂਸਲਰ ਪਤੀ ਮੁਨੀਸ਼ ਬਾਵਾ, ਐਡਵੋਕੇਟ ਇੰਦਰਜੀਤ ਵਰਮਾ, ਪਲਵਿੰਦਰ ਸਿੰਘ, ਗੁਲਜ਼ਾਰ ਮਸੀਹ, ਗੌਰਵ, ਹਰਜਿੰਦਰ ਬਿੱਲਾ, ਗੁਰਦੀਪ ਬਿੱਟੂ, ਮਲਕੀਤ ਰਾਮ, ਕੁਲਦੀਪ, , ਮਲਕੀਤ ਰਾਮ, ਕੁਲਦੀਪ ਭੋਲੀ ਅਤੇ ਹੋਰ ਹਾਜ਼ਰ ਸਨ।



# ਸ੍ਰੀ ਦੁਰਗਾ ਭੰਜਨ ਮੰਡਲੀ ਨੇ ਮਾਤਾ ਚਿੰਤਪੁਰਨੀ ਵਿਖੇ ਲੰਗਰ ਲਗਾਏ



**ਅੱਡਾ ਸਰਾਂ (ਜਸਵੀਰ ਕਾਜਲ)**- ਸ੍ਰੀ ਦੁਰਗਾ ਭੰਜਨ ਮੰਡਲੀ ਧਰਮਸ਼ਾਲਾ ਕਮੇਟੀ ਭੂੰਗਾ ਵਲੋਂ ਨਗਰ ਨਿਵਾਸੀਆਂ, ਐਨ ਆਰ ਆਈ ਸੰਗਤਾਂ ਦੇ ਸਹਿਯੋਗ ਨਾਲ ਮਾਤਾ ਚਿੰਤਪੁਰਨੀ ਸ੍ਰੀ ਦੁਰਗਾ ਭੰਜਨ ਮੰਡਲੀ ਧਰਮਸ਼ਾਲਾ ਵਿੱਚ ਲੰਗਰ ਲਗਾਏ ਗਏ ਅਤੇ ਮਾਤਾ ਜੀ ਦੀ ਚੌਂਕੀ ਲਗਾਈ ਗਈ। ਇਸ ਮੌਕੇ ਮਹੰਤ ਗੁਰਦੇਵ ਪਾਲ ਦੇਵੀ, ਪਰਮਿੰਦਰ ਬਿੱਟੂ, ਸੁਰਿੰਦਰ ਕੌਰ ਆਦਿ ਭੰਜਨ ਮੰਡਲੀ ਵਲੋਂ ਮਾਤਾ ਦਾ ਗੁਣਗਾਣ ਕੀਤਾ ਗਿਆ। ਇਸ ਮੌਕੇ ਕਮੇਟੀ ਪ੍ਰਧਾਨ ਹਰਵਿੰਦਰ ਪਾਲ ਲਾਡੀ, ਕਾਰਜਕਾਰੀ ਧਰਮਿੰਦਰ ਘੁੱਗੀ ਸਤਪਾਲ, ਪ੍ਰਦੀਪ ਕੁਮਾਰ, ਗੁਰਦੇਵ ਪਾਲ, ਅਸਵਨੀ ਕੁਮਾਰ, ਧਰਮਪਾਲ ਪਰਮਿੰਦਰ ਬਿੱਟੂ, ਬਲਵੀਰ, ਮੁਕੇਸ਼ ਕੁਮਾਰ, ਤਰਲੋਕ, ਸਿਵਤੇਜ ਰਾਜੂ ਮਲਕੀਅਤ ਮਿਟੂ ਢੋਲੀ, ਰਣਜੀਤ ਰਿਕਾ, ਉਂਕਾਰ ਆਦਿ ਹਾਜ਼ਰ ਸਨ।

# ਸੰਤ ਹੀਰਾ ਦਾਸ ਕੰਨਿਆ ਮਹਾਂ-ਵਿਦਿਆਲਿਆ ਵਿਖੇ ਤੀਆਂ ਦਾ ਤਿਉਹਾਰ ਮਨਾਇਆ

**ਕਾਲਾ ਸੰਘਿਆਂ (ਮਨਜੀਤ ਮਾਨ)** ਸੰਤ ਹੀਰਾ ਦਾਸ ਕੰਨਿਆ ਮਹਾ ਵਿਦਿਆਲਿਆਂ ਕਾਲਾ ਸੰਘਿਆਂ ਵਿਖੇ ਪ੍ਰਿੰਸੀਪਲ ਬਲਜਿੰਦਰ ਕੌਰ ਸਚਦੇਵਾ ਦੀ ਅਗਵਾਈ ਹੇਠ ਬੜੇ ਉਤਸ਼ਾਹ ਨਾਲ ਤੀਆਂ ਦਾ ਤਿਉਹਾਰ ਮਨਾਇਆ ਗਿਆ।ਜਿਸ ਵਿੱਚ ਪੰਜਾਬੀ ਸੱਭਿਆਚਾਰ ਦੀਆਂ ਰਵਾਇਤਾਂ ਦਾ ਵਿਦਿਆਰਥੀਆਂ ਵੱਲੋਂ ਗਿੱਧਾ, ਬੋਲੀਆਂ, ਗੀਤ, ਲੋਕ ਗੀਤ, ਕਿੱਕਲੀ ਪਾ ਕੇ ਪੂਰਾ ਆਨੰਦ ਮਾਣਿਆ ਗਿਆ। ਵਿਦਿਆਰਥਣਾਂ ਨੇ ਪੰਜਾਬੀ ਪਹਿਰਾਵਾ ਤੇ ਹਾਰ ਸ਼ਿੰਗਾਰ ਕਰਕੇ ਸਭ ਦਾ ਮਨ ਮੋਹਿਆ।ਇਸ ਮੌਕੇ ਵਿਦਿਆਰਥੀਆਂ ਨੇ ਚੂੜੀਆਂ ਚੜਾਉਣ ਦੀ ਰਸਮ ਵੀ ਕੀਤੀ ਤੇ ਮਹਿੰਦੀ, ਪਰੋਪ ਦੇ ਕੰਪੀਟੀਸ਼ਨ ਵੀ ਕਰਵਾਏ ਗਏ। ਪ੍ਰਿੰਸੀਪਲ ਬਲਜਿੰਦਰ ਕੌਰ ਸਚਦੇਵਾ ਨੇ ਵਿਦਿਆਰਥੀਆਂ ਨੂੰ ਤੀਆਂ ਦੇ ਤਿਉਹਾਰ ਦੀ ਵਧਾਈ ਦਿੰਦੇ ਕਿਹਾ ਕਿ ਇਹ ਤਿਉਹਾਰ ਸਾਡੇ ਸੱਭਿਆਚਾਰ ਨੂੰ ਪ੍ਰਦਰਸ਼ਿਤ ਕਰਦਾ ਹੈ। ਇਹ ਹਰਿਆਲੀ ਦਾ ਵੀ ਪ੍ਰਤੀਕ ਹੈ ਇਸ ਲਈ ਸਾਨੂੰ ਰਲ ਮਿਲ ਕੇ ਅਜਿਹੇ ਤਿਉਹਾਰ ਮਨਾਉਣੇ ਚਾਹੀਦੇ ਹਨ।ਇਸ ਸਮਾਗਮ ਵਿੱਚ ਪ੍ਰਿੰਸੀਪਲ ਬਲਜਿੰਦਰ ਕੌਰ ਸੱਚਦੇਵਾ, ਕਾਲਜੀਏਟ ਪ੍ਰਿੰਸੀਪਲ ਰਜਿੰਦਰ ਕੌਰ, ਸਮੂਹ ਸਟਾਫ ਮੈਂਬਰਜ਼ ਅਤੇ ਵਿਦਿਆਰਥੀ ਹਾਜ਼ਰ ਸਨ। ਵਿਦਿਆਰਥੀਆਂ ਨੂੰ ਅੰਤ ਵਿੱਚ ਪਰੰਪਰਿਕ ਪਕਵਾਨ ਖੀਰ ਪੂੜੇ ਵੀ ਖਵਾਏ ਗਏ।



# ਸ਼ਹੀਦਾਂ ਦੇ ਦਿਹਾੜੇ ਮਨਾਉਣਾ ਯੁਵਾ ਪੀੜ੍ਹੀ ਆਪਣਾ ਪਹਿਲਾ ਫਰਜ਼ ਸਮਝੇ : ਦਿਨਕਰ ਸੰਧੂ, ਅਸ਼ੋਕ ਸੰਧੂ

**ਨੂਰਮਹਿਲ (ਬਾਲ ਕ੍ਰਿਸ਼ਨ ਬਾਲੀ)** ਦੇਸ਼ ਦੀ ਅਣਖ ਦੀ ਖਾਤਰ ਸਿਰਫ 41 ਸਾਲ ਦੀ ਉਮਰ 'ਚ ਆਪਣੇ ਜੀਵਨ ਨੂੰ ਦੇਸ਼ ਦੇ ਲੇਖੇ ਲਗਾਉਣ ਵਾਲੇ ਕ੍ਰਾਂਤੀਕਾਰੀ ਸ਼ਹੀਦ-ਏ-ਆਜ਼ਮ ਊਧਮ ਸਿੰਘ ਦਾ ਸ਼ਹੀਦੀ ਦਿਹਾੜਾ ਲਾਇਨਜ਼ ਕਲੱਬ ਨੂਰਮਹਿਲ ਡ੍ਰੀਮ ਦੇ ਨਵ-ਨਿਯੁਕਤ ਅਤੇ ਨੌਜਵਾਨ ਪ੍ਰਧਾਨ ਲਾਇਨ ਦਿਨਕਰ ਸੰਧੂ ਨੇ ਅਸ਼ੋਕ ਬਬਿਤਾ ਸੰਧੂ ਪੈਟਰੋਲੀਅਮ ਚੂਹੇਕੀ ਵਿਖੇ ਪੈਟਰੋਲ ਪੰਪ 'ਤੇ ਬੜੇ ਸ਼ਰਧਾ ਭਾਵ ਨਾਲ ਮਨਾਇਆ।ਲਾਇਨ ਦਿਨਕਰ ਸੰਧੂ ਨੇ ਕਿਹਾ ਜੇਕਰ ਅਸੀਂ ਕਿਸੇ ਵੀ ਇੱਕ ਸ਼ਹੀਦ ਦੀ ਗਾਥਾ ਮਨ ਚਿੱਤ ਨਾਲ ਪੜ੍ਹ ਸੁਣ ਲਈਏ ਤਾਂ ਅਸੀਂ ਮਨ ਅਤੇ ਸੋਚ ਪੱਖੋਂ ਦੇਸ਼ ਦੇ ਸੱਚੇ ਭਗਤ ਬਣ ਸਕਦੇ ਹਾਂ।ਯੁਬਾ ਪੀੜ੍ਹੀ ਨੂੰ ਆਪਣਾ ਧਿਆਨ ਲਾਸਾਨੀ ਸ਼ਹਾਦਤਾਂ ਵਾਲੇ ਸ਼ਹੀਦਾਂ ਵੱਲ ਕੇਂਦਰਿਤ ਕਰਨਾ ਚਾਹੀਦਾ ਹੈ ਤਾਂ ਹੀ ਸਮਾਜਿਕ-ਰਾਜਨੀਤਕ ਬੁਰਾਈਆਂ ਦਾ ਅੰਤ ਸੰਭਵ ਹੈ।ਨੰਬਰਦਾਰ ਯੂਨੀਅਨ ਜ਼ਿਲ੍ਹਾ ਜਲੰਧਰ ਅਤੇ ਕਲੱਬ ਦੇ ਚਾਰਟਰ ਪ੍ਰਧਾਨ ਲਾਇਨ ਅਸ਼ੋਕ ਸੰਧੂ ਨੰਬਰਦਾਰ, ਲਾਇਨ ਬਬਿਤਾ ਸੰਧੂ (ਟਰੈਜ਼ਰਰ), ਲਾਇਨ ਜਸਪ੍ਰੀਤ ਕੌਰ ਸੰਧੂ (ਸੈਕ੍ਰੇਟਰੀ) ਨੇ ਕਿਹਾ ਜੋ ਲੋਕ ਸ਼ਹੀਦਾਂ ਦੀਆਂ ਕੁਰਬਾਨੀਆਂ ਨੂੰ ਚਿੱਤ ਚੇਤੇ ਨਹੀਂ ਰੱਖਦੇ ਉਹ ਦੇਸ਼ ਦੇ ਸੱਚੇ ਨਾਗਰਿਕ ਨਹੀਂ ਹੋ ਸਕਦੇ।ਇਹ ਉਹ ਲੋਕ ਹੁੰਦੇ ਹਨ ਜੋ ਕਾਲੇ ਅੰਗਰੇਜ਼ ਬਣਕੇ ਦੇਸ਼ ਵਿੱਚ ਭ੍ਰਿਸ਼ਟਾਚਾਰ, ਅਰਾਜਕਤਾ, ਬਲਾਤਕਾਰ, ਦੰਗੇ ਫਸਾਦ, ਨਸ਼ੀਲੇ ਪਦਾਰਥ ਆਦਿ ਦੇ ਦਲਾਲ ਬਣਕੇ ਵੱਖ-ਵੱਖ ਅਹੁਦਿਆਂ 'ਤੇ ਬੈਠਕੇ ਸ਼ਹੀਦਾਂ ਦੀਆਂ ਕੁਰਬਾਨੀਆਂ ਦਾ ਮਜ਼ਾਕ ਪੂਰੀ ਦੁਨੀਆ ਵਿੱਚ ਉਡਾਉਂਦੇ ਹਨ। ਨੌਜਵਾਨ ਸ਼ਹੀਦ ਨੂੰ ਸ਼ਰਧਾਂਜਲੀ ਭੇਟ ਕਰਨ ਮੌਕੇ ਲਾਇਨ ਸੀਤਾ ਰਾਮ ਸੋਖਲ, ਸੁਰਜੀਤ ਸਿੰਘ, ਸ਼੍ਰੀਮਤੀ ਸਰਬਜੀਤ ਕੌਰ, ਗਨੀ ਰਾਮੇਵਾਲ, ਲਵਪ੍ਰੀਤ ਰਾਜੋਵਾਲ ਸਮੇਤ ਕਲੱਬ ਦੇ ਸਮੂਹ ਅਫ਼ਸਰਾਂ ਨੇ ਜਿੱਥੇ ਸ਼ਰਧਾ ਭਾਵ ਨਾਲ ਦੀਪ ਬੱਤੀ ਜਗਾਕੇ, ਫੁੱਲਾਂ ਦੀ ਬਰਸਾਤ ਕੀਤੀ ਉੱਥੇ ਨੰਨ੍ਹੇ ਮੁੰਨੇ ਬੱਚਿਆਂ ਗੁਰਅੰਸ਼ ਸੋਖਲ, ਸ਼ਿਵਵੰਸ਼ ਸੰਧੂ ਅਤੇ ਚਿੰਟੂ ਨੇ ਸ਼ਰਧਾ ਸੁਮਨ ਭੇਟ ਕਰ ਆਪਣੇ ਅੰਦਰ ਦੇਸ਼ ਭਗਤੀ ਦੀ ਅਲਖ ਜਗਾਈ।ਕਲੱਬ ਪ੍ਰਧਾਨ (2023-24) ਲਾਇਨ ਸੋਮਿਨਾਂ ਸੰਧੂ, ਚੇਅਰਮੈਨ ਲਾਇਨ ਯੋਗੇਸ਼ ਗੁਪਤਾ ਐਡਵੋਕੇਟ, ਅਡਵਾਈਜ਼ਰ ਸ਼੍ਰੀਮਤੀ ਵਿਸ਼ੂ ਗੁਪਤਾ ਅਤੇ ਕਲੱਬ ਦੇ ਪੀ ਆਰ ਓ ਲਾਇਨ ਰਣਜੀਤ ਸਿੰਘ ਨੇ ਫੋਨ ਰਾਹੀਂ ਜੈ ਹਿੰਦ, ਭਾਰਤ ਮਾਤਾ ਦੀ ਜੈ ਦੀ ਜੈ-ਘੋਸ਼ ਕਰਕੇ ਦੇਸ਼ ਦੇ ਮਹਿਬੂਬ ਸ਼ਹੀਦ ਪ੍ਰਤੀ ਆਪਣਾ ਸਨੇਹ ਪ੍ਰਗਟ ਕੀਤਾ।



# ਮਜਾਰੀ ਵਿਖੇ ਸਿਲਾਈ ਸੈਂਟਰ ਦੀ ਸ਼ੁਰੂਆਤ

**ਬੰਗਾ (ਅਵਤਾਰ ਕਲੇਰ)**- ਬੰਗਾ ਦੇ ਨਜ਼ਦੀਕ ਪਿੰਡ ਮਜਾਰੀ ਵਿਖੇ ਬੀਬੀ ਜਸਵੀਰ ਕੌਰ ਬਾਹੜੋਵਾਲ ਦੇ ਵਿਸ਼ੇਸ਼ ਉਪਰਾਲੇ ਸਦਕਾ ਸ੍ਰੀ ਗੁਰੂ ਰਵਿਦਾਸ ਏਕਤਾ ਲਹਿਰ ਵੱਲੋਂ ਔਰਤਾਂ ਨੂੰ ਸਿਲਾਈ ਕਢਾਈ ਸਿਖਾਉਣ ਲਈ ਸਿਲਾਈ ਸੈਂਟਰ ਦੀ ਸ਼ੁਰੂਆਤ ਕੀਤੀ ਗਈ। ਜਿਸ ਦਾ ਉਦਘਾਟਨ ਸੰਤ ਬਾਬਾ ਮਹਿੰਦਰ ਪਾਲ ਪੰਡਵਾ ਚੇਅਰਮੈਨ ਸ੍ਰੀ ਗੁਰੂ ਰਵਿਦਾਸ ਸਾਧੂ ਸੰਪਰਦਾਇ ਸੁਸਾਇਟੀ ਪੰਜਾਬ ਵੱਲੋਂ ਰਿਬਨ ਕੱਟ ਕੇ ਕੀਤਾ ਗਿਆ। ਇਸ ਮੌਕੇ ਪੰਜਾਬ ਕੰਟੇਨਰ ਅਤੇ ਵੇਅਰ ਹਾਊਸ ਕਾਰਪੋਰੇਸ਼ਨ ਦੇ ਚੇਅਰਮੈਨ ਡਾ. ਸੁਖਵਿੰਦਰ ਕੁਮਾਰ ਸੁੱਖੀ ਵਿਧਾਇਕ ਬੰਗਾ ਵੱਲੋਂ ਉਚੇਚੇ ਤੌਰ ਤੇ ਪਹੁੰਚ ਕੇ ਉਦਘਾਟਨ ਕਰਨ ਆਏ ਸੰਤ ਮਹਾਂਪੁਰਸ਼ਾਂ ਦਾ ਸਵਾਗਤ ਕੀਤਾ ਗਿਆ। ਸ੍ਰੀ ਗੁਰੂ ਰਵਿਦਾਸ ਏਕਤਾ ਲਹਿਰ ਦੇ ਮੁਖੀ ਬਾਬਾ ਜਸਵੀਰ ਸਿੰਘ ਵੱਲੋਂ ਸੰਤ ਬਾਬਾ ਮਹਿੰਦਰ ਪਾਲ, ਡਾ. ਸੁਖਵਿੰਦਰ ਕੁਮਾਰ ਸੁੱਖੀ ਅਤੇ ਪਿੰਡ ਵਾਸੀਆਂ ਦਾ ਸਵਾਗਤ ਅਤੇ ਧੰਨਵਾਦ ਕਰਦਿਆਂ ਕਿਹਾ ਕਿ ਲੜਕੀਆਂ ਨੂੰ ਆਪਣੇ ਪੈਰਾਂ ਤੇ ਖੜੇ ਹੋਣਾ ਬਹੁਤ ਜ਼ਰੂਰੀ ਹੈ । ਉਹਨਾਂ ਦੱਸਿਆ ਕਿ ਇਸ ਇਲਾਕੇ ਵਿੱਚ ਇਹ ਦੂਸਰਾ ਸੈਂਟਰ ਖੋਲਿਆ ਜਾ ਰਿਹਾ ਹੈ ਅਤੇ ਇਸ ਇਲਾਕੇ ਵਿੱਚ 100 ਸਿਲਾਈ ਸੈਂਟਰ ਖੋਲਣ ਦਾ ਟੀਚਾ ਹੈ ਜਿਸ ਨੂੰ ਜਲਦੀ ਪੂਰਾ ਕਰ ਲਿਆ ਜਾਵੇਗਾ। ਉਹਨਾਂ ਦੱਸਿਆ ਕਿ ਹਰੇਕ ਸੈਂਟਰ ਵਿੱਚ 50 ਦੇ ਕਰੀਬ ਲੜਕੀਆਂ ਅਤੇ ਔਰਤਾਂ ਨੂੰ ਸਿਖਲਾਈ ਦਿੱਤੀ ਜਾਂਦੀ ਹੈ ਜਿਨਾਂ ਨੂੰ ਸਿਖਲਾਈ ਉਪਰੰਤ ਆਪਣਾ ਰੁਜ਼ਗਾਰ ਸ਼ੁਰੂ ਕਰਨ ਲਈ ਸਿਲਾਈ ਮਸ਼ੀਨ ਅਤੇ ਹੋਰ ਲੋੜੀਂਦਾ ਸਮਾਨ ਮੁਫਤ ਦਿੱਤਾ ਜਾਵੇਗਾ। ਸੰਤ ਮਹਿੰਦਰਪਾਲ ਪੰਡਵਾਂ ਵੱਲੋਂ ਬਾਬਾ ਜਸਵੀਰ ਸਿੰਘ ਦੇ ਉਪਰਾਲਿਆਂ ਦੀ ਸ਼ਲਾਘਾ ਕੀਤੀ ਅਤੇ 11000 ਰੁਪਏ ਦੀ ਰਾਸ਼ੀ ਵੀ ਭੇਟ ਕੀਤੀ ਗਈ। ਇਸ ਮੌਕੇ ਸੰਤ ਬਾਬਾ ਸਤਨਾਮ ਸਿੰਘ ਪੰਡੋਰੀ ਲੱਧਾ ਸਿੰਘ, ਬਾਬਾ ਸਤਨਾਮ ਸਿੰਘ ਮਜਾਰੀ ਵਾਲੇ, ਸੋਹਣ ਲਾਲ ਢੱਡਾ, ਮਨਪ੍ਰੀਤ ਕੌਰ ਵਾਲੀਆ ਸਿਖਲਾਈ ਟੀਚਰ,ਪ੍ਰਧਾਨ ਜਸਬੀਰ ਕੌਰ ਬਾਹੜੋਵਾਲ , ਅਮਰਜੀਤ ਕੌਰ ਪੰਚ, ਜਸਵਿੰਦਰ ਕੌਰ ਪੰਚ, ਨੰਦਨੀ ਬਾਲਾ, ਹੁਸ਼ਿਆਰਪੁਰ, ਬਾਬਾ ਸਤਨਾਮ ਸਿੰਘ ਮਜਾਰੀ ਵਾਲੇ, ਜਸਵਿੰਦਰ ਸਿੰਘ ਮਜਾਰੀ, ਸੁਮਨ ਮਜਾਰੀ, ਇਕਬਾਲ ਸਿੰਘ ਨੰਬਰਦਾਰ, ਕੁਲਵੰਤ ਸਿੰਘ ਮਜਾਰੀ ਪੰਚ ,ਸੁੱਖਾ ਸਿੰਘ ਮਜਾਰੀ, ਗੁਰਦੀਪ ਸਿੰਘ ਮੋਰਿੰਡਾ,ਦੀਸ਼ਾ ਪੰਚ ਆਦਿ ਹੋਰ ਪਿੰਡ ਨਿਵਾਸੀ ਹਾਜ਼ਰ ਸਨ।



# ਮਿਸਿਜ਼ ਵਰਲਡ ਇੰਟਰਨੈਸ਼ਨਲ 2025 ਐਵਾਰਡ ਨਾਲ ਡਾ. ਅੰਕਿਤਾ ਮੈਨਨ ਸਨਮਾਨਤ

**ਹੁਸ਼ਿਆਰਪੁਰ (ਬਲਵੀਰ ਸਿੰਘ ਸੈਣੀ)**- ਮਿਸਿਜ਼ ਵਰਲਡ ਇੰਟਰਨੈਸ਼ਨਲ 2025 ਦਾ ਖਿਤਾਬ ਜਿੱਤਣ ਵਾਲੀ ਡਾ. ਅੰਕਿਤਾ ਮੈਨਨ ਦਾ ਰਿਆਤ ਬਾਹਰਾ ਗਰੁੱਪ ਵੱਲੋਂ ਸਨਮਾਨ ਕੀਤਾ ਗਿਆ। ਹੁਸ਼ਿਆਰਪੁਰ ਦੀ ਇਸ ਧੀ ਨੇ ਨਾ ਸਿਰਫ ਇਸ ਖੇਤਰ ਦਾ ਸਗੋਂ ਪੂਰੇ ਦੇਸ਼ ਦਾ ਕੌਮਾਂਤਰੀ ਪੱਧਰ 'ਤੇ ਨਾਮਣਾ ਖੱਟਿਆ ਹੈ। ਰਿਆਤ ਬਾਹਰਾ ਕੈਂਪਸ ਪਹੁੰਚਣ 'ਤੇ ਡਾ. ਮੈਨਨ ਦਾ ਨਿੱਘਾ ਸਵਾਗਤ ਕੀਤਾ ਗਿਆ। ਆਪਣੇ ਸੰਬੋਧਨ ਵਿੱਚ ਉਨ੍ਹਾਂ ਨੇ ਨੌਜਵਾਨਾਂ ਨੂੰ ਦ੍ਰਿੜਤਾ, ਟੀਚੇ ਪ੍ਰਤੀ ਸਮਰਪਣ ਅਤੇ ਜਨੂੰਨ ਨਾਲ ਅੱਗੇ ਵਧਣ ਲਈ ਪ੍ਰੇਰਿਤ ਕੀਤਾ। ਉਨ੍ਹਾਂ ਨੇ ਖਾਸ ਤੌਰ 'ਤੇ ਪਾਣੀ ਦੀ ਸੰਭਾਲ ਦੀ ਲੋੜ 'ਤੇ ਜ਼ੋਰ ਦਿੱਤਾ ਅਤੇ ਵਾਤਾਵਰਣ ਪ੍ਰਤੀ ਜਾਗਰੂਕ ਅਤੇ ਜ਼ਿੰਮੇਵਾਰ ਬਣਨ ਦੀ ਅਪੀਲ ਕੀਤੀ। ਇਸ ਮੌਕੇ ਚੇਅਰਮੈਨ ਗੁਰਵਿੰਦਰ ਸਿੰਘ ਬਾਹਰਾ ਨੇ ਕਿਹਾ ਕਿ ਡਾ. ਮੈਨਨ ਦੀ ਪ੍ਰਾਪਤੀ ਪੂਰੇ ਦੇਸ਼ ਲਈ ਮਾਣ ਵਾਲੀ ਗੱਲ ਹੈ। ਉਨ੍ਹਾਂ ਨੌਜਵਾਨਾਂ ਨੂੰ ਉਨ੍ਹਾਂ ਦੇ ਜੀਵਨ ਤੋਂ ਪ੍ਰੇਰਨਾ ਲੈ ਕੇ ਅੱਗੇ ਵਧਣ ਦਾ ਸੱਦਾ ਦਿੱਤਾ। ਸਾਬਕਾ ਐੱਮ.ਪੀ. ਅਵਿਨਾਸ਼ ਰਾਏ ਖੰਨਾ ਨੇ ਕਿਹਾ ਕਿ ਡਾ. ਅੰਕਿਤਾ ਮੈਨਨ ਨੇ ਆਪਣੀ ਪ੍ਰਤਿਭਾ ਅਤੇ ਸਮਾਜਿਕ ਸਰੋਕਾਰਾਂ ਨਾਲ ਭਾਰਤ ਦਾ ਮਾਣ ਵਧਾਇਆ ਹੈ। ਵਿਧਾਇਕ ਬ੍ਰਹਮ ਸ਼ੰਕਰ ਜਿੰਪਾ ਨੇ ਕਿਹਾ ਕਿ ਹੁਸ਼ਿਆਰਪੁਰ ਦੀ ਧੀ ਦੀ ਇਹ ਪ੍ਰਾਪਤੀ ਪੂਰੇ ਪੰਜਾਬ ਲਈ ਮਾਣ ਵਾਲੀ ਗੱਲ ਹੈ। ਕੈਂਪਸ ਡਾਇਰੈਕਟਰ ਡਾ. ਚੰਦਰ ਮੋਹਨ ਨੇ ਸਾਰੇ ਵਿਸ਼ੇਸ਼ ਮਹਿਮਾਨਾਂ ਅਤੇ ਡਾ. ਅੰਕਿਤਾ ਮੈਨਨ ਦਾ ਧੰਨਵਾਦ ਕੀਤਾ।



# ਪੰਜਾਬ ਦੇ ਕਿਸੇ ਵੀ ਕਿਸਾਨ ਨਾਲ ਧੱਕੇਸ਼ਾਹੀ ਨਹੀਂ ਕੀਤੀ ਜਾਵੇਗੀ : ਭਗਵੰਤ ਮਾਨ

**ਚਮਕੌਰ ਸਾਹਿਬ (ਗੁਰਵਿੰਦਰ ਸਿੰਘ ਬੌਬੀ)** ਪੰਜਾਬ ਦੇ ਮੁੱਖ ਮੰਤਰੀ ਭਗਵੰਤ ਮਾਨ ਆਪਣੀ ਪਤਨੀ ਡਾ. ਗੁਰਪ੍ਰੀਤ ਕੌਰ ਤੇ ਬੇਟੀ ਦੇ ਨਾਲ ਇੱਥੋਂ ਦੇ ਇਤਿਹਾਸਿਕ ਗੁਰਦੁਆਰਾ ਸ੍ਰੀ ਕਤਲਗੜ੍ਹ ਸਾਹਿਬ ਵਿਖੇ ਨਤਮਸਤਕ ਹੋਣ ਲਈ ਪੁੱਜੇ।ਇਸ ਦੌਰਾਨ ਉਨ੍ਹਾਂ ਮੱਥਾ ਟੇਕਿਆ ਤੇ ਗੁਰਬਾਣੀ ਕੀਰਤਨ ਸਰਵਣ ਕੀਤਾ। ਉਨ੍ਹਾਂ ਕਿਹਾ ਕਿ ਉਹ ਇਸ ਇਤਿਹਾਸਿਕ ਅਸਥਾਨ ਤੇ ਪੰਜਾਬ ਦੀ ਭਲਾਈ ਅਤੇ ਤਰੱਕੀ ਦੀ ਅਰਦਾਸ ਕਰਨ ਆਏ ਹਨ ਕਿ ਪ੍ਰਮਾਤਮਾ ਨੇ ਉਨ੍ਹਾਂ ਦੀ ਜੋ ਸੇਵਾ ਲਗਾਈ ਹੈ ਉਹ ਸੇਵਾ ਕਰਨ ਲਈ ਪ੍ਰਮਾਤਮਾ ਬਲ ਬਖਸ਼ੇ। ਉਨ੍ਹਾਂ ਨਾਲ ਹਲਕਾ ਵਿਧਾਇਕ ਡਾ. ਚਰਨਜੀਤ ਸਿੰਘ ਵੀ ਮੌਜੂਦ ਸਨ। ਪੱਤਰਕਾਰਾਂ ਨਾਲ ਗੱਲਬਾਤ ਕਰਦਿਆਂ ਮੁੱਖ ਮੰਤਰੀ ਭਗਵੰਤ ਮਾਨ ਨੇ ਲੈਂਡ ਪੂਲਿੰਗ ਪਾਲਿਸੀ ਦੇ ਹੋ ਰਹੇ ਵਿਰੋਧ ਬਾਰੇ ਪੁੱਛੇ ਸਵਾਲ 'ਤੇ ਕਿਹਾ ਕਿ ਆਮ ਲੋਕਾਂ ਨਾਲ ਮੀਟਿੰਗਾਂ ਕੀਤੀਆਂ ਜਾਣਗੀਆਂ ਅਤੇ ਪੰਜਾਬ ਦੇ ਕਿਸੇ ਵੀ ਕਿਸਾਨ ਨਾਲ ਧੱਕੇਸ਼ਾਹੀ ਨਹੀਂ ਕੀਤੀ ਜਾਵੇਗੀ ਸਗੋਂ ਪਾਲਿਸੀ ਨੂੰ ਲੈ ਕੇ ਕਿਸਾਨਾਂ ਨਾਲ ਵੀ ਗੱਲ ਕੀਤੀ ਜਾਵੇਗੀ ਅਤੇ ਕਿਸਾਨਾਂ ਦੀ ਇਸ ਪਾਲਿਸੀ ਨਾਲ ਸਹਿਮਤੀ ਉਪਰੰਤ ਹੀ ਸਰਕਾਰ ਵੱਲੋਂ ਉਨ੍ਹਾਂ ਦੀ ਜ਼ਮੀਨ ਲਈ ਜਾਵੇਗੀ। ਹਾਲ ਹੀ ਵਿੱਚ ਭਾਜਪਾ ਵਿੱਚ ਸ਼ਾਮਲ ਹੋਏ ਖਰੜ ਹਲਕੇ ਤੋਂ ਅਕਾਲੀ ਦਲ ਦੇ ਇੰਚਾਰਜ ਰਣਜੀਤ ਸਿੰਘ ਗਿੱਲ ਤੇ ਵਿਜੀਲੈਂਸ ਛਾਪੇ ਬਾਰੇ ਮੁੱਖ ਮੰਤਰੀ ਨੇ ਜੋ ਕਰਨਗੇ ਸੋ ਭਰਨਗੇ ਦੀ ਗੱਲ ਕਰਦਿਆਂ ਕਿਹਾ ਕਿ ਇਸ ਮਾਮਲੇ ਵਿੱਚ ਸਰਕਾਰ ਦੀ ਕੋਈ ਦਖਲਅੰਦਾਜੀ ਨਹੀ ਹੈ, ਸਗੋਂ ਕਾਨੂੰਨ ਆਪਣਾ ਕੰਮ ਖੁਦ ਕਰੇਗਾ। ਮੁੱਖ ਮੰਤਰੀ ਭਗਵੰਤ ਮਾਨ ਨੇ ਲੋਕ ਸਭਾ ਦੇ ਮੈਂਬਰ ਸੁਖਜਿੰਦਰ ਸਿੰਘ ਰੰਧਾਵਾ ਦੇ ਪੁੱਤਰ ਨੂੰ ਮਿਲੀ ਧਮਕੀ ਤੇ ਕਿਹਾ ਕਿ ਇਹ ਆਪ ਹੀ ਗੈਂਗਸਟਰਾ ਨੂੰ ਪਾਲਦੇ ਰਹੇ ਹਨ ਤੇ ਹੁਣ ਇਨ੍ਹਾਂ ਦਾ ਆਪਸ ਵਿੱਚ ਹਿਸਾਬ ਕਿਤਾਬ ਦਾ ਕੋਈ ਰੌਲਾ ਪੈ ਗਿਆ ਹੋਣਾ।ਉਨ੍ਹਾਂ ਚਮਕੌਰ ਸਾਹਿਬ ਵਿਖੇ ਖੰਡਰ ਬਣ ਰਹੀ ਗੁਰੂ ਗੋਬਿੰਦ ਸਿੰਘ ਸਕਿੱਲ ਯੂਨੀਵਰਸਿਟੀ ਦੇ ਬਾਰੇ ਡਿਟੇਲ ਲੈ ਕੇ ਸਿੱਖਿਆ ਕ੍ਰਾਂਤੀ ਦੇ ਅਧੀਨ ਲੈ ਕੇ ਕੰਮ ਕਰਨ ਦਾ ਦਾਅਵਾ ਕੀਤਾ।ਇਸ ਦੌਰਾਨ ਉਨ੍ਹਾਂ ਪੱਤਰਕਾਰਾਂ ਦੇ ਮਸਲੇ ਤੇ ਸਮੱਸਿਆਵਾਂ ਦਾ ਮਿਲ ਬੈਠ ਕੇ ਹੱਲ ਕਰਨ ਦਾ ਭਰੋਸਾ ਵੀ ਦਿੱਤਾ। ਇਸ ਮੌਕੇ ਪਿੰਡ ਧੌਲਰਾਂ ਵਿਖੇ ਲੱਗ ਰਹੀ ਪੇਪਰ ਮਿੱਲ ਦਾ ਵਿਰੋਧ ਕਰਨ ਵਾਲੇ ਚਮਕੌਰ ਸਾਹਿਬ ਮੋਰਚੇ ਦੇ ਆਗੂਆ ਵੱਲੋ ਮੁੱਖ ਮੰਤਰੀ ਭਗਵੰਤ ਮਾਨ ਨੂੰ ਹਲਕਾ ਵਿਧਾਇਕ ਡਾ. ਚਰਨਜੀਤ ਸਿੰਘ ਦੀ ਅਗਵਾਈ ਹੇਠ ਇੱਕ ਮੰਗ ਪੱਤਰ ਸੌਂਪ ਕੇ ਧਾਰਮਿਕ ਤੇ ਇਤਿਹਾਸਕ ਮਹੱਤਤਾ ਨੂੰ ਧਿਆਨ ਵਿੱਚ ਰੱਖਦਿਆ ਇਸ ਪਵਿੱਤਰ ਧਰਤੀ ਦੇ ਵਾਤਾਵਰਣ ਅਤੇ ਪਾਣੀ ਨੂੰ ਸ਼ੁੱਧ ਰੱਖਣ ਲਈ ਪੇਪਰ ਮਿੱਲ ਨੂੰ ਤੁਰੰਤ ਬੰਦ ਕਰਨ ਦੀ ਮੰਗ ਕੀਤੀ।



# 778 ਲੋਕਾਂ ਨੇ ਲਿਆ ਆਯੂਸ਼ ਮੈਡੀਕਲ ਕੈਂਪ ਦਾ ਲਾਭ

**ਡੇਰਾ ਬੱਸੀ (ਵਿਨੈ ਕੁਮਾਰ ਜੈਨ)**- ਮਾਨਯੋਗ ਡਾਇਰੈਕਟਰ ਆਫ ਆਯੁਰਵੈਦਾ, ਪੰਜਾਬ ਅਤੇ ਜ਼ਿਲ੍ਹਾ ਆਯੁਰਵੈਦਿਕ ਅਤੇ ਯੂਨਾਨੀ ਅਫਸਰ, ਮੋਹਾਲੀ ਦੀ ਰਹਿਨੁਮਾਈ ਅਤੇ ਦਿਸ਼ਾ ਨਿਰਦੇਸ਼ਾਂ ਦੇ ਅਨੁਸਾਰ ਜੀ.ਏ.ਡੀ ਧਰਮਗੜ੍ਹ ਦੇ ਇੰਚਾਰਜ ਡਾ. ਰਜਨੀ ਬਾਲਾ ਦੀ ਮਿਹਨਤ ਸਦਕਾ ਅਤੇ ਗੁਰਦੁਆਰਾ ਪ੍ਰਬੰਧਕ ਕਮੇਟੀ ਅਤੇ ਗ੍ਰਾਮ ਪੰਚਾਇਤ, ਪਿੰਡ ਧਰਮਗੜ੍ਹ ਦੇ ਸਹਿਯੋਗ ਨਾਲ ਗੁਰਦੁਆਰਾ ਸਾਹਿਬ, ਪਿੰਡ ਧਰਮਗੜ੍ਹ ਵਿਖੇ ਆਯੂਸ਼ ਮੈਡੀਕਲ ਕੈਂਪ ਲਗਾਇਆ ਗਿਆ। ਇਸ ਕੈਂਪ ਵਿੱਚ ਹੋਮਿਓਪੈਥੀ ਮੈਡੀਕਲ ਅਫਸਰ ਅਤੇ ਆਯੁਰਵੈਦਿਕ ਮੈਡੀਕਲ ਅਫਸਰ ਵੱਲੋਂ ਸਾਰੇ ਮਰੀਜ਼ਾਂ ਦਾ ਫਰੀ ਚੈੱਕਅਪ ਕੀਤਾ ਗਿਆ ਅਤੇ ਦਵਾਈਆਂ ਵੀ ਵੰਡੀਆਂ ਗਈਆਂ। ਕੈਂਪ ਦੌਰਾਨ ਡਾ. ਰਜਨੀ ਬਾਲਾ, ਡਾ. ਨਵਦੀਪ ਕੌਰ ਅਤੇ ਡਾ. ਅਮੀਰ ਖਾਨ, ਉਪਵੈਦ ਸ੍ਰੀ ਵਿਪਨ ਕੁਮਾਰ, ਨਵਜੋਤ ਕੁਮਾਰ ਅਤੇ ਹੋਮਿਓਪੈਥੀ ਦੇ ਡਾਕਟਰ ਸਾਹਿਬਾਨ ਡਾ. ਅਰੁਣਦੀਪ ਕੌਰ, ਡਾ. ਭੁਪਿੰਦਰ ਸਿੰਘ ਅਤੇ ਫਾਰਮਾਸਿਸਟ ਭੁਪਿੰਦਰ ਸਿੰਘ, ਕਵਿਤਾ ਰਾਣੀ ਨੇ ਸੇਵਾ ਨਿਭਾਈ ਅਤੇ 778 ਮਰੀਜ਼ਾਂ ਦਾ ਚੈੱਕਅਪ ਕੀਤਾ ਗਿਆ। ਕੈਂਪ ਵਿੱਚ ਲਾਅ ਦੀ ਇੱਕ ਵਿਦਿਆਰਥਣ ਪਲਕ ਗੁਪਤਾ ਨੇ ਬਹੁਤ ਤਹਿਦਿਲੀ ਨਾਲ ਸੇਵਾ ਨਿਭਾਈ। ਡਿਸਪੈਂਸਰੀ ਤੋਂ ਸੇਵਾ ਮੁਕਤ ਹੋ ਚੁੱਕੇ ਉਪਵੈਦ ਸ੍ਰੀ ਸੱਜਣ ਸਿੰਘ ਵੱਲੋਂ ਕੈਂਪ ਦੌਰਾਨ ਸਵੈ ਇੱਛਾ ਨਾਲ ਸੇਵਾ ਕੀਤੀ ਗਈ। ਕੈਂਪ ਵਿੱਚ ਸਰਕਾਰੀ ਪ੍ਰਾਇਮਰੀ ਸਕੂਲ, ਸਰਕਾਰੀ ਐਲੀਮੈਂਟਰੀ ਸਕੂਲ ਅਤੇ ਸਰਕਾਰੀ ਹਾਈ ਸਕੂਲ ਧਰਮਗੜ੍ਹ ਦੇ ਵਿਦਿਆਰਥੀਆਂ ਦਾ ਚੈੱਕ ਅਪ ਵੀ ਕੀਤਾ ਗਿਆ ਅਤੇ ਲੋੜ ਅਨੁਸਾਰ ਦਵਾਈਆਂ ਵੀ ਦਿੱਤੀਆਂ। ਕੈਂਪ ਵਿੱਚ ਡਿਊਟੀ ਨਿਭਾਅ ਰਹੇ ਡਾਕਟਰ ਸਾਹਿਬਾਨਾ ਅਤੇ ਸੇਵਾਦਾਰਾਂ ਲਈ ਗੁਰਦੁਆਰਾ ਪ੍ਰਬੰਧਕ ਕਮੇਟੀ ਪਿੰਡ ਧਰਮਗੜ੍ਹ ਵਲੋਂ ਉਚੇਚੇ ਤੌਰ ਤੇ ਲੰਗਰ ਪਾਣੀ ਦਾ ਪ੍ਰਬੰਧ ਵੀ ਕੀਤਾ ਗਿਆ।




# 'ਯੁੱਧ ਨਸ਼ਿਆਂ ਵਿਰੁੱਧ' ਸੰਬੰਧੀ ਮੀਟਿੰਗ

**ਅਲਾਵਲਪੁਰ (ਮਦਨ ਬੰਗੜ)**- ਪੰਜਾਬ ਸਰਕਾਰ ਵੱਲੋਂ ਚਲਾਈ ਗਈ ਨਸ਼ਿਆਂ ਖਿਲਾਫ ਮੁਹਿੰਮ 'ਯੁੱਧ ਨਸ਼ਿਆਂ ਵਿਰੁੱਧ' ਸੰਬੰਧੀ ਕਸਬਾ ਅਲਾਵਲਪੁਰ ਵਿਖੇ ਵਿਸ਼ਾਲ ਮੀਟਿੰਗ ਆਯੋਜਿਤ ਕਰਵਾਈ ਗਈ। ਨਗਰ ਕੌਂਸਲ ਅਲਾਵਲਪੁਰ ਵੱਲੋਂ ਕਰਵਾਈ ਮੀਟਿੰਗ 'ਚ ਉਚੇਚੇ ਤੌਰ 'ਤੇ ਆਮ ਆਦਮੀ ਪਾਰਟੀ ਦੇ ਹਲਕਾ ਇੰਚਾਰਜ ਪਵਨ ਕੁਮਾਰ ਟੀਨੂ ਸਮੇਤ ਉਹਨਾਂ ਦੀ ਪੂਰੀ ਟੀਮ ਵੱਲੋਂ ਸ਼ਿਰਕਤ ਕੀਤੀ ਗਈ। ਮੀਟਿੰਗ ਦੌਰਾਨ ਵੱਖ ਵੱਖ ਬੁਲਾਰਿਆਂ ਨੇ ਪੰਜਾਬ ਸਰਕਾਰ ਵੱਲੋਂ ਚਲਾਈ ਗਈ 'ਯੁੱਧ ਨਸ਼ਿਆਂ ਵਿਰੁੱਧ' ਮੁਹਿੰਮ ਨੂੰ ਇੱਕ ਕਾਮਯਾਬ ਮੁਹਿੰਮ ਦਾ ਰੂਪ ਦੇਣ ਲਈ ਵੱਧ ਚੜ੍ਹ ਕੇ ਹਿੱਸਾ ਪਾਉਣ ਦਾ ਹੋਕਾ ਦਿੱਤਾ।ਇਸ ਮੌਕੇ ਇਲਾਕੇ ਭਰ ਤੋਂ ਇਕੱਠੇ ਹੋਏ ਭਾਰੀ ਗਿਣਤੀ ਵਿੱਚ ਲੋਕਾਂ ਨੂੰ ਸੰਬੋਧਨ ਕਰਦਿਆਂ ਪਵਨ ਕੁਮਾਰ ਟੀਨੂੰ ਨੇ ਕਿਹਾ ਕਿ ਪੰਜਾਬ ਸਰਕਾਰ ਵੱਲੋਂ ਨਸ਼ਿਆਂ ਤੋਂ ਪੰਜਾਬ ਨੂੰ ਬਚਾਉਣ ਲਈ ਜੋ ਮੁਹਿੰਮ ਸ਼ੁਰੂ ਕੀਤੀ ਹੈ ਇਸ ਨੂੰ ਕਾਮਯਾਬ ਕਰਨ ਲਈ ਜਿੱਥੇ ਆਮ ਲੋਕਾਂ ਦੀ ਸ਼ਮੂਲੀਅਤ ਜਰੂਰੀ ਹੈ।ਉਥੇ ਹੀ ਸਕੂਲ ਵਿਦਿਆਰਥੀਆਂ ਵੱਲੋਂ ਵੀ ਇਸ ਵਿੱਚ ਯੋਗਦਾਨ ਪਾਇਆ ਜਾ ਸਕਦਾ ਹੈ। ਉਹਨਾਂ ਵੱਲੋਂ ਵਿਦਿਆਰਥੀਆਂ ਨੂੰ ਸੰਬੋਧਿਤ ਕਰਦਿਆਂ ਕਿਹਾ ਕਿ ਨਸ਼ਿਆਂ ਜਿਹੇ ਨਾਮੁਰਾਦ ਜ਼ਹਿਰ ਤੋਂ ਨੌਜਵਾਨ ਪੀੜੀ ਨੂੰ ਬਚਣਾ ਚਾਹੀਦਾ ਹੈ। ਉਹਨਾਂ ਕਿਹਾ ਕਿ ਨੌਜਵਾਨ ਚੰਗੀ ਪੜ੍ਹਾਈ ਗ੍ਰਹਿਣ ਕਰਨ ਅਤੇ ਆਪਣੀ ਸਿਹਤ ਨੂੰ ਫਿਟ ਰੱਖਣ ਲਈ ਵੱਖ-ਵੱਖ ਖੇਡਾਂ ਵਿੱਚ ਆਪਣਾ ਯੋਗਦਾਨ ਪਾ ਸਕਦੇ ਹਨ।ਇਸ ਮੌਕੇ ਉਹਨਾਂ ਨੇ ਕਸਬਾ ਅਲਾਵਲਪੁਰ ਦੇ ਨੌਜਵਾਨਾਂ ਲਈ ਜਿਮ ਤਿਆਰ ਕਰਨ ਲਈ ਪੰਜਾਬ ਸਰਕਾਰ ਵੱਲੋਂ 10 ਲੱਖ ਰੁਪਏ ਦੇਣ ਦੀ ਗਰਾਂਟ ਦੇਣ ਦਾ ਵਾਅਦਾ ਕੀਤਾ।ਉਹਨਾਂ ਕਿਹਾ ਕਿ ਪੰਜਾਬ ਨੂੰ ਨਸ਼ਿਆਂ ਤੋਂ ਮੁਕਤ ਕਰਨ ਲਈ ਪੰਜਾਬ ਸਰਕਾਰ ਦਾ ਇਹ ਉਪਰਾਲਾ ਬਹੁਤ ਵੱਡਾ ਹੈ।ਇਸ ਮੌਕੇ ਹਾਜ਼ਰ ਸਮੁੱਚੇ ਲੋਕਾਂ ਵੱਲੋਂ ਨਸ਼ਾ ਮੁਕਤੀ ਲਈ ਇੱਕ ਜੁੱਟ ਹੋ ਕੇ ਯੁੱਧ ਨਸ਼ਿਆਂ ਵਿਰੁੱਧ ਮੁਹਿੰਮ ਨੂੰ ਕਾਮਯਾਬ ਕਰਨ ਦੀ ਸੌਹ ਚੁੱਕੀ ਗਈ।ਇਸ ਮੌਕੇ ਕੌਂਸਲਰ ਜਸਵੀਰ ਕੌਰ, ਕੌਂਸਲਰ ਰਚਨਾ, ਕੌਂਸਲਰ ਰਾਜ ਰਾਣੀ, ਨਗਰ ਕੌਂਸਲ ਕਾਰਜ ਸਾਧਕ ਅਧਿਕਾਰੀ ਰਾਮਜੀਤ, ਕਾਨੂੰਨਗੋ ਰਮਨ ਕੁਮਾਰ, ਸੀ ਐਫ ਨਿਰਮਲ ਬੈਂਸ , ਡਾ. ਹਨੀ ਸ਼ਰਮਾ, ਏ ਐਸ ਆਈ ਪਰਮਜੀਤ ਸਿੰਘ, ਅਕਾਊਂਟੈਂਟ ਹਰਸ਼ ਕੁਮਾਰ, ਨਵੀਨ ਰਾਣਾ, ਪਾਰੁਲ, ਸਾਬਕਾ ਕੌਂਸਲਰ ਰਾਮ ਰਤਨ ਪਪੀ, ਵਿਨੋਦ ਕਸ਼ਅਪ, ਸੰਜੀਵ ਮਿੰਟੂ, ਤਰਲੋਚਨ, ਨੰਬਰਦਾਰ ਸੁਖਬੀਰ ਸਿੱਧੂ ,ਪਰਮਜੀਤ ਪੱਪੀ, ਅਮਰਜੀਤ ਗੁੱਟੀ, ਅਸ਼ਵਨੀ ਸ਼ਰਮਾ, ਮਦਨ ਲਾਲ, ਪਵਨ ਖੋਸਲਾ, ਨਗਰ ਕੌਂਸਲ ਦਾ ਸਮੂਹ ਸਟਾਫ, ਡਿਜਕੋਟ ਖਾਲਸਾ ਸੀਨੀਅਰ ਸੈਕੰਡਰੀ ਸਕੂਲ ਦੇ ਵਿਦਿਆਰਥੀਆਂ ਤੋਂ ਇਲਾਵਾ ਇਲਾਕੇ ਭਰ ਤੋਂ ਭਾਰੀ ਗਿਣਤੀ ਵਿੱਚ ਪਤਵੰਤੇ ਹਾਜ਼ਰ ਸਨ।



# ਹਾਦਸਾਗ੍ਰਸਤ ਮਜ਼ਦੂਰ ਦੇ ਗੋਡੇ ਦਾ ਅਪ੍ਰੇਸ਼ਨ ਕਰਵਾਇਆ



**ਬੰਗਾ (ਅਵਤਾਰ ਕਲੇਰ)**- ਰੋਟਰੀ ਕਲੱਬ ਬੰਗਾ ਗਰੀਨ ਵੱਲੋਂ ਪਿੰਡ ਸੱਲ੍ਹ ਕਲਾਂ ਦੇ ਹਾਦਸਾਗ੍ਰਸਤ ਮਜ਼ਦੂਰ ਦੇ ਗੋਡੇ ਦੀ ਚੱਪਨੀ ਦਾ ਸਫ਼ਲ ਅਪ੍ਰੇਸ਼ਨ ਕਰਵਾਇਆ ਗਿਆ ਜਿਹੜਾ ਕਿ ਨਾਉਮੀਦ ਸੀ। ਇਸ ਮਜ਼ਦੂਰ ਵਿਕਰਮਜੀਤ ਸਿੰਘ ਵਿੱਕੀ ਨੇ ਚਰਨਜੀਤ ਸਿੰਘ ਨੰਬਰਦਾਰ ਕੋਲ ਇਸ ਅਪਰੇਸ਼ਨ ਬਾਰੇ ਗੱਲ ਕੀਤੀ। ਚਰਨਜੀਤ ਸਿੰਘ ਨੰਬਰਦਾਰ ਨੇ ਰੋਟਰੀ ਕਲੱਬ ਬੰਗਾ ਗਰੀਨ ਨੂੰ ਅਪੀਲ ਕੀਤੀ। ਰੋਟਰੀ ਕਲੱਬ ਵਿੱਦਿਆ ਦੇ ਖੇਤਰ 'ਚ, ਖੇਡਾਂ ਦੇ ਖੇਤਰ 'ਚ ਅਤੇ ਲੋੜਵੰਦਾਂ ਦੀ ਅਕਸਰ ਹੀ ਮੱਦਦ ਕਰਦੇ ਰਹਿੰਦੇ ਹਨ। ਦਿਲਬਾਗ ਸਿੰਘ ਬਾਗੀ ਪ੍ਰਧਾਨ ਰੋਟਰੀ ਕਲੱਬ ਬੰਗਾ ਗਰੀਨ ਦੀ ਕੋਸ਼ਿਸ਼ ਨਾਲ ਇਸ ਲੋੜਵੰਦ ਮਰੀਜ਼ ਦਾ ਆਪਰੇਸ਼ਨ ਹੋ ਗਿਆ। ਦਿਲਬਾਗ ਸਿੰਘ ਬਾਗੀ ਨੇ ਦੱਸਿਆ ਕਿ ਇਸ ਮਰੀਜ਼ ਦੀ ਸਹਾਇਤਾ ਮਹਿੰਦਰ ਸਿੰਘ ਗਰਚਾ, ਸੁਖਦੇਵ ਸਿੰਘ ਗਰਚਾ, ਸ਼ਮਿੰਦਰ ਸਿੰਘ ਗਰਚਾ ਨੇ ਅਹਿਮ ਰੋਲ ਅਦਾ ਕੀਤਾ। ਇਸ ਮੌਕੇ ਪ੍ਰਿੰਸੀਪਲ ਸ਼ੰਕਰ ਦਾਸ,ਰੋਟੇ ਰਣਜੀਤ ਸਿੰਘ ਕਦੋਲਾ, ਰੋਟੇਰੀਨੀਅਨ ਸੁਖਵਿੰਦਰ ਸਿੰਘ ਧਾਮੀ, ਅਜਮੇਰ ਸਿੱਧੂ, ਰੋਟੇ ਜੀਵਨ ਦਾਸ ਕੌਂਸਲ,ਰੋਟੇ ਰਣਵੀਰ ਸਿੰਘ ਰਾਣਾ ਸੈਕਟਰੀ, ਰੋਟੇ ਹਰਪ੍ਰੀਤ ਸਿੰਘ ਸੈਣੀ ਸੈਕਟਰੀ,ਰੋਟੇ ਰਾਮ ਤੀਰਥ, ਕੁਲਵਿੰਦਰ ਕਾਕਾ, ਸੋਨੂੰ ਆਦਿ ਹਾਜ਼ਰ ਸਨ।

# ਮੀਂਹ 'ਚ ਟੀਨ ਦੀਆਂ ਚਾਦਰਾਂ ਨਾਲ ਢੱਕ ਕੇ ਕਰਨਾ ਪਿਆ ਅੰਤਮ ਸੰਸਕਾਰ

**ਡੇਰਾਬੱਸੀ (ਵਿਨੈ ਕੁਮਾਰ ਜੈਨ)** ਨਗਰ ਪ੍ਰੀਸ਼ਦ ਲਾਲੜੂ ਦੇ ਵਾਰਡ-3 ਅਧੀਨ ਪੈਂਦੇ ਪਿੰਡ ਚੌਂਧ ਹੇੜੀ ਵਿੱਚ ਇੱਕ ਬਜ਼ੁਰਗ ਔਰਤ ਦੀ ਮੌਤ ਤੋਂ ਬਾਅਦ, ਪਰਵਾਰ ਨੂੰ ਮੀਂਹ ਵਿੱਚ ਲਾਸ਼ ਦਾ ਸਸਕਾਰ ਕਰਨ ਲਈ ਸਖ਼ਤ ਜੱਦੋ-ਜਹਿਦ ਕਰਨੀ ਪਈ।ਦਰਅਸਲ, ਇੱਥੇ ਇੱਕੋ-ਇੱਕ ਨਗਰਪਾਲਿਕਾ ਸ਼ਮਸ਼ਾਨਘਾਟ ਵਿੱਚ ਛੱਤ ਨਹੀਂ ਹੈ।ਪਰਵਾਰ ਅਤੇ ਰਿਸ਼ਤੇਦਾਰਾਂ ਨੂੰ ਛੱਤ ਪਾਉਣ ਲਈ ਅੰਤਿਮ ਸੰਸਕਾਰ ਲਈ ਲੱਕੜ ਦੇ ਨਾਲ-ਨਾਲ ਟੀਨ ਦੀਆਂ ਚਾਦਰਾਂ, ਪੌੜੀਆਂ ਅਤੇ ਸਫਾਈ ਦੇ ਸਾਮਾਨ ਨੂੰ ਚੁੱਕਣਾ ਪਿਆ।ਖੁੱਲ੍ਹੇ ਅਸਮਾਨ ਹੇਠ ਚਿਤਾ ਨੂੰ ਅੱਗ ਲਗਾਉਣ ਤੋਂ ਬਾਅਦ, ਇਸਦੀ ਰੱਖਿਆ ਲਈ ਟੀਨ ਦੀਆਂ ਚਾਦਰਾਂ ਮੌਕੇ 'ਤੇ ਪਾਉਣੀਆਂ ਪਈਆਂ।ਮੌਤ 'ਤੇ ਅਫ਼ਸੋਸ ਤੋਂ ਵੱਧ, ਲੋਕ ਸ਼ਮਸ਼ਾਨਘਾਟ ਦੀ ਤਰਸਯੋਗ ਹਾਲਤ ਨੂੰ ਲੈ ਕੇ ਪ੍ਰਸ਼ਾਸਨ ਵਿਰੁੱਧ ਗੁੱਸੇ ਵਿੱਚ ਸੀ। ਜਾਣਕਾਰੀ ਅਨੁਸਾਰ, ਪਿੰਡ ਦੇ ਭਾਗ ਸਿੰਘ ਦੀ ਪਤਨੀ 70 ਸਾਲਾ ਨਾਇਬ ਕੌਰ ਲੰਬੇ ਸਮੇਂ ਤੋਂ ਬਿਮਾਰ ਸੀ। ਵੀਰਵਾਰ ਸ਼ਾਮ 7 ਵਜੇ ਉਸਦੀ ਮੌਤ ਹੋ ਗਈ। ਵੀਰਵਾਰ ਰਾਤ ਤੋਂ ਮੀਂਹ ਜਾਰੀ ਸੀ।ਮੀਂਹ ਕਾਰਨ ਪਰਿਵਾਰ ਅਤੇ ਰਿਸ਼ਤੇਦਾਰਾਂ ਦੀਆਂ ਚਿੰਤਾਵਾਂ ਹੋਰ ਵੀ ਵੱਧ ਗਈਆਂ, ਕਿਉਂਕਿ ਇੱਕੋ-ਇੱਕ ਸ਼ਮਸ਼ਾਨਘਾਟ 'ਤੇ ਮੀਂਹ ਤੋਂ ਬਚਾਉਣ ਲਈ ਕੋਈ ਸ਼ੈੱਡ ਨਹੀਂ ਹੈ, ਨਾ ਹੀ ਚਾਰਦੀਵਾਰੀ।ਸ਼ਮਸ਼ਾਨਘਾਟ ਤੱਕ ਪਹੁੰਚਣ ਲਈ ਪਹਿਲਾਂ ਰਸਤਾ ਸਾਫ਼ ਕਰਨਾ ਪਿਆ।ਧਰਮ ਸਿੰਘ ਨੇ ਦੱਸਿਆ ਕਿ ਵਾਰਡ ਨੰਬਰ 3 ਦੀ ਐਮਸੀ ਰਵਿੰਦਰ ਕੌਰ ਦੇ ਸਹੁਰੇ ਹਰੀ ਚੰਦ ਨੇ ਕਿਹਾ ਕਿ ਵੀਰਵਾਰ ਦੀ ਘਟਨਾ ਬਹੁਤ ਹੀ ਅਫਸੋਸਜਨਕ ਹੈ, ਜਿਸ ਲਈ ਪ੍ਰਸ਼ਾਸਨਿਕ ਅਧਿਕਾਰੀ ਜ਼ਿੰਮੇਵਾਰ ਹਨ।ਹਰੀ ਚੰਦ ਨੇ ਕਿਹਾ ਕਿ ਕੁਝ ਸਮਾਂ ਪਹਿਲਾਂ ਸ਼ਮਸ਼ਾਨਘਾਟ ਦੇ ਸ਼ੈੱਡ ਦੀਆਂ ਸਾਰੀਆਂ ਚਾਦਰਾਂ ਟੁੱਟ ਗਈਆਂ ਸਨ ਅਤੇ ਕੁਝ ਟੁੱਟ ਕੇ ਹਵਾ ਵਿੱਚ ਉੱਡ ਗਈਆਂ ਸਨ। ਉਹ ਲੰਬੇ ਸਮੇਂ ਤੋਂ ਪ੍ਰਸ਼ਾਸਨਿਕ ਅਧਿਕਾਰੀਆਂ ਦੇ ਚੱਕਰ ਲਗਾ ਰਿਹਾ ਹੈ, ਪਰ ਕਿਸੇ ਨੇ ਵੀ ਉਸ ਦੇ ਮਾਮਲੇ 'ਤੇ ਕਾਰਵਾਈ ਨਹੀਂ ਕੀਤੀ।



## ਸਰਕਾਰ ਵੱਲੋਂ ਹੱਕ ਮੰਗਦੇ ਲੋਕਾਂ ਨੂੰ ਡੰਡੇ ਦੇ ਜ਼ੋਰ ਨਾਲ ਦਬਾਉਣ ਦਾ ਭਰਮ ਪਾਲਿਆ ਜਾ ਰਿਹੈ : ਐਡਵੋਕੇਟ ਖੇੜੀ



**ਮਹਿਲ ਕਲਾਂ (ਬਲਵਿੰਦਰ ਵਜੀਦਕੇ, ਪ੍ਰਦੀਪ ਲੋਹਗੜ੍ਹ)**-ਅਮਨ ਕਾਨੂੰਨ ਦੀ ਸਥਿਤੀ ਨੂੰ ਬਰਕਰਾਰ ਰੱਖਣ 'ਚ ਆਮ ਆਦਮੀ ਪਾਰਟੀ ਦੀ ਸਰਕਾਰ ਬੁਰੀ ਤਰ੍ਹਾਂ ਫੇਲ੍ਹ ਸਾਬਿਤ ਹੋ ਚੁੱਕੀ ਹੈ।ਇਹ ਪ੍ਰਗਟਾਵਾ ਕਾਂਗਰਸੀ ਆਗੂ ਐਡਵੋਕੇਟ ਜਸਵੀਰ ਸਿੰਘ ਖੇੜੀ ਨੇ ਕੀਤਾ।ਉਨ੍ਹਾਂ ਕਿਹਾ ਕਿ ਹਰ ਰੋਜ਼ ਕਿਤੇ ਨਾ ਕਿਤੇ ਲੁੱਟਾਂ, ਖੋਹਾਂ, ਜਬਰ ਜ਼ਨਾਹ, ਸ਼ਰੇਆਮ ਦਿਨ ਦਿਹਾੜੇ ਕਤਲ ਦੀਆਂ ਘਟਨਾਵਾਂ ਇਕ ਆਮ ਗੱਲ ਬਣ ਕੇ ਰਹਿ ਗਈ ਹੈ।ਆਗੂ ਖੇੜੀ ਨੇ ਕਿਹਾ ਕਿ ਕਾਂਗਰਸ ਦੇ ਸੀਨੀਅਰ ਆਗੂ ਸੁਖਜਿੰਦਰ ਸਿੰਘ ਰੰਧਾਵਾ ਦੇ ਪੁੱਤਰ ਨੂੰ ਜੇਲ੍ਹ 'ਚ ਬੈਠੇ ਸਮਾਜ ਵਿਰੋਧੀ ਅਨਸਰਾਂ ਵੱਲੋਂ ਜਾਨੋਂ ਮਾਰਨ ਦੀਆਂ ਧਮਕੀਆਂ ਮਿਲਣਾ ਬਹੁਤ ਨਿੰਦਣਯੋਗ ਘਟਨਾ ਹੈ।ਜਦੋਂ ਵੱਡੇ ਆਗੂਆਂ ਦੀ ਜਾਨ-ਮਾਲ ਦੀ ਸੁਰੱਖਿਆ ਨਹੀਂ, ਫਿਰ ਆਮ ਨਾਗਰਿਕ ਦਾ ਕੀ ਹਾਲ ਹੋਵੇਗਾ।ਆਪ ਸਰਕਾਰ ਵੱਲੋਂ ਹੁਣ ਵੋਟਾਂ ਪੱਕੀਆਂ ਕਰਨ ਲਈ ਹਰ ਰੋਜ਼ ਵੱਡੀਆਂ ਰੈਲੀਆਂ ਕਰਕੇ ਉਨ੍ਹਾਂ ਉੱਪਰ ਲੋਕਾਂ ਦੇ ਖੂਨ ਪਸੀਨੇ ਦਾ ਕਰੋੜਾਂ ਰੁਪਿਆ ਪਾਣੀ ਵਾਂਗ ਬਹਾਇਆ ਜਾ ਰਿਹਾ ਹੈ। ਇਸ ਮੌਕੇ ਆਪਣੀਆਂ ਹੱਕੀ ਮੰਗਾਂ ਬਾਰੇ ਆਵਾਜ਼ ਉਠਾਉਣ ਵਾਲੇ ਪ੍ਰਦਰਸ਼ਨਕਾਰੀਆਂ ਨੂੰ ਡੰਡੇ ਦੇ ਜ਼ੋਰ ਨਾਲ ਦਬਾਉਣ ਦਾ ਭਰਮ ਪਾਲਿਆ ਜਾ ਰਿਹਾ ਹੈ।ਐਡਵੋਕੇਟ ਖੇੜੀ ਨੇ ਆਪ ਸਰਕਾਰ ਵੱਲੋਂ ਲਿਆਂਦੀ ਲੈਂਡ ਪੂਲਿੰਗ ਨੀਤੀ ਦੀ ਸਖਤ ਆਲੋਚਨਾ ਕਰਦਿਆਂ ਕਿਹਾ ਕਿ ਕਿਸਾਨਾਂ, ਮਜ਼ਦੂਰਾਂ ਨੂੰ ਕੋਈ ਰਾਹਤ ਪੈਕੇਜ ਦੇਣ ਦੀ ਥਾਂ ਸੂਬਾ ਸਰਕਾਰ ਵੱਲੋਂ ਕੇਂਦਰ ਸਰਕਾਰ ਦੇ ਇਸ਼ਾਰੇ 'ਤੇ ਕਿਸਾਨਾਂ ਦੀਆਂ ਜ਼ਮੀਨਾਂ ਖੋਹਣ ਦੀਆਂ ਸਾਜ਼ਿਸ਼ਾਂ ਨੂੰ ਸਫਲ ਨਹੀਂ ਹੋਣ ਦਿਆਂਗੇ।ਉਨ੍ਹਾਂ ਕਿਹਾ ਕਿ ਕਾਂਗਰਸ ਪਾਰਟੀ ਇਸ ਬਿਪਤਾ ਦੀ ਘੜੀ ਵਿੱਚ ਸੂਬੇ ਦੇ ਕਿਸਾਨਾਂ ਨਾਲ ਚਟਾਨ ਵਾਂਗ ਡੱਟ ਕੇ ਖੜੀ ਹੈ।ਉਨ੍ਹਾਂ ਸਮੂਹ ਲੋਕਾਂ ਨੂੰ ਆਪ ਸਰਕਾਰ ਦੀਆਂ ਧੱਕੇਸ਼ਾਹੀਆਂ ਖਿਲਾਫ ਕਾਂਗਰਸ ਪਾਰਟੀ ਦੀ ਅਗਵਾਈ ਹੇਠ ਲਾਮਬੰਦ ਹੋਣ ਦੀ ਅਪੀਲ ਕੀਤੀ।

## ਸਪਰਿੰਗ ਡਿਊ ਸਕੂਲ ਨਾਨਕਸਰ ਦਾ ਜ਼ੋਨਲ ਖੇਡਾਂ 'ਚ ਸ਼ਾਨਦਾਰ ਪ੍ਰਦਰਸ਼ਨ



**ਜਗਰਾਉਂ (ਸੰਜੀਵ ਅਰੋੜਾ)**-ਸਪਰਿੰਗ ਡਿਊ ਸਕੂਲ ਨਾਨਕਸਰ ਦੇ ਵਿਦਿਆਰਥੀਆਂ ਵੱਲੋਂ ਵੱਖ-ਵੱਖ ਜ਼ੋਨਲ ਮੁਕਾਬਲਿਆਂ ਵਿੱਚ ਹਰ ਸਾਲ ਦੀ ਤਰ੍ਹਾਂ ਆਪਣੀ ਝੰਡੀ ਬਰਕਰਾਰ ਰੱਖਦਿਆਂ ਸ਼ਾਨਦਾਰ ਪ੍ਰਦਰਸ਼ਨ ਕੀਤਾ। ਸਕੂਲ ਦੀ ਅੰਡਰ-19 ਫੁੱਟਬਾਲ ਦੀ ਟੀਮ ਨੇ ਅਜੇਤੂ ਰਹਿੰਦਿਆਂ ਜ਼ੋਨ 'ਚੋਂ ਪਹਿਲਾ ਸਥਾਨ ਪ੍ਰਾਪਤ ਕੀਤਾ ਤੇ ਸਕੂਲ ਦੇ ਪੰਜ ਵਿਦਿਆਰਥੀਆਂ ਨੇ ਜ਼ਿਲ੍ਹੇ ਦੀ ਟੀਮ ਵਿੱਚ ਆਪਣਾ ਨਾਮ ਦਰਜ ਕਰਵਾਇਆ। ਇਸੇ ਤਰ੍ਹਾਂ ਅੰਡਰ-14 (ਲੜਕੀਆਂ) ਨੇ ਖੋ-ਖੋ ਟੂਰਨਾਮੈਂਟ ਵਿੱਚ ਦੂਜਾ ਸਥਾਨ ਪ੍ਰਾਪਤ ਕਰਦਿਆਂ ਸਕੂਲ ਦੀਆਂ ਚਾਰ ਵਿਦਿਆਰਥਣਾਂ ਦੀ ਚੋਣ ਜ਼ਿਲ੍ਹਾ ਟੀਮ ਲਈ ਹੋਈ, ਅੰਡਰ-19 (ਲੜਕੀਆਂ) ਨੇ ਖੋ-ਖੋ ਟੂਰਨਾਮੈਂਟ ਵਿੱਚ ਦੂਜਾ ਸਥਾਨ ਪ੍ਰਾਪਤ ਕੀਤਾ ਤੇ ਸਕੂਲ ਦੀਆਂ ਚਾਰ ਵਿਦਿਆਰਥਣਾਂ ਨੇ ਜ਼ਿਲ੍ਹੇ ਦੀ ਟੀਮ ਵਿੱਚ ਸਥਾਨ ਪੱਕਾ ਕੀਤਾ। ਜ਼ੋਨਲ ਵਾਲੀਬਾਲ ਟੂਰਨਾਮੈਂਟ ਵਿੱਚ ਅੰਡਰ-19 (ਲੜਕੀਆਂ) ਦੀ ਟੀਮ ਨੇ ਤੀਜਾ ਸਥਾਨ ਪ੍ਰਾਪਤ ਕੀਤਾ। ਚੈੱਸ ਅੰਡਰ-19 (ਲੜਕੇ) ਮੁਕਾਬਲੇ ਜੋ ਰਾਮਗੜ੍ਹ-ਭੁੱਲਰ ਵਿਖੇ ਹੋਇਆ, ਉਸ ਵਿੱਚ ਤੀਜਾ ਸਥਾਨ ਪ੍ਰਾਪਤ ਕੀਤਾ। ਸਕੂਲ ਦੇ ਲਗਭਗ 15 ਵਿਦਿਆਰਥੀਆਂ ਨੇ ਜ਼ਿਲ੍ਹੇ ਦੀਆਂ ਟੀਮਾਂ ਲਈ ਆਪਣਾ ਨਾਮ ਦਰਜ ਕਰਵਾਇਆ। ਇਸ ਮੌਕੇ ਇਨ੍ਹਾਂ ਜੇਤੂ ਵਿਦਿਆਰਥੀਆਂ ਨੂੰ ਸਕੂਲ ਦੇ ਪ੍ਰਿੰਸੀਪਲ ਮੈਡਮ ਰੀਨਾ ਜੈਦਿਕਾ ਤੇ ਵਾਇਸ ਪ੍ਰਿੰਸੀਪਲ ਬੇਅੰਤ ਬਾਵਾ ਨੇ ਮੁਬਾਰਕਬਾਦ ਦਿੰਦਿਆਂ ਕਿਹਾ ਕਿ ਵਿਦਿਆਰਥੀਆਂ ਦੀ ਇਸ ਸਫ਼ਲਤਾ ਪਿੱਛੇ ਉਨ੍ਹਾਂ ਵੱਲੋਂ ਕੀਤੀ ਗਈ ਸਖ਼ਤ ਮਿਹਨਤ ਦੇ ਨਾਲ ਨਾਲ ਉਨ੍ਹਾਂ ਦੇ ਕੋਚ ਸਾਹਿਬਾਨ ਜਗਦੀਪ ਸਿੰਘ, ਲਖਵੀਰ ਸਿੰਘ, ਕੁਲਜੀਤ ਕੌਰ ਤੇ ਕੁਲਦੀਪ ਕੌਰ ਤੋਂ ਇਲਾਵਾ ਉਨ੍ਹਾਂ ਦੇ ਮਾਤਾ-ਪਿਤਾ ਸਾਹਿਬਾਨ ਨੂੰ ਵੀ ਜਿੱਤ ਦਾ ਸਿਹਰਾ ਜਾਂਦਾ ਹੈ। ਉਨ੍ਹਾਂ ਬੱਚਿਆਂ ਨੂੰ ਸਖ਼ਤ ਮਿਹਨਤ, ਸਵੈ-ਭਰੋਸਾ ਤੇ ਅਨੁਸ਼ਾਸਿਤ ਜੀਵਨ ਦੀ ਪ੍ਰੇਰਨਾ ਦਿੱਤੀ। ਇਸ ਦੌਰਾਨ ਪ੍ਰਧਾਨ ਮਨਜੋਤ ਚੌਹਾਨ, ਚੇਅਰਮੈਨ ਬਲਦੇਵ ਬਾਵਾ, ਮੈਨੇਜਿੰਗ ਡਾਇਰੈਕਟਰ ਸੁਖਵਿੰਦਰ ਛਾਬੜਾ, ਡਾਇਰੈਕਟਰ ਨਵਨੀਤ ਚੌਹਾਨ, ਮੈਨੇਜਰ ਮਨਦੀਪ ਚੌਹਾਨ, ਮੈਨੇਜਿੰਗ ਡਾਇਰੈਕਟਰ ਬਹਾਦਰ ਸਿੰਘ ਸਿੱਧੂ ਤੇ ਹਰਜੀਤ ਸਿੰਘ ਸਿੱਧੂ ਯੂ.ਐੱਸ.ਏ. ਨੇ ਅਧਿਆਪਕਾਂ ਤੇ ਜੇਤੂਆਂ ਨੂੰ ਮੁਬਾਰਕਬਾਦ ਦਿੱਤੀ।

## ਮਾਤਾ ਗੁਜਰੀ ਕਾਲਜ 'ਚ ਇੰਡਕਸ਼ਨ ਪ੍ਰੋਗਰਾਮ



**ਫ਼ਤਹਿਗੜ੍ਹ ਸਾਹਿਬ (ਪ੍ਰਮੋਦ ਭਾਰਦਵਾਜ)**-ਮਾਤਾ ਗੁਜਰੀ ਕਾਲਜ ਦੇ ਪੋਸਟ ਗ੍ਰੈਜੂਏਟ ਅਰਥ ਸ਼ਾਸਤਰ ਵਿਭਾਗ ਵੱਲੋਂ ਬੀ.ਏ. ਆਨਰਜ਼ ਭਾਗ-ਪਹਿਲਾ ਦੇ ਵਿਦਿਆਰਥੀਆਂ ਲਈ ਇੰਡਕਸ਼ਨ ਪ੍ਰੋਗਰਾਮ ਦਾ ਆਯੋਜਨ ਕੀਤਾ ਗਿਆ ਜਿਸ ਦਾ ਮੁੱਖ ਉਦੇਸ਼ ਕਾਲਜ ਵਿੱਚ ਨਵੇਂ ਦਾਖ਼ਲ ਹੋਏ ਵਿਦਿਆਰਥੀਆਂ ਨੂੰ ਕਾਲਜ ਅਤੇ ਵਿਭਾਗ ਸੰਬੰਧੀ ਮਹੱਤਵਪੂਰਨ ਜਾਣਕਾਰੀ ਪ੍ਰਦਾਨ ਕਰਨਾ ਸੀ। ਕਾਲਜ ਦੇ ਡਾਇਰੈਕਟਰ ਪ੍ਰਿੰਸੀਪਲ ਡਾ. ਕਸ਼ਮੀਰ ਸਿੰਘ ਨੇ ਵਿਭਾਗ ਦੇ ਇਸ ਉਪਰਾਲੇ ਦੀ ਸ਼ਲਾਘਾ ਕਰਦਿਆਂ ਕਿਹਾ ਕਿ ਅਜਿਹੇ ਪ੍ਰੋਗਰਾਮਾਂ ਦੁਆਰਾ ਜਿੱਥੇ ਵਿਦਿਆਰਥੀਆਂ ਨੂੰ ਵਿਦਿਆਰਥੀ ਜੀਵਨ ਦੀ ਮਹੱਤਤਾ ਬਾਰੇ ਪਤਾ ਚਲਦਾ ਹੈ, ਉੱਥੇ ਨਾਲ ਹੀ ਕਾਲਜ ਦੀਆਂ ਅਹਿਮ ਸਹਿ ਵਿੱਦਿਅਕ ਗਤੀਵਿਧੀਆਂ ਬਾਰੇ ਲਾਭਕਾਰੀ ਜਾਣਕਾਰੀ ਵੀ ਪ੍ਰਾਪਤ ਹੁੰਦੀ ਹੈ। ਸਮਾਗਮ ਦੀ ਸ਼ੁਰੂਆਤ ਸਮੇਂ ਅਰਥ ਸ਼ਾਸਤਰ ਵਿਭਾਗ ਦੇ ਮੁਖੀ ਪ੍ਰੋ. ਨਵਜੀਤ ਕੌਰ ਨੇ ਵਿਦਿਆਰਥੀਆਂ ਦਾ ਸਵਾਗਤ ਕਰਦਿਆਂ ਉਨ੍ਹਾਂ ਨੂੰ ਵਿਭਾਗ ਦੀਆਂ ਪ੍ਰਾਪਤੀਆਂ ਬਾਰੇ ਜਾਣੂ ਕਰਵਾਇਆ। ਇਸ ਤੋਂ ਬਾਅਦ ਪ੍ਰੋ. ਜੁਪਿੰਦਰ ਸਿੰਘ ਨੇ ਵਿਦਿਆਰਥੀਆਂ ਨੂੰ ਪੜ੍ਹਾਈ ਦੀ ਮਹੱਤਤਾ ਸੰਬੰਧੀ ਜਾਣੂ ਕਰਵਾਇਆ। ਇਸ ਮੌਕੇ ਡਾ. ਜਗਪਾਲ ਸਿੰਘ ਨੇ ਵਿਦਿਆਰਥੀਆਂ ਨੂੰ ਕਾਲਜ ਦੀਆਂ ਸੱਭਿਆਚਾਰਕ ਗਤੀਵਿਧੀਆਂ ਵਿਚ ਸ਼ਾਨਦਾਰ ਪ੍ਰਾਪਤੀਆਂ ਬਾਰੇ ਦੱਸਦਿਆਂ ਉਨ੍ਹਾਂ ਨੂੰ ਇਨ੍ਹਾਂ ਗਤੀਵਿਧੀਆਂ ਵਿਚ ਭਾਗ ਲੈਣ ਲਈ ਪ੍ਰੇਰਿਤ ਕੀਤਾ। ਸੋਸ਼ਿਆਲੋਜੀ ਵਿਭਾਗ ਤੋਂ ਡਾ. ਪੁਸ਼ਪਿੰਦਰ ਸਿੰਘ ਨੇ ਵਿਦਿਆਰਥੀਆਂ ਨੂੰ ਕਾਲਜ ਵਿੱਚ ਚੱਲ ਰਹੇ ਐਨ.ਐਸ.ਐਸ. ਅਤੇ ਐਨ.ਸੀ.ਸੀ. ਪ੍ਰੋਗਰਾਮਾਂ ਸਬੰਧੀ ਜਾਣਕਾਰੀ ਦਿੱਤੀ। ਇਸ ਮੌਕੇ ਡਾ. ਹਰਸਿਮਰਨ ਸਿੰਘ ਵੱਲੋਂ ਵਿਦਿਆਰਥੀਆਂ ਨੂੰ ਕਾਲਜ ਵਿਖੇ ਚੱਲ ਰਹੀਆਂ ਵੱਖ-ਵੱਖ ਸਕਾਲਰਸ਼ਿਪ ਸਕੀਮਾਂ ਸੰਬੰਧੀ ਜਾਣਕਾਰੀ ਦਿੱਤੀ ਗਈ। ਇਸ ਮੌਕੇ ਵਿਭਾਗ ਦੇ ਡਾ. ਗੁਰਜਿੰਦਰ ਕੌਰ ਅਤੇ ਸਮੂਹ ਵਿਦਿਆਰਥੀ ਹਾਜ਼ਰ ਸਨ।ਇਸ ਪ੍ਰੋਗਰਾਮ ਦੀ ਸਮਾਪਤੀ ਉਪਰੰਤ ਵਿਦਿਆਰਥੀਆਂ ਨੇ ਰਿਫਰੈਸ਼ਮੈਂਟ ਦਾ ਅਨੰਦ ਮਾਣਿਆ।

## ਛਾਜਲੀ ਵਿਖੇ ਸ਼੍ਰੋਮਣੀ ਅਕਾਲੀ ਦਲ (ਬਾਦਲ) ਦੀ ਮੀਟਿੰਗ





**ਦਿੜ੍ਹਬਾ (ਜਸਵੀਰ ਲਾਡੀ)**-ਇੱਥੋਂ ਨਾਲ ਦੇ ਪਿੰਡ ਛਾਜਲੀ ਵਿਖੇ ਸ਼੍ਰੋਮਣੀ ਅਕਾਲੀ ਦਲ (ਬਾਦਲ) ਦੀ ਮੀਟਿੰਗ ਜ਼ਿਲ੍ਹਾ ਪ੍ਰਧਾਨ ਤੇਜਿੰਦਰ ਸਿੰਘ ਸੰਘਰੇੜੀ ਦੀ ਪ੍ਰਧਾਨਗੀ ਹੇਠ ਹੋਈ।ਮੀਟਿੰਗ ਨੂੰ ਸੰਬੋਧਨ ਕਰਦਿਆਂ ਉਨ੍ਹਾਂ ਕਿਹਾ ਕਿ 20 ਅਗਸਤ ਨੂੰ ਅਮਰ ਸ਼ਹੀਦ ਹਰਚੰਦ ਸਿੰਘ ਲੌਂਗੋਵਾਲ ਦੀ ਬਰਸੀ [illegible]

## ਅਗਰਵਾਲ ਧਰਮਸ਼ਾਲਾ ਵਿਖੇ ਸ੍ਰੀ ਸ਼ਿਵ ਮਹਾਂਪੁਰਾਣ ਕਥਾ ਦਾ ਸ਼ੁਭ ਆਰੰਭ



**ਸਮਾਣਾ (ਗੁਰਪਿਆਰ ਸਿੰਘ ਬੱਲ)**-ਅਗਰਵਾਲ ਧਰਮਸ਼ਾਲਾ ਸਮਾਣਾ ਵਿਖੇ ਸ੍ਰੀ ਰੁਦਰ ਅਭਿਸ਼ੇਕ ਅਤੇ ਸ੍ਰੀ ਸ਼ਿਵ ਮਹਾਪੁਰਾਣ ਕਥਾ ਦਾ ਸ਼ੁਭ ਆਰੰਭ ਹੋਇਆ।ਇਸ ਮੌਕੇ ਸ੍ਰੀ ਸ਼ਿਵ ਮਹਾਪੁਰਾਣ ਦੀ ਕਥਾ ਦੇ ਆਰੰਭ ਤੋਂ ਪਹਿਲਾਂ ਸ਼ੋਭਾ ਯਾਤਰਾ ਅਤੇ ਕਲਸ਼ ਯਾਤਰਾ ਕੱਢੀ ਗਈ, ਜਿਸ 'ਚ ਸੈਂਕੜੇ ਭਗਤਾਂ ਨੇ ਭਾਗ ਲਿਆ।ਕਲਸ਼ ਯਾਤਰਾ ਵਿੱਚ ਮਹਿਲਾਵਾਂ ਨੇ ਸਿਰ ਉੱਤੇ ਕਲਸ਼ ਰੱਖ ਕੇ ਸ਼ਰਧਾ ਤੇ ਭਗਤੀ ਨਾਲ ਨਗਰ ਪਰਿਕਰਮਾ ਕੀਤੀ। [illegible] 7 ਵਜੇ ਤੋਂ 9 ਵਜੇ ਤੱਕ ਰੁਦਰ ਅਭਿਸ਼ੇਕ ਅਤੇ ਸ਼ਾਮ ਨੂੰ 3 ਵਜੇ ਤੋਂ 6 ਤਕ ਕਥਾ ਹੋਵੇਗੀ। [illegible]

# ਕਸ਼ਮੀਰ ਧਰਤੀ ਦਾ ਸਵਰਗ ਤਾਂ ਮੌੜ ਮੰਡੀ ਧਰਤੀ ਦਾ ਨਰਕ : ਮੰਡੀ ਨਿਵਾਸੀ




**ਬਠਿੰਡਾ (ਪਰਵਿੰਦਰ ਜੀਤ ਸਿੰਘ)**-ਜੇਕਰ ਕਸ਼ਮੀਰ ਦੀ ਧਰਤੀ ਨੂੰ ਸਵਰਗ ਕਿਹਾ ਜਾਂਦਾ ਹੈ ਤਾਂ ਮੌੜ ਮੰਡੀ ਦੀ ਧਰਤੀ ਨੂੰ ਨਰਕ ਕਹਿਣਾ ਕੋਈ ਗੁਨਾਹ ਨਹੀਂ। ਇਸ ਗੱਲ ਦੀ ਪੁਸ਼ਟੀ ਉਹ ਮੰਡੀ ਨਿਵਾਸੀ ਕਰਦੇ ਹਨ, ਜੋ ਪਿਛਲੇ ਲੰਮੇ ਸਮੇਂ ਤੋਂ ਨਰਕ ਭਰੀ ਜ਼ਿੰਦਗੀ ਜਿਉਣ ਲਈ ਮਜਬੂਰ ਹਨ। ਇਨ੍ਹਾਂ ਮੰਡੀ ਨਿਵਾਸੀਆਂ ਦੀ ਸਰਕਾਰੇ ਦਰਬਾਰੇ ਕਿਸੇ ਨੇ ਕੋਈ ਗੱਲ ਨਹੀਂ ਸੁਣੀ ਅਤੇ ਅੱਜ ਅੱਕੇ ਹੋਏ ਮੰਡੀ ਨਿਵਾਸੀਆਂ ਨੇ ਵਿਧਾਇਕ ਤੇ ਨਗਰ ਕੌਂਸਲ ਪ੍ਰਧਾਨ ਖਿਲਾਫ ਮੰਡੀ ਅੰਦਰ ਇੱਕ ਬੋਰਡ ਲਗਾ ਦਿੱਤਾ ਹੈ, ਜਿਸ ਵਿੱਚ ਲਿਖਿਆ ਹੈ 'ਕੁਝ ਤਾਂ ਸ਼ਰਮ ਕਰੋ।' ਇਸ ਬੋਰਡ ਕੋਲੋਂ ਦੀ ਲੰਘਣ ਵਾਲੇ ਹਰ ਇੱਕ ਵਿਅਕਤੀ ਨੂੰ ਮੰਡੀ ਨਿਵਾਸੀ ਪੜ੍ਹਨ ਲਈ ਪ੍ਰੇਰਿਤ ਕਰ ਰਹੇ ਹਨ। ਬੋਰਡ ਕੋਲ ਖੜੇ ਮੰਡੀ ਨਿਵਾਸੀਆਂ ਨੇ ਦੁਖੀ ਮਨ ਨਾਲ ਦੱਸਦੇ ਕਿਹਾ ਕਿ ਜਿਸ ਚੌਕ ਵਿੱਚ ਇਹ ਬੋਰਡ ਲਗਾਇਆ ਗਿਆ ਹੈ, ਉਸੇ ਚੌਕ ਵਿੱਚ ਚੋਣ ਲੜਨ ਤੋਂ ਪਹਿਲਾਂ ਹਲਕੇ ਦੇ ਵਿਧਾਇਕ ਮਾਈਸਰ ਖਾਨਾ ਨੇ ਮੰਡੀ ਵਾਸੀਆਂ ਦੇ ਹੱਕ ਵਿੱਚ ਆਵਾਜ਼ ਉਠਾਉਂਦੇ ਹੋਏ ਸਰਕਾਰ ਖਿਲਾਫ ਧਰਨਾ ਲਗਾਇਆ ਸੀ ਅਤੇ ਇਸੇ ਚੌਕ ਤੋਂ ਸੁਖਬੀਰ ਸਿੰਘ ਖਾਨਾ ਹੀਰੋ ਬਣੇ ਸਨ। ਉਦੋਂ ਇਨ੍ਹਾਂ ਕੋਲ ਗੱਡੀ ਦੇ ਵਿੱਚ ਹੀ ਧਰਨਾ ਲਗਾਉਣ ਲਈ ਦਰੀਆਂ ਤੇ ਲੋਕਾਂ ਦੇ ਹੱਕ ਵਿੱਚ ਅਵਾਜ਼ ਬੁਲੰਦ ਕਰਨ ਲਈ ਸਪੀਕਰ ਹੁੰਦਾ ਸੀ।ਸੰਨ 2022 ਦੀਆਂ ਵਿਧਾਨ ਸਭਾ ਚੋਣਾਂ ਤੋਂ ਪਹਿਲਾਂ ਲੋਕਾਂ ਨੂੰ ਸੁਖਬੀਰ ਖਾਨਾ ਵਿੱਚ ਇੱਕ ਵੱਡੀ ਆਸ ਦੀ ਕਿਰਨ ਨਜ਼ਰ ਆਈ ਤੇ ਮੰਡੀ ਨਿਵਾਸੀਆਂ ਨੂੰ ਇਹ ਲੱਗਾ ਕਿ ਸੁਖਬੀਰ ਖਾਨਾ ਨੂੰ ਜਿਤਾਉਣ ਨਾਲ ਸ਼ਾਇਦ ਉਨ੍ਹਾਂ ਦੀ ਮੰਡੀ ਦਾ ਕੁੱਝ ਸੁਧਾਰ ਹੋ ਸਕਦਾ ਹੈ। ਮੰਡੀ ਨਿਵਾਸੀਆਂ ਨੇ ਨਾ ਕਾਂਗਰਸ ਪਾਰਟੀ ਦੇਖੀ, ਨਾ ਅਕਾਲੀ ਪਾਰਟੀ ਦੇਖੀ ਅਤੇ ਧੜਾਧੜ ਸੁਖਬੀਰ ਖਾਨਾ ਦੇ ਹੱਕ ਵਿੱਚ ਵੋਟਾਂ ਪਾ ਕੇ ਵਿਧਾਇਕ ਚੁਣ ਲਿਆ ਗਿਆ, ਜਿਸ ਆਸ ਨਾਲ ਮੰਡੀ ਨਿਵਾਸੀਆਂ ਨੇ ਸੁਖਬੀਰ ਖਾਨਾ ਦੇ ਹੱਕ ਵਿੱਚ ਵੋਟਾਂ ਪਾਈਆਂ ਸਨ, ਉਨ੍ਹਾਂ ਆਸਾਂ 'ਤੇ ਸੁਖਬੀਰ ਖਾਨਾ ਖਰਾ ਨਹੀਂ ਉੱਤਰਿਆ। ਮੰਡੀ ਨਿਵਾਸੀਆਂ ਨੇ ਗਿਲਾ ਜ਼ਾਹਰ ਕਰਦਿਆਂ ਕਿਹਾ ਕਿ ਮੰਡੀ ਦਾ ਸੁਧਾਰ ਕਰਾਉਣਾ ਤਾਂ ਦੂਰ ਦੀ ਗੱਲ ਰਹੀ, ਉਨ੍ਹਾਂ ਤਾਂ ਮੰਡੀ ਵੱਲ ਮੂੰਹ ਕਰਨਾ ਹੀ ਛੱਡ ਦਿੱਤਾ ਅਤੇ ਇਸ ਨੂੰ ਰੱਬ ਆਸਰੇ ਛੱਡ ਦਿੱਤਾ ਗਿਆ। ਏਨਾ ਹੀ ਨਹੀਂ ਮੌੜ ਕਲਾਂ ਅੰਦਰ ਕਈ ਮਕਾਨਾਂ ਵਿੱਚ ਤਰੇੜਾਂ ਆ ਗਈਆਂ ਤੇ ਕਈ ਲੋਕ ਆਪਣੇ ਮਕਾਨ ਛੱਡ ਕੇ ਕਿਰਾਏ ਦੇ ਮਕਾਨਾਂ 'ਤੇ ਚਲੇ ਗਏ ਜਾਂ ਫਿਰ ਖੁੱਲ੍ਹੇ ਅਸਮਾਨ ਹੇਠ ਦਿਨ ਕੱਟੀ ਕਰ ਰਹੇ ਹਨ।ਮੰਡੀ ਨਿਵਾਸੀਆਂ ਨੇ ਦੁਖੀ ਮਨ ਨਾਲ ਦੱਸਦਿਆਂ ਕਿਹਾ ਕਿ ਜਿਸ ਬਦਲਾਅ ਨੂੰ ਲੈ ਕੇ ਉਨ੍ਹਾਂ ਨੇ ਆਮ ਆਦਮੀ ਪਾਰਟੀ ਨੂੰ ਵੋਟਾਂ ਪਾਈਆਂ ਸਨ ਅਤੇ ਜੋ ਬਦਲਾਅ ਮੌੜ ਹਲਕੇ ਅੰਦਰ ਆਇਆ, ਉਸ ਬਾਰੇ ਤਾਂ ਕਦੇ ਮੌੜ ਹਲਕੇ ਦੇ ਲੋਕਾਂ ਨੇ ਸੋਚਿਆ ਵੀ ਨਹੀਂ ਹੋਣਾ। ਇਸ ਸਬੰਧੀ ਨਗਰ ਕੌਂਸਲ ਪ੍ਰਧਾਨ ਕਰਨੈਲ ਸਿੰਘ ਦਾ ਕਹਿਣਾ ਹੈ ਕਿ ਸੀਵਰੇਜ ਦੀ ਹਾਲਤ ਪਿਛਲੇ ਕਈ ਸਾਲਾਂ ਤੋਂ ਖਰਾਬ ਹੈ, ਜੋ ਗਰਾਂਟ ਸਰਕਾਰ ਵੱਲੋਂ ਆਈ ਉਹ ਵੀ ਲੇਟ ਸੀ, ਇਹ ਗਰਾਂਟ ਬਹੁਤ ਪਹਿਲਾਂ ਆ ਜਾਣੀ ਚਾਹੀਦੀ ਸੀ।ਕੁਝ ਇਸ ਸਾਲ ਬਰਸਾਤ ਜ਼ਿਆਦਾ ਹੋਈ ਹੈ, ਇਸ ਕਰਕੇ ਇਹ ਸਮੱਸਿਆ ਪੈਦਾ ਹੋਈ ਹੈ। ਉਨ੍ਹਾਂ ਕਿਹਾ ਕਿ ਨਗਰ ਕੌਂਸਲ ਮੌੜ ਵੱਲੋਂ ਮੰਡੀ ਨਿਵਾਸੀਆਂ ਨੂੰ ਚੰਗੀਆਂ ਸਹੂਲਤਾਂ ਦੇਣ ਦੇ ਹਰ ਸੰਭਵ ਕੋਸ਼ਿਸ਼ ਕੀਤੀ ਜਾ ਰਹੀ ਹੈ।

# ਅੱਜ ਦੇ ਧਰਨੇ ਸੰਬੰਧੀ ਤਿਆਰੀਆਂ ਜ਼ੋਰਾਂ 'ਤੇ : ਜਸਵਿੰਦਰ ਵੱਟੂ

## ਗੁੜੀ ਸੰਗਰ 'ਚ ਨਰੇਗਾ ਵਰਕਰ ਯੂਨੀਅਨ ਵੱਲੋਂ ਭਰਵੀਂ ਮੀਟਿੰਗ




**ਸ੍ਰੀ ਮੁਕਤਸਰ ਸਾਹਿਬ (ਸ਼ਮਿੰਦਰਪਾਲ, ਪੂਜਾ)**-ਮੁਕਤਸਰ ਸਾਹਿਬ ਤਹਿਸੀਲ ਗਿੱਦੜਬਾਹਾ ਦੇ ਪਿੰਡ ਗੁੜੀ ਸੰਘਰ ਵਿੱਚ ਮਨਰੇਗਾ ਵਰਕਰ ਯੂਨੀਅਨ ਵੱਲੋਂ ਪਿੰਡ ਗੁੜੀ ਸੰਘਰਸ਼ ਵਿੱਚ ਪ੍ਰਭਾਵਸ਼ਾਲੀ ਮੀਟਿੰਗ ਕੀਤੀ ਗਈ। ਮੀਟਿੰਗ ਦੀ ਪ੍ਰਧਾਨਗੀ ਡਾਕਟਰ ਕਾਰ ਸਿੰਘ ਨੇ ਕੀਤੀ। ਇਸ ਸਮੇਂ ਮਜ਼ਦੂਰਾਂ ਨੂੰ ਸੰਬੋਧਨ ਕਰਦਿਆਂ ਜਥੇਬੰਦੀ ਦੇ ਸੂਬਾ ਆਗੂ ਜਸਵਿੰਦਰ ਸਿੰਘ ਵੱਟੂ ਨੇ ਕਿਹਾ ਕਿ ਕੇਂਦਰ ਦੀ ਮੋਦੀ ਤੇ ਭਗਵੰਤ ਮਾਨ ਸਰਕਾਰਾਂ ਮਜ਼ਦੂਰ ਵਿਰੋਧੀ ਸਾਬਿਤ ਹੋਈਆਂ। ਉਨ੍ਹਾਂ ਕਿਹਾ ਕਿ ਮਨਰੇਗਾ ਦਾ ਪੰਜਾਬ ਵਿੱਚ ਕੰਮ ਬੰਦ ਕਰਕੇ ਭਗਵੰਤ ਮਾਨ ਨੇ ਮਜ਼ਦੂਰ ਵਿਰੋਧੀ ਹੋਣ ਦਾ ਪੱਕਾ ਸਬੂਤ ਦੇ ਦਿੱਤਾ, ਜਿਸ ਨੂੰ ਮਜ਼ਦੂਰ ਜਥੇਬੰਦੀ ਦਾ ਸਾਂਝਾ ਮੋਰਚਾ ਕਦੇ ਵੀ ਬਰਦਾਸ਼ਤ ਨਹੀਂ ਕਰੇਗਾ ਤੇ ਤਿੱਖਾ ਸੰਘਰਸ਼ ਆਰੰਭ ਕਰੇਗਾ। ਉਨ੍ਹਾ ਦੱਸਿਆ ਕਿ ਚਾਰ ਅਗਸਤ ਨੂੰ ਪੰਜਾਬ ਦੇ ਕੈਬਨਿਟ ਮੰਤਰੀ ਬਲਜੀਤ ਕੌਰ ਦੇ ਘਰ ਸਾਹਮਣੇ ਧਰਨਾ ਦਿੱਤਾ ਜਾਵੇਗਾ। ਇਸ ਧਰਨੇ ਵਿੱਚ ਪੰਜਾਬ ਦੀਆਂ ਅੱਠ ਪੇਂਡੂ ਤੇ ਖੇਤ ਮਜ਼ਦੂਰ ਜਥੇਬੰਦੀਆਂ ਵੱਲੋਂ ਸਾਂਝਾ ਮੋਰਚਾ ਬਣਾ ਕੇ ਪੰਜਾਬ ਦੇ ਪੰਜ ਮੰਤਰੀਆਂ ਦੇ ਘਰਾਂ ਸਾਹਮਣੇ ਧਰਨੇ ਪ੍ਰਦਰਸ਼ਨ ਕੀਤੇ ਜਾ ਰਹੇ ਹਨ। ਉਨ੍ਹਾਂ ਦੱਸਿਆ ਕਿ ਧਰਨੇ ਵਿੱਚ ਪੰਜਾਬ ਦੀਆਂ ਅੱਠੇ ਮਜ਼ਦੂਰ ਜਥੇਬੰਦੀਆਂ ਦੇ ਵਰਕਰ ਸ਼ਾਮਲ ਹੋਣਗੇ। ਇਸ ਸਮੇਂ ਦਿਹਾਤੀ ਮਜ਼ਦੂਰ ਸਭਾ ਦੇ ਸੂਬਾ ਕਮੇਟੀ ਮੈਂਬਰ ਜਗਜੀਤ ਸਿੰਘ ਜੱਸੇਆਣਾ ਨੇ ਸੰਬੋਧਨ ਕਰਦਿਆਂ ਪੇਂਡੂ ਤੇ ਸ਼ਹਿਰੀ ਖੇਤਰ ਦੇ ਮਜ਼ਦੂਰਾਂ ਨੂੰ ਅਪੀਲ ਕੀਤੀ ਕਿ ਉਹ ਬਲਜੀਤ ਕੌਰ ਦੇ ਘਰ ਸਾਹਮਣੇ ਲੱਗਣ ਵਾਲੇ ਧਰਨੇ ਵਿੱਚ ਵੱਡੀ ਗਿਣਤੀ 'ਚ ਸ਼ਮੂਲੀਅਤ ਕਰਨ। ਉਨ੍ਹਾਂ ਕਿਹਾ ਕਿ ਚਾਰ ਅਗਸਤ ਨੂੰ ਬੀਬੀ ਬਲਜੀਤ ਕੌਰ ਦੇ ਘਰ ਅੱਗੇ ਲੱਗਣ ਵਾਲੇ ਧਰਨੇ ਵਿੱਚ ਮੁਕਤਸਰ ਤੇ ਬਠਿੰਡਾ ਤੋਂ ਵੱਡੀ ਗਿਣਤੀ ਵਿੱਚ ਮਜ਼ਦੂਰ ਸ਼ਾਮਲ ਹੋਣਗੇ ਤੇ ਪਹਿਲਾਂ ਮਲੋਟ ਮੰਡੀ ਦਾਣਾ ਮੰਡੀ ਵਿੱਚ ਪ੍ਰਭਾਵਸ਼ਾਲੀ ਰੈਲੀ ਕਰਨ ਤੋਂ ਬਾਅਦ ਘਰ ਵੱਲ ਮਾਰਚ ਕੀਤਾ ਜਾਵੇਗਾ।

## ਭਗਤਾ ਬਲਾਕ ਤੋੜਨ ਦੇ ਵਿਰੋਧ 'ਚ ਭਾਜਪਾ ਵੀ ਕੁੱਦੀ

**ਬਠਿੰਡਾ (ਰਾਜੀਵ ਗੋਇਲ)**-ਜਿਉਂ ਹੀ ਹਲਕਾ ਰਾਮਪੁਰਾ ਫੂਲ ਦਾ ਭਗਤਾ ਭਾਈ ਕਾ ਬਲਾਕ ਸਰਕਾਰ ਵੱਲੋਂ ਤੋੜੇ ਜਾਣ ਦੀ ਖਬਰ ਲੋਕਾਂ ਦੇ ਕੰਨਾਂ ਤੱਕ ਪਈ ਤਾਂ ਜਿੱਥੇ ਆਮ ਲੋਕਾਂ ਵਿੱਚ ਰੋਸ ਦੀ ਲਹਿਰ ਪੈਦਾ ਹੋ ਗਈ, ਉੱਥੇ ਹੀ ਸਿਆਸੀ ਆਗੂਆਂ ਵੱਲੋਂ ਸੂਬਾ ਸਰਕਾਰ ਨੂੰ ਘੇਰਨਾ ਸ਼ੁਰੂ ਕਰ ਦਿੱਤਾ ਗਿਆ।ਭਾਵੇਂ ਹੀ ਅਜੇ ਤੱਕ ਇਸ ਮਸਲੇ ਨੂੰ ਲੈ ਕੇ ਸਰਕਾਰ ਦਾ ਕੋਈ ਆਰਡਰ ਸਾਹਮਣੇ ਨਹੀਂ ਆਇਆ, ਪਰ ਭਰੋਸੇਯੋਗ ਸੂਤਰਾਂ ਮੁਤਾਬਿਕ ਭਗਤਾ ਬਲਾਕ ਨੂੰ ਖਤਮ ਕਰਕੇ ਫੂਲ ਨਾਲ ਜੋੜ ਦਿੱਤੇ ਜਾਣ ਦੀ ਚਰਚਾ ਜ਼ੋਰਾਂ 'ਤੇ ਹੈ।ਇਸ ਗੰਭੀਰ ਮਸਲੇ ਨੂੰ ਲੈ ਕੇ ਸਰਕਾਰ ਦੇ ਵਿਰੋਧ ਵਿੱਚ ਭਾਜਪਾ ਵੀ ਕੁੱਦ ਪਈ ਹੈ ਤੇ ਗੱਲਬਾਤ ਕਰਦਿਆਂ ਭਾਜਪਾ ਦੇ ਸਾਬਕਾ ਜ਼ਿਲ੍ਹਾ ਪ੍ਰਧਾਨ ਤੇ ਸੀਨੀਅਰ ਆਗੂ ਗੁਰਬਿੰਦਰ ਸਿੱਧੂ ਨੇ ਕਿਹਾ ਕਿ ਜੇਕਰ ਭਗਤਾ ਬਲਾਕ ਟੁੱਟਦਾ ਹੈ ਤਾਂ ਆਮ ਲੋਕਾਂ ਨਾਲ ਇਹ ਵੱਡੇ ਪੱਧਰ ਤੇ ਬੇਇਨਸਾਫੀ ਹੋਵੇਗੀ ਤੇ ਲੋਕਾਂ ਨੂੰ ਆਪਣੇ ਕੰਮ ਧੰਦੇ ਕਰਵਾਉਣ ਲਈ ਖੱਜਲ ਖੁਆਰ ਹੋਣਾ ਪਿਆ ਕਰੇਗਾ।ਪਿੰਡਾਂ ਅੰਦਰ ਬਣੀਆਂ ਮਹਿਲਾਵਾਂ ਪੰਚਾਂ ਤੇ ਸਰਪੰਚਾਂ ਨੂੰ ਵੀ ਪ੍ਰੇਸ਼ਾਨੀਆਂ ਦਾ ਸਾਹਮਣਾ ਕਰਨਾ ਪਿਆ ਕਰੇਗਾ।ਉਨ੍ਹਾਂ ਕਿਹਾ ਕਿ ਅਸੀਂ ਇਸ ਮਸਲੇ ਨੂੰ ਲੈ ਕੇ ਸਰਕਾਰ ਦੀ ਨਿੰਦਿਆ ਕਰਦੇ ਹੋਏ ਵਿਰੋਧ ਵੀ ਕਰਾਂਗੇ।ਇਸ ਮੌਕੇ ਜਗਸੀਰ ਪੱਪੂ, ਲਾਜਪਤ ਅਰੋੜਾ, ਪਰਮਿੰਦਰ ਸਿੰਘ, ਕਾਲਾ ਸਿੰਘ, ਕੇਵਲ ਕ੍ਰਿਸ਼ਨ ਸਮੇਤ ਹੋਰ ਭਾਜਪਾਈ ਸ਼ਾਮਲ ਸਨ।

# ਪੁਲਸ ਦੀ ਵੱਡੀ ਕਾਰਵਾਈ, 13 ਕਿਲੋ ਹੈਰੋਇਨ ਸਮੇਤ 3 ਤਸਕਰ ਗ੍ਰਿਫਤਾਰ

## ਐਕਟਿਵਾ, ਪਿਸਟਲ ਦਾ ਸਾਮਾਨ ਤੇ 8 ਰੌਂਦ ਬਰਾਮਦ




**ਫਿਰੋਜ਼ਪੁਰ (ਅਸ਼ੋਕ ਸ਼ਰਮਾ)**
ਪੰਜਾਬ ਵਿੱਚ ਨਸ਼ਿਆਂ ਦੇ ਕਾਰੋਬਾਰ ਨੂੰ ਨਕੇਲ ਪਾਉਣ ਲਈ ਚੱਲ ਰਹੀ ਮੁਹਿੰਮ ਤਹਿਤ ਜ਼ਿਲ੍ਹਾ ਫਿਰੋਜ਼ਪੁਰ ਪੁਲਸ ਨੇ ਵੱਡੀ ਕਾਮਯਾਬੀ ਹਾਸਲ ਕੀਤੀ ਹੈ। ਜ਼ਿਲ੍ਹਾ ਫਿਰੋਜ਼ਪੁਰ ਪੁਲਸ ਨੇ ਵੱਖ ਵੱਖ ਥਾਵਾਂ ਤੋਂ 13 ਕਿੱਲੋ ਹੈਰੋਇਨ, 1 ਐਕਟਿਵਾ, ਇੱਕ ਪਿਸਟਲ ਦਾ ਸਾਮਾਨ ਅਤੇ 8 ਰੌਂਦ ਜ਼ਿੰਦਾ ਸਮੇਤ 3 ਤਸਕਰਾਂ ਨੂੰ ਗ੍ਰਿਫਤਾਰ ਕਰਕੇ ਉਨ੍ਹਾਂ ਖਿਲਾਫ ਥਾਣਾ ਸਦਰ ਫਿਰੋਜ਼ਪੁਰ ਤੇ ਥਾਣਾ ਘੱਲਖੁਰਦ ਵਿਖੇ ਮਾਮਲੇ ਦਰਜ ਕੀਤੇ ਹਨ। ਜ਼ਿਲ੍ਹਾ ਪੁਲਸ ਮੁਖੀ ਭੁਪਿੰਦਰ ਸਿੰਘ ਸਿੱਧੂ ਨੇ ਪ੍ਰੈੱਸ ਕਾਨਫਰੰਸ ਵਿਚ ਦੱਸਿਆ ਕਿ ਥਾਣਾ ਸਦਰ ਫਿਰੋਜ਼ਪੁਰ ਦੇ ਇੰਸਪੈਕਟਰ ਮੋਹਿਤ ਧਵਨ ਦੀ ਅਗਵਾਈ ਵਿਚ ਪੁਲਸ ਪਾਰਟੀ ਗਸ਼ਤ ਕਰਦੀ ਹੋਈ ਬਾਰਡਰ ਰੋਡ ਰੇਲਵੇ ਫਾਟਕ ਪਿੰਡ ਮੱਧਰੇ ਪੁੱਜੀ ਤਾਂ ਕਰੀਬ 3.50 ਪੀਐੱਮ 'ਤੇ ਖਾਸ ਮੁਖਬਰ ਨੇ ਇਤਲਾਹ ਦਿੱਤੀ ਕਿ ਦੋਸ਼ੀਆਨ ਗੁਰਪ੍ਰੀਤ ਸਿੰਘ ਉਰਫ ਗੋਰੀ ਪੁੱਤਰ ਗੁਰਦਿਆਲ ਸਿੰਘ ਤੇ ਗੁਰਪ੍ਰੀਤ ਸਿੰਘ ਉਰਫ ਕਾਲੀ ਪੁੱਤਰ ਹਰਨਾਮ ਸਿੰਘ ਵਾਸੀਅਨ ਰਾਜੋ ਕੇ ਗੱਟੀ, ਥਾਣਾ ਸਦਰ ਫਿਰੋਜ਼ਪੁਰ ਪਿੰਡ ਗੋਖੀ ਵਾਲਾ ਸੜਕ 'ਤੇ ਹੈਰੋਇਨ ਲੈ ਕੇ ਖੜੇ ਹਨ। ਪੁਲਸ ਨੇ ਦੱਸਿਆ ਕਿ ਪੁਲਸ ਪਾਰਟੀ ਨੇ ਉਕਤ ਜਗ੍ਹਾ 'ਤੇ ਛਾਪੇਮਾਰੀ ਕਰਕੇ ਦੋਸ਼ੀਆਨ ਗੁਰਪ੍ਰੀਤ ਸਿੰਘ ਉਰਫ ਗੋਰੀ ਤੇ ਗੁਰਪ੍ਰੀਤ ਸਿੰਘ ਉਰਫ ਕਾਲੀ ਨੂੰ 8 ਕਿੱਲੋ 301 ਗ੍ਰਾਮ ਹੈਰੋਇਨ ਸਮੇਤ ਕਾਬੂ ਕੀਤਾ ਗਿਆ। ਜ਼ਿਲ੍ਹਾ ਫਿਰੋਜ਼ਪੁਰ ਪੁਲਸ ਮੁਖੀ ਭੁਪਿੰਦਰ ਸਿੰਘ ਨੇ ਦੱਸਿਆ ਕਿ ਥਾਣਾ ਘੱਲਖੁਰਦ ਪੁਲਸ ਦੇ ਸਹਾਇਕ ਥਾਣੇਦਾਰ ਬਲਵਿੰਦਰ ਸਿੰਘ ਦੀ ਅਗਵਾਈ ਵਿੱਚ ਪੁਲਸ ਪਾਰਟੀ ਸ਼ੱਕੀ ਪੁਰਸ਼ਾਂ ਦੇ ਸਬੰਧ ਵਿੱਚ ਇਲਾਕੇ ਵਿਚ ਸੀ ਤਾਂ ਪਿੰਡ ਮੋਹਕਮ ਵਾਲਾ 'ਚ ਇਕ ਨੌਜਵਾਨ ਜੁਗਰਾਜ ਸਿੰਘ ਉਰਫ ਸਮਰ ਪੁੱਤਰ ਹਾਕਮ ਸਿੰਘ ਵਾਸੀ ਆਸਲ ਥਾਣਾ ਸਦਰ ਫਿਰੋਜ਼ਪੁਰ ਐਕਟਿਵਾ 'ਤੇ ਸਵਾਰ ਹੋ ਕੇ ਆ ਰਿਹਾ ਸੀ ਤਾਂ ਪੁਲਸ ਨੂੰ ਵੇਖ ਕੇ ਘਬਰਾ ਕੇ ਖਿਸਕਣ ਲੱਗਾ ਤਾਂ ਪੁਲਸ ਕਰਮਚਾਰੀਆਂ ਦੀ ਮੱਦਦ ਨਾਲ ਕਾਬੂ ਕਰਕੇ ਉਸ ਦੀ ਪਿੱਠ ਪਿੱਛੇ ਬੈਗ ਨੂੰ ਚੈੱਕ ਕੀਤਾ, ਜਿਸ ਵਿਚੋਂ 4 ਕਿੱਲੋ 720 ਗਰਾਮ ਹੈਰੋਇਨ, 1 ਐਕਟਿਵਾ ਨੰਬਰ ਪੀਬੀ 08 ਪੀਈ 4932, ਪਿਸਟਲ ਜਿਸ ਦੇ ਸਾਰੇ ਪਾਰਟ ਖੁੱਲ੍ਹੇ ਹੋਏ ਸਮੇਤ 8 ਰੌਂਦ ਜ਼ਿੰਦਾ ਬਰਾਮਦ ਕੀਤੇ। ਪੁਲਸ ਨੇ ਦੱਸਿਆ ਕਿ ਉਕਤ ਦੋਸ਼ੀਆਨ ਖਿਲਾਫ ਮਾਮਲਾ ਦਰਜ ਕਰ ਲਏ ਗਏ ਹਨ ਅਤੇ ਉਨ੍ਹਾਂ ਤੋਂ ਹੋਰ ਡੂੰਘਾਈ ਨਾਲ ਪੁੱਛਗਿੱਛ ਕੀਤੀ ਜਾਵੇਗੀ।

# ਮੈਡੀਕਲ ਪ੍ਰੈਕਟੀਸ਼ਨਰਜ਼ ਐਸੋਸੀਏਸ਼ਨ ਬਲਾਕ ਮਾਨਸਾ ਦੀ ਮਹੀਨਾਵਾਰ ਮੀਟਿੰਗ



**ਮਾਨਸਾ (ਆਤਮਾ ਸਿੰਘ ਪਮਾਰ)**
ਮੈਡੀਕਲ ਪ੍ਰੈਕਟੀਸ਼ਨਰਜ਼ ਐਸੋਸੀਏਸ਼ਨ ਪੰਜਾਬ ਰਜਿ. 295 ਜ਼ਿਲ੍ਹਾ ਮਾਨਸਾ ਬਲਾਕ ਇਕਾਈ ਮਾਨਸਾ ਦੀ ਮਹੀਨਾਵਾਰ ਮੀਟਿੰਗ ਬਲਾਕ ਪ੍ਰਧਾਨ ਡਾ.ਗੁਰਪ੍ਰੀਤ ਸਿੰਘ ਭੈਣੀ ਬਾਘਾ ਅਤੇ ਸਕੱਤਰ ਡਾ. ਰਣਬੀਰ ਸਿੰਘ ਦੀ ਪ੍ਰਧਾਨਗੀ ਹੇਠ ਹੋਈ।ਮੀਟਿੰਗ 'ਚ ਵਿਸ਼ੇਸ਼ ਤੌਰ 'ਤੇ ਸੂਬਾ ਪ੍ਰਧਾਨ ਵੈਦ ਧੰਨਾ ਮੱਲ ਗੋਇਲ, ਜ਼ਿਲ੍ਹਾ ਪ੍ਰਧਾਨ ਡਾ. ਸੱਤ ਪਾਲ ਰਿਸ਼ੀ, ਚੇਅਰਮੈਨ ਡਾ. ਰਘਵੀਰ ਚੰਦ ਸ਼ਰਮਾ, ਸਕੱਤਰ ਡਾ. ਸਿਮਰਜੀਤ ਗਾਗੋਵਾਲ, ਕੈਸ਼ੀਅਰ ਡਾ. ਅਮਰੀਕ ਸਿੰਘ, ਸਹਾਇਕ ਸਕੱਤਰ ਡਾ. ਹਰਬੰਸ ਸਿੰਘ ਨੇ ਵੀ ਸ਼ਿਰਕਤ ਕੀਤੀ। ਮੀਟਿੰਗ ਦੇ ਸ਼ੁਰੂ 'ਚ ਐਸੋਸੀਏਸ਼ਨ ਦੇ ਪਰਵਾਰ 'ਚੋਂ ਵਿਛੜੇ ਸਾਥੀਆਂ ਨੂੰ ਸ਼ਰਧਾਂਜਲੀ ਭੇਟ ਕਰਨ ਉਪਰੰਤ ਹਾਜ਼ਰ ਸਾਥੀਆਂ ਦਾ ਸਵਾਗਤ ਕੀਤਾ ਗਿਆ। ਮੀਟਿੰਗ ਦੌਰਾਨ ਸੂਬਾ ਕਮੇਟੀ ਦੀ ਸਿਹਤ ਮੰਤਰੀ ਡਾ.ਬਲਵੀਰ ਸਿੰਘ ਦੀ ਰਹਿਨੁਮਾਈ ਹੇਠ ਹੋਈ ਪੈਨਲ ਮੀਟਿੰਗ 'ਚ ਟ੍ਰੇਨਿੰਗ ਦੇਣ ਅਤੇ ਚੋਣ ਵਾਅਦੇ ਨੂੰ ਅਣਦੇਖਿਆ ਕਰਨ ਦੀ ਸਖ਼ਤ ਨਿੰਦਾ ਕਰਦਿਆਂ ਪੁਰਜ਼ੋਰ ਮੰਗ ਕੀਤੀ ਕਿ ਪ੍ਰੈਕਟੀਸ਼ਨਰਾਂ ਨੂੰ ਟ੍ਰੇਨਿੰਗ ਕਰਵਾ ਕੇ ਮੁਢਲੀਆਂ ਸਿਹਤ ਸੇਵਾਵਾਂ ਦੇਣ ਲਈ ਮਾਨਤਾ ਦਿੱਤੀ ਜਾਵੇ। ਆਗੂਆਂ ਵੱਲੋਂ ਐਸੋਸੀਏਸ਼ਨ ਦੀ ਬਿਹਤਰੀ ਲਈ ਬਲਾਕ ਟੀਮ ਵੱਲੋਂ ਤਨਦੇਹੀ ਨਾਲ ਕੀਤੇ ਜਾ ਰਹੇ ਯਤਨਾਂ ਦੀ ਸ਼ਲਾਘਾ ਕੀਤੀ। ਪਿਛਲੇ ਦਿਨੀਂ ਲੁਧਿਆਣਾ ਦੇ ਕੁਝ ਸ਼ਰਾਰਤੀ ਅਨਸਰਾਂ ਵੱਲੋਂ ਮੈਡੀਕਲ ਪ੍ਰੈਕਟੀਸ਼ਨਰਾਂ ਖਿਲਾਫ ਕੀਤੀ ਕੋਝੀ ਹਰਕਤ ਦੀ ਵੀ ਨਿੰਦਾ ਕੀਤੀ ਗਈ।ਆਗੂਆਂ ਨੇ ਕਿਹਾ ਕਿ ਮੈਡੀਕਲ ਪ੍ਰੈਕਟੀਸ਼ਨਰਜ਼ ਐਸੋਸੀਏਸ਼ਨ ਪੰਜਾਬ ਬਲਾਕ, ਜ਼ਿਲ੍ਹੇ ਜਾਂ ਸੂਬੇ ਤੱਕ ਹੀ ਸੀਮਤ ਨਹੀਂ ਸਗੋਂ ਇੰਡੀਅਨ ਮੈਡੀਕਲ ਪ੍ਰੈਕਟੀਸ਼ਨਰਜ਼ ਫੈਡਰੇਸ਼ਨ ਦਾ ਵੀ ਹਿੱਸਾ ਹੈ। ਐਸੋਸੀਏਸ਼ਨ ਨੂੰ ਹੋਰ ਮਜ਼ਬੂਤ, ਵਿਸ਼ਾਲ, ਜਥੇਬੰਦਕ ਸਿੱਖਿਆ ਅਤੇ ਮੈਡੀਕਲ ਪ੍ਰੈਕਟੀਸ਼ਨਰਾਂ ਦੀ ਮਾਨਤਾ ਲਈ ਸੂਬਾ ਕਮੇਟੀ ਵੱਲੋਂ ਉਲੀਕੇ ਕਾਰਜ ਦੀ ਲੜੀ ਵਜੋਂ ਜ਼ਿਲ੍ਹਾ ਪੱਧਰੀ ਜਥੇਬੰਦਕ ਕਨਵੈਨਸ਼ਨ 20 ਅਗਸਤ ਨੂੰ ਮਾਨਸਾ ਵਿਖੇ ਕਰਵਾਈ ਜਾ ਰਹੀ ਹੈ। ਮੀਟਿੰਗ ਦੌਰਾਨ ਇਸ ਕਨਵੈਨਸ਼ਨ ਵਿੱਚ ਸਮੁੱਚੇ ਆਗੂਆਂ ਵਰਕਰਾਂ ਨੂੰ ਸਮੇਂ ਸਿਰ ਪਹੁੰਚਣ ਦੀ ਅਪੀਲ ਵੀ ਕੀਤੀ ਗਈ ਅਤੇ ਹਾਜ਼ਰ ਨਵੇਂ ਮੈਂਬਰ ਸਾਥੀਆਂ ਨੂੰ ਸਨਮਾਨਤ ਵੀ ਕੀਤਾ ਗਿਆ।ਫੈਸਲਾ ਕੀਤਾ ਗਿਆ ਬਲਾਕ ਦੀ ਮੀਟਿੰਗ ਹਰ ਮਹੀਨੇ ਦੀ ਪਹਿਲੀ ਤਾਰੀਖ ਨੂੰ ਹੋਇਆ ਕਰਗੀ। ਮੀਟਿੰਗ 'ਚ ਵਿਸ਼ੇਸ਼ ਤੌਰ 'ਤੇ ਪ੍ਰੈਗਮਾ ਹਸਪਤਾਲ ਤੋਂ ਪਹੁੰਚੇ ਪੇਟ ਰੋਗਾਂ ਦੇ ਮਾਹਰ ਡਾ.ਆਂਸੁਲ ਵੱਲੋਂ ਪੇਟ ਦੇ ਰੋਗਾਂ ਬਾਰੇ ਵਡਮੁੱਲੀ ਜਾਣਕਾਰੀ ਦੇਣ ਤੋਂ ਇਲਾਵਾ ਸਾਥੀਆਂ ਵੱਲੋਂ ਕੀਤੇ ਸਵਾਲਾਂ ਦੇ ਜਵਾਬ ਵੀ ਦਿੱਤੇ ਗਏ।

ਇਸ ਸਮੇਂ ਡਾ. ਗੁਰਜੀਤ ਸਿੰਘ ਬਰੇ, ਡਾ. ਸਤਵੰਤ ਸਿੰਘ ਮੋਹਰ ਸਿੰਘ ਵਾਲਾ, ਬਲਾਕ ਬਰੇਟਾ ਦੇ ਸਕੱਤਰ ਡਾ. ਬੰਟੂ ਸ਼ਰਮਾ ਨੇ ਵੀ ਆਪਣੇ ਵਿਚਾਰ ਸਾਂਝੇ ਕੀਤੇ।ਬਲਾਕ ਚੇਅਰਮੈਨ ਵੈਦ ਗੁਰਨਾਮ ਸਿੰਘ ਕੋਟੜਾ, ਕੈਸ਼ੀਅਰ ਡਾ.ਅਮਰੀਕ ਸਿੰਘ ਮਾਂਗਟ, ਸੀਨੀਅਰ ਵਾਇਸ ਪ੍ਰਧਾਨ ਡਾ.ਮਨੋਜ ਖਿਆਲਾ, ਮੁੱਖ ਸਲਾਹਕਾਰ ਡਾ. ਸੁਧੀਰ ਚਿਲਾਣਾ, ਵਾਇਸ ਪ੍ਰਧਾਨ ਡਾ.ਅਜਮੇਰ ਸਿੰਘ ਪ੍ਰੈਸ ਸਕੱਤਰ ਡਾ.ਗੁਰਪ੍ਰੀਤ ਕੋਟ, ਸਹਾਇਕ ਪ੍ਰੈਸ ਸਕੱਤਰ ਡਾ.ਰਵੀ ਖਾਨ, ਸਲਾਹਕਾਰ ਡਾ. ਸੁਰੇਸ਼ ਬੱਤਰਾ, ਡਾ.ਜੁਗਰਾਜ ਸਿੰਘ , ਡਾ. ਨਿਰਮਲ ਸਿੰਘ ਰਾਏਪੁਰ, ਡਾ.ਜਗਸੀਰ ਲਾਡੀ, ਡਾ.ਕੁਲਦੀਪ ਸਿੰਘਡਾ. ਰਣਵੀਰ ਸਿੰਘ ਆਦਿ ਵੱਡੀ ਗਿਣਤੀ ਵਿੱਚ ਸਾਥੀ ਹਾਜ਼ਰ ਸਨ। ਮੰਚ ਸੰਚਾਲਨ ਜ਼ਿੰਮੇਵਾਰੀ ਡਾ. ਗੁਰਪ੍ਰੀਤ ਕੋਟ ਨੇ ਨਿਭਾਈ।

# ਵਜੀਦਕੇ ਕਲਾਂ ਸਕੂਲ 'ਚ ਨਾਹਰ ਸਿੰਘ ਐਡਵੋਕੇਟ ਯਾਦਗਾਰੀ ਸਕਾਲਰਸ਼ਿਪ ਦਿੱਤੀ

## ਪੰਜਵੀਂ 'ਚੋਂ ਪਹਿਲੇ, ਦੂਜੇ ਤੇ ਤੀਜੇ ਸਥਾਨ 'ਤੇ ਆਉਣ ਵਾਲੇ ਵਿਦਿਆਰਥੀਆਂ ਨੂੰ ਹਰ ਸਾਲ ਮਿਲੇਗੀ ਸਕਾਲਰਸ਼ਿਪ : ਪ੍ਰਬੰਧਕ



**ਮਹਿਲ ਕਲਾਂ (ਬਲਵਿੰਦਰ ਵਜੀਦਕੇ, ਪ੍ਰਦੀਪ ਲੋਹਗੜ੍ਹ)**-ਸਰਕਾਰੀ ਪ੍ਰਾਇਮਰੀ ਸਕੂਲ ਵਜੀਦਕੇ ਕਲਾਂ ਵਿਖੇ ਸੈਸ਼ਨ 2024-25 ਦੌਰਾਨ ਪੰਜਵੀਂ ਸ਼੍ਰੇਣੀ ਵਿੱਚੋਂ ਪਹਿਲੇ, ਦੂਜੇ ਤੇ ਤੀਜੇ ਸਥਾਨ 'ਤੇ ਆਉਣ ਵਾਲੇ ਵਿਦਿਆਰਥੀਆਂ ਨੂੰ ਸਵ: ਨਾਹਰ ਸਿੰਘ ਐਡਵੋਕੇਟ ਯਾਦਗਾਰੀ ਸਕਾਲਰਸ਼ਿਪ ਦਿੱਤੀ ਗਈ।ਪ੍ਰਬੰਧਕਾਂ ਨੇ ਦੱਸਿਆ ਕਿ ਪਿੰਡ ਵਜੀਦਕੇ ਕਲਾਂ (ਬਰਨਾਲਾ) ਦੇ ਜੰਮਪਲ ਸਵ: ਨਾਹਰ ਸਿੰਘ ਐਡਵੋਕੇਟ ਅਕਾਲ ਚਲਾਣਾ ਕਰ ਸਨ।ਉਨ੍ਹਾਂ ਆਪਣੇ ਜੀਵਨ ਦਾ ਪੰਜ ਦਹਾਕਿਆਂ ਤੋਂ ਵੀ ਵੱਧ ਸਮੇਂ ਤੋਂ ਬਠਿੰਡਾ ਸ਼ਹਿਰ 'ਚ ਗੁਜ਼ਾਰਿਆ, ਪਰ ਉਨ੍ਹਾਂ ਦੀ ਰੂਹ ਹਮੇਸ਼ਾ ਪਿੰਡ 'ਚ ਵਸਦੀ ਸੀ।

ਅੱਜ ਉਨ੍ਹਾਂ ਦੀ ਪੋਤਰੀ ਜੈਸਮੀਨ ਸਿੱਧੂ, ਪੋਤ ਜਵਾਈ ਹਨਿੰਦਰ ਸਿੰਘ ਸਿੱਧੂ ਤੇ ਜਗਤਾਰ ਸਿੰਘ ਟਿਵਾਨਾ ਨੇ ਨਾਹਰ ਸਿੰਘ ਯਾਦਗਾਰੀ ਸਕਾਲਰਸ਼ਿਪ ਤਹਿਤ ਪੰਜਵੀਂ ਜਮਾਤ ਵਿੱਚੋਂ ਪਹਿਲੇ, ਦੂਜੇ ਤੇ ਤੀਜੇ ਸਥਾਨ 'ਤੇ ਆਉਣ ਵਾਲੇ ਵਿਦਿਆਰਥੀਆਂ ਸੁਖਵੀਰ ਕੌਰ, ਅਮਨਦੀਪ ਕੌਰ ਤੇ ਸਹਿਜਪ੍ਰੀਤ ਕੌਰ ਨੂੰ ਕ੍ਰਮਵਾਰ 5100, 3100 ਤੇ 2100 ਰੁਪਏ ਦੀ ਨਕਦ ਸਨਮਾਨ ਰਾਸ਼ੀ, ਸਰਟੀਫ਼ਿਕੇਟ ਤੇ ਸਨਮਾਨ ਚਿੰਨ੍ਹ ਦਿੱਤੇ ਗਏ।ਪਰਿਵਾਰਕ ਮੈਂਬਰਾਂ ਨੇ ਐਲਾਨ ਕੀਤਾ ਕਿ ਇਹ ਸਕਾਲਰਸ਼ਿਪ ਹਰੇਕ ਸਾਲ ਪੰਜਵੀਂ ਜਮਾਤ ਵਿੱਚੋਂ ਪਹਿਲੇ, ਦੂਜੇ ਤੇ ਤੀਜੇ ਸਥਾਨ 'ਤੇ ਆਉਣ ਵਾਲੇ ਵਿਦਿਆਰਥੀਆਂ ਨੂੰ ਜਾਰੀ ਰੱਖੀ ਜਾਵੇਗੀ।ਪ੍ਰਸਿੱਧ ਗੀਤਕਾਰ ਮਨਪ੍ਰੀਤ ਟਿਵਾਣਾ ਨੇ ਸਰਦਾਰ ਨਾਹਰ ਸਿੰਘ ਐਡਵੋਕੇਟ ਦੇ ਸੰਘਰਸ਼ਮਈ ਜੀਵਨ ਤੇ ਪ੍ਰਾਪਤੀਆਂ ਬਾਰੇ ਜਾਣਕਾਰੀ ਦਿੰਦਿਆ ਦੱਸਿਆ ਕਿ ਉਹ ਦੇਸ਼ ਦੀ ਵੰਡ ਤੋਂ ਪਹਿਲਾਂ ਲਾਹੌਰ ਦੇ ਪੜ੍ਹੇ ਹੋਏ ਸਨ ਤੇ ਬਠਿੰਡਾ ਦੇ ਮਸ਼ਹੂਰ ਵਕੀਲ ਰਹੇ, ਜਿਨ੍ਹਾਂ 'ਤੇ ਇਲਾਕੇ ਨੂੰ ਹਮੇਸ਼ਾ ਮਾਣ ਰਿਹਾ ਹੈ।ਇਸ ਮੌਕੇ ਸੈਂਟਰ ਹੈੱਡ ਟੀਚਰ ਰਿੰਪੀ ਰਾਣੀ ਨੇ ਇਸ ਉਪਰਾਲੇ ਲਈ ਪਰਿਵਾਰ ਦਾ ਵਿਸ਼ੇਸ਼ ਧੰਨਵਾਦ ਕਰਦਿਆਂ ਕਿਹਾ ਕਿ ਇਸ ਨਾਲ ਵਿਦਿਆਰਥੀਆਂ ਨੂੰ ਉਤਸ਼ਾਹ, ਹੱਲਾਸ਼ੇਰੀ ਤੇ ਹੋਰ ਮਿਹਨਤ ਕਰਨ ਦੀ ਪ੍ਰੇਰਨਾ ਮਿਲੇਗੀ।ਇਸ ਸਮੇਂ ਬੱਚਿਆਂ ਨੂੰ ਚਾਕਲੇਟ, ਟਾਫ਼ੀਆਂ ਤੇ ਬਿਸਕੁਟ ਵੀ ਵੰਡੇ ਗਏ।ਇਸ ਮੌਕੇ ਮਾ: ਹਰਨੇਕ ਸਿੰਘ ਹਮੀਦੀ, ਜਗਤਾਰ ਸਿੰਘ ਵਜੀਦਕੇ ਕਲਾਂ, ਮਹਿੰਦਰ ਸਿੰਘ ਵਜੀਦਕੇ, ਮਾ: ਮਲਕੀਤ ਸਿੰਘ ਵਜੀਦਕੇ, ਮਾ: ਗੁਰਚਰਨ ਸਿੰਘ ਗਿੱਲ ਵਜੀਦਕੇ, ਕੁਲਵਿੰਦਰ ਸਿੰਘ, ਅਮਰਜੀਤ ਸਿੰਘ ਧਾਲੀਵਾਲ, ਮੱਲਜੀਤ ਸਿੰਘ ਕਾਕਾ, ਜਗਤਾਰ ਸਿੰਘ ਮੈਂਬਰ ਤੇ ਅਧਿਆਪਕ ਤੇਜਿੰਦਰ ਸਿੰਘ, ਬਿੰਦਰ ਕੌਰ, ਕਮਲਜੀਤ ਕੌਰ, ਜਸਵੀਰ ਕੌਰ ਤੇ ਬੀਰਪਾਲ ਕੌਰ ਸਮੇਤ ਸਮੂਹ ਸਟਾਫ਼, ਪਿੰਡ ਦੀਆਂ ਮੁਹਤਬਰ ਸ਼ਖ਼ਸੀਅਤਾਂ ਤੇ ਵਿਦਿਆਰਥੀ ਹਾਜ਼ਰ ਸਨ।

## ਅਸਲ ਪੰਜਾਬ ਦੇ ਪਾਣੀਆਂ ਦਾ ਰਾਖਾ ਬਣਿਆ ਭਗਵੰਤ ਮਾਨ : ਡਾ. ਸਿੰਧੀ

**ਫਿਰੋਜ਼ਪੁਰ (ਅਸ਼ੋਕ ਸ਼ਰਮਾ)**-ਪੰਜਾਬ ਦੇ ਅਖੌਤੀ ਪਾਣੀਆਂ ਦੇ ਰਾਖੇ ਬਣੇ ਪ੍ਰਕਾਸ਼ ਸਿੰਘ ਬਾਦਲ ਤੇ ਕੈਪਟਨ ਅਮਰਿੰਦਰ ਸਿੰਘ ਵਰਗਿਆਂ ਨੂੰ ਪਛਾੜ ਕੇ ਟੇਲਾਂ ਤੱਕ ਨਹਿਰੀ ਪਾਣੀ ਪਹੁੰਚਾ ਕੇ ਅਸਲ ਪਾਣੀਆਂ ਦਾ ਰਾਖਾ ਬਣਿਆ ਭਗਵੰਤ ਮਾਨ। ਇਨ੍ਹਾਂ ਸ਼ਬਦਾਂ ਦਾ ਪਰਗਟਾਵਾ ਆਮ ਆਦਮੀ ਪਾਰਟੀ ਦੇ ਸੀਨੀਅਰ ਆਗੂ ਤੇ ਜ਼ਿਲ੍ਹਾ ਮੀਡੀਆ ਇੰਚਾਰਜ਼ ਫਿਰੋਜ਼ਪੁਰ ਡਾ. ਨਿਰਵੈਰ ਸਿੰਘ ਸਿੰਧੀ ਨੇ ਪੱਤਰਕਾਰਾਂ ਨਾਲ ਗੱਲਬਾਤ ਕਰਦਿਆਂ ਕੀਤਾ। ਇਸ ਮੌਕੇ ਉਨ੍ਹਾਂ ਕਿਹਾ ਕਿ ਮੁੱਖ ਮੰਤਰੀ ਭਗਵੰਤ ਸਿੰਘ ਮਾਨ ਦੀ ਅਗਵਾਈ 'ਚ ਚੱਲ ਰਹੀ ਪੰਜਾਬ ਸਰਕਾਰ ਨੇ ਪੰਜਾਬ ਦੇ ਕਿਸਾਨਾਂ ਨੂੰ ਪਹਿਲਾਂ ਨਾਲੋਂ ਕਿਤੇ ਜ਼ਿਆਦਾ ਨਹਿਰੀ ਪਾਣੀ ਮੁਹੱਈਆ ਕਰਵਾਇਆ ਹੈ, ਜਿਸ ਕਰਕੇ ਪੰਜਾਬ ਦੇ ਕਿਸਾਨ ਪੰਜਾਬ ਸਰਕਾਰ ਦੀਆਂ ਤਾਰੀਫ਼ਾਂ ਕਰਦੇ ਨਹੀਂ ਥੱਕਦੇ ਹਨ।

ਪਿਛਲੇ ਲਗਭਗ ਪੰਜ ਛੇ ਦਹਾਕਿਆਂ ਤੋਂ ਨਹਿਰੀ ਖਾਲ ਤੇ ਸੂਏ ਲੋਕਾਂ ਦੇ ਕਬਜ਼ਿਆਂ ਹੇਠ ਸਨ, ਜਿਨ੍ਹਾਂ ਨੂੰ ਲੋਕਾਂ ਦੇ ਕਬਜ਼ਿਆਂ ਵਿੱਚੋਂ ਛੁਡਵਾ ਕੇ ਪੱਕੇ ਕਰਵਾਇਆ ਤੇ ਕਿਸਾਨਾਂ ਦੀਆਂ ਜ਼ਮੀਨਾਂ ਤੱਕ ਪਾਣੀ ਪਹੁੰਚਾਇਆ, ਜਿਸ ਨਾਲ ਟੇਲਾਂ ਤੇ ਪੈਂਦੀਆਂ ਜ਼ਮੀਨਾਂ ਵਾਲੇ ਕਿਸਾਨ ਬੇਹੱਦ ਖੁਸ਼ ਹਨ।

## ਸਮਾਜ ਵਿਰੋਧੀ ਅਨਸਰਾਂ ਨੂੰ ਬਖਸ਼ਿਆ ਨਹੀਂ ਜਾਵੇਗਾ : ਐੱਸ ਐੱਚ ਓ ਔਲਖ



**ਮਹਿਲ ਕਲਾਂ (ਪ੍ਰਦੀਪ ਸਿੰਘ ਲੋਹਗੜ੍ਹ)**-ਐਸ ਐਸ ਪੀ ਬਰਨਾਲਾ ਸ੍ਰੀ ਮੁਹੰਮਦ ਸਰਫਰਾਜ ਆਲਮ, ਡੀ ਐੱਸ ਪੀ ਜਤਿੰਦਰਪਾਲ ਸਿੰਘ ਦੀਆਂ ਹਦਾਇਤਾਂ ਅਨੁਸਾਰ ਮਹਿਲ ਕਲਾਂ ਪੁਲਸ ਥਾਣਾ ਮੁਖੀ ਸ਼ੇਰਵਿੰਦਰ ਸਿੰਘ ਔਲਖ ਦੀ ਅਗਵਾਈ 'ਚ ਪੁਲਸ ਪਾਰਟੀ ਵੱਲੋਂ ਮੁੱਖ ਮਾਰਗ ਉੱਪਰ ਬੱਸ ਸਟੈਂਡ ਮਹਿਲ ਕਲਾਂ ਵਿਖੇ ਨਾਕਾਬੰਦੀ ਕਰਕੇ ਆਉਣ-ਜਾਣ ਵਾਲੇ ਵਾਹਨਾਂ ਦੀ ਜਾਂਚ ਕੀਤੀ ਗਈ।ਇਸ ਮੁਹਿੰਮ ਦੌਰਾਨ ਪੁਲਸ ਵੱਲੋਂ ਲਾਇਸੈਂਸ, ਰਜਿਸਟ੍ਰੇਸ਼ਨ ਸਰਟੀਫਿਕੇਟ, ਬੀਮਾ ਆਦਿ ਕਾਗਜ਼ਾਤ ਦੀ ਜਾਂਚ ਕੀਤੀ ਗਈ। ਜਿਨ੍ਹਾਂ ਕੋਲ ਕਾਗਜ਼ਾਤ ਪੂਰੇ ਨਹੀਂ ਸੀ, ਉਨ੍ਹਾਂ ਦੇ ਮੌਕੇ 'ਤੇ ਚਲਾਨ ਕੱਟੇ ਗਏ।ਥਾਣਾ ਮੁਖੀ ਔਲਖ ਨੇ ਕਿਹਾ ਕਿ ਪੁਲਸ ਵੱਲੋਂ ਨਸ਼ਾ, ਅਪਰਾਧ ਤੇ ਟ੍ਰੈਫਿਕ ਨਿਯਮਾਂ ਦੀ ਉਲੰਘਣਾ ਖਿਲਾਫ਼ ਨਿਰੰਤਰ ਸਖਤ ਕਾਰਵਾਈ ਮੁਹਿੰਮ ਚਲਾਈ ਜਾ ਰਹੀ ਹੈ, ਲੋਕਾਂ ਨੂੰ ਚਾਹੀਦਾ ਹੈ ਕਿ ਉਹ ਨਿਯਮਾਂ ਦੀ ਪਾਲਣਾ ਕਰਦੇ ਹੋਏ ਪੁਲਸ ਦਾ ਸਹਿਯੋਗ ਕਰਨ।ਉਨ੍ਹਾਂ ਬੱਸ ਸਟੈਂਡ ਉੱਪਰ ਕੁੜੀਆਂ ਦੇ ਕਾਲਜ ਆਉਣ, ਜਾਣ ਟਾਇਮ ਖੜਨ ਵਾਲੇ ਮਨਚਲੇ ਨੌਜਵਾਨਾਂ ਨੂੰ ਤਾੜਨਾ ਕਰਦਿਆਂ ਕਿਹਾ ਕਿ ਬੁਲਟ ਮੋਟਰਸਾਈਕਲ 'ਤੇ ਪਟਾਕੇ ਪਾਉਣ ਵਾਲੇ ਮਾਹੌਲ ਖਰਾਬ ਕਰਨ ਤੋਂ ਬਾਜ਼ ਆਉਣ।ਪੁਲਸ ਵੱਲੋਂ ਅਜਿਹੇ ਲੋਕਾਂ ਨੂੰ ਕਿਸੇ ਹਾਲਤ ਵਿੱਚ ਬਖਸ਼ਿਆ ਨਹੀਂ ਜਾਵੇਗਾ।ਇਸ ਮੌਕੇ ਸਹਾਇਕ ਥਾਣੇਦਾਰ ਗੁਰਮੇਲ ਸਿੰਘ, ਗੁਰਤੇਜ ਸਿੰਘ, ਜਗਮੋਹਣ ਸਿੰਘ ਹਾਜ਼ਰ ਸਨ।

## ਲੈਂਡ ਪੂਲਿੰਗ ਪਾਲਸੀ ਕਿਸਾਨੀ ਨੂੰ ਖਤਮ ਕਰਨ ਦੀ ਸਾਜ਼ਿਸ਼ : ਦੌਲਤਪੁਰ



**ਧੂਰੀ (ਮੋਹਿਤ ਗਰਗ, ਬਿੰਨੀ ਗਰਗ)**-ਪੰਜਾਬ ਕਾਂਗਰਸ ਕਿਸਾਨ ਵਿੰਗ ਦੇ ਜਨਰਲ ਸਕੱਤਰ ਅਤੇ ਹਲਕਾ ਧੂਰੀ ਤੋਂ ਆਗੂ ਹਰਦੀਪ ਸਿੰਘ ਦੌਲਤਪੁਰ ਨੇ ਕਿਹਾ ਕਿ ਪੰਜਾਬ ਸਰਕਾਰ ਵੱਲੋਂ ਲਿਆਂਦੀ ਗਈ ਲੈਂਡ ਪੂਲਿੰਗ ਪਾਲਸੀ ਸਿੱਧੀ ਤਰ੍ਹਾਂ ਕਿਸਾਨੀ ਨੂੰ ਖਤਮ ਕਰਨ ਦੀ ਸਾਜ਼ਿਸ਼ ਹੈ। ਉਨ੍ਹਾਂ ਕਿਹਾ ਕਿ ਪੰਜਾਬ ਦੀ ਮਿੱਟੀ ਕਿਸਾਨ ਦੀ ਰੂਹ ਹੈ ਤੇ ਜੇਕਰ ਕਿਸਾਨੀ 'ਤੇ ਹਲ ਚਲਾਉਣ ਦੀ ਕੋਸ਼ਿਸ਼ ਹੋਈ ਤਾਂ ਕਾਂਗਰਸ ਪਾਰਟੀ ਹਰ ਮੰਚ 'ਤੇ ਇਸ ਦਾ ਵਿਰੋਧ ਕਰੇਗੀ। ਉਨ੍ਹਾਂ ਦੋਸ਼ ਲਾਏ ਕਿ ਲੈਂਡ ਪੂਲਿੰਗ ਨੀਤੀ ਰਾਹੀਂ ਕਿਸਾਨਾਂ ਦੀ ਜ਼ਮੀਨ ਨੂੰ ਖੋਹ ਕੇ ਉਨ੍ਹਾਂ ਨੂੰ ਉਜਾੜਿਆ ਜਾ ਰਿਹਾ ਹੈ, ਜੋ ਕਿਸੇ ਵੀ ਹਾਲਤ ਵਿੱਚ ਮਨਜ਼ੂਰ ਨਹੀਂ।ਉਨ੍ਹਾ ਕਿਹਾ ਕਿ ਪੰਜਾਬ ਸਰਕਾਰ ਜਦੋਂ ਤੱਕ ਇਹ ਨੀਤੀ ਵਾਪਸ ਨਹੀਂ ਲੈਂਦੀ ਤਦ ਤੱਕ ਸੜਕਾਂ ਤੋਂ ਲੈ ਕੇ ਵਿਧਾਨ ਸਭਾ ਤੱਕ ਸੰਘਰਸ਼ ਕੀਤਾ ਜਾਵੇਗਾ। ਉਨ੍ਹਾਂ ਸਪੱਸ਼ਟ ਕੀਤਾ ਕਿ ਇਹ ਨੀਤੀ ਨਾ ਸਿਰਫ਼ ਕਿਸਾਨਾਂ ਨੂੰ ਆਰਥਿਕ ਤੌਰ 'ਤੇ ਕੰਗਾਲ ਕਰੇਗੀ, ਸਗੋਂ ਪੰਜਾਬ ਦੇ ਖੇਤੀ ਨਿਰਭਰ ਅਰਥਚਾਰੇ ਨੂੰ ਵੀ ਗੰਭੀਰ ਝਟਕਾ ਦੇਵੇਗੀ। ਉਨ੍ਹਾਂ ਨੇ ਕਿਹਾ ਕਿ ਕਾਂਗਰਸ ਪਾਰਟੀ ਹਰ ਕਿਸਾਨ, ਲਾਭਪਾਤਰੀ ਅਤੇ ਜ਼ਮੀਨ ਮਾਲਕ ਦੇ ਹੱਕ ਵਿੱਚ ਖੜ੍ਹੀ ਹੈ।ਉਨ੍ਹਾਂ ਅਪੀਲ ਕੀਤੀ ਕਿ ਸਰਕਾਰ ਜ਼ਮੀਨ ਨਾਲ ਸਬੰਧਤ ਹਰ ਫੈਸਲੇ ਤੋਂ ਪਹਿਲਾਂ ਕਿਸਾਨ ਜਥੇਬੰਦੀਆਂ ਅਤੇ ਪਿੰਡਾਂ ਦੇ ਨੁਮਾਇੰਦਿਆਂ ਨਾਲ ਗੱਲਬਾਤ ਕਰੇ ਨਾ ਕਿ ਉਨ੍ਹਾਂ ਉੱਤੇ ਇਕਤਰਫਾ ਨੀਤੀਆਂ ਥੋਪੇ।

## 69ਵੀਆਂ ਜ਼ੋਨਲ ਖੇਡਾਂ 'ਚ ਐੱਸ ਆਰ ਐੱਸ ਵਿੱਦਿਆਪੀਠ ਸਮਾਣਾ ਦੀਆਂ ਵਿਦਿਆਰਥਣਾਂ ਦਾ ਸ਼ਾਨਦਾਰ ਪ੍ਰਦਰਸ਼ਨ



**ਸਮਾਣਾ (ਗੁਰਪਿਆਰ ਸਿੰਘ ਬੱਲ)**-69ਵੀਆਂ ਜ਼ੋਨਲ ਟੂਰਨਾਮੈਂਟ ਵਿੱਚ 1 ਅਗਸਤ ਨੂੰ ਐੱਸ ਆਰ ਐੱਸ ਵਿੱਦਿਆਪੀਠ ਸਮਾਣਾ ਵਿਖੇ ਅੰਡਰ-19 ਕੁੜੀਆਂ ਦਾ ਵਾਲੀਬਾਲ ਖੇਡ ਅਤੇ ਟੇਬਲ ਟੈਨਿਸ ਮੁਕਾਬਲਾ ਕਰਵਾਇਆ ਗਿਆ ਜਿਸ ਵਿੱਚ ਕਈ ਸਕੂਲਾਂ ਨੇ ਭਾਗ ਲਿਆ। ਇਸ ਵਾਲੀਬਾਲ ਮੁਕਾਬਲੇ ਵਿੱਚ ਐੱਸ ਆਰ ਐੱਸ ਵਿੱਦਿਆਪੀਠ ਸਮਾਣਾ ਦੀਆਂ ਵਿਦਿਆਰਥਣਾਂ ਕੋਮਲਪ੍ਰੀਤ ਕੌਰ, ਸ਼ੁਭਨੀਤ ਕੌਰ, ਅਭੀਨੂਰ ਕੌਰ, ਅਮਾਨਤ ਕੌਰ, ਸਵਰੀਨ ਕੌਰ, ਹਰਮਨਜੋਤ ਕੌਰ, ਗੁਰਨੂਰ ਕੌਰ, ਜਸ਼ਨ ਵਰਮਾ ਅਤੇ ਅਵਨੀਤ ਕੌਰ ਨੇ ਵੀ ਬੜੇ ਉਤਸ਼ਾਹ ਅਤੇ ਜੋਸ਼ ਨਾਲ ਭਾਗ ਲਿਆ। ਟੇਬਲ ਟੈਨਿਸ ਮੁਕਾਬਲੇ ਵਿੱਚ ਅਵਨੀਤ ਕੌਰ, ਤਰਮਨਦੀਪ ਕੌਰ ਅਤੇ ਖੁਸ਼ਦੀਪ ਕੌਰ ਨੇ ਵੀ ਬੜੇ ਉਤਸ਼ਾਹ ਅਤੇ ਜੋਸ਼ ਨਾਲ ਭਾਗ ਲਿਆ।ਮੁਕਾਬਲੇ ਦੌਰਾਨ ਵਿਦਿਆਰਥਣਾਂ ਨੇ ਆਪਣੇ ਕੌਸ਼ਲ ਅਤੇ ਖੇਡ ਜਜ਼ਬੇ ਨਾਲ ਸਭ ਨੂੰ ਪ੍ਰਭਾਵਿਤ ਕੀਤਾ ਅਤੇ ਸ਼ਾਨਦਾਰ ਪ੍ਰਦਰਸ਼ਨ ਕਰਦੇ ਹੋਏ ਆਪਣੇ ਸਕੂਲ ਅਤੇ ਮਾਤਾ-ਪਿਤਾ ਦਾ ਨਾਂਅ ਰੌਸ਼ਨ ਕੀਤਾ।ਇਸ ਮੌਕੇ ਸਕੂਲ ਵਾਈਸ ਚੇਅਰਮੈਨ ਮਿਸ ਸਮਿਧਾ ਸਿੰਗਲਾ, ਪ੍ਰਿੰਸੀਪਲ ਮਿਸ ਮਿਲੀ ਬੋਸ ਨੇ ਸਾਰੇ ਖਿਡਾਰੀਆਂ ਦੀ ਹੌਸਲਾ ਅਫਜ਼ਾਈ ਕੀਤੀ ਅਤੇ ਉਨ੍ਹਾਂ ਨੂੰ ਭਵਿੱਖ ਵਿੱਚ ਵੀ ਅਜਿਹੇ ਖੇਡ ਮੁਕਾਬਲਿਆਂ ਵਿੱਚ ਵਧ-ਚੜ੍ਹ ਕੇ ਹਿੱਸਾ ਲੈਣ ਦੀ ਪ੍ਰੇਰਨਾ ਦਿੱਤੀ।

## ਕਿੰਡਰ ਗਾਰਟਨ ਸਕੂਲ 'ਚ ਤੀਆਂ ਦਾ ਤਿਉਹਾਰ ਮਨਾਇਆ



**ਸਮਰਾਲਾ (ਸੁਰਜੀਤ ਸਿੰਘ)**-ਸਥਾਨਕ ਕਿੰਡਰ ਗਾਰਟਨ ਸੀਨੀ. ਸੈਕੰ. ਸਕੂਲ ਨੇ ਸਕੂਲ ਕੈਂਪਸ ਵਿੱਚ ਤੀਆਂ ਦਾ ਤਿਉਹਾਰ ਪੂਰੇ ਸੱਭਿਆਚਾਰਕ ਤਰੀਕੇ ਨਾਲ ਮਨਾਇਆ।ਪ੍ਰੋਗਰਾਮ ਦੀ ਸ਼ੁਰੂਆਤ ਸਕੂਲ ਦੇ ਡਾਇਰੈਕਟਰ ਮੈਡਮ ਸਰਬਜੀਤ ਕੌਰ ਨੇ ਕੀਤੀ ਤੇ ਤੀਆਂ ਦੇ ਇਸ ਤਿਉਹਾਰ ਦੇ ਪਿਛੋਕੜ ਬਾਰੇ ਜਾਣਕਾਰੀ ਦਿੰਦੇ ਹੋਏ ਕਿਹਾ ਕਿ ਪੰਜਾਬੀ ਤਿਉਹਾਰਾਂ ਵਿੱਚ ਤੀਆਂ ਦਾ ਤਿਉਹਾਰ ਹਰ ਕੁੜੀ ਦੇ ਜੀਵਨ ਵਿੱਚ ਇੱਕ ਖਾਸ ਮਹੱਤਵ ਰੱਖਦਾ ਹੈ।ਕੁੜੀਆਂ ਹੱਥਾਂ 'ਤੇ ਮਹਿੰਦੀ ਲਾਉਂਦੀਆਂ ਹਨ ਤੇ ਨਾਲੇ ਰੰਗ ਬਰੰਗੀਆਂ ਚੂੜੀਆਂ ਵੀ ਚੜ੍ਹਾਉਂਦੀਆਂ ਹਨ।ਫਿਰ ਸ਼ਾਮ ਨੂੰ ਤਿਆਰ ਹੋ ਕੇ ਕਿਸੇ ਸਾਂਝੀ ਥਾਂ 'ਤੇ ਜਾਂਦੀਆਂ ਹਨ, ਪਿੱਪਲਾਂ, ਟਾਹਲੀਆਂ 'ਤੇ ਪੀਂਘਾਂ ਪਾਉਂਦੀਆਂ ਹਨ, ਗੋਲ ਘੇਰਾ ਬਣਾ ਕੇ ਗਿੱਧਾ ਪਾਉਂਦੀਆਂ ਹਨ।ਇਸ ਮੌਕੇ ਮੁੱਖ ਮਹਿਮਾਨ ਦੇ ਤੌਰ 'ਤੇ ਮੈਡਮ ਸਤਵੰਤ ਕੌਰ ਖ਼ਾਲਸਾ ਪਹੁੰਚੇ।ਤੀਆਂ ਦੇ ਸੱਭਿਆਚਾਰਕ ਪ੍ਰੋਗਰਾਮ ਵਿੱਚ ਨਰਸਰੀ ਤੋਂ ਬਾਰਵੀਂ ਜਮਾਤ ਦੀਆਂ ਵਿਦਿਆਰਥਣਾਂ ਨੇ ਪੰਜਾਬੀ ਗਿੱਧਾ ਤੇ ਭੰਗੜਾ ਪੇਸ਼ ਕੀਤਾ।ਇਸ ਤੋਂ ਇਲਾਵਾ ਵਿਦਿਆਰਥਣਾਂ ਨੇ ਪੀਂਘਾਂ ਝੂਟੀਆਂ ਤੇ ਖੀਰ ਪੂੜੇ ਖਾ ਕੇ ਖੂਬ ਅਨੰਦ ਮਾਣਿਆ।ਇਸ ਮੌਕੇ ਮਹਿੰਦੀ ਮੁਕਾਬਲੇ ਕਰਵਾਏ ਗਏ, ਜਿਸ ਵਿੱਚ ਗਿਆਰ੍ਹਵੀਂ ਦੀ ਵਿਦਿਆਰਥਣ ਜਸ਼ਨਪ੍ਰੀਤ ਕੌਰ ਪਹਿਲੇ, ਨੌਂਵੀਂ ਦੀ ਸੀਰਤ ਦੂਜੇ ਅਤੇ ਨੌਂਵੀਂ ਜਮਾਤ ਦੀ ਰੀਆ ਤੇ ਦਸਵੀਂ ਦੀ ਪ੍ਰੀਤੀ ਤੀਜੇ ਸਥਾਨ 'ਤੇ ਰਹੀਆਂ।ਮਿਸ ਤੀਜ ਨਰਸਰੀ ਤੋਂ ਦੂਜੀ ਜਮਾਤ 'ਚੋਂ ਗੁਰਲੀਨ ਕੌਰ, ਤੀਸਰੀ ਤੋਂ ਪੰਜਵੀਂ 'ਚੋਂ ਸਹਿਜਪ੍ਰੀਤ ਕੌਰ, ਛੇਵੀਂ ਤੋਂ ਅੱਠਵੀਂ ਜਮਾਤ 'ਚੋਂ ਤਾਨੀਆਂ ਅਤੇ ਨੌਂਵੀਂ ਤੋਂ ਬਾਰਵੀਂ 'ਚੋਂ ਕਨਵੀ ਸ਼ਰਮਾ ਨੂੰ ਚੁਣਿਆ ਗਿਆ ਅਤੇ ਬੈਸਟ ਡਾਂਸ ਲਈ ਪ੍ਰਾਚੀਵੀਰ ਨੂੰ ਚੁਣਿਆ ਗਿਆ।ਅੰਤ ਵਿੱਚ ਸਕੂਲ ਦੇ ਡਾਇਰੈਕਟਰ ਮੈਡਮ ਸਰਬਜੀਤ ਕੌਰ, ਪ੍ਰਿੰਸੀਪਲ ਮੈਡਮ ਰਣਜੋਤ ਕੌਰ ਨੇ ਸਾਰੀਆਂ ਵਿਦਿਆਰਥਣਾਂ ਤੇ ਅਧਿਆਪਕਾਂ ਨੂੰ ਤੀਆਂ ਦੇ ਇਸ ਤਿਉਹਾਰ ਦੀਆਂ ਵਧਾਈਆਂ ਦਿੱਤੀਆਂ।

## ਸਟੀਫਨ ਇੰਟਰਨੈਸ਼ਨਲ ਸਕੂਲ ਨੇ ਕ੍ਰਿਕਟ 'ਚ ਇਤਿਹਾਸ ਰਚਿਆ



**ਸੁਨਾਮ (ਅਸ਼ੋਕ ਬਾਂਸਲ, ਹਾਕਮ ਭੱਟੀ)**-ਸਟੀਫਨ ਇੰਟਰਨੈਸ਼ਨਲ ਸਕੂਲ ਦੀਆਂ ਕ੍ਰਿਕਟ ਟੀਮਾਂ ਨੇ 69ਵੇਂ ਸਕੂਲ ਜ਼ੋਨ ਟੂਰਨਾਮੈਂਟ ਵਿੱਚ ਚੋਟੀ ਦੀਆਂ ਪੁਜ਼ੀਸ਼ਨਾਂ ਹਾਸਲ ਕਰਕੇ ਇਤਿਹਾਸ ਰਚ ਦਿੱਤਾ ਹੈ।ਸਾਡੀ ਅੰਡਰ-14 ਕ੍ਰਿਕਟ ਟੀਮ ਨੇ ਆਪਣੇ ਪ੍ਰਭਾਵਸ਼ਾਲੀ ਹੁਨਰ ਅਤੇ ਟੀਮ ਵਰਕ ਦਾ ਪ੍ਰਦਰਸ਼ਨ ਕਰਦਿਆਂ ਦੂਜਾ ਸਥਾਨ ਹਾਸਲ ਕੀਤਾ ਹੈ। ਅੰਡਰ-17 ਕ੍ਰਿਕਟ ਟੀਮ ਨੇ ਆਪਣੀ ਬੇਮਿਸਾਲ ਪ੍ਰਤਿਭਾ ਅਤੇ ਸਮਰਪਣ ਦਾ ਪ੍ਰਦਰਸ਼ਨ ਕਰਦਿਆਂ ਪਹਿਲਾ ਸਥਾਨ ਹਾਸਲ ਕੀਤਾ ਹੈ।ਡਾਇਰੈਕਟਰ ਪ੍ਰਿੰਸੀਪਲ ਮੋਨਿਕਾ ਸ਼ਰਮਾ ਨੇ ਕਿਹਾ, ਅਸੀਂ ਕੋਚ ਹਰਦੀਪ ਸਿੰਘ ਅਤੇ ਸਾਡੇ ਪ੍ਰਤਿਭਾਸ਼ਾਲੀ ਵਿਦਿਆਰਥੀਆਂ ਨੂੰ ਉਨ੍ਹਾਂ ਦੀਆਂ ਸ਼ਾਨਦਾਰ ਪ੍ਰਾਪਤੀਆਂ ਲਈ ਦਿਲੋਂ ਵਧਾਈ ਦਿੰਦੇ ਹਾਂ। ਖੇਡ ਪ੍ਰਤੀ ਤੁਹਾਡੀ ਸਖਤ ਮਿਹਨਤ ਅਤੇ ਜਨੂੰਨ ਨੇ ਸਾਨੂੰ ਸਾਰਿਆਂ ਨੂੰ ਮਾਣ ਦਿਵਾਇਆ ਹੈ। ਇਹ ਦੋਹਰੀ ਜਿੱਤ ਖੇਡਾਂ ਦੀ ਉੱਤਮਤਾ ਅਤੇ ਸਮੁੱਚੇ ਵਿਕਾਸ ਨੂੰ ਉਤਸ਼ਾਹਤ ਕਰਨ ਲਈ ਸਕੂਲ ਦੀ ਵਚਨਬੱਧਤਾ ਦਾ ਸਬੂਤ ਹੈ।

## ਗੁਰੂ ਅੰਗਦ ਦੇਵ ਨਗਰ 'ਚ ਮਨਾਇਆ ਤੀਜ ਤਿਉਹਾਰ



**ਸ੍ਰੀ ਮੁਕਤਸਰ ਸਾਹਿਬ (ਸ਼ਮਿੰਦਰਪਾਲ, ਪੂਜਾ)**-ਕੋਟਕਪੂਰਾ ਰੋਡ 'ਤੇ ਸਥਿਤ ਗੁਰੂ ਅੰਗਦ ਦੇਵ ਨਗਰ ਗਲੀ ਨੰਬਰ 4-ਸੀ ਵਿੱਚ ਰਿਤੂ ਬਾਂਸਲ ਅਤੇ ਉਸ ਦੀਆਂ ਸਹੇਲੀਆਂ ਵੱਲੋਂ ਤੀਜ ਤਿਉਹਾਰ ਦਾ ਆਯੋਜਨ ਕੀਤਾ ਗਿਆ।ਜਿਸ ਵਿੱਚ ਸਾਰੀਆਂ ਔਰਤਾਂ ਅਤੇ ਕੁੜੀਆਂ ਨੇ ਇਕੱਠੇ ਹੋ ਕੇ ਤੀਜ ਦਾ ਤਿਉਹਾਰ ਮਨਾਇਆ ।ਤੀਜ ਤਿਉਹਾਰ ਦੇ ਮੌਕੇ ਪੰਜਾਬੀ ਪਹਿਰਾਵੇ ਵਿੱਚ ਸਜੀਆਂ ਔਰਤਾਂ ਨੇ ਪੰਜਾਬੀ ਲੋਕ ਨਾਚ ਗਿੱਧਾ ਪੇਸ਼ ਕਰਕੇ ਧੁੰਮ ਮਚਾ ਦਿੱਤੀ ਅਤੇ ਬੋਲੀਆਂ ਗਾ ਕੇ ਸਮਾਂ ਬੰਨ੍ਹਿਆ। ਇਸ ਮੌਕੇ ਮਿਸ ਤੀਜ ਮੁਕਾਬਲਾ ਕਰਵਾਇਆ ਗਿਆ। ਜਿਸ ਵਿੱਚ ਪ੍ਰੀਤੀ ਬੇਦੀ ਨੂੰ ਮਿਸ ਤੀਜ ਚੁਣਿਆ ਗਿਆ ਅਤੇ ਉਨ੍ਹਾਂ ਨੂੰ ਮਿਸ ਤੀਜ ਦਾ ਤਾਜ ਸਿਰ 'ਤੇ ਰੱਖ ਕੇ ਵਧਾਈ ਦਿੱਤੀ ਗਈ। ਇਸ ਮੌਕੇ ਸ਼ਾਲੂ, ਨੇਹਾ, ਗੌਰੀ, ਮਮਤਾ, ਅਨੁ ਬਾਂਸਲ, ਨਿਸ਼ਾ ਬਾਂਸਲ ਅਤੇ ਗੁਰੂ ਅੰਗਦ ਦੇਵ ਨਗਰ ਦੀਆਂ ਹੋਰ ਔਰਤਾਂ ਵੀ ਮੌਜੂਦ ਸਨ।

4-Aug-page-11-Majha-2025.qxd 8/3/2025 10:41 PM Page 1



# ਸੰਘਰਸ਼ਾਂ ਦੀ ਲਾਮਬੰਦੀ ਲਈ ਬਿਜਲੀ ਮੁਲਾਜ਼ਮਾਂ ਅਤੇ ਪੈਨਸ਼ਨਰਾਂ ਨੇ ਕੀਤੀ ਮੀਟਿੰਗ

ਤਰਨ ਤਾਰਨ-ਪੰਜਾਬ ਸਰਕਾਰ ਅਤੇ ਪਾਵਰਕਾਮ ਦੀ ਮੈਨੇਜਮੈਂਟ ਦੇ ਮੁਲਾਜ਼ਮ ਅਤੇ ਪੈਨਸ਼ਨਰ ਵਿਰੋਧੀ ਰਵੱਈਏ ਖਿਲਾਫ਼ ਲੜੇ ਜਾ ਰਹੇ ਸਾਂਝੇ ਸੰਘਰਸ਼ਾਂ ਦੀ ਲਾਮਬੰਦੀ ਲਈ ਬਿਜਲੀ ਮੁਲਾਜ਼ਮਾਂ ਅਤੇ ਪੈਨਸ਼ਨਰਾਂ ਦੀਆਂ ਏਟਕ ਨਾਲ ਸੰਬੰਧਤ ਜਥੇਬੰਦੀਆਂ ਪੀ ਐਸ ਈ ਬੀ ਇੰਪਲਾਈਜ਼ ਫੈਡਰੇਸ਼ਨ ਏਟਕ ਪੰਜਾਬ ਅਤੇ ਪਾਵਰਕਾਮ ਐਂਡ ਟ੍ਰਾਂਸਕੋ ਪੈਨਸ਼ਨਰ ਯੂਨੀਅਨ ਏਟਕ ਪੰਜਾਬ ਸਬ ਡਵੀਜ਼ਨ ਖਡੂਰ ਸਾਹਿਬ ਦੀ ਸਾਂਝੀ ਮੀਟਿੰਗ ਪਾਵਰਕਾਮ ਦਫਤਰ ਵਿਖੇ ਤਰਜੀਤ ਸਿੰਘ ਨਾਗੋਕੇ ਅਤੇ ਤਰਸੇਮ ਸਿੰਘ ਖਡੂਰ ਸਾਹਿਬ ਦੀ ਸਾਂਝੀ ਪ੍ਰਧਾਨਗੀ ਹੇਠ ਹੋਈ।

ਇਸ ਮੀਟਿੰਗ ਵਿੱਚ ਫੈਡਰੇਸ਼ਨ ਏਟਕ ਜਥੇਬੰਦੀ ਦੇ ਸੂਬਾ ਪ੍ਰਧਾਨ ਅਤੇ ਸਾਂਝਾ ਫਰੰਟ ਦੇ ਸੂਬਾਈ ਕਨਵੀਨਰ ਗੁਰਪ੍ਰੀਤ ਸਿੰਘ ਗੰਡੀਵਿੰਡ, ਜ਼ੋਨ ਆਗੂ ਇੰਜੀ. ਕੁਲਵਿੰਦਰ ਸਿੰਘ ਬਾਗੜੀਆਂ , ਦਿਹਾਤੀ ਡਵੀਜ਼ਨ ਤਰਨ ਤਾਰਨ ਦੇ ਪ੍ਰਧਾਨ ਮੇਜਰ ਸਿੰਘ ਨਾਗੋਕੇ, ਸਕੱਤਰ ਲਖਵਿੰਦਰ ਸਿੰਘ ਬਹਿਲਾ, ਪਾਵਰਕਾਮ ਐਂਡ ਟ੍ਰਾਂਸਕੋ ਪੈਨਸ਼ਨਰ ਯੂਨੀਅਨ ਏਟਕ ਪੰਜਾਬ ਦੇ ਸਰਕਲ ਵਰਕਿੰਗ ਸਕੱਤਰ ਸਾਥੀ ਰਾਕੇਸ਼ ਕੁਮਾਰ ਮਲਹੋਤਰਾ, ਡਵੀਜ਼ਨ ਦੇ ਸੀਨੀਅਰ ਮੀਤ ਪ੍ਰਧਾਨ ਅਤੇ ਸਰਕਲ ਆਗੂ ਅਵਤਾਰ ਕ੍ਰਿਸ਼ਨ, ਸ਼ੰਗਾਰਾ ਸਿੰਘ ਰਾਮਪੁਰੀਆ, ਮਨਜੀਤ ਸਿੰਘ ਖੇਲਾ, ਬਾਵਾ ਸਿੰਘ, ਇੰਜੀ. ਬਲਦੇਵ ਸਿੰਘ ਜੇ ਈ ਆਦਿ ਆਗੂਆਂ ਅਤੇ ਵੱਡੀ ਗਿਣਤੀ ਮੈਂਬਰਾਨ ਨੇ ਭਰਵੀਂ ਸ਼ਮੂਲੀਅਤ ਕੀਤੀ । ਇਸ ਮੀਟਿੰਗ ਵਿੱਚ ਇਕੱਤਰ ਹਾਜ਼ਰੀਨ ਨੂੰ ਸੰਬੋਧਨ ਕਰਦਿਆਂ ਆਗੂਆਂ ਨੇ ਕਿਹਾ ਕਿ ਪੰਜਾਬ ਸਰਕਾਰ ਅਤੇ ਪਾਵਰ ਮੈਨੇਜਮੈਂਟ ਜਾਣਬੁੱਝ ਕੇ ਵਾਜਿਬ ਮਸਲਿਆਂ ਨੂੰ ਵੱਟੇ ਖਾਤੇ ਪਾ ਕੇ ਮੁਲਾਜ਼ਮਾਂ ਅਤੇ ਪੈਨਸ਼ਨਰਾਂ ਨੂੰ ਸੰਘਰਸ਼ ਕਰਨ ਲਈ ਮਜਬੂਰ ਕਰ ਰਹੀਆ ਹਨ । ਉਨ੍ਹਾਂ ਕਿਹਾ ਕਿ ਪੰਜਾਬ ਸਰਕਾਰ ਦੁਆਰਾ ਲਿਖਤੀ ਮੀਟਿੰਗਾਂ ਤੈਅ ਕਰਕੇ ਮੁੜ-ਮੁੜ ਮੁਲਤਵੀ ਕਰਕੇ ਟਕਰਾਅ ਵਾਲਾ ਮਾਹੌਲ ਤਿਆਰ ਕੀਤਾ ਜਾ ਰਿਹਾ ਹੈ ।ਜਿਸ ਕਰਕੇ ਸਰਕਾਰ ਦੇ ਮਾੜੇ ਵਤੀਰੇ ਖਿਲਾਫ਼ ਸਾਂਝਾ ਫਰੰਟ ਨੇ 5 ਅਗਸਤ ਤੋਂ 12 ਅਗਸਤ ਤੱਕ ਮੁੱਖ ਮੰਤਰੀ ਅਤੇ ਖਜ਼ਾਨਾ ਮੰਤਰੀ ਦੀਆਂ ਅਰਥੀਆਂ ਫੂਕਣ ਦਾ ਸੱਦਾ ਦਿੱਤਾ ਹੈ। ਜਿਸ



ਦੀ ਕੜੀ ਵਜੋਂ ਅੱਜ ਦੀ ਮੀਟਿੰਗ ਵਿੱਚ 5 ਅਗਸਤ ਨੂੰ ਬੱਸ ਅੱਡਾ ਤਰਨ ਤਾਰਨ ਅਤੇ 8 ਅਗਸਤ ਨੂੰ ਖਡੂਰ ਸਾਹਿਬ ਵਿਖੇ ਅਰਥੀਆਂ ਫੂਕ ਕੇ ਸਰਕਾਰ ਖਿਲਾਫ਼ ਜ਼ੋਰਦਾਰ ਰੋਸ ਪ੍ਰਦਰਸ਼ਨ ਕਰਨ ਦੀਆਂ ਤਿਆਰੀਆਂ ਕੀਤੀਆਂ ਗਈਆਂ ਹਨ ।

ਗੰਡੀਵਿੰਡ ਨੇ ਕਿਹਾ ਕਿ ਪੰਜਾਬ ਸਰਕਾਰ ਦੀ ਤਰਜ਼ ਤੇ ਪਾਵਰ ਮੈਨੇਜਮੈਂਟ ਵੀ ਮੁਲਾਜ਼ਮਾਂ ਅਤੇ ਪੈਨਸ਼ਨਰਾਂ ਦੀਆਂ 2 ਜੂਨ ਦੀ ਮੀਟਿੰਗ ਵਿੱਚ ਮੰਨੀਆਂ ਮੰਗਾਂ ਲਾਗੂ ਕਰਨ ਤੋਂ ਟਾਲ ਮਟੋਲ ਕਰ ਰਹੀ ਹੈ। ਜਿਸ ਦੇ ਖਿਲਾਫ਼ ਬਿਜਲੀ ਮੁਲਾਜ਼ਮਾਂ ਵੱਲੋਂ 11, 12 ਅਤੇ 13 ਅਗਸਤ ਨੂੰ ਸਾਂਝੇ ਧੜੇ ਦੇ ਸੂਬਾ ਪੱਧਰੀ ਸੱਦੇ 'ਤੇ ਸਮੂਹਿਕ ਛੁੱਟੀ ਲੈ ਕੇ ਲਗਾਤਾਰ ਤਿੰਨ ਦਿਨ ਕੀਤੇ ਜਾਣ ਵਾਲੇ ਸੰਘਰਸ਼ ਦੀ ਜ਼ੋਰਦਾਰ ਲਾਮਬੰਦੀ ਕੀਤੀ ਗਈ

# ਜਥੇਬੰਦਕ ਆਗੂਆਂ ਵੱਲੋਂ ਐੱਚ ਟੀ/ਸੀ ਐੱਚ ਟੀ ਪਦਉਨਤੀਆਂ ਕਰਵਾਉਣ ਦੀ ਗੁਹਾਰ

**ਵੇਰਕਾ (ਰਾਣਾ)**- ਸਮਾਜਿਕ ਨਿਆਂ, ਸਸ਼ਕਤੀਕਰਣ ਵੈਲਫੇਅਰ ਐਸੋਸੀਏਸ਼ਨ ਅੰਮ੍ਰਿਤਸਰ (ਪੰਜਾਬ) ਦੇ ਜਥੇਬੰਦਕ ਆਗੂਆਂ ਨੇ ਡੀ.ਈ.ਓ (ਐਲੀ:) ਅੰਮ੍ਰਿਤਸਰ ਵੱਲੋਂ ਈ.ਟੀ.ਟੀ ਟੀਚਰ ਤੋਂ ਹੈਡਟੀਚਰ ਅਤੇ ਹੈਡਟੀਚਰ ਤੋਂ ਸੈਂਟਰ ਹੈਡਟੀਚਰ ਦੀਆਂ ਪਦਉਨਤੀਆਂ ਨਾ ਕੀਤੇ ਜਾਣ ਦੀ ਸਖ਼ਤ ਸ਼ਬਦਾਂ ਵਿੱਚ ਨਿੰਦਾ ਕੀਤੀ ਹੈ।ਕਿਉਂਕਿ ਉਪਰੋਕਤ ਤਰੱਕੀਆਂ ਨਾ ਹੋਣ ਕਾਰਨ ਸਮੂਹ ਅਧਿਆਪਕ ਵਰਗ 'ਚ ਵੀ ਭਾਰੀ ਰੋਸ ਹੈ। ਜਥੇਬੰਦਕ ਆਗੂ ਚੀਫ ਆਰਗੇਨਾਈਜ਼ਰ ਕਰਨਰਾਜ ਸਿੰਘ ਗਿੱਲ, ਸੂਬਾਈ ਕਾਨੂੰਨੀ ਸਲਾਹਕਾਰ ਮਨਜੀਤ ਸਿੰਘ ਵਿਰਕ, ਜ਼ਿਲ੍ਹਾ ਪ੍ਰਧਾਨ ਸਤਿੰਦਰ ਸਿੰਘ ਸਰਕਾਰੀਆ, ਜਨਰਲ ਸਕੱਤਰ ਕੁਲਜੀਤ ਸਿੰਘ ਵੇਰਕਾ, ਸਲਾਹਕਾਰ ਹਰਮਨਦੀਪ ਸਿੰਘ ਛੀਨਾ, ਵਿੱਤ ਸਕੱਤਰ ਹਰਪਾਲ ਸਿੰਘ ਓਠੀਆ, ਮੀਤ ਪ੍ਰਧਾਨ ਤੇਜਿੰਦਰ ਸਿੰਘ ਸੋਹੀ ਆਦਿ ਨੇ ਦੱਸਿਆ ਕਿ ਸਾਡੇ ਗੁਆਂਢ ਜ਼ਿਲ੍ਹਿਆਂ ਵੱਲੋਂ ਐਚ.ਟੀ ਅਤੇ ਸੀ.ਐਚ.ਟੀ ਪਦਉਨਤੀਆਂ ਕਰ ਦਿੱਤੀਆਂ ਗਈਆਂ ਹਨ। ਜਿਸ ਕਾਰਨ ਹੁਣ ਸੈਂਟਰ ਹੈਡਟੀਚਰ ਦੀ ਸਟੇਟ ਕੇਡਰ ਬਣਨ ਵਾਲੀ ਸੀਨੀਆਰਤਾ ਸੂਚੀ 'ਚ ਜ਼ਿਲ੍ਹਾ ਅੰਮ੍ਰਿਤਸਰ ਦੇ ਟੀਚਰ ਜੂਨੀਅਰ ਰਹਿ ਜਾਣਗੇ ਅਤੇ ਨਿਕਟ ਭਵਿੱਖ ਵਿੱਚ ਵਾਲੇ ਤਰੱਕੀ ਦੇ ਲਾਭ ਤੋਂ ਵਾਂਝੇ ਹੋਣਗੇ। ਉਕਤ ਆਗੂਆਂ ਨੇ ਦੱਸਿਆ ਕਿ ਭੂਤਕਾਲ ਸਮੇਂ ਤੋਂ ਵੀ ਉਕਤ ਦਫਤਰ ਦੀ ਲਾਪ੍ਰਵਾਹੀ ਕਾਰਨ ਕਈ ਅਧਿਆਪਕ ਮਿਲਣ ਵਾਲੇ ਤਰੱਕੀ ਦੇ ਲਾਭਾਂ ਤੋਂ ਹਾਲੇ ਤੱਕ ਵਿਰਵੇ ਹਨ। ਦਫਤਰ ਡਾਇਰੈਕਟੋਰੇਟ ਸਕੂਲ ਸਿੱਖਿਆ (ਐਲੀ) ਐਸ.ਏ.ਐਸ ਨਗਰ ਨੇ ਮਿਤੀ 23/6/2025 ਨੂੰ ਪੱਤਰ ਜਾਰੀ ਕਰਦੇ ਹੋਏ ਪਹਿਲੀ ਮਿਤੀ 8/5/2025 ਅਨੁਸਾਰ ਤਰੱਕੀਆਂ ਕਰਨ ਲਈ ਹੁਕਮ ਦਿੱਤਾ ਹੈ। ਇਸ ਸੰਬੰਧੀ ਸਮਾਜਿਕ ਨਿਆਂ, ਸਸ਼ਕਤੀਕਰਣ ਵੈਲਫੇਅਰ ਐਸੋਸੀਏਸ਼ਨ ਅੰਮ੍ਰਿਤਸਰ (ਪੰਜਾਬ) ਵੱਲੋਂ ਮੁੱਖ ਮੰਤਰੀ ਪੰਜਾਬ ਸਰਕਾਰ, ਸਿੱਖਿਆ ਮੰਤਰੀ ਪੰਜਾਬ ਸਰਕਾਰ, ਸਿੱਖਿਆ ਸਕੱਤਰ ਪੰਜਾਬ ਸਰਕਾਰ ਅਤੇ ਡਾਇਰੈਕਟਰ ਐਜੂਕੇਸ਼ਨ ਸਕੂਲ ਪੰਜਾਬ ਐਸ.ਏ.ਐਸ ਨਗਰ ਪਾਸੋਂ ਇਨਸਾਫ ਲੈਣ ਦੀ ਗੁਹਾਰ ਲਗਾਈ ਹੈ।

# ਫਾਸ਼ੀ ਹਮਲਿਆਂ ਵਿਰੁੱਧ ਪਠਾਨਕੋਟ 'ਚ ਕਨਵੈਨਸ਼ਨ

**ਪਠਾਨਕੋਟ (ਦਵਿੰਦਰ ਸਿੰਘ)**- ਫਾਸ਼ੀ ਹਮਲਿਆਂ ਵਿਰੁੱਧ ਫਰੰਟ ਵੱਲੋਂ ਜ਼ਿਲ੍ਹਾ ਪੱਧਰ 'ਤੇ ਕਨਵੈਨਸ਼ਨਾਂ ਕਰਕੇ ਆਰ ਐਸ ਐਸ ਤੇ ਕੇਂਦਰ ਦੀ ਮੋਦੀ ਸਰਕਾਰ ਦੀਆਂ ਕਾਰਪੋਰੇਟ ਜਗਤ ਨੂੰ ਮਾਲਾਮਾਲ ਕਰਨ, ਫਿਰਕੂ ਫਾਸ਼ੀਵਾਦੀ ਚਾਲਾਂ ਨਾਲ ਦੇਸ਼ ਅੰਦਰ ਭਾਈਚਾਰਕ ਸਾਂਝ ਨੂੰ ਤੋੜਨ ਦੇ ਖਿਲਾਫ ਜਾਣੂ ਹੋਣ ਅਤੇ ਜਥੇਬੰਦ ਹੋ ਕੇ ਸਾਂਝੇ ਤੌਰ 'ਤੇ ਮੁਕਾਬਲਾ ਕਰਨ ਦੇ ਮਕਸਦ ਤਹਿਤ ਅੱਜ ਸੀ ਪੀ ਆਈ, ਆਰ ਐਮ ਪੀ ਆਈ, ਸੀ ਪੀ ਆਈ (ਐਮ ਐਲ) ਨਿਊਡੈਮੋਕਰੇਸੀ ਅਤੇ ਸੀ ਪੀ ਆਈ (ਐਮ ਐਲ) ਲਿਬਰੇਸ਼ਨ ਦੇ ਆਗੂ ਕਾਮਰੇਡ ਅਮਰੀਕ ਸਿੰਘ ਮਾਸਟਰ ਸੁਭਾਸ਼ ਸ਼ਰਮਾ, ਨਵਲ ਕਿਸ਼ੋਰ ਤੇ ਦਰਸ਼ਨ ਸਿੰਘ ਦੀ ਪ੍ਰਧਾਨਗੀ ਹੇਠ ਜ਼ਿਲ੍ਹਾ ਪਠਾਨਕੋਟ ਦੀ ਕਨਵੈਨਸ਼ਨ ਕੀਤੀ ਗਈ। ਇਕੱਠ ਨੂੰ ਸੰਬੋਧਨ ਕਰਦਿਆਂ ਕਾਮਰੇਡ ਗੁਰਮੀਤ ਸਿੰਘ ਬਖਤਪੁਰ, ਕਾਮਰੇਡ ਨੱਥਾ ਸਿੰਘ ਢਡਵਾਲ, ਰਾਜ ਕੁਮਾਰ ਪੰਡੋਰੀ, ਇਕਬਾਲ ਸਿੰਘ ਅਤੇ ਸ਼ਿਵ ਕੁਮਾਰ ਨੇ ਕਿਹਾ ਕਿ ਆਰ ਐਸ ਐਸ ਅਤੇ ਭਾਜਪਾ ਨੇ ਪਿਛਲੇ ਗਿਆਰਾਂ ਸਾਲਾਂ ਦੇ ਰਾਜ ਵਿੱਚ ਦੇਸ਼ ਦੇ ਫੈਡਰਲ ਢਾਂਚੇ ਦੀ ਤਬਾਹੀ ਦੇ ਰਾਹ ਪਈ ਹੈ। ਮੋਦੀ ਸਰਕਾਰ ਦੇ ਇਸ ਕਾਰਜਕਾਲ ਦੌਰਾਨ ਜਲ ਜੰਗਲ ਜ਼ਮੀਨ ਸਰਮਾਏਦਾਰ ਘਰਾਣਿਆਂ ਦੇ ਹਵਾਲੇ ਕਰਨ ਤੇ ਬਦਲੇ ਵਿਚ ਪੂੰਜੀਪਤੀਆਂ ਤੋਂ ਲਗਾਤਾਰ ਕਰੋੜਾਂ ਰੁਪਏ ਫੰਡ ਦੇ ਰੂਪ ਵਿਚ ਲੈ ਕੇ ਆਪਣੀ ਹਕੂਮਤ ਕਾਇਮ ਰੱਖਣ ਲਈ ਫਾਸ਼ੀਵਾਦੀ ਤੌਰ ਤਰੀਕਿਆਂ ਲਿਖਣ-ਬੋਲਣ ਤੇ ਸੰਘਰਸ਼ਸ਼ੀਲ ਜਥੇਬੰਦੀਆਂ ਦੇ ਆਗੂਆਂ ਨੂੰ ਬਿਨਾਂ ਕਿਸੇ ਠੋਸ ਕਾਰਨ ਜੇਲ੍ਹਾਂ ਵਿਚ ਬੰਦ ਕਰਨ ਦਾ ਘਿਨਾਉਣਾ ਕੰਮ ਕੀਤਾ ਜਾ ਰਿਹਾ ਹੈ। ਦੇਸ਼ ਦੀਆਂ




ਸਾਰੀਆਂ ਅਜ਼ਾਦ ਤੇ ਨਿਰਪੱਖ ਸੰਸਥਾਵਾਂ ਵਿੱਚ ਆਰ ਐਸ ਐਸ ਦੀ ਨਫਰਤ ਭਰੀ, ਅੰਧਵਿਸ਼ਵਾਸ ਤੇ ਗੈਰ ਵਿਗਿਆਨਕ ਸੋਚ ਅਧਾਰਤ ਵਿਅਕਤੀਆਂ ਦੀ ਭਰਤੀ ਕਰਕੇ ਦੇਸ਼ ਦੇ ਸੰਵਿਧਾਨ ਨੂੰ ਖਤਰਨਾਕ ਖੋਰਾ ਲਾਇਆ ਜਾ ਰਿਹਾ, ਅਜਿਹੇ ਸਮੇਂ ਖੱਬੀਆਂ ਧਿਰਾਂ ਵੱਲੋਂ ਦੇਸ਼ ਦੀ ਭਾਈਚਾਰਕ ਸਾਂਝ ਨੂੰ ਹੋਰ ਮਜ਼ਬੂਤ ਕਰਨ ਤੇ ਦੇਸ਼ ਦੀ ਏਕਤਾ ਉਸਾਰਨ ਦੇ ਉਪਰਾਲੇ ਦਾ ਦੇਸ਼ ਵਾਸੀਆਂ ਨੂੰ ਸਹਿਯੋਗ ਕਰਨ ਦਾ ਸੱਦਾ ਦਿਤਾ ਗਿਆ। ਇਸ ਮੌਕੇ ਉਪਰੋਕਤ ਤੋਂ ਇਲਾਵਾ ਕਾਮਰੇਡ ਬਲਵੰਤ ਸਿੰਘ ਘੋਹ, ਸੁਰੇਸ਼ ਕੁਮਾਰ, ਸੁਖਦੇਵ ਰਾਜ ਬਹਿਰਾਮਪੁਰ, ਵਿਜੇ ਕੁਮਾਰ ਸੋਹਲ, ਜੋਗਿੰਦਰ ਪਾਲ ਪਨਿਆੜ, ਬਲਬੀਰ ਸਿੰਘ ਅਤੇ ਹੋਰ ਹਾਜ਼ਰ ਸਾਥੀਆਂ ਆਪਣੇ ਵਿਚਾਰ ਸਾਂਝੇ ਕੀਤੇ।

## ਨਗਰ ਨਿਗਮ ਵੱਲੋਂ ਗੇਟ ਦੇ ਬਾਹਰ ਸਟਾਲ ਲਗਾ ਕੇ ਵੰਡੇ ਬੂਟੇ

ਬਟਾਲਾ (ਡਾਕਟਰ ਮਲਵਿੰਦਰ ਸਿੰਘ)- ਵਿਕਰਮਜੀਤ ਸਿੰਘ ਪਾਂਥੇ ਐਸ ਡੀ ਐਮ-ਕਮ-ਕਮਿਸ਼ਨਰ ਨਗਰ ਨਿਗਮ ਬਟਾਲਾ ਨੇ ਦੱਸਿਆ ਕਿ ਵਣ ਵਿਭਾਗ ਦੀ ਮਦਦ ਨਾਲ ਆਮ ਪਬਲਿਕ ਨੂੰ ਫਰੀ ਬੂਟੇ ਵੰਡਣ ਲਈ ਨਗਰ ਨਿਗਮ ਬਟਾਲਾ ਦੇ ਗੇਟ 'ਤੇ ਬਾਹਰ ਇੱਕ ਸਟਾਲ ਦਾ ਪ੍ਰਬੰਧ ਕੀਤਾ ਗਿਆ। ਉਨ੍ਹਾਂ ਸ਼ਹਿਰ ਵਾਸੀਆਂ ਨੂੰ ਅਪੀਲ ਕੀਤੀ ਕਿ ਬਰਸਾਤ ਦੇ ਚਲ ਰਹੇ ਮੌਸਮ ਵਿੱਚ ਆਪਣੇ-ਆਪਣੇ ਘਰਾਂ ਦੇ ਬਾਹਰ ਵੱਧ ਤੋਂ ਵੱਧ ਬੂਟੇ ਲਗਾਉਣ ਅਤੇ ਉਨ੍ਹਾਂ ਦੀ ਪੂਰੀ ਤਰ੍ਹਾਂ ਦੇਖ ਰੇਖ ਕਰਨ ਤਾਂ ਜੋ ਬਟਾਲਾ ਸ਼ਹਿਰ ਨੂੰ ਹਰਾ ਭਰਾ ਤੇ ਪ੍ਰਦੂਸ਼ਣ ਰਹਿਤ ਰੱਖਿਆ ਜਾ ਸਕੇ। ਉਨ੍ਹਾਂ ਕਿਹਾ ਕਿ ਸਾਡੀ ਸਾਰਿਆਂ ਦੀ ਜ਼ਿੰਮੇਵਾਰੀ ਬਣਦੀ ਹੈ ਕਿ ਅਸੀਂ ਵਾਤਾਵਰਣ ਨੂੰ ਪ੍ਰਦੂਸ਼ਿਤ ਮੁਕਤ ਕਰਨ ਲਈ ਵੱਧ ਤੋਂ ਵੱਧ ਪੌਦੇ ਲਗਾਈਏ ਤੇ ਉਨ੍ਹਾਂ ਦੀ ਸੰਭਾਲ ਵੀ ਕਰੀਏ। ਉਨ੍ਹਾਂ ਕਿਹਾ ਕਿ ਹਰ ਵਿਅਕਤੀ ਨੂੰ ਘੱਟੋ ਘੱਟ ਇਕ ਪੌਦਾ ਜ਼ਰੂਰ ਲਗਾਉਣਾ ਚਾਹੀਦਾ ਹੈ।

## ਦ ਗ੍ਰੇਟ ਇੰਡੀਅਨ ਕਪਿਲ ਸ਼ੋਅ ਨੈੱਟਫਲਿਕਸ 'ਤੇ ਭਾਰਤ ਦੇ ਟੌਪ 10 'ਚ ਕਰ ਰਿਹਾ ਟ੍ਰੈਂਡ

**ਚੰਡੀਗੜ੍ਹ** : ਦ ਗ੍ਰੇਟ ਇੰਡੀਅਨ ਕਪਿਲ ਸ਼ੋਅ ਸੀਜ਼ਨ 3, ਨੈੱਟਫਲਿਕਸ ਇੰਡੀਆ ਦਾ ਇੱਕੋ-ਇੱਕ ਹਫ਼ਤਾਵਾਰੀ ਮੂਲ, ਦੇਸ਼ ਭਰ ਦੇ ਦਰਸ਼ਕਾਂ ਨਾਲ ਇੱਕ ਸੁਰ ਜੋੜਦਾ ਰਿਹਾ ਹੈ, ਲਗਾਤਾਰ ਛੇ ਹਫ਼ਤਿਆਂ ਲਈ ਭਾਰਤ ਦੇ ਟੌਪ 10 ਵਿੱਚ ਟ੍ਰੈਂਡ ਕਰ ਰਿਹਾ ਹੈ। ਹਾਸੇ-ਮਜ਼ਾਕ ਤੋਂ ਲੈ ਕੇ ਦਿਲ ਨੂੰ ਛੂਹ ਲੈਣ ਵਾਲੇ ਪਰਵਾਰਕ ਪਲਾਂ ਤੱਕ ਦਰਸ਼ਕ ਕਪਿਲ ਸ਼ਰਮਾ ਅਤੇ ਉਸ ਦੇ ਪਿਆਰੇ ਆਨ-ਸਕ੍ਰੀਨ ਪਰਿਵਾਰ ਨੂੰ ਕਾਫ਼ੀ ਨਹੀਂ ਦੇਖ ਸਕਦੇ। ਪਿਛਲੇ ਛੇ ਹਫ਼ਤਿਆਂ ਵਿੱਚ ਹੀ ਸ਼ੋਅ ਨੇ ਭਾਈਜਾਨ, ਸਾਰਾ ਅਲੀ ਖਾਨ ਅਤੇ ਅਜੇ ਦੇਵਗਨ ਤੋਂ ਲੈ ਕੇ ਗੌਤਮ ਗੰਭੀਰ ਅਤੇ ਰਿਸ਼ਭ ਪੰਤ ਤੱਕ ਸਾਰਿਆਂ ਦਾ ਸਵਾਗਤ ਕੀਤਾ ਹੈ ਅਤੇ ਅਗਲੇ ਹਫ਼ਤੇ ਪਰਿਣੀਤੀ ਚੋਪੜਾ ਅਤੇ ਰਾਘਵ ਚੱਢਾ ਨੂੰ ਵੀ ਦੇਖਣਗੇ। ਅਸੀਂ ਪਿਛਲੇ ਹਫ਼ਤੇ ਪੌਡਕਾਸਟਰਾਂ ਨੂੰ ਸਭ ਤੋਂ ਵੱਡਾ ਖੁਲਾਸਾ ਕਰਦੇ ਦੇਖਿਆ ਹੈ, ਓ ਟੀ ਟੀ ਸਿਤਾਰਿਆਂ ਨੇ ਆਪਣੇ ਮਨੋਰੰਜਨ ਨੂੰ ਲੈਵਲ ਭਾਰ ਦੇ ਤੌਰ 'ਤੇ ਬਾਹਰ ਖੁੱਲ੍ਹ ਕੇ ਗੱਲ ਕੀਤੀ ਹੈ ਅਤੇ ਕੁਝ ਗਾਇਕ (ਇਸ਼ਾਰਾ ਸੰਕੇਤ) ਵੀ ਕਪਿਲ ਅਤੇ ਉਸ ਦੇ ਪਰਵਾਰ ਨਾਲ ਜਸ਼ਨ ਮਨਾਉਂਦੇ ਹੋਏ।

## ਸੂਬੇ 'ਚੋਂ ਨਸ਼ਿਆਂ ਦਾ ਹੋਵੇਗਾ ਮੁਕੰਮਲ ਖ਼ਾਤਮਾ : ਗੁਰਪ੍ਰੀਤ ਸਿੰਘ ਰੰਧਾਵਾ

ਡੇਰਾ ਬਾਬਾ ਨਾਨਕ (ਰਮੇਸ਼ ਸ਼ਰਮਾ) - ਮੁੱਖ ਮੰਤਰੀ ਭਗਵੰਤ ਸਿੰਘ ਮਾਨ ਦੀ ਅਗਵਾਈ ਵਾਲੀ ਸੂਬਾ ਸਰਕਾਰ ਵੱਲੋਂ ਪੰਜਾਬ ਵਿੱਚੋਂ ਨਸ਼ਿਆਂ ਦੇ ਮੁਕੰਮਲ ਖ਼ਾਤਮੇ ਲਈ ਚਲਾਈ ਜਾ ਰਹੀ 'ਯੁੱਧ ਨਸ਼ਿਆਂ ਵਿਰੁੱਧ' ਮੁਹਿੰਮ ਤਹਿਤ ਡੇਰਾ ਬਾਬਾ ਨਾਨਕ ਦੇ ਵਿਧਾਇਕ ਗੁਰਦੀਪ ਸਿੰਘ ਰੰਧਾਵਾ ਨੇ ਬੀਤੀ ਸ਼ਾਮ ਹਲਕੇ ਦੇ ਪਿੰਡ ਬਜ਼ੁਰਗਵਾਲ, ਦੁੱਲਾਨੰਗਲ ਅਤੇ



ਬਾਂਗੋਵਾਣੀ ਵਿਖੇ ਨਸ਼ਾ ਮੁਕਤੀ ਯਾਤਰਾ ਦੌਰਾਨ ਜਾਗਰੂਕਤਾ ਪ੍ਰੋਗਰਾਮਾਂ ਵਿੱਚ ਸ਼ਿਰਕਤ ਕੀਤੀ । ਉਨ੍ਹਾਂ ਕਿਹਾ ਕਿ ਪੰਜਾਬ ਸਰਕਾਰ ਵੱਲੋਂ ਯੁੱਧ ਨਸ਼ਿਆਂ ਵਿਰੁੱਧ ਮੁਹਿੰਮ ਤਹਿਤ ਸੂਬੇ ਵਿੱਚੋਂ ਨਸ਼ਿਆਂ ਨੂੰ ਹਰ ਹੀਲੇ ਖ਼ਤਮ ਕੀਤਾ ਜਾਵੇਗਾ ਅਤੇ ਇਸੇ ਅਹਿਦ ਤਹਿਤ ਨਸ਼ਾ ਤਸਕਰਾਂ ਵਿਰੁੱਧ ਸਖ਼ਤ ਕਾਰਵਾਈ ਲਗਾਤਾਰ ਜਾਰੀ ਹੈ। ਨਸ਼ਾ ਮੁਕਤੀ ਯਾਤਰਾ ਦਾ ਮੰਤਵ ਸਾਂਝਾ ਕਰਦਿਆਂ ਵਿਧਾਇਕ ਰੰਧਾਵਾ ਨੇ ਲੋਕਾਂ ਨੂੰ ਅਪੀਲ ਕੀਤੀ ਕਿ ਉਹ ਆਪਣੇ ਸੂਬੇ ਨੂੰ ਨਸ਼ਾ ਮੁਕਤ ਬਣਾਉਣ ਲਈ ਆਪਣਾ ਮੋਹਰੀ ਯੋਗਦਾਨ ਪਾਉਣ ਅਤੇ ਵੱਧ ਤੋਂ ਵੱਧ ਲੋਕਾਂ ਨੂੰ ਨਸ਼ਿਆਂ ਦੇ ਮਾੜੇ ਪ੍ਰਭਾਵਾਂ ਪ੍ਰਤੀ ਜਾਗਰੂਕ ਕੀਤਾ ਜਾਵੇ। ਉਨ੍ਹਾਂ ਕਿਹਾ ਕਿ ਜੇਕਰ ਉਨ੍ਹਾਂ ਦੇ ਪਿੰਡ ਜਾਂ ਇਲਾਕੇ ਵਿੱਚ ਕੋਈ ਨਸ਼ਾ ਤਸਕਰ ਨਸ਼ਾ ਵੇਚਦਾ ਹੈ ਤਾਂ ਇਸ ਦੀ ਸੂਚਨਾ ਪੁਲਸ ਨੂੰ ਦਿੱਤੀ ਜਾਵੇ ਤਾਂ ਜੋ ਉਨ੍ਹਾਂ ਵਿਰੁੱਧ ਸਖ਼ਤ ਤੋਂ ਸਖ਼ਤ ਕਾਰਵਾਈ ਕੀਤੀ ਜਾ ਸਕੇ। ਰੰਧਾਵਾ ਨੇ ਪੇਂਡੂ ਸੁਰੱਖਿਆ ਕਮੇਟੀਆਂ, ਪੰਚਾਇਤਾਂ ਦੇ ਨੁਮਾਇੰਦਿਆਂ ਨੂੰ ਕਿਹਾ ਕਿ ਉਹ ਪਿੰਡਾਂ ਦੇ ਪਹਿਰੇਦਾਰ ਵਜੋਂ ਕੰਮ ਕਰਕੇ ਨਸ਼ਿਆਂ 'ਚ ਗ੍ਰਸਤ ਲੋਕਾਂ ਦੇ ਇਲਾਜ ਤੇ ਪੁਨਰਵਾਸ ਲਈ ਸਰਕਾਰ ਦਾ ਸਹਿਯੋਗ ਕਰਨ ਤਾਂ ਜੋ ਅਜਿਹੇ ਲੋਕਾਂ ਨੂੰ ਸਮਾਜ ਦੀ ਮੁੱਖ ਧਾਰਾ ਵਿੱਚ ਸ਼ਾਮਲ ਕਰਕੇ ਉਨ੍ਹਾਂ ਨੂੰ ਨਵਾਂ ਜੀਵਨ ਦਿੱਤਾ ਜਾ ਸਕੇ। ਉਨ੍ਹਾਂ ਕਿਹਾ ਕਿ ਲੋਕਾਂ ਦੇ ਸਹਿਯੋਗ ਨਾਲ ਹੀ ਅਸੀਂ ਨਸ਼ਿਆਂ ਦੀ ਇਸ ਭੈੜੀ ਅਲਾਮਤ ਤੋਂ ਛੁਟਕਾਰਾ ਪਾ ਸਕਦੇ ਹਾਂ। ਇਸ ਮੌਕੇ ਉਨ੍ਹਾਂ ਵਸਨੀਕਾਂ ਦੀਆਂ ਸ਼ਿਕਾਇਤਾਂ ਵੀ ਸੁਣੀਆਂ ਤੇ ਸਮੱਸਿਆਵਾਂ ਦਾ ਜਲਦ ਤੋਂ ਜਲਦ ਨਿਪਟਾਰਾ ਕਰਨ ਦਾ ਭਰੋਸਾ ਦਿਵਾਇਆ। ਇਸ ਮੌਕੇ ਉਨ੍ਹਾਂ ਨਾਲ ਤਹਿਸੀਲਦਾਰ ਕਲਾਨੌਰ ਰਜਿੰਦਰ ਸਿੰਘ, ਵੱਖ-ਵੱਖ ਵਿਭਾਗਾਂ ਦੇ ਅਧਿਕਾਰੀਆਂ ਤੋਂ ਇਲਾਵਾ ਪਿੰਡਾਂ ਦੇ ਪੰਚ-ਸਰਪੰਚ ਅਤੇ ਹੋਰ ਮੁਹਤਬਰ ਵੀ ਹਾਜ਼ਰ ਸਨ।

## ਸੂਬਾ ਸਰਕਾਰ ਹਰ ਖੇਤਰ 'ਚ ਨਿਰਪੱਖ ਤੌਰ 'ਤੇ ਕਰਵਾ ਰਹੀ ਵਿਕਾਸ ਕੰਮ : ਬੇਦੀ

ਚੰਡੀਗੜ੍ਹ (ਕ੍ਰਿਸ਼ਨ ਗਰਗ)- ਹਰਿਆਣਾ ਦੇ ਸਮਾਜਿਕ ਨਿਆਂ ਅਤੇ ਅਧਿਕਾਰਤਾ ਮੰਤਰੀ ਸ੍ਰੀ ਕ੍ਰਿਸ਼ਣ ਕੁਮਾਰ ਬੇਦੀ ਨੇ ਕਿਹਾ ਹੈ ਕਿ ਮੌਜੂਦਾ ਸੂਬਾ ਸਰਕਾਰ ਨਿਰਪੱਖ ਢੰਗ ਨਾਲ ਸੂਬੇ ਦੇ ਸਾਰੇ ਖੇਤਰਾਂ ਵਿੱਚ ਸੰਤੁਲਿਤ ਅਤੇ ਬਰਾਬਰ ਵਿਕਾਸ ਕੰਮ ਕਰਵਾ ਰਹੀ ਹੈ। ਹਰਿਆਣਾ ਵਿੱਚ ਹੋ ਰਹੇ ਵਿਕਾਸ ਕੰਮਾਂ ਦੀ ਚਰਚਾ ਪੰਜਾਬ ਵਰਗੇ ਗੁਆਂਢੀ ਸੂਬੇ ਵਿੱਚ ਵੀ ਹੈ। ਹੋਰ ਇਲਾਕਿਆਂ ਦੀ ਤਰ੍ਹਾ ਨਰਵਾਨਾ ਵੀ ਭਵਿੱਖ ਵਿੱਚ ਵਿਕਾਸ ਦਾ ਉਦਾਹਰਣ ਬਣੇ, ਇਸ ਦੇ ਲਈ ਉਹ ਦਿਨ-ਰਾਤ ਯਤਨਸ਼ੀਲ ਹਨ। ਕੈਬੀਨੇਟ ਮੰਤਰੀ ਸ੍ਰੀ ਕ੍ਰਿਸ਼ਣ ਕੁਮਾਰ ਬੇਦੀ ਸ਼ਨੀਵਾਰ ਦੇਰ ਸ਼ਾਮ ਨਰਵਾਨਾ ਵਿਧਾਨਸਭਾ ਹਲਕਾ ਦੇ ਪਿੰਡ ਡਿੰਡੋਲੀ ਵਿੱਚ ਆਯੋਜਿਤ ਜਨਸਭਾ ਨੂੰ ਸੰਬੋਧਿਤ ਕਰ ਰਹੇ ਸਨ। ਮੰਤਰੀ ਨੇ ਕਿਹਾ ਕਿ 17 ਅਗਸਤ ਨੂੰ ਸੂਬੇ ਦੇ ਮੁੱਖ ਮੰਤਰੀ ਸ੍ਰੀ ਨਾਇਬ ਸਿੰਘ ਸੈਣੀ ਵਿਧਾਨ ਸਭਾ ਚੋਣ ਵਿੱਚ ਜਨਸਮਰਥਨ ਲਈ ਨਰਵਾਨਾ ਖੇਤਰਵਾਸੀਆਂ ਦਾ ਧੰਨਵਾਦ ਜਤਾਉਣ ਅਤੇ ਕਰੋੜਾਂ ਰੁਪਏ ਦੀ ਵਿਕਾਸ ਪ੍ਰੋਜੈਕਟਾਂ ਦੀ ਸੌਗਾਤ ਦੇਣ ਲਈ ਪਹੁੰਚਣਗੇ। ਇਸ ਮੌਕੇ 'ਤੇ ਮੰਤਰੀ ਨੇ ਵਾਲਮਿਕੀ ਚੌਪਾਲ ਅਤੇ ਜਿਮ ਹਾਲ ਦਾ ਨੀਂਹ ਪੱਥਰ ਰੱਖਿਆ। ਇਸ ਦੇ ਨਿਰਮਾਣ 'ਤੇ ਕਰੀਬ 20 ਲੱਖ ਰੁਪਏ ਖਰਚ ਹੋਣਗੇ। ਇਸ ਤੋਂ ਇਲਾਵਾ ਮੰਤਰੀ ਨੇ ਲਗਭਗ 2 ਕਰੋੜ 80 ਲੱਖ ਰੁਪਏ ਦੀ ਲਾਗਤ ਨਾਲ ਬਨਣ ਵਾਲੇ ਵੱਖ-ਵੱਖ ਵਿਕਾਸ ਕੰਮਾਂ ਦਾ ਵੀ ਐਲਾਨ ਕੀਤਾ। ਇੰਨ੍ਹਾਂ ਸਾਰੇ ਵਿਕਾਸ ਕੰਮਾਂ ਦੇ ਏਸਟੀਮੇਟ ਬਣਾ ਕੇ ਜਲਦੀ ਸਬੰਧਿਤ ਵਿਭਾਗਾਂ ਨੂੰ ਭਿਜਵਾਉਣ ਲਈ ਅਧਿਕਾਰੀਆਂ ਨੂੰ ਨਿਰਦੇਸ਼ ਦਿੱਤੇ। ਨਾਲ ਹੀ ਪਿੰਡ ਪੰਚਾਇਤ ਨੂੰ ਹੋਰ ਜ਼ਰੂਰੀ ਕੰਮਾਂ ਲਈ ਵੀ ਕੈਬੀਨੇਟ ਮੰਤਰੀ ਸ੍ਰੀ ਕ੍ਰਿਸ਼ਣ ਕੁਮਾਰ ਬੇਦੀ ਨੇ 51 ਲੱਖ ਰੁਪਏ ਵੱਧ ਗ੍ਰਾਂਟ ਦੇਣ ਲਈ ਵੀ ਕਿਹਾ। ਇਸ ਤਰ੍ਹਾ ਪਿੰਡ ਵਿੱਚ ਲਗਭਗ ਸਾਢੇ 3 ਕਰੋੜ ਰੁਪਏ ਦੇ ਵਿਕਾਸ ਕੰਮ ਕਰਵਾਏ ਜਾਣਗੇ।

# ਗਤਕਾ ਐਸੋਸੀਏਸ਼ਨ ਨੇ ਸਟੇਟ ਗਤਕਾ ਚੈਂਪੀਅਨਸ਼ਿਪ ਲਈ ਖਿਡਾਰੀਆਂ ਦੇ ਲਏ ਟਰਾਇਲ

**ਧਾਰੀਵਾਲ (ਮਨਦੀਪ ਸਿੰਘ ਵਿੱਕੀ)**- ਪੰਜਾਬ ਗਤਕਾ ਐਸੋਸੀਏਸ਼ਨ ਦੇ ਪ੍ਰਧਾਨ ਡਾ. ਰਜਿੰਦਰ ਸਿੰਘ ਸੋਹਲ ਅਤੇ ਐਸੋਸੀਏਸ਼ਨ ਦੇ ਜਨਰਲ ਸਕੱਤਰ ਬਲਜਿੰਦਰ ਸਿੰਘ ਤੂਰ ਦੀ ਅਗਵਾਈ ਹੇਠ ਅਤੇ ਮਲਕਪੁਰ ਸੰਪਰਦਾਇ ਦੇ ਮੁੱਖ ਸੇਵਾਦਾਰ ਬਾਬਾ ਸੁਖਵਿੰਦਰ ਸਿੰਘ ਅਤੇ ਬਾਬਾ ਸਰਵਣ ਸਿੰਘ ਦੇ ਸਹਿਯੋਗ ਨਾਲ ਜ਼ਿਲ੍ਹਾ ਗੁਰਦਾਸਪੁਰ ਗਤਕਾ ਐਸੋਸੀਏਸ਼ਨ ਦੇ ਪ੍ਰਧਾਨ ਕਮ ਚੇਅਰਮੈਨ ਰਵਿੰਦਰ ਸਿੰਘ ਮਠਾਰੂ ਅਤੇ ਐਸੋਸੀਏਸ਼ਨ ਦੇ ਜਨਰਲ ਸਕੱਤਰ ਯੋਧਵੀਰ ਸਿੰਘ ਦੀ ਪ੍ਰਧਾਨਗੀ ਹੇਠ ਗਤਕਾ ਖੇਡ ਨੂੰ ਹੋਰ ਪ੍ਰਫੁੱਲਿਤ ਕਰਨ ਲਈ ਪੰਜਾਬ ਗਤਕਾ ਐਸੋਸੀਏਸ਼ਨ ਵੱਲੋਂ ਕਰਵਾਈ ਜਾ ਰਹੀ 10ਵੀਂ ਪੰਜਾਬ ਸਟੇਟ ਚੈਂਪੀਅਨਸ਼ਿਪ, ਸਬ ਜੂਨੀਅਰ ਅਤੇ ਸੀਨੀਅਰ ਲੜਕੇ ਅਤੇ ਲੜਕੀਆਂ ਦੀ ਗਤਕਾ ਚੈਂਪੀਅਨਸ਼ਿਪ 2025 ਦੇ ਲਈ ਗੁਰਦੁਆਰਾ ਤਪ ਅਸਥਾਨ ਸਾਹਿਬ ਮਲਕਪੁਰ, ਕਾਹਨੂੰਵਾਨ ਰੋਡ ਬਟਾਲਾ ਵਿਖੇ ਵੱਖ-ਵੱਖ ਉਮਰ ਵਰਗ ਦੇ ਨਾਲ ਸੰਬੰਧਤ ਗਤਕਾ ਖਿਡਾਰੀਆਂ ਦੇ ਟਰਾਇਲ ਲਏ ਗਏ। ਇਸ ਦੌਰਾਨ ਮਲਕਪੁਰ ਸੰਪਰਦਾਇ ਦੇ ਮੁੱਖ ਸੇਵਾਦਾਰ ਬਾਬਾ ਸੁਖਵਿੰਦਰ ਸਿੰਘ ਅਤੇ ਬਾਬਾ ਸਰਵਣ ਸਿੰਘ ਤੋਂ ਇਲਾਵਾ ਬੀਬੀ ਰਮਿੰਦਰ ਕੌਰ ਮਲਕਪੁਰ, ਸ਼੍ਰੋਮਣੀ ਅਕਾਲੀ ਦਲ ਐਸ. ਸੀ. ਵਿੰਗ ਦੇ ਜ਼ਿਲ੍ਹਾ ਪ੍ਰਧਾਨ ਪਲਵਿੰਦਰ ਸਿੰਘ ਲੰਬੜਦਾਰ, ਐਸੋਸੀਏਸ਼ਨ ਦੇ ਸੀਨੀਅਰ ਮੀਤ ਪ੍ਰਧਾਨ ਰਜਿੰਦਰ ਸਿੰਘ ਹੈਪੀ ਵੱਲੋਂ ਜਿੱਥੇ ਗਤਕਾ ਖਿਡਾਰੀਆਂ ਦੇ



ਟਰਾਇਲ ਲੈਣ ਦੀ ਆਰੰਭਤਾ ਕਰਦਿਆਂ ਖਿਡਾਰੀਆਂ ਦੇ ਨਾਲ ਜਾਣ ਪਹਿਚਾਣ ਕੀਤੀ ਗਈ, ਉੱਥੇ ਨਾਲ ਹੀ ਖਿਡਾਰੀਆਂ ਨੂੰ ਆਪਣਾ ਅਸ਼ੀਰਵਾਦ ਵੀ ਦਿੱਤਾ ਗਿਆ। ਇਸ ਮੌਕੇ ਬਾਬਾ ਸੁਖਵਿੰਦਰ ਸਿੰਘ ਨੇ ਕਿਹਾ ਕਿ ਜ਼ਿਲ੍ਹਾ ਗੁਰਦਾਸਪੁਰ ਗਤਕਾ ਐਸੋਸੀਏਸ਼ਨ ਵੱਲੋਂ ਗਤਕਾ ਖੇਡ ਅਤੇ ਖਿਡਾਰੀਆਂ ਨੂੰ ਹੋਰ ਪ੍ਰਫੁੱਲਿਤ ਕਰਨ ਦੇ ਲਈ ਕੀਤੇ ਜਾ ਰਹੇ ਉਪਰਾਲੇ ਬਹੁਤ ਹੀ ਸ਼ਲਾਘਾਯੋਗ ਹਨ। ਉਹਨਾਂ ਕਿਹਾ ਕਿ ਮਲਕਪੁਰ ਸੰਪਰਦਾਇ ਵੱਲੋਂ ਗੁਰਮਿਤ ਦੇ ਪ੍ਰਚਾਰ ਅਤੇ ਪਸਾਰ ਦੇ ਲਈ ਅਹਿਮ ਉਪਰਾਲੇ ਕੀਤੇ ਜਾ ਰਹੇ ਹਨ, ਜਦਕਿ ਜ਼ਿਲ੍ਹਾ ਗੁਰਦਾਸਪੁਰ ਗਤਕਾ ਐਸੋਸੀਏਸ਼ਨ ਨੂੰ ਹਰ ਪ੍ਰਕਾਰ ਦੇ ਨਾਲ ਵਧ ਚੜ੍ਹ ਕੇ ਸਹਿਯੋਗ ਦਿੱਤਾ ਜਾਵੇਗਾ।ਇਸ ਦੌਰਾਨ ਜ਼ਿਲ੍ਹਾ ਗੁਰਦਾਸਪੁਰ ਗਤਕਾ ਐਸੋਸੀਏਸ਼ਨ ਦੇ ਪ੍ਰਧਾਨ ਕਮ ਚੇਅਰਮੈਨ ਰਵਿੰਦਰ ਸਿੰਘ ਮਠਾਰੂ ਅਤੇ ਐਸੋਸੀਏਸ਼ਨ ਦੇ ਜਨਰਲ ਸਕੱਤਰ ਯੋਧਵੀਰ ਸਿੰਘ ਨੇ ਦੱਸਿਆ ਕਿ ਜੂਨੀਅਰ ਅਤੇ ਸਬ ਜੂਨੀਅਰ ਲੜਕੇ ਅਤੇ ਲੜਕੀਆਂ ਦੀ ਚੈਂਪੀਅਨਸ਼ਿਪ 2025 ਦੇ ਮੁਕਾਬਲੇ 22 ਅਗਸਤ ਤੋਂ ਲੈ ਕੇ 24 ਅਗਸਤ ਤੱਕ ਸ੍ਰੀ ਫਤਿਹਗੜ੍ਹ ਸਾਹਿਬ ਵਿਖੇ ਕਰਵਾਏ ਜਾਣਗੇ। ਜਦਕਿ ਸੀਨੀਅਰ ਵਰਗ ਦੇ ਲੜਕੇ ਅਤੇ ਲੜਕੀਆਂ ਦੀ ਗਤਕਾ ਚੈਂਪੀਅਨਸ਼ਿਪ 2025 ਦੇ ਮੁਕਾਬਲੇ 29 ਅਗਸਤ ਤੋਂ ਲੈ ਕੇ 31 ਅਗਸਤ ਤੱਕ ਸ੍ਰੀ ਅਨੰਦਪੁਰ ਸਾਹਿਬ ਵਿਖੇ ਕਰਵਾਏ ਜਾਣਗੇ। ਇਸ ਮੌਕੇ ਕੁਲਵਿੰਦਰਪ੍ਰੀਤ ਸਿੰਘ, ਨਵਤੇਜ ਸਿੰਘ ਕੋਚ, ਨਵਦੀਪ ਕੌਰ, ਸ਼ਰਨਪ੍ਰੀਤ ਸਿੰਘ ਕੋਚ, ਗੁਰਜੀਤ ਸਿੰਘ ਕੋਚ, ਜਿਉਣ ਸਿੰਘ, ਨਿਸ਼ਾਨ ਸਿੰਘ ਸਮੇਤ ਹੋਰ ਵੀ ਇਲਾਕੇ ਦੇ ਪਤਵੰਤੇ ਆਗੂ ਅਤੇ ਖਿਡਾਰੀਆਂ ਦੇ ਮਾਤਾ ਪਿਤਾ ਵੀ ਹਾਜ਼ਰ ਸਨ।

## ਮਾਤਾ ਗੁਜਰੀ ਕਾਨਵੈਂਟ ਸਕੂਲ ਸਰਹਾਲੀ ਕਲਾਂ 'ਚ ਤੀਆਂ ਦਾ ਤਿਉਹਾਰ ਮਨਾਇਆ



**ਤਰਨ ਤਾਰਨ (ਪ੍ਰਿਤਪਾਲ ਸਿੰਘ)**- ਮਾਤਾ ਗੁਜਰੀ ਕਾਨਵੈਂਟ ਸਕੂਲ, ਸਰਹਾਲੀ ਕਲਾਂ ਵੱਲੋਂ ਤੀਆਂ ਦਾ ਤਿਉਹਾਰ ਬੜੀ ਧੂਮਧਾਮ, ਚਾਅ ਅਤੇ ਸੱਭਿਆਚਾਰਕ ਰੰਗਾਂ ਨਾਲ ਮਨਾਇਆ ਗਿਆ। ਇਸ ਖਾਸ ਮੌਕੇ 'ਤੇ ਸਕੂਲ ਵਿੱਚ ਵਿਦਿਆਰਥਣਾਂ ਵੱਲੋਂ ਤੀਆਂ ਦੀ ਰਵਾਇਤੀ ਸਾਂਝ ਨੂੰ ਦਰਸਾਉਂਦੇ ਹੋਏ ਗਿੱਧਾ, ਭੰਗੜਾ, ਲੋਕ ਗੀਤ, ਗਿੱਧੇ ਦੀਆਂ ਬੋਲੀਆਂ ਅਤੇ ਸੱਭਿਆਚਾਰਕ ਨਾਟਕ ਪੇਸ਼ ਕੀਤੇ ਗਏ।ਸਕੂਲ ਦੇ ਪ੍ਰੰਗਣ ਨੂੰ ਰੰਗ-ਬਰੰਗੀਆਂ ਸਜਾਵਟਾਂ, ਚੂੜੀਆਂ, ਝੂਲਿਆਂ ਅਤੇ ਤੀਆਂ ਨਾਲ ਸੰਬੰਧਤ ਚਿੱਤਰਾਂ ਨਾਲ ਸੁਸ਼ੋਭਿਤ ਕੀਤਾ ਗਿਆ ਸੀ। ਇਸ ਮੌਕੇ ਸਕੂਲ ਦੇ ਮੈਨੇਜਿੰਗ ਡਾਇਰੈਕਟਰ ਸਰਦਾਰ ਮਨਜਿੰਦਰ ਸਿੰਘ ਕੁਕਰੇਜਾ, ਪ੍ਰਿੰਸੀਪਲ ਗੀਤਾ ਕੁਕਰੇਜਾ ਅਤੇ ਸਮੂਹ ਅਧਿਆਪਕ ਸਟਾਫ ਨੇ ਵੀ ਵਿਦਿਆਰਥੀਆਂ ਨਾਲ ਰਲ ਮਿਲ ਕੇ ਤਿਉਹਾਰ ਦੀ ਖੁਸ਼ੀ ਮਨਾਈ। ਤਿਉਹਾਰ ਦੀ ਖੁਸ਼ੀ ਨੂੰ ਹੋਰ ਵਧਾਉਂਦੇ ਹੋਏ ਸਕੂਲ ਪ੍ਰਬੰਧਕਾਂ ਵੱਲੋਂ ਪੂਰੇ ਸਕੂਲ ਵਿੱਚ ਪੀਂਘ-ਪ੍ਰੀਂਘਾਂ ਦਾ ਖੁੱਲ੍ਹਾ ਮੇਲਾ ਲਗਾਇਆ ਗਿਆ, ਜਿਸ 'ਚ ਵਿਦਿਆਰਥੀਆਂ, ਅਧਿਆਪਕਾਂ ਅਤੇ ਮੌਜੂਦ ਸਟਾਫ ਨੇ ਭਰਪੂਰ ਭਾਗ ਲਿਆ।ਸਕੂਲ ਪ੍ਰਿੰਸੀਪਲ ਨੇ ਆਖਿਆ ਕਿ ਇੰਝ ਦੇ ਤਿਉਹਾਰ ਸਾਨੂੰ ਆਪਣੇ ਸੰਸਕਾਰਾਂ, ਰਵਾਇਤਾਂ ਅਤੇ ਸੱਭਿਆਚਾਰ ਨਾਲ ਜੋੜਦੇ ਹਨ।

# ਦਿਵਯ ਜਯੋਤੀ ਜਾਗਰਤੀ ਸੰਸਥਾਨ ਵੱਲੋਂ ਵਿਸ਼ੇਸ਼ ਸਮਾਗਮ

ਤਰਨ ਤਾਰਨ ( ਪ੍ਰਿਤਪਾਲ ਸਿੰਘ )-ਦਿਵਯ ਜਯੋਤੀ ਜਾਗਰਤੀ ਸੰਸਥਾਨ ਤਰਨ ਤਾਰਨ ਵੱਲੋਂ ਸੰਤੁਲਨ ਪ੍ਰੋਜੈਕਟ ਅਧੀਨ ਕੰਨਿਆ ਨੂੰ ਸਮਰਪਿਤ ਤੀਜ ਪ੍ਰੋਗਰਾਮ ਦਾ ਆਯੋਜਨ ਕੀਤਾ ਗਿਆ। ਇਸ ਸਮਾਰੋਹ ਦੀ ਅਗਵਾਈ ਸ੍ਰੀ ਆਸ਼ੂਤੋਸ਼ ਮਹਾਰਾਜ ਦੀ ਸ਼ਿਸ਼ਯਾ ਸਾਧਵੀ ਕੁਲਦੇਵੀ ਭਾਰਤੀ ਨੇ ਕੀਤੀ।ਸਾਧਵੀ ਨੇ ਤੀਆਂ ਦੇ ਤਿਉਹਾਰ ਦੀ ਸੱਭਿਆਚਾਰਕ ਮਹੱਤਤਾ ਬਾਰੇ ਗੱਲ ਕਰਦਿਆਂ ਕਿਹਾ ਕਿ ਇਹ ਤਿਉਹਾਰ ਸਿਰਫ਼ ਗੀਤ-ਰਿਵਾਜਾਂ ਦੀ ਪਾਲਣਾ ਨਹੀਂ,




ਸਗੋਂ ਨਾਰੀ ਦੇ ਅਸਲੀ ਮਾਣ, ਭਾਈਚਾਰੇ ਅਤੇ ਸੰਸਕਾਰਾਂ ਦਾ ਪ੍ਰਤੀਕ ਹੈ। ਤੀਜ ਦਾ ਤਿਉਹਾਰ ਮੁੱਖ ਤੌਰ 'ਤੇ ਕੁੜੀਆਂ ਲਈ ਖਾਸ ਹੁੰਦਾ ਹੈ, ਜਿੱਥੇ ਉਹ ਮਹਿੰਦੀ ਲਾਉਣ, ਚੂੜੀਆਂ ਪਾਉਣ, ਪੀਂਘਾਂ ਝੂਲਣ ਅਤੇ ਗਿੱਧਾ ਪਾਉਣ ਰਾਹੀਂ ਆਪਣੀ ਖੁਸ਼ੀ ਦਾ ਪ੍ਰਗਟਾਵਾ ਕਰਦੀਆਂ ਹਨ।ਸਾਧਵੀ ਨੇ ਕਿਹਾ ਕਿ ਜਿੱਥੇ ਇੱਕ ਪਾਸੇ ਨਾਰੀ ਨੂੰ ਦੇਵੀ ਮਾਂ ਵਜੋਂ ਪੂਜਿਆ ਜਾਂਦਾ ਹੈ, ਉੱਥੇ ਹੀ ਦੂਸਰੇ ਪਾਸੇ ਪੁੱਤਰੀ ਦੇ ਰੂਪ ਵਿੱਚ ਆਈ ਨਾਰੀ ਨੂੰ ਅਣਚਾਹਾ ਤੇ ਬੋਝ ਸਮਝਿਆ ਜਾਂਦਾ ਹੈ। ਉਨ੍ਹਾਂ ਕਿਹਾ ਕਿ ਕੰਨਿਆ ਭਰੂਣ ਹੱਤਿਆ, ਦਹੇਜ ਪ੍ਰਥਾ ਅਤੇ ਲਿੰਗ ਅਸਮਾਨਤਾ ਵਰਗੀਆਂ ਸਮੱਸਿਆਵਾਂ ਨੇ ਭਾਰਤੀ ਸਮਾਜ ਦੇ ਨੈਤਿਕ ਢਾਂਚੇ ਨੂੰ ਹਿਲਾ ਕੇ ਰੱਖ ਦਿੱਤਾ ਹੈ।

ਸਮਾਰੋਹ ਦੌਰਾਨ ਬੱਚਿਆਂ ਵੱਲੋਂ ਨਾਟਕ, ਨਾਚ ਅਤੇ ਗਿੱਧਾ ਰਾਹੀਂ ਨਾਰੀ ਸਸ਼ਕਤੀਕਰਨ ਅਤੇ ਕੰਨਿਆ ਬਚਾਓ ਦਾ ਸੰਦੇਸ਼ ਪੇਸ਼ ਕੀਤਾ ਗਿਆ। ਸਾਧਵੀ ਕੁਲਦੇਵੀ ਨੇ ਕਿਹਾ ਕਿ ਅੱਜ ਨਾਰੀ ਨੂੰ ਆਪਣੀ ਅੰਦਰਲੀ ਆਦਿ ਸ਼ਕਤੀ ਨੂੰ ਪਛਾਣਨ ਦੀ ਲੋੜ ਹੈ।

# 253 ਪ੍ਰਾਣੀ ਖੰਡੇ ਬਾਟੇ ਦਾ ਅੰਮ੍ਰਿਤ ਪਾਨ ਕਰਕੇ ਗੁਰੂ ਵਾਲੇ ਬਣੇ

**ਡੇਰਾ ਬਾਬਾ ਨਾਨਕ (ਰਮੇਸ਼ ਸ਼ਰਮਾ)**-ਪਹਿਲੀ ਪਾਤਿਸ਼ਾਹੀ ਸਾਹਿਬ ਸ੍ਰੀ ਗੁਰੂ ਨਾਨਕ ਦੇਵ ਜੀ ਦੀ ਚਰਨ ਛੋਹ ਪ੍ਰਾਪਤ ਇਤਿਹਾਸਕ ਗੁਰਦੁਆਰਾ ਸ੍ਰੀ ਦਰਬਾਰ ਸਾਹਿਬ ਡੇਰਾ ਬਾਬਾ ਨਾਨਕ ਵਿਖੇ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਵੱਲੋਂ ਸਹਿਜ ਪਾਠ ਸੇਵਾ ਸੰਸਥਾ, ਸ਼ਹੀਦ ਸਿੱਖ ਮਿਸ਼ਨਰੀ ਕਾਲਜ ਅੰਮ੍ਰਿਤਸਰ ਤੇ ਵੱਖ-ਵੱਖ ਧਾਰਮਿਕ ਸੰਸਥਾਵਾਂ ਦੇ ਸਹਿਯੋਗ ਨਾਲ ਸ੍ਰੀ ਗੁਰੂ ਤੇਗ ਬਹਾਦਰ ਸਾਹਿਬ ਜੀ, ਭਾਈ ਮਤੀ ਦਾਸ, ਭਾਈ ਸਤੀ ਦਾਸ ਤੇ ਭਾਈ ਦਿਆਲਾ ਜੀ ਦੀ 350 ਸਾਲਾ ਸ਼ਹੀਦੀ ਸ਼ਤਾਬਦੀ ਨੂੰ ਸਮਰਪਤ ਅੰਮ੍ਰਿਤ ਸੰਚਾਰ ਕਰਵਾਇਆ ਗਿਆ। ਇਸ ਮੌਕੇ ਸ੍ਰੀ ਅਕਾਲ ਤਖ਼ਤ ਸਾਹਿਬ ਤੋਂ ਆਏ ਪੰਜ ਪਿਆਰਿਆਂ ਭਾਈ ਮੰਗਲ ਸਿੰਘ, ਭਾਈ ਅਵਤਾਰ ਸਿੰਘ, ਭਾਈ ਕੁਲਵਿੰਦਰ ਸਿੰਘ, ਭਾਈ ਦਿਲਬਾਗ ਸਿੰਘ, ਭਾਈ ਵਰਿਆਮ ਸਿੰਘ ਵੱਲੋਂ 253 ਪ੍ਰਾਣੀਆਂ ਨੂੰ ਖੰਡੇ ਬਾਟੇ ਦਾ ਅੰਮ੍ਰਿਤ ਪਾਨ ਕਰਵਾਇਆ ਗਿਆ ।ਅੰਮ੍ਰਿਤ ਪਾਨ ਕਰਨ ਵਾਲੀਆਂ ਸੰਗਤਾਂ ਨੂੰ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੀ ਧਰਮ ਪ੍ਰਚਾਰ ਕਮੇਟੀ ਵੱਲੋਂ ਪੰਜ ਕਕਾਰ ਭੇਟਾ ਰਹਿਤ ਦਿੱਤੇ ਗਏ। ਇਸ ਮੌਕੇ ਪੱਤਰਕਾਰਾਂ ਨਾਲ ਗੱਲਬਾਤ ਕਰਦਿਆਂ ਗੁਰਦੁਆਰਾ ਸ੍ਰੀ ਦਰਬਾਰ ਸਾਹਿਬ ਦੇ ਮੈਨੇਜਰ ਸਤਨਾਮ ਸਿੰਘ ਗੋਸਲ ਨੇ ਦੱਸਿਆ ਕਿ ਅੱਜ ਦਾ ਇਹ ਅੰਮ੍ਰਿਤ ਸੰਚਾਰ ਸਹਿਜ ਪਾਠ ਸੇਵਾ ਸੰਸਥਾ,



ਸ਼ਹੀਦ ਸਿੱਖ ਮਿਸ਼ਨਰੀ ਕਾਲਜ ਅੰਮ੍ਰਿਤਸਰ ਦੀ ਪ੍ਰਿੰਸੀਪਲ ਬੀਬੀ ਮਨਜੀਤ ਕੌਰ, ਸ੍ਰੀ ਗੁਰੂ ਗੋਬਿੰਦ ਸਿੰਘ ਸਟੱਡੀ ਸਰਕਲ, ਸ੍ਰੀ ਸੁਖਮਨੀ ਸਾਹਿਬ ਸੇਵਾ ਸੋਸਾਇਟੀ ਡੇਰਾ ਬਾਬਾ ਨਾਨਕ ਤੇ ਗੁਰਮਤਿ ਪ੍ਰਚਾਰ ਲਹਿਰ ਵਲੰਟੀਅਰ ਸਿੰਘ (ਅਧੀਨ ਧਰਮ ਪ੍ਰਚਾਰ ਕਮੇਟੀ) ਸ੍ਰੀ ਅੰਮ੍ਰਿਤਸਰ ਸਾਹਿਬ ਦੇ ਵਿਸ਼ੇਸ਼ ਸਹਿਯੋਗ ਸਦਕਾ ਕਰਵਾਇਆ ਗਿਆ। ਉਹਨਾਂ ਦੱਸਿਆ ਕਿ ਅੱਜ ਦੇ ਇਸ ਅੰਮ੍ਰਿਤ ਸੰਚਾਰ ਮੌਕੇ 253 ਪ੍ਰਾਣੀ ਖੰਡੇ ਬਾਟੇ ਦਾ ਅੰਮ੍ਰਿਤ ਛਕ ਕੇ ਗੁਰੂ ਵਾਲੇ ਬਣੇ ਹਨ। ਇਸ ਮੌਕੇ ਮੈਨੇਜਰ ਸਤਨਾਮ ਸਿੰਘ ਗੋਸਲ ਤੇ ਗ੍ਰੰਥੀ ਭਾਈ ਗੁਰਦੇਵ ਸਿੰਘ ਵੱਲੋਂ ਪੰਜ ਪਿਆਰਿਆਂ ਸਮੇਤ ਵੱਖ-ਵੱਖ ਧਾਰਮਿਕ ਸੇਵਾ ਸੁਸਾਇਟੀਆਂ ਤੇ ਪ੍ਰਮੁੱਖ ਸ਼ਖਸੀਅਤਾਂ ਨੂੰ ਗੁਰੂ ਘਰ ਦੀ ਬਖਸ਼ਿਸ਼ ਸਿਰਪਾਓ ਸਾਹਿਬ ਦੇ ਕੇ ਵਿਸ਼ੇਸ਼ ਤੌਰ 'ਤੇ ਸਨਮਾਨਤ ਕੀਤਾ ਗਿਆ।ਇਸ ਮੌਕੇ ਬਾਬਾ ਸੁਖਵਿੰਦਰ ਸਿੰਘ ਮੁੱਖ ਸੇਵਾਦਾਰ ਗੁਰਦੁਆਰਾ ਯਾਦਗਾਰ ਏ ਸ਼ਹੀਦਾਂ ਅਗਵਾਨ, ਬੀਬੀ ਜੋਗਿੰਦਰ ਕੌਰ ਮੈਂਬਰ ਐਸ ਜੀ ਪੀ ਸੀ, ਸਤਨਾਮ ਸਿੰਘ ਠੇਠਰਕੇ, ਬਲਜਿੰਦਰ ਸਿੰਘ ਢਿਲਵਾਂ, ਜਸਵਿੰਦਰ ਸਿੰਘ ਝੰਗੀ, ਬਲਜੀਤ ਸਿੰਘ ਬੱਬੂ ਖੰਨਾ, ਸੁਰਜੀਤ ਸਿੰਘ ਚਾਕਾਂਵਾਲੀ, ਸੁੱਖ ਸ਼ਾਮਪੁਰਾ, ਸਤਨਾਮ ਸਿੰਘ ਸ਼ਾਹ, ਭਾਈ ਸੁਖਪ੍ਰੀਤ ਸਿੰਘ ਮਹਿਰਾਜ ਪ੍ਰਚਾਰਕ, ਭਾਈ ਜਗਦੀਪ ਸਿੰਘ ਕਲਾਨੌਰ ਪ੍ਰਚਾਰਕ,ਭਾਈ ਜਤਿੰਦਰ ਸਿੰਘ ਪ੍ਰਚਾਰਕ, ਭਾਈ ਅੰਮ੍ਰਿਤਪਾਲ ਸਿੰਘ ਪ੍ਰਚਾਰਕ ਗਾਜ਼ੀ ਨੰਗਲ, ਭਾਈ ਜਤਿੰਦਰ ਸਿੰਘ ਹਰਦੋਰਵਾਲ ਪ੍ਰਚਾਰਕ, ਭਾਈ ਮਨਜੀਤ ਸਿੰਘ ਪ੍ਰਚਾਰਕ, ਗ੍ਰੰਥੀ ਬਾਬਾ ਨਛੱਤਰ ਸਿੰਘ, ਗ੍ਰੰਥੀ ਭਾਈ ਗੁਰਦੇਵ ਸਿੰਘ, ਗ੍ਰੰਥੀ ਭਾਈ ਜਗਵਿੰਦਰ ਸਿੰਘ, ਬੀਬੀ ਮਹਿੰਦਰ ਕੌਰ, ਮੈਨੇਜਰ ਬਲਜੀਤ ਸਿੰਘ ਚਰਨਜੀਤ ਸਿੰਘ, ਕਰਨੈਲ ਸਿੰਘ ਦਾਉਂਦੀਆਂ ਤੋਂ ਇਲਾਵਾ ਵੱਡੀ ਗਿਣਤੀ ਵਿੱਚ ਸੰਗਤਾਂ ਹਾਜ਼ਰ ਸਨ ।

# ਬਹੁਚਰਚਿਤ ਬੈਂਕ ਘੁਟਾਲਾ ਕੇਸ 'ਚ ਭਗੌੜਾ ਕੈਸ਼ੀਅਰ ਗ੍ਰਿਫ਼ਤਾਰ

**ਕਾਦੀਆਂ (ਯਾਦਵਿੰਦਰ ਸਿੰਘ ਮਲਹੋਤਰਾ)**-ਕਾਦੀਆਂ ਦੇ ਬਹੁਚਰਚਿਤ ਬੈਂਕ ਆਫ਼ ਬੜੌਦਾ ਵਿੱਚ ਹੋਏ ਘੁਟਾਲੇ ਨਾਲ ਸਬੰਧਤ ਬੈਂਕ ਦੇ ਕੈਸ਼ੀਅਰ ਤਲਜਿੰਦਰ ਸਿੰਘ ਪੁੱਤਰ ਬਲਦੇਵ ਸਿੰਘ ਵਾਸੀ ਸੰਤ ਨਗਰ ਕਾਦੀਆਂ ਨੂੰ ਬਟਾਲਾ ਪੁਲਸ ਨੇ ਗ੍ਰਿਫ਼ਤਾਰ ਕਰ ਲਿਆ ਹੈ। ਤਲਜਿੰਦਰ ਸਿੰਘ ਜੋ ਕਿ ਬੈਂਕ ਆਫ਼ ਬੜੌਦਾ ਕਾਦੀਆਂ ਸ਼ਾਖ਼ਾ ਵਿੱਚ ਕੈਸ਼ੀਅਰ ਸੀ, ਨੇ ਕਰੋੜਾਂ ਰੁਪਏ ਬੈਂਕ ਖਾਤਾਧਾਰਕਾਂ ਦੇ ਖਾਤਿਆਂ ਤੋਂ ਕੱਢਵਾ ਲਏ ਸਨ। ਪਬਜੀ ਖੇਡਣ ਦਾ ਸ਼ੌਕੀਨ ਤਲਜਿੰਦਰ ਸਿੰਘ ਜੋ ਕਿ ਇਸ ਸਾਲ ਤੋਂ ਖਾਤਾਧਾਰਕਾਂ ਦੇ ਖਾਤਿਆਂ ਤੋਂ ਪੈਸੇ ਕਢਵਾ ਰਿਹਾ ਸੀ। ਇਸ ਗੱਲ ਦਾ ਪਤਾ ਜਨਵਰੀ 2025 ਨੂੰ ਉਦੋਂ ਪਤਾ ਚੱਲਿਆ ਜਦੋਂ ਇੱਕ ਖਾਤਾਧਾਰਕ ਆਪਣੇ ਰੁਪਏ ਕਢਵਾਉਣ ਲਈ ਬੈਂਕ ਗਏ ਤਾਂ ਉਸ ਦੇ ਖਾਤੇ ਵਿੱਚ ਕੋਈ ਰਾਸ਼ੀ ਨਹੀਂ ਸੀ। ਇਸ ਘਟਨਾ ਤੋਂ ਬਾਅਦ ਪਤਾ ਚੱਲਿਆ ਕਿ ਇਹ ਫਰਾਡ ਲਗਪਗ 120 ਦੇ ਕਰੀਬ ਬੈਂਕ ਖਾਤਾਧਾਰਕਾਂ ਨਾਲ ਕੀਤਾ ਗਿਆ ਹੈ। ਪੁਲਸ ਅਤੇ ਬੈਂਕ ਨੂੰ ਕਈ ਵਾਰੀ ਖਾਤਾਧਾਰਕ ਇਨਸਾਫ਼ ਦੀ ਗੁਹਾਰ ਲਗਾਉਂਦੇ ਰਹੇ। ਜਦੋਂ ਉਨ੍ਹਾਂ ਦੀ ਇੱਕ ਨਾ ਸੁਣੀ ਗਈ ਤਾਂ ਬੈਂਕ ਖਾਤਾਧਾਰਕਾਂ ਨੇ ਪੰਜਾਬ ਵਿਧਾਨ ਸਭਾ 'ਚ ਵਿਰੋਧੀ ਧਿਰ ਦੇ ਨੇਤਾ ਪ੍ਰਤਾਪ ਸਿੰਘ ਬਾਜਵਾ ਐਮ ਐਲ ਏ ਕਾਦੀਆਂ ਨਾਲ ਮੁਲਾਕਾਤ ਕਰ ਕੇ ਇਨਸਾਫ਼ ਦਿਵਾਉਣ ਲਈ ਮਦਦ ਦੀ ਗੁਹਾਰ ਲਗਾਈ। ਜਿਸ 'ਤੇ ਉਨ੍ਹਾਂ ਐਸ ਐਸ ਪੀ ਬਟਾਲਾ ਸੁਹੇਲ ਕਾਸਿਮ ਮੀਰ ਨੂੰ ਇਸ ਮਾਮਲੇ ਵਿੱਚ ਕਾਰਵਾਈ ਕੀਤੇ ਜਾਣ ਲਈ ਕਿਹਾ। ਜਿਸ 'ਤੇ ਸੁਹੇਲ ਕਾਸਿਮ ਮੀਰ ਨੇ ਇਸ ਮਾਮਲੇ ਨੂੰ ਗੰਭੀਰਤਾ ਨਾਲ ਲੈਂਦੇ ਹੋਏ ਕਾਰਵਾਈ ਕੀਤੀ। 19 ਜੁਲਾਈ 2025 ਨੂੰ ਪਹਿਲੀ ਵਾਰ ਗੁਰਮੀਤ ਸਿੰਘ ਪੁੱਤਰ ਸ਼ਿੰਗਾਰਾ ਸਿੰਘ ਵਾਸੀ ਪਿੰਡ ਖਾਰਾ ਸਮੇਤ ਸਮੂਹ ਦਰਖ਼ਾਸਤੀ ਦੇ ਧਾਰਾ 409 ਆਈ ਪੀ ਸੀ ਤਹਿਤ ਥਾਣਾ ਕਾਦੀਆਂ ਵਿੱਚ ਕੇਸ ਦਰਜ ਕੀਤਾ ਸੀ। ਤਲਜਿੰਦਰ ਸਿੰਘ ਦੀ ਗ੍ਰਿਫ਼ਤਾਰੀ ਹੋਣ 'ਤੇ ਲੈਫ਼ਟੀਨੈਂਟ



ਰੂਹੀ ਭਗਤ, ਰਾਜੇਸ਼ ਕੁਮਾਰ ਸਮੇਤ ਅਨੇਕ ਖਾਤਾਧਾਰਕਾ ਨੇ ਵਿਰੋਧੀ ਧਿਰ ਦੇ ਨੇਤਾ ਪ੍ਰਤਾਪ ਸਿੰਘ ਬਾਜਵਾ, ਮੀਡੀਆ ਅਤੇ ਸੁਹੇਲ ਕਾਸਿਮ ਮੀਰ ਦਾ ਧੰਨਵਾਦ ਕੀਤਾ ਹੈ। ਲੈਫ਼ਟੀਨੈਂਟ ਰੂਹੀ ਭਗਤ ਨੇ ਕਿਹਾ ਕਿ ਤਲਜਿੰਦਰ ਸਿੰਘ ਜੋ ਲੰਬੇ ਸਮੇਂ ਤੋਂ ਫ਼ਰਾਡ ਕਰਦਾ ਆ ਰਿਹਾ ਸੀ, ਉਹ ਇਕੱਲਾ ਇਸ ਮਾਮਲੇ ਵਿੱਚ ਸ਼ਾਮਲ ਨਹੀਂ ਹੋ ਸਕਦਾ । ਇਹ ਠੱਗੀ ਮਿਲੀਭੁਗਤ ਨਾਲ ਹੀ ਸੰਭਵ ਹੈ। ਉਨ੍ਹਾਂ ਕਿਹਾ ਕਿ ਜੇ ਕਾਦੀਆਂ ਪੁਲਸ ਕਾਰਵਾਈ ਕਰਦੀ ਤਾਂ ਸਾਨੂੰ ਏਨਾਂ ਲੰਬਾ ਸਮਾਂ ਇੰਤਜ਼ਾਰ ਕਰਨਾ ਨਾ ਪੈਂਦਾ। ਤਲਜਿੰਦਰ ਸਿੰਘ ਦੀ ਗ੍ਰਿਫ਼ਤਾਰੀ ਦੀ ਪੁਸ਼ਟੀ ਸੁਹੇਲ ਕਾਮਿਸ ਮੀਰ ਨੇ ਕੀਤੀ ਹੈ।

# ਬਾਬਾ ਮਹਿੰਦਰ ਸਿੰਘ ਦੀ ਅੰਤਿਮ ਅਰਦਾਸ ਸਮੇਂ ਪ੍ਰਮੁੱਖ ਸ਼ਖ਼ਸੀਅਤਾਂ ਵੱਲੋਂ ਸ਼ਰਧਾਂਜਲੀ ਭੇਟ

**ਅੰਮ੍ਰਿਤਸਰ (ਜਸਬੀਰ ਸਿੰਘ ਪੱਟੀ)**-ਗੁਰਦੁਆਰਾ ਬਾਬਾ ਸੁੱਖਾ ਸਿੰਘ, ਬਾਬਾ ਮਹਿਤਾਬ ਸਿੰਘ ਬੁੱਢਾ ਜੋਹੜ ਛਾਉਣੀ ਬੁੱਢਾ ਦਲ ਨਿਹੰਗ ਸਿੰਘਾਂ ਰਾਜਿਸਥਾਨ ਦੇ ਮਹੰਤ ਬਾਬਾ ਮਹਿੰਦਰ ਸਿੰਘ ਜੋ ਪਿਛਲੇ ਦਿਨੀਂ ਅਕਾਲ ਚਲਾਣਾ ਕਰ ਗਏ ਸਨ, ਦੀ ਅੰਤਿਮ ਅਰਦਾਸ ਸਮਾਗਮ ਹੋਏ। ਸ੍ਰੀ ਅਖੰਡ ਪਾਠ ਸਾਹਿਬ ਦੇ ਭੋਗ ਉਪਰੰਤ ਸ੍ਰੀ ਹਰਿਮੰਦਰ ਸਾਹਿਬ ਦੇ ਹਜ਼ੂਰੀ ਰਾਗੀ ਭਾਈ ਗੁਰਪ੍ਰੀਤ ਸਿੰਘ ਅਟਾਰੀ, ਭਾਈ ਸਤਨਾਮ ਸਿੰਘ ਰਾਗੀ ਜਥਿਆਂ ਨੇ ਗੁਰਬਾਣੀ ਦਾ ਮਨੋਹਰ ਕੀਰਤਨ ਕੀਤਾ। ਭਾਈ ਸੁਖਜੀਤ ਸਿੰਘ ਘਨੱਈਆ ਨੇ ਕਥਾ ਰਾਹੀ ਹਾਜ਼ਰੀ ਭਰੀ। ਇਸ ਗੁਰਮਤਿ ਸਮਾਗਮ ਸਮੇਂ ਸਾਹਿਬ ਬਾਬਾ ਬਲਬੀਰ ਸਿੰਘ ਅਕਾਲੀ 96 ਕਰੋੜੀ ਨੇ ਕਿਹਾ ਕਿ ਬਾਬਾ ਮਹਿੰਦਰ ਸਿੰਘ ਨੇ ਪੂਰੀ ਇਮਾਨਦਾਰੀ,



ਤਨਦੇਹੀ ਅਤੇ ਸਮਰਪਤ ਭਾਵਨਾ ਨਾਲ ਬੁੱਢਾ ਦਲ ਦੇ ਇਸ ਇਤਿਹਾਸਕ ਅਸਥਾਨ ਦੀ ਸੇਵਾ ਨਿਭਾਈ ਹੈ। ਉਹ ਹਮੇਸ਼ਾ ਯਾਦਗਾਰੀ ਰਹੇਗੀ।ਬਾਬਾ 96 ਕਰੋੜੀ ਨੇ ਬਾਬਾ ਮਹਿੰਦਰ ਸਿੰਘ ਦੀ ਧਰਮ ਪਤਨੀ ਬੀਬੀ ਸਰਬਜੀਤ ਕੌਰ, ਸਪੁੱਤਰ ਅਵਤਾਰ ਸਿੰਘ, ਮੇਜਰ ਸਿੰਘ, ਨਰਿੰਦਰਪਾਲ ਸਿੰਘ ਨਾਲ ਦੁੱਖ ਸਾਂਝਾ ਕੀਤਾ। ਇਸ ਸਮੇਂ ਬਾਬਾ ਮਹਿੰਦਰ ਸਿੰਘ ਦੇ ਸਪੁੱਤਰ ਅਵਤਾਰ ਸਿੰਘ ਦੀ ਦਸਤਾਰ ਰਸਮ ਅਦਾ ਕੀਤੀ ਗਈ।ਬੁੱਢਾ ਦਲ ਦੇ ਸਕੱਤਰ ਦਿਲਜੀਤ ਸਿੰਘ ਬੇਦੀ ਵੱਲੋਂ ਏਥੋਂ ਇਕ ਜਾਰੀ ਲਿਖਤੀ ਪ੍ਰੈਸ ਬਿਆਨ ਵਿੱਚ ਬਾਬਾ ਬਲਬੀਰ ਸਿੰਘ 96 ਕਰੋੜੀ ਨੇ ਕਿਹਾ ਕਿ ਇਹ ਧਰਮਵੀਰਾਂ, ਧਰਮਪਾਲਕਾਂ ਦਾ ਅਸਥਾਨ ਹੈ। ਏਥੋਂ ਹੀ ਸਿੱਖਾਂ ਦੇ ਕੇਂਦਰੀ ਅਸਥਾਨ ਸੱਚਖੰਡ ਸ੍ਰੀ ਹਰਿਮੰਦਰ ਸਾਹਿਬ ਵਿਖੇ ਅਭੱਦਰ ਕਾਰਵਾਈ ਕਰ ਰਹੇ ਮੱਸੇ ਰੰਗੜ ਨੂੰ ਸੋਧਣ ਲਈ ਬਾਬਾ ਸੁੱਖਾ ਸਿੰਘ ਮਹਿਤਾਬ ਸਿੰਘ ਨੂੰ ਬੁੱਢਾ ਦਲ ਦੇ ਮੁਖੀ ਵੱਲੋਂ ਅਰਦਾਸਾ ਸੋਧ ਕੇ ਤੋਰਿਆ ਗਿਆ ਸੀ। ਸ੍ਰੀ ਅਕਾਲ ਤਖ਼ਤ ਸਾਹਿਬ ਦੇ ਸਾਬਕਾ ਕਾਰਜਕਾਰੀ ਜਥੇਦਾਰ ਸਿੰਘ ਸਾਹਿਬ ਗਿ. ਹਰਪ੍ਰੀਤ ਸਿੰਘ ਨੇ ਕਿਹਾ ਕਿ ਬਾਬਾ ਮਹਿੰਦਰ ਸਿੰਘ ਦਾ ਸੰਗਤਾਂ ਨਾਲ ਨੇੜਤਾ, ਪਿਆਰ, ਸਤਿਕਾਰ ਬਹੁਤ ਸੀ, ਉਹ ਗੁਰੂ ਘਰ ਨੂੰ ਸਮਰਪਤ ਸਖ਼ਸ਼ੀਅਤ ਸਨ, ਉਨ੍ਹਾਂ ਦੀ ਨੇਕਨਾਮੀ ਨੂੰ ਹਮੇਸ਼ਾ ਸਿੱਖ ਪੰਥ ਯਾਦ ਰਖੇਗਾ।ਇਸ ਸਮਾਗਮ ਵਿੱਚ ਜਗਸੀਰ ਸਿੰਘ ਮਾਂਗੇਆਣਾ ਮੈਂਬਰ ਸ਼੍ਰੋਮਣੀ ਕਮੇਟੀ, ਜਥੇ. ਤੇਜਿੰਦਰ ਸਿੰਘ ਟਿੰਮਾ ਸ੍ਰੀ ਗੰਗਾਨਗਰ, ਬਾਬਾ ਬਲਵਿੰਦਰ ਸਿੰਘ ਤਰਨਾ ਦਲ ਮਹਿਤਾ ਚੌਂਕ, ਬਾਬਾ ਮੇਜਰ ਸਿੰਘ ਸੋਢੀ ਮੁਖੀ ਦਸ਼ਮੇਸ਼ ਤਰਨਾ ਦਲ ਲੁਧਿਆਣਾ, ਬਾਬਾ ਸਤਨਾਮ ਸਿੰਘ ਖਡੂਰ ਸਾਹਿਬ, ਭਾਈ ਅਵਤਾਰ ਸਿੰਘ, ਬੂਟਾ ਸਿੰਘ, ਬਲਕਰਨ ਸਿੰਘ, ਅਮਰਜੀਤ ਸਿੰਘ ਸਰਪੰਚ, ਹਰਿੰਦਰ ਸਿੰਘ, ਤਰਸੇਮ ਸਿੰਘ, ਕਾਰਜ ਸਿੰਘ, ਸਰਦੂਲ ਸਿੰਘ, ਮਹਿੰਦਰ ਸਿੰਘ ਚੱਠਾ, ਬਾਬਾ ਜੱਸਾ ਸਿੰਘ, ਬਾਬਾ ਸੁਖਵਿੰਦਰ ਸਿੰਘ ਮੌਰ, ਬਾਬਾ ਜੋਗਾ ਸਿੰਘ ਹਨੂੰਮਾਨਗੜ੍ਹ, ਬਾਬਾ ਬੂਟਾ ਸਿੰਘ ਲੰਬਵਾਲੀ, ਬਾਬਾ ਜਸਬੀਰ ਸਿੰਘ ਕੋਟਕਪੂਰਾ, ਬਾਬਾ ਬਲਦੇਵ ਸਿੰਘ ਢੋਡੀਵਿੰਡ, ਬਾਬਾ ਭਗਤ ਸਿੰਘ, ਬਾਬਾ ਹਰਪ੍ਰੀਤ ਸਿੰਘ, ਬਾਬਾ ਰਣਜੋਧ ਸਿੰਘ, ਬਾਬਾ ਲਛਮਣ ਸਿੰਘ, ਬਾਬਾ ਸੁਖਦੇਵ ਸਿੰਘ, ਬਾਬਾ ਦਲੇਰ ਸਿੰਘ ਤੋਂ ਇਲਾਵਾ ਸਮਾਗਮ ਵਿੱਚ ਰਾਜਸਥਾਨ ਦੇ ਇਲਾਕਾ ਨਿਵਾਸੀ, ਪ੍ਰਮੁੱਖ ਸ਼ਖਸੀਅਤਾਂ ਬੁੱਢਾ ਦਲ ਦੀਆਂ ਨਿਹੰਗ ਸਿੰਘ ਫੌਜਾਂ ਵੱਡੀ ਗਿਣਤੀ ਵਿਚ ਹਾਜ਼ਰ ਸਨ।

# ਕਿਸਾਨ, ਮੁਲਾਜ਼ਮ ਤੇ ਲੇਖਕ ਜਥੇਬੰਦੀਆਂ ਵੱਲੋਂ ਭਾਰਤ-ਪਾਕਿਸਤਾਨ ਸੰਮੇਲਨ 'ਚ ਸ਼ਿਰਕਤ ਕਰਨ ਦਾ ਫ਼ੈਸਲਾ

**ਅੰਮ੍ਰਿਤਸਰ (ਜਸਬੀਰ ਸਿੰਘ)**-ਹਿੰਦ-ਪਾਕਿ ਦੋਸਤੀ ਮੰਚ, ਫੋਕਲੋਰ ਰਿਸਰਚ ਅਕਾਦਮੀ, ਸਾਫਮਾ ਤੇ ਪੰਜਾਬ ਜਾਗ੍ਰਿਤੀ ਮੰਚ ਵਲੋਂ ਹਰ ਸਾਲ 14 ਅਗਸਤ ਨੂੰ ਕਰਵਾਏ ਜਾਣ ਵਾਲੇ ਹਿੰਦ-ਪਾਕਿ ਸੰਮੇਲਨ 'ਚ ਕਿਸਾਨ, ਮੁਲਾਜ਼ਮ ਜਥੇਬੰਦੀਆਂ ਅਤੇ ਸ਼ਾਂਤੀ ਪ੍ਰੇਮੀਆਂ ਨੂੰ ਵੱਡੀ ਪੱਧਰ 'ਤੇ ਸ਼ਿਰਕਤ ਕਰਨ ਦਾ ਫ਼ੈਸਲਾ ਕੀਤਾ ਗਿਆ।

ਇਸ ਸੰਬੰਧੀ ਇਕ ਵਿਸ਼ੇਸ਼ ਮੀਟਿੰਗ ਵਿਰਸਾ ਵਿਹਾਰ ਅੰਮ੍ਰਿਤਸਰ ਵਿਖੇ ਹੋਈ, ਜਿਸ ਨੂੰ ਉਕਤ ਜਥੇਬੰਦੀਆਂ ਦੇ ਆਗੂਆਂ ਤੋਂ ਇਲਾਵਾ ਵੱਖ-ਵੱਖ ਕਿਸਾਨ ਅਤੇ ਮੁਲਾਜ਼ਮ ਜਥੇਬੰਦੀਆਂ ਦੇ ਆਗੂਆਂ ਵਲੋਂ ਸੰਬੋਧਨ ਕੀਤਾ ਗਿਆ। ਫੋਕਲੋਰ ਰਿਸਰਚ ਅਕਾਦਮੀ ਦੇ ਪ੍ਰਧਾਨ ਰਮੇਸ਼ ਯਾਦਵ ਨੇ ਕਿਹਾ ਕਿ ਇਸ ਸਾਲ ਇਹ 30ਵਾਂ ਹਿੰਦ-ਪਾਕਿ ਦੋਸਤੀ ਸੰਮੇਲਨ ਜਥੇਬੰਦ ਕੀਤਾ ਜਾ ਰਿਹਾ ਹੈ, ਜਿਸ ਵਿਚ ਦੇਸ਼-ਵਿਦੇਸ਼ ਤੋਂ ਅਹਿਮ ਸ਼ਖ਼ਸੀਅਤਾਂ ਅਤੇ ਪੰਜਾਬ ਦੇ ਵੱਖ-ਵੱਖ ਕੋਨਿਆਂ ਤੋਂ ਸ਼ਾਂਤੀ ਪ੍ਰੇਮੀ ਸ਼ਾਮਿਲ ਹੋਣਗੇ।

ਇਸ ਸੰਬੰਧ ਵਿਚ 'ਭਾਰਤ ਅਤੇ ਪਾਕਿਸਤਾਨ' ਦੇ ਸੰਬੰਧਾਂ ਦੀ ਮੌਜੂਦਾ ਸਥਿਤੀ ਸੰਬੰਧੀ ਖ਼ਾਲਸਾ ਕਾਲਜ ਸੈਮੀਨਾਰ ਹੋਵੇਗਾ। ਇਸ ਉਪਰੰਤ ਚੋਣਵੇਂ ਲੋਕਾਂ ਵਲੋਂ ਅਮਨ ਤੇ ਦੋਸਤੀ ਦੇ ਹੱਕ ਵਿਚ ਅਤੇ ਜੰਗ ਤੇ ਅੱਤਵਾਦ ਦੇ ਵਿਰੁੱਧ 14-15 ਅਗਸਤ ਦੀ ਦਰਮਿਆਨੀ ਰਾਤ ਨੂੰ ਮੋਮਬੱਤੀਆਂ ਜਗਾਈਆਂ ਜਾਣਗੀਆਂ। ਮੀਟਿੰਗ ਨੂੰ ਸੰਬੋਧਨ ਕਰਦਿਆਂ ਹਿੰਦ-ਪਾਕਿ ਦੋਸਤੀ ਮੰਚ ਦੇ ਜਨਰਲ ਸਕੱਤਰ ਸਤਨਾਮ ਸਿੰਘ ਮਾਣਕ ਨੇ ਕਿਹਾ ਕਿ ਸਾਡੀਆਂ ਜਥੇਬੰਦੀਆਂ ਦੋਵਾਂ ਦੇਸ਼ਾਂ ਦੇ ਦਰਮਿਆਨ ਬੇਹਤਰ ਰਿਸ਼ਤੇ ਚਾਹੁੰਦੀਆਂ ਹਨ ਅਤੇ ਇਹ ਵੀ ਚਾਹੁੰਦੀਆਂ ਹਨ ਕਿ ਦੋਵੇਂ ਸਰਕਾਰਾਂ ਆਪਣੇ ਸਾਰੇ ਦੁਵੱਲੇ ਮਸਲੇ ਪੁਰਅਮਨ ਢੰਗ ਨਾਲ ਗੱਲਬਾਤ ਰਾਹੀਂ ਹੱਲ ਕਰਨ। ਉਨ੍ਹਾਂ ਕਿਹਾ ਕਿ ਅਸੀਂ ਦੋਵਾਂ ਦੇਸ਼ਾਂ ਦੇ ਦਰਮਿਆਨ ਜੰਗ ਦੇ ਖ਼ਿਲਾਫ਼ ਹਾਂ ਤੇ ਜੰਗ ਕਿਸੇ ਮਸਲੇ ਦਾ ਹੱਲ ਨਹੀਂ ਹੁੰਦੀ। ਉਨ੍ਹਾਂ ਕਿਹਾ ਕਿ ਪਿਛਲੇ ਦਿਨੀਂ ਪਹਿਲਗਾਮ ਵਿਚ ਅੱਤਵਾਦੀਆਂ



ਵਲੋਂ ਨਿਰਦੋਸ਼ ਸੈਲਾਨੀਆਂ ਦਾ ਜੋ ਕਤਲੇਆਮ ਕੀਤਾ ਗਿਆ ਹੈ, ਅਸੀਂ ਉਸ ਦੀ ਸਖ਼ਤ ਅਲੋਚਨਾ ਕਰਦੇ ਹਾਂ ਅਤੇ ਪਾਕਿਸਤਾਨ ਦੀ ਸਰਕਾਰ ਨੂੰ ਅਪੀਲ ਕਰਦੇ ਹਾਂ ਕਿ ਉਹ ਦਹਿਸ਼ਤਗਰਦ ਜਥੇਬੰਦੀਆਂ ਦੀ ਪੁਸ਼ਤਪਨਾਹੀ ਕਰਨੀ ਬੰਦ ਕਰੇ। ਫੋਕਲੋਰ ਰਿਸਰਚ ਅਕਾਦਮੀ ਦੇ ਚੇਅਰਮੈਨ ਸੁਰਜੀਤ ਜੱਜ ਨੇ ਮੀਟਿੰਗ ਨੂੰ ਸੰਬੋਧਨ ਕਰਦਿਆਂ ਕਿਹਾ ਕਿ ਪਿਛਲੇ 30 ਸਾਲ ਤੋਂ ਉਕਤ ਜਥੇਬੰਦੀਆਂ ਅਮਨ ਅਤੇ ਦੋਸਤੀ ਲਈ ਅਤੇ ਭਾਰਤ ਤੇ ਪਾਕਿਸਤਾਨ ਦਰਮਿਆਨ ਵਪਾਰ ਅਤੇ ਲੋਕਾਂ ਦੀ ਆਵਾਜਾਈ ਲਈ ਸਰਹੱਦਾਂ ਖੋਲ੍ਹਣ ਦੀ ਮੰਗ ਕਰਦੀਆਂ ਆ ਰਹੀਆਂ ਹਨ। ਉਨ੍ਹਾਂ ਕਿਹਾ ਕਿ ਪ੍ਰਗਤੀਸ਼ੀਲ ਲੇਖਕ ਸਭਾ ਅਤੇ ਪੰਜਾਬ ਦੀ ਹੋਰ ਸਾਰੀਆਂ ਜਥੇਬੰਦੀਆਂ ਇਸ ਉਪਰਾਲੇ ਦੇ ਹੱਕ ਵਿਚ ਹਨ ਅਤੇ ਲੇਖਕ ਭਾਈਚਾਰਾ ਵੀ ਸੈਮੀਨਾਰ ਵਿਚ ਵੱਡੀ ਪੱਧਰ 'ਤੇ ਸ਼ਿਰਕਤ ਕਰੇਗਾ। ਇਸ ਮੌਕੇ ਹਾਜ਼ਰ ਆਗੂਆਂ ਨੇ ਇਹ ਵੀ ਮੰਗ ਕੀਤੀ ਕਿ ਪਾਕਿਸਤਾਨ ਆਪਣੀ ਧਰਤੀ ਤੋਂ ਡਰੋਨਾਂ ਰਾਹੀਂ ਭਾਰਤ ਵਿਚ ਨਸ਼ੇ ਅਤੇ ਹਥਿਆਰ ਭੇਜਣੇ ਬੰਦ ਕਰੇ।

ਉਪਰੋਕਤ ਆਗੂਆਂ ਤੋਂ ਇਲਾਵਾ ਇਸ ਮੀਟਿੰਗ ਨੂੰ ਕਿਰਤੀ ਕਿਸਾਨ ਯੂਨੀਅਨ ਪੰਜਾਬ ਦੇ ਧੰਨਵੰਤ ਸਿੰਘ ਖ਼ਤਰਾਏ ਕਲਾਂ, ਕਾਬਲ ਸਿੰਘ ਛੀਨਾ, ਹਰਪਾਲ ਸਿੰਘ, ਕਿਰਤੀ ਕਿਸਾਨ ਯੂਨੀਅਨ ਪ੍ਰਕਾਸ਼ ਸਿੰਘ ਥੋਥੀਆਂ, ਰਵਿੰਦਰ ਸਿੰਘ ਛੱਜਲਵੱਡੀ, ਪੰਜਾਬ ਕਿਸਾਨ ਯੂਨੀ: ਵਲੋਂ ਬਲਬੀਰ ਸਿੰਘ ਮੂਧਲ, ਭਾਰਤੀ ਕਿਸਾਨ ਯੂਨੀ: ਸਿੱਧੂਪੁਰ ਤੋਂ ਬਾਬਾ ਕਰਮਜੀਤ ਸਿੰਘ, ਕੁਲ ਹਿੰਦ ਕਿਸਾਨ ਸਭਾ ਵਲੋਂ ਲਖਬੀਰ ਸਿੰਘ ਨਿਜਾਮਪੁਰਾ, ਮੰਗਲ ਸਿੰਘ ਪਜਾਲਾ, ਕਾਮਰੇਡ ਆਗੂ ਅਮਰਜੀਤ ਸਿੰਘ ਆਸਲ, ਡੀ. ਟੀ. ਐਫ਼. ਵਲੋਂ ਅਸ਼ਵਨੀ ਅਵਸਥੀ, ਲਖਵਿੰਦਰ ਸਿੰਘ ਗਿੱਲ, ਭਾਰਤੀ ਕਿਸਾਨ ਯੂਨੀਅਨ ਉਗਰਾਹਾਂ ਪਰਮਿੰਦਰ ਸਿੰਘ ਵੜੈਚ, ਜਗਤਾਰ ਸਿੰਘ ਕਰਮਪੁਰਾ, ਅੰਮ੍ਰਿਤਸਰ ਵਿਕਾਸ ਮੰਚ ਤੋਂ ਪ੍ਰਿੰ: ਕੁਲਵੰਤ ਸਿੰਘ ਅਣਖੀ ਤੋਂ ਇਲਾਵਾ ਬਲਵਿੰਦਰ ਕੌਰ ਪੰਧੇਰ, ਕਮਲ ਗਿੱਲ, ਕਰਮਜੀਤ ਸਿੰਘ ਵਿਜੈ ਨਗਰ, ਮਨਜੀਤ ਸਿੰਘ ਰਾਊਵਾਲ, ਡਾ: ਪ੍ਰਭਜੋਤ ਕੌਰ, ਗੁਰਜਿੰਦਰ ਸਿੰਘ ਬਘਿਆੜੀ, ਐਸ. ਪ੍ਰਸ਼ੋਤਮ, ਕਰਮਜੀਤ ਸਿੰਘ ਗਿੱਲ, ਕਰਮਜੀਤ ਕੌਰ ਜੱਸਲ, ਜਸਵੰਤ ਸਿੰਘ ਰੰਧਾਵਾ, ਮੰਗਲ ਸਿੰਘ ਟਾਂਡਾ ਆਦਿ ਵਲੋਂ ਸੰਬੋਧਨ ਕੀਤਾ ਗਿਆ ਅਤੇ ਇਸ ਸੰਮੇਲਨ 'ਚ ਸਾਥੀਆਂ ਸਮੇਤ ਸ਼ਾਮਲ ਹੋਣ ਦਾ ਭਰੋਸਾ ਦਿੱਤਾ।

# ਤਿੱਬੜ 'ਚ ਮਾਨ ਸਰਕਾਰ ਦਾ ਵਿਰੋਧ; ਫਲੈਕਸ ਬੋਰਡ ਲਗਾਏ

**ਧਾਰੀਵਾਲ, (ਮਨਦੀਪ ਸਿੰਘ ਵਿੱਕੀ)**- ਕਿਸਾਨ ਮਜ਼ਦੂਰ ਸੰਘਰਸ਼ ਕਮੇਟੀ ਪੰਜਾਬ ਦੇ ਜ਼ੋਨ ਬੁਰਜ ਸਾਹਿਬ (ਪੰਜਵੀਂ ਪਾਤਸ਼ਾਹੀ) ਧਾਰੀਵਾਲ ਅਧੀਨ ਪੈਂਦੇ ਪਿੰਡ ਤਿੱਬੜ ਵਿੱਚ ਕਿਸਾਨ ਮਜ਼ਦੂਰ ਸੰਘਰਸ਼ ਕਮੇਟੀ ਪੰਜਾਬ ਅਤੇ ਜਮਹੂਰੀ ਕਿਸਾਨ ਸਭਾ ਦੇ ਆਗੂਆਂ ਅਤੇ ਪਿੰਡ ਵਾਸੀ ਕਿਸਾਨ ਮਜ਼ਦੂਰਾਂ ਅਤੇ ਪੰਚਾਇਤ ਵੱਲੋਂ ਪੰਜਾਬ ਸਰਕਾਰ ਦੀਆਂ ਕਿਸਾਨ ਮਜ਼ਦੂਰ ਮਾਰੂ ਨੀਤੀਆਂ ਵਿਰੁੱਧ ਰੋਸ ਪ੍ਰਦਰਸ਼ਨ ਕੀਤਾ ਅਤੇ ਪਿੰਡ ਵਿੱਚੋਂ ਲੰਘਦੀ ਮੁੱਖ ਸੜਕ ਦੇ ਦੋਵੇਂ ਪਾਸੇ ਵਿਰੋਧ ਪ੍ਰਦਰਸ਼ਨ ਦੇ ਫਲੈਕਸ ਬੋਰਡ ਲਗਾ ਗਏ। ਇਨ੍ਹਾਂ ਫਲੈਕਸ ਬੋਰਡਾਂ ਉਪਰ ਲਿਖਿਆ ਹੋਇਆ ਹੈ ਲੈਂਡ ਪੂਲਿੰਗ ਪਾਲਿਸੀ ਦਾ ਵਿਰੋਧ, ਚਿੱਪ ਵਾਲੇ ਮੀਟਰਾਂ ਦਾ ਵਿਰੋਧ, ਦਿੱਲੀ ਜੰਮੂ ਕਟੜਾ ਐਕਸਪ੍ਰੈਸ ਦਾ ਬਕਾਇਆ ਰਾਸ਼ੀ ਦਿੱਤੀ ਜਾਵੇ, ਝੋਨੇ ਦੇ ਲੱਗਣ ਵਾਲੇ ਕੱਟਾਂ ਦਾ ਵਿਰੋਧ, ਗੰਨੇ ਦੇ ਬਕਾਇਆ ਰਾਸ਼ੀ ਦਿੱਤੀ ਜਾਵੇ। ਕਿਸਾਨ ਮਜ਼ਦੂਰ ਸੰਘਰਸ਼ ਕਮੇਟੀ ਪੰਜਾਬ ਦੇ ਜ਼ੋਨ ਬੁਰਜ ਸਾਹਿਬ ਦੇ ਪ੍ਰਧਾਨ ਹਰਚਰਨ ਸਿੰਘ ਧਾਰੀਵਾਲ ਕਲਾਂ, ਸਕੱਤਰ ਸਤਨਾਮ ਸਿੰਘ ਖਾਨਮਲਕ, ਜਮਹੂਰੀ ਕਿਸਾਨ ਸਭਾ ਦੇ ਤਹਿਸੀਲ ਪ੍ਰਧਾਨ ਮੱਖਣ ਸਿੰਘ ਆਦਿ ਕਿਸਾਨ ਆਗੂ ਨੇ ਕਿਹਾ ਕਿ ਜਦੋਂ ਤੱਕ ਮੌਜੂਦਾ ਪੰਜਾਬ ਸਰਕਾਰ ਲੈਂਡ ਪੂਲਿੰਗ ਪਾਲਿਸੀ ਅਤੇ ਚਿੱਪ ਵਾਲੇ ਮੀਟਰਾਂ ਦੇ ਲਾਗੂ ਕਰਨ ਦਾ ਫੈਸਲਾ ਵਾਪਸ ਨਹੀਂ ਲੈਂਦੀ ਉਦੋਂ ਤੱਕ ਪਿੰਡ ਤਿੱਬੜ ਦੇ ਕਿਸਾਨਾਂ ਮਜ਼ਦੂਰਾਂ ਵਲੋਂ ਮੌਜੂਦਾ ਸਰਕਾਰ ਦਾ ਵਿਰੋਧ ਕੀਤਾ ਜਾਵੇਗਾ ਅਤੇ ਆਮ




ਆਦਮੀ ਪਾਰਟੀ ਦਾ ਬਾਈਕਾਟ ਰਹੇਗਾ। ਇਸ ਮੌਕੇ ਕਿਸਾਨ ਮਜ਼ਦੂਰ ਸੰਘਰਸ਼ ਕਮੇਟੀ ਇਕਾਈ ਤਿੱਬੜ ਦੇ ਆਗੂ ਕੁਲਵਿੰਦਰ ਸਿੰਘ ਨੱਤ, ਜਮਹੂਰੀ ਕਿਸਾਨ ਤਹਿਸੀਲ ਦੇ ਪ੍ਰਧਾਨ ਮੱਖਣ ਸਿੰਘ, ਕਿਸਾਨ ਆਗੂ ਪਰਮਿੰਦਰ ਸਿੰਘ ਤਿੱਬੜ, ਦਿਲਬਾਗ ਸਿੰਘ, ਸੁਖਬੀਰ ਸਿੰਘ, ਬਲਜੀਤ ਸਿੰਘ, ਪ੍ਰਿਤਪਾਲ ਸਿੰਘ, ਪਿੰਡ ਦੀ ਮੌਜੂਦਾ ਸਰਪੰਚ ਦੇ ਪਤੀ ਸੁਰਿੰਦਰ ਸਿੰਘ, ਪੰਚ ਨਿਰਮਲ ਸਿੰਘ, ਪੰਚਾਇਤ ਮੈਂਬਰ ਸੁਨੀਲ ਕੁਮਾਰ, ਅਮਰੀਕ ਸਿੰਘ, ਬਿਕਰਮਜੀਤ ਸਿੰਘ, ਧਰਮਿੰਦਰ ਸਿੰਘ, ਪੰਚ ਬਲਜੀਤ ਸਿੰਘ ਆਦਿ ਸਮੇਤ ਹੋਰ ਵੀ ਹਾਜ਼ਰ ਸਨ।

# ਵਿਦੇਸ਼ ਗਏ ਨੌਜਵਾਨ ਦੀ ਸੜਕ ਹਾਦਸੇ 'ਚ ਮੌਤ

**ਸੁਲਤਾਨਪੁਰ ਲੋਧੀ (ਬਲਵਿੰਦਰ ਸਿੰਘ ਧਾਲੀਵਾਲ)** ਦੁਬਈ ਵਿੱਚ ਪੰਜਾਬੀ ਨੌਜਵਾਨ ਦੀ ਸੜਕ ਹਾਦਸੇ ਵਿਚ ਮੌਤ ਹੋਣ ਦਾ ਦੁਖ਼ਦਾਈ ਸਮਾਚਾਰ ਪ੍ਰਾਪਤ ਹੋਇਆ ਹੈ।ਮ੍ਰਿਤਕ ਦੀ ਪਹਿਚਾਣ ਨਵਜੋਤ ਸਿੰਘ (25) ਸਪੁੱਤਰ ਸ਼ਿੰਗਾਰਾ ਸਿੰਘ ਵਜੋਂ ਹੋਈ ਹੈ।ਮ੍ਰਿਤਕ ਸੁਲਤਾਨਪੁਰ ਲੋਧੀ ਦੇ ਰੋਟਰੀ ਚੌਂਕ ਨੇੜੇ ਦਾ ਰਹਿਣ ਵਾਲਾ ਸੀ।ਨਵਜੋਤ ਚੰਗੇ ਭਵਿੱਖ ਦੀ ਭਾਲ ਵਿੱਚ ਰੁਜ਼ਗਾਰ ਲਈ ਨਵੰਬਰ 2024 ਵਿਦੇਸ਼ ਦੁਬਈ ਗਿਆ ਸੀ ਜਿੱਥੇ ਉਹ ਟਰੱਕ ਡਰਾਈਵਰ ਦਾ ਕੰਮ ਕਰਦਾ ਸੀ ਪਰ ਬੀਤੇ ਦਿਨੀਂ ਅਚਾਨਕ ਉਸ ਦੀ ਤੇਲ ਦਾ ਟੈਂਕਰ ਪਲਟ ਜਾਣ ਮਗਰੋਂ ਸੜਕ ਹਾਦਸੇ ਵਿਚ ਮੌਤ ਹੋ ਗਈ।ਨੌਜਵਾਨ ਦੀ ਮੌਤ ਦੀ ਖ਼ਬਰ ਮਿਲਦਿਆਂ ਇਲਾਕੇ 'ਚ ਮਾਤਮ ਛਾ ਗਿਆ।ਜਾਣਕਾਰੀ ਅਨੁਸਾਰ ਮ੍ਰਿਤਕ ਨੌਜਵਾਨ ਅਜੇ ਕੁਆਰਾ ਸੀ ਅਤੇ ਦੋ ਭੈਣਾ ਦਾ ਇੱਕਲੌਤਾ ਭਰਾ ਸੀ। ਜਿਸ ਉਮਰੇ ਨੌਜਵਾਨ ਦੇ ਘਰ ਵਿੱਚ ਸ਼ਹਿਨਾਈਆਂ ਵੱਜਣੀਆਂ ਚਾਹੀਦੀਆਂ ਸਨ ਪਰ ਇਸ ਮੰਦਭਾਗੀ ਘਟਨਾ ਤੋਂ ਬਾਅਦ ਉੱਥੇ ਸੱਥਰ ਵਿੱਚ ਗਏ ਹਨ।



# ਲੋਕਾਂ ਦੇ ਘਰਾਂ ਅੱਗੇ ਮੀਂਹ ਦੇ ਪਾਣੀ ਨੇ ਲਗਾਏ ਡੇਰੇ : ਧੀਮਾਨ

**ਮੇਹਟੀਆਣਾ (ਜਗਤਾਰ ਸਿੰਘ ਭੂੰਗਰਨੀ)** ਚੋਆਂ ਅਤੇ ਬਰਸਾਤੀ ਪਾਣੀ ਦੇ ਕੁਦਰਤੀ ਬਹਾਓ ਦੇ ਰਸਤਿਆਂ 'ਤੇ ਕਬਜ਼ਿਆਂ ਪ੍ਰਤੀ ਸਰਕਾਰ ਅਵੇਸਲੀ।ਮੀਂਹ ਕਾਰਨ ਬਰਸਾਤੀ ਪਾਣੀ ਨੇ ਪੀਣ ਵਾਲੇ ਪਾਣੀ ਦੀ ਸਪਲਾਈ ਅਤੇ ਸਕੂਲ, ਦੁਕਾਨਾਂ ਅਤੇ ਲੋਕਾਂ ਨੂੰ ਘਰਾਂ ਵਿੱਚ ਕੀਤਾ ਬੰਦ ਇਸ ਸੰਬੰਧ ਵਿੱਚ ਲੇਬਰ ਪਾਰਟੀ ਦੇ ਪ੍ਰਧਾਨ ਜੈ ਗੋਪਾਲ ਧੀਮਾਨ ਦੱਸਿਆ ਕਿ ਬਰਸਾਤੀ ਪਾਣੀ ਦੇ ਬਹਾਓ ਨੇ ਰਸਤੇ ਬੰਦ ਕਰਨ ਦੇ ਨਤੀਜਿਆਂ ਕਾਰਨ ਪਾਣੀ ਨੇ ਪਹਿਲਾ ਛੱਪੜ ਭਰਿਆ ਤੇ ਫਿਰ ਛੱਪੜ ਦੇ ਪਾਣੀ ਨੂੰ ਨਾਲ ਲੈ ਕੇ ਬਰਸਾਤੀ ਪਾਣੀ ਨੇ ਸੜਕਾਂ ਅਤੇ ਪਿੰਡਾਂ ਦੇ ਕੁਝ ਘਰਾਂ ਦੇ ਲੋਕਾਂ ਨੂੰ ਘਰਾਂ ਵਿੱਚ ਹੀ ਕੀਤਾ ਬੰਦ ਇਥੋਂ ਤੱਕ ਕਿ ਬੱਚੇ ਸਰਕਾਰੀ ਹਾਈ ਸਕੂਲ ਵਿਚ ਵੀ ਨਹੀਂ ਪਹੁੰਚੇ, ਕਿਉਂਕਿ ਸਕੂਲ ਦੇ ਅੱਗੇ 2, 3 ਫੁੱਟ ਪਾਣੀ ਚੱਲ ਰਿਹਾ ਸੀ। ਧੀਮਾਨ ਨੇ ਦੱਸਿਆ ਕਿ ਪਿਛਲੇ ਸਾਲ ਵੀ ਇੰਝ ਹੀ ਬਰਸਾਤੀ ਪਾਣੀ ਨੇ ਕਈ ਦਿਨ ਤਬਾਹੀ ਮਚਾਈ ਰੱਖੀ ਸੀ ਤੇ ਬਲਾਕ ਵਿਕਾਸ ਅਤੇ ਪੰਚਾਇਤ ਅਫਸਰਾਂ ਨੇ ਅਤੇ ਵਧਾਇਕਾਂ ਨੇ ਕੋਈ ਸਿੱਖਿਆ ਨਹੀਂ ਲਈ।ਉਨ੍ਹਾਂ ਕਿਹਾ ਕਿ ਮੁੜ ਫਿਰ ਉਹੀ ਮੁਸ਼ਕਲ ਨੇ ਲੋਕਾਂ ਦਾ ਜਿਊਣਾ ਦੁਭਰ ਕਰ ਦਿੱਤਾ। ਧੀਮਾਨ ਨੇ ਕਿਹਾ ਕਿ 2, 3 ਦਿਨਾ ਬ੍ਰਾਅਦ ਤਾਂ ਖੜਾ ਪਾਣੀ ਉਂਝ ਹੀ ਬਦਬੂ ਮਾਰਨ ਲੱਗ ਪੈਂਦਾ ਹੈ ਤੇ ਅਨੇਕਾਂ ਤਰ੍ਹਾਂ ਦਾ ਨੁਕਸਾਨ ਦੇਹ ਬੈਕਟੀਰੀਆਂ ਪੈਦਾ ਕਰ ਦਿੰਦਾ ਹੈ।ਉਨ੍ਹਾਂ ਸਰਕਾਰ ਤੋਂ ਮੰਗ ਕੀਤੀ ਕਿ ਪੀਣ ਵਾਲੇ ਪਾਣੀ ਦੀ ਕਲੋਰੀਨੇਸ਼ਨ ਕਰਨਾ ਯਕੀਨੀ ਬਣਾਈ ਜਾਵੇ ਤੇ ਇਸ ਪ੍ਰਤੀ ਅਣਗਹਿਲੀਆਂ ਵਰਤਣ ਵਾਲਿਆਂ ਦੇ ਵਿਰੁੱਧ ਵੀ ਸਖਤ ਕਾਰਵਾਈ ਕੀਤੀ ਜਾਵੇ। ਧੀਮਾਨ ਨੇ ਡਿਪਟੀ ਕਮਿਸ਼ਨਰ ਹੁਸ਼ਿਆਰਪੁਰ ਦੇ ਸਾਰਾ ਮਾਮਲਾ ਧਿਆਨ ਹੇਠ ਵੀ ਲਿਆਂਦਾ ਤਾਂ ਕਿ ਲੋਕਾਂ ਨੂੰ ਬਰਸਾਤੀ ਪਾਣੀ ਦੇ ਬੁਰੇ ਪ੍ਰਭਾਵ ਤੋਂ ਬਚਾਇਆ ਜਾ ਸਕੇ।



# ਏ ਜੀ ਆਈ ਵੈੱਲਫੇਅਰ ਸਕੂਲ ਨੇ ਸਥਾਪਨਾ ਦਿਵਸ ਮਨਾਇਆ

**ਜਲੰਧਰ (ਰਾਜੇਸ਼ ਥਾਪਾ)**- ਏ ਜੀ ਆਈ ਵੈਲਫੇਅਰ ਸਕੂਲ ਜਿਸ ਦੀ ਸ਼ੁਰੂਆਤ ਖੇਤਰ ਦੀਆਂ ਪ੍ਰਮੁੱਖ ਰੀਅਲ ਅਸਟੇਟ ਅਤੇ ਨਿਰਮਾਣ ਕੰਪਨੀਆਂ ਵਿੱਚੋਂ ਇੱਕ, ਏ ਜੀ ਆਈ ਇੰਫਰਾ ਲਿਮਟਿਡ ਦੁਆਰਾ ਕੀਤੀ ਗਈ ਸੀ, ਨੇ ਆਪਣਾ ਸਥਾਪਨਾ ਦਿਵਸ ਬਹੁਤ ਖੁਸ਼ੀ ਅਤੇ ਉਤਸ਼ਾਹ ਨਾਲ ਮਨਾਇਆ। ਇਹ ਸਕੂਲ ਏਜੀਆਈ ਇੰਫਰਾ ਦੇ 'ਸਭ ਲਈ ਸਿੱਖਿਆ ਦੇ ਅਧਿਕਾਰ' ਵਿੱਚ ਦ੍ਰਿੜ ਵਿਸ਼ਵਾਸ ਅਤੇ ਸਮਾਜਿਕ ਜ਼ਿੰਮੇਵਾਰੀ ਪ੍ਰਤੀ ਸਮਰਪਣ ਦੇ ਹਿੱਸੇ ਵਜੋਂ ਖੋਲ੍ਹਿਆ ਗਿਆ ਸੀ। ਇਹ ਸਕੂਲ ਜਲੰਧਰ ਹਾਈਟਸ 1 ਦੇ ਅੰਦਰ ਸਥਿਤ ਹੈ, ਜੋ ਕਿ ਏ ਜੀ ਆਈ ਇੰਫਰਾ ਦੁਆਰਾ 66 ਫੁੱਟ ਰੋਡ, ਜਲੰਧਰ 'ਤੇ ਬਣਾਇਆ ਗਿਆ ਸੀ। ਸਕੂਲ ਵਿੱਚ ਪੜ੍ਹਦੇ ਹਰ ਬੱਚੇ ਨੂੰ ਪੂਰੀ ਸਿੱਖਿਆ ਬਿਲਕੁਲ ਮੁਫ਼ਤ ਮਿਲਦੀ ਹੈ। ਸਾਰੇ ਵਿਦਿਆਰਥੀਆਂ ਨੂੰ ਮੁਫ਼ਤ ਕਿਤਾਬਾਂ, ਸਟੇਸ਼ਨਰੀ ਦੀਆਂ ਚੀਜ਼ਾਂ, ਵਰਦੀਆਂ, ਜਿਨ੍ਹਾਂ ਵਿੱਚ ਬੂਟ, ਜੁਰਾਬਾਂ, ਸਵੈਟਰ ਅਤੇ ਹੋਰ ਜ਼ਰੂਰੀ ਚੀਜ਼ਾਂ ਸ਼ਾਮਲ ਹਨ, ਦਿੱਤੀਆਂ ਜਾਂਦੀਆਂ ਹਨ। ਸਕੂਲ ਦੇ ਦਿਨ ਦੌਰਾਨ ਹਰੇਕ ਵਿਦਿਆਰਥੀ ਲਈ ਮਿਡ ਡੇ ਮੀਲ ਵੀ ਦਿੱਤਾ ਜਾਂਦਾ ਹੈ। ਬੱਚਿਆਂ ਨੂੰ ਘਰੋਂ ਲਿਆਨ ਛੱਡਣ ਲਈ ਸਕੂਲ ਸਹੀ ਦੇਖਭਾਲ ਅਤੇ ਸੁਰੱਖਿਆ ਦੇ ਨਾਲ ਇੱਕ ਮੁਫਤ ਆਵਾਜਾਈ ਸੇਵਾ ਵੀ ਪ੍ਰਦਾਨ ਕਰਦਾ ਹੈ। ਸਥਾਪਨਾ ਦਿਵਸ ਨੂੰ ਬੜੇ ਹੀ ਜੋਸ਼ ਅਤੇ ਖੁਸ਼ੀ ਨਾਲ ਮਨਾਇਆ ਗਿਆ ਅਤੇ ਬੱਚਿਆਂ ਨੇ ਆਪਣੇ ਟੈਲੇਂਟ ਦਾ ਪ੍ਰਦਰਸ਼ਨ ਵੀ ਕੀਤਾ । ਇਸ ਸਮਾਗਮ ਵਿੱਚ ਏ ਜੀ ਆਈ ਐਜੂਕੇਸ਼ਨਲ ਸੋਸਾਇਟੀ ਦੀ ਚੇਅਰਪਰਸਨ ਸ਼੍ਰੀਮਤੀ ਸਲਵਿੰਦਰਜੀਤ ਕੌਰ ਨੇ ਵੀ ਸ਼ਿਰਕਤ ਕੀਤੀ। ਇਸ ਮੌਕੇ 'ਤੇ ਬੋਲਦਿਆਂ ਸ਼੍ਰੀਮਤੀ ਸਲਵਿੰਦਰ ਕੌਰ ਨੇ ਕਿਹਾ ਕਿ ਇਹ ਸਥਾਪਨਾ ਦਿਵਸ ਸਿਰਫ਼ ਇੱਕ ਜਸ਼ਨ ਨਹੀਂ ਹੈ। ਸਗੋਂ ਮਿਸ਼ਨ, ਭਵਿੱਖ ਲਈ ਇੱਕ ਵਾਅਦਾ, ਅਤੇ ਗਰੀਬੀ ਨੂੰ ਕਦੇ ਵੀ ਸਕੂਲ ਛੱਡਣ ਦਾ ਕਾਰਨ ਨਾ ਬਣਨ ਦੇਣ ਦੀ ਵਚਨਬੱਧਤਾ ਦੀ ਯਾਦ ਦਿਵਾਉਂਦਾ ਹੈ।



# ਡੇਂਗੂ ਤੋਂ ਬਚਾਅ ਬਾਰੇ ਜਾਣਕਾਰੀ ਦਿੱਤੀ



**ਸੁਲਤਾਨਪੁਰ ਲੋਧੀ (ਬਲਵਿੰਦਰ ਸਿੰਘ ਧਾਲੀਵਾਲ)** ਸਿਵਲ ਸਰਜਨ ਕਪੂਰਥਲਾ ਡਾਕਟਰ ਹਰਪਾਲ ਸਿੰਘ ਆਪਿਡਮੋਲੋਜਿਸਟ, ਡਾਕਟਰ ਦਵਿੰਦਰਪਾਲ ਸਿੰਘ ਐੱਸ ਐਮ ਓ ਸੁਲਤਾਨਪੁਰ ਲੋਧੀ, ਡਾਕਟਰ ਨਦੀਕਾ ਖੁੱਲਰ ਸੀਨੀਅਰ ਮੈਡੀਕਲ ਅਫਸਰ ਸੀ ਐਚ ਸੀ ਟਿੱਬਾ ਡਾਕਟਰ ਸਰਬਰਿੰਦਰ ਸਿੰਘ ਦੇ ਦਿਸ਼ਾ ਨਿਰਦੇਸ਼ਾਂ ਹੇਠ ਸੀਨੀਅਰ ਸੈਕੰਡਰੀ ਸਕੂਲ (ਮੁੰਡੇ) ਸੁਲਤਾਨਪੁਰ ਲੋਧੀ ਵਿਖੇ ਡੇਂਗੂ ਚਿਕਨਗੁਨੀਆਂ ਬੁਖਾਰ ਤੋਂ ਬਚਾ ਬਾਰੇ ਜ਼ਰੂਰੀ ਹਦਾਇਤਾਂ ਦੱਸੀਆਂ ਗਈਆਂ, ਇਸ ਸਮੇਂ ਚੈਕਿੰਗ ਦੌਰਾਨ ਲਾਰਵਾ ਮਿਲਿਆ ਜਿਸ ਨੂੰ ਸਿਹਤ ਵਿਭਾਗ ਦੀ ਟੀਮ ਵੱਲੋਂ ਨਸ਼ਟ ਕੀਤਾ ਗਿਆ, ਸਿਹਤ ਵਿਭਾਗ ਦੀ ਟੀਮ ਵੱਲੋਂ ਬੱਚਿਆਂ ਨੂੰ ਆਪਣੀ ਸਿਹਤ ਬਾਰੇ (ਹੱਥ ਧੋਣ ਦੇ ਤਰੀਕੇ )ਅਤੇ ਖਾਣਾ ਹੱਥ ਧੋ ਕੇ ਖਾਣ ਬਾਰੇ ਦਸਿਆ ਗਿਆ ਸਕੂਲ ਦੇ ਬੱਚਿਆਂ ਦੀ ਸਿਹਤ ਨੂੰ ਦੇਖਦੇ ਹੋਏ ਮੱਛਰ ਮਾਰ ਦਵਾਈ ਦੀ ਸਪਰੇਅ ਕਾਰਵਾਈ ਗਈ ਬੱਚਿਆਂ ਨੂੰ ਇਹ ਵੀ ਦੱਸਿਆ ਗਿਆ ਕੇ ਸਕੂਲ ਟਾਈਮ ਅਤੇ ਬਾਅਦ 'ਚ ਪੂਰੀ ਬਾਂਹ ਅਤੇ ਲੱਤਾਂ ਢਕੀਆਂ ਹੋਣ ਤਾਂ ਜੋ ਮੱਛਰ ਕਦੀ ਵੀ ਕੱਟ ਨਾ ਸਕੇ ਇਸ ਸਮੇ ਮੈਡੀਕਲ ਟੀਮ 'ਚ ਹਾਜ਼ਰ ਐਸ ਆਈ ਪਰਜਿੰਦਰ ਸਿੰਘ ਅਤੇ ਮੇਲ ਵਰਕਰ ਧੰਨੇਸ਼ਵਰ ਸਹੋਤਾ ਲਵਦੀਪ ਸਿੰਘ ਤੇ ਬ੍ਰੀਡਰ ਚੈਕਰ ਕੁਲਦੀਪ ਸਿੰਘ, ਸ਼ਨੀ ਦਿਓਲ ਟੀਮ ਨੇ ਵਿਜਿਟ ਕੀਤਾ ਗਿਆ, ਪ੍ਰਿੰਸੀਪਲ ਤਰਸੇਮ ਸਿੰਘ ਨੇ ਆਈ ਹੋਈ ਟੀਮ ਦਾ ਧੰਨਵਾਦ ਕੀਤਾ ਇਸ ਸਮੇਂ ਓਹਨਾ ਨਾਲ ਮਾਸਟਰ ਸੁਰਜੀਤ ਸਿੰਘ ਤੇ ਮਾਸਟਰ ਦਲਜੀਤ ਸਿੰਘ ਮੌਜੂਦ ਰਹੇ।

# ਸਾਮਰਾਜਵਾਦ ਦੇਸ਼ ਦੇ ਕਾਰਪੋਰੇਟਾਂ ਨਾਲ ਮਿਲ ਕੇ ਪਿੰਡਾਂ 'ਤੇ ਕਰ ਰਿਹਾ ਚੌਤਰਫਾ ਹਮਲਾ : ਰਾਣਾ

**ਨਵਾਂਸ਼ਹਿਰ (ਕੁਲਵਿੰਦਰ ਸਿੰਘ ਦੁਰਗਾਪੁਰੀਆ)** ਲੈਂਡ ਪੂਲਿੰਗ ਪਾਲਿਸੀ ਨੂੰ ਸੰਸਾਰ ਬੈਂਕ ਦੇ ਨਿਰਦੇਸ਼ਾਂ 'ਤੇ ਲਾਗੂ ਕੀਤਾ ਗਿਆ ਹੈ। ਇਹਨਾਂ ਵਿਚਾਰਾਂ ਦਾ ਪ੍ਰਗਟਾਵਾ ਕਰਨ ਸਿੰਘ ਰਾਣਾ ਜਨਰਲ ਸਕੱਤਰ ਸਾਂਝਾ ਕਿਸਾਨ ਮਜ਼ਦੂਰ ਮੋਰਚਾ ਸਬੰਧਤ ਭਾਈ ਲਾਲੋ ਲੋਕ ਮੰਚ ਪੰਜਾਬ ਨੇ ਚੋਣਵੇਂ ਪੱਤਰਕਾਰਾਂ ਨਾਲ ਗੱਲਬਾਤ ਕਰਦੇ ਹੋਏ ਕੀਤਾ।ਉਹਨਾਂ ਕਿਹਾ ਕਿ 1991 ਵਿੱਚ ਸਾਮਰਾਜਵਾਦ ਨੇ ਦੇਸ਼ ਦੇ ਕਾਰਪੋਰੇਟਾਂ ਅਤੇ ਜਗੀਰਦਾਰਾਂ ਨਾਲ ਮਿਲ ਕੇ ਨਵੀਆਂ ਆਰਥਿਕ ਨੀਤੀਆਂ ਲਾਗੂ ਕੀਤੀਆਂ ਸਨ, ਜਿਸ ਦੇ ਸਿੱਟੇ ਵਜੋਂ ਸਾਰਾ ਪਬਲਿਕ ਸੈਕਟਰ ਨਿੱਜੀ ਹੱਥਾਂ ਵਿੱਚ ਸੌਂਪਿਆ ਗਿਆ।ਠੇਕੇਦਾਰੀ ਸਿਸਟਮ ਅਤੇ ਆਊਟ ਸੋਰਸਿੰਗ ਦੀ ਨੀਤੀ ਲਾਗੂ ਕੀਤੀ ਗਈ।ਨਵੀਆਂ ਆਰਥਿਕ ਨੀਤੀਆਂ ਦੇ ਦੂਜੇ ਪੜਾ ਵਿੱਚ ਖੇਤੀ ਸੰਬੰਧੀ ਤਿੰਨ ਕਾਲੇ ਕਾਨੂੰਨ ਲਾਗੂ ਕਰਨ ਦੀ ਕੋਸ਼ਿਸ਼ ਨੂੰ ਕਿਸਾਨਾਂ ਮਜ਼ਦੂਰਾਂ ਨੇ ਲੰਬਾ ਸੰਘਰਸ਼ ਲੜ ਕੇ ਰੱਦ ਕਰਵਾਇਆ। ਪਰ ਸਾਮਰਾਜਵਾਦ ਪਿੱਛੇ ਹਟਣ ਲਈ ਤਿਆਰ ਨਹੀਂ ਹੈ ਸਾਮਰਾਜਵਾਦੀ ਅਤੇ ਕਾਰਪੋਰੇਟ ਟੀ ਸ਼ਕਤੀਆਂ ਨੇ ਹੁਣ ਪੰਜਾਬ ਦੇ ਪਿੰਡਾਂ 'ਤੇ ਚੌ ਤਰਫਾ ਹਮਲਾ ਕੀਤਾ ਹੈ ਅਤੇ ਪਿੰਡਾਂ ਦਾ ਉਜਾੜਾ ਕਰਨ ਲਈ ਖੇਲ ਸ਼ੁਰੂ ਕਰ ਦਿੱਤਾ ਹੈ। ਨੌਜਵਾਨਾਂ ਨੂੰ ਮਾਰੂ ਨਸ਼ੇ ਵਿੱਚ ਡੋਬਿਆ ਜਾ ਰਿਹਾ ਹੈ, ਨਰੇਗਾ ਅਧੀਨ ਕੰਮ ਕਰ ਰਹੇ ਮਜ਼ਦੂਰਾਂ ਨੂੰ ਰੋਜ਼ਗਾਰ ਵਿਹੂਣੇ ਕੀਤਾ ਜਾ ਰਿਹਾ ਹੈ। ਲੈਂਡ ਪੂਲਿੰਗ ਸਕੀਮ ਅਤੇ ਹੋਰ ਕਈ ਢੰਗਾਂ ਨਾਲ ਕਿਸਾਨਾਂ ਦੀਆਂ ਜ਼ਮੀਨਾਂ ਹੜੱਪਣ ਵਿੱਚ ਤੇਜ਼ੀ ਲਿਆਂਦੀ ਜਾ ਰਹੀ।ਇਹ ਸਾਰੀ ਸਾਜਿਸ਼ ਪਿੰਡਾਂ ਦਾ ਉਜਾੜਾ ਕਰਨ ਦੀ ਹੈ ਜਿਸ ਨੂੰ ਰੋਕਣ ਲਈ ਪੰਜਾਬ ਦੇ ਲੋਕ ਸੰਘਰਸ਼ਾਂ ਦੇ ਪਿੜ ਮੱਲ ਰਹੇ ਹਨ ਅਤੇ ਪਿੰਡ ਅਤੇ ਰੁਜ਼ਗਾਰ ਬਚਾਉਣ ਲਈ ਹਰ ਕੁਰਬਾਨੀ ਕਰਨ ਲਈ ਤਿਆਰ ਹਨ।ਪਿੰਡਾਂ ਦੇ ਲੋਕਾਂ ਦੀ ਏਕਤਾ ਹਰ ਤਰ੍ਹਾਂ ਦੇ ਪੁਲਸ ਜਬਰ ਨੂੰ ਠੱਲ੍ਹ ਪਾਵੇਗੀ।ਸਾਥੀ ਰਾਣਾ ਨੇ ਚਿੰਤਾ ਪ੍ਰਗਟ ਕੀਤੀ ਕਿ ਪੰਜਾਬ ਦੀਆਂ ਰਾਜਨੀਤਿਕ ਧਿਰਾਂ ਗੰਧਲੀ ਰਾਜਨੀਤੀ ਦਾ ਸ਼ਿਕਾਰ ਹੋ ਚੁੱਕੀਆਂ ਹਨ ਇਸ ਲਈ ਪੰਜਾਬ ਦੇ ਲੋਕਾਂ ਨੇ ਪਿੰਡਾਂ ਨੂੰ ਬਚਾਉਣ ਦੀ ਲੜਾਈ ਖੁਦ ਆਪਣੇ ਹੱਥ ਵਿੱਚ ਲੈ ਲਈ ਹੈ। ਉਨ੍ਹਾਂ ਸਮੂਹ ਪੰਜਾਬੀਆਂ ਮਜ਼ਦੂਰਾਂ ਕਿਸਾਨਾਂ ਦੁਕਾਨਦਾਰਾਂ ਅਤੇ ਮਿਹਨਤੀ ਲੋਕਾਂ ਨੂੰ ਅਪੀਲ ਕੀਤੀ ਕਿ ਉਹ ਪਿੰਡਾਂ ਨੂੰ ਬਚਾਉਣ ਦੇ ਸਾਂਝੇ ਸੰਘਰਸ਼ ਵਿੱਚ ਹਰ ਤਰ੍ਹਾਂ ਦੀ ਸਹਾਇਤਾ ਕਰਨ।



# ਸਾਂਝੇ ਮਜ਼ਦੂਰ ਮੰਚ ਵੱਲੋਂ ਮੰਤਰੀਆਂ ਦੇ ਦਰ ਅੱਗੇ ਧਰਨੇ ਅੱਜ : ਪੱਬਵਾਂ



**ਨੂਰਮਹਿਲ (ਬਾਲ ਕ੍ਰਿਸ਼ਨ ਬਾਲੀ)** ਪੇਂਡੂ ਮਜ਼ਦੂਰ ਯੂਨੀਅਨ ਦੇ ਆਗੂ ਸਾਥੀ ਹੰਸ ਰਾਜ ਪੱਬਵਾਂ ਨੇ ਦੱਸਿਆ ਕਿ ਸਾਂਝੇ ਮਜ਼ਦੂਰ ਮੰਚ ਵੱਲੋਂ ਕੱਲ 4 ਅਗਸਤ ਨੂੰ ਮੰਤਰੀਆਂ ਦੇ ਦਰਾਂ ਮੂਹਰੇ ਧਰਨੇ ਲਗਾ ਕੇ ਰੋਸ ਪਰਦਰਸ਼ਨ ਕੀਤੇ ਜਾਣਗੇ ਅਤੇ ਮਜ਼ਦੂਰਾਂ ਦੀਆਂ ਲੰਮੇ ਸਮੇਂ ਤੋਂ ਲਟਕਦੀਆਂ ਆ ਰਹੀਆਂ ਮੰਗਾਂ ਨੂੰ ਮਨਵਾਉਣ ਲਈ ਮੰਗ ਪੱਤਰ ਵੀ ਦਿੱਤੇ ਜਾਣਗੇ। ਜਲੰਧਰ ਮੰਤਰੀ ਮਹਿੰਦਰ ਭਗਤ ਦੇ ਦਰਾਂ ਮੂਹਰੇ ਰੋਸ ਪਰਦਰਸ਼ਨ ਕੀਤਾ ਜਾਵੇਗਾ।ਜਿਸ ਵਿੱਚ ਵੱਡੀ ਗਿਣਤੀ ਵਿੱਚ ਮਜਦੂਰ ਪਹੁੰਚਣਗੇ।ਪੇਂਡੂ ਮਜਦੂਰ ਯੂਨੀਅਨ ਜਿਲੇ ਦੇ ਪਿੰਡਾਂ ਅੰਦਰ ਵਿਸ਼ਾਲ ਮੀਟਿੰਗਾਂ ਰੈਲੀਆਂ ਰਾਹੀਂ ਤਿਆਰੀਆਂ ਕਰਵਾ ਰਹੀ ਹੈ।ਪਿੰਡਾਂ ਵਿੱਚੋਂ ਵੱਡਾ ਹੁੰਘਾਰਾ ਮਿਲ ਰਿਹਾ ਹੈ।ਆਮ ਆਦਮੀ ਪਾਰਟੀ ਦੇ ਮਜ਼ਦੂਰ ਵਿਰੋਧੀ ਰਵੱਈਏ ਖਿਲਾਫ ਮਜਦੂਰਾਂ ਵਿੱਚ ਗੁੱਸਾ ਪਨਪ ਰਿਹਾ ਹੈ।ਦਾਅ ਪੇਚਾਂ ਨਾਲ ਮਜ਼ਦੂਰਾਂ ਦੀਆਂ ਵੋਟਾਂ ਵਟੋਰ ਲਈਆਂ ਹਨ।ਬਾਅਦ ਵਿੱਚ ਮਜ਼ਦੂਰਾਂ ਦੀ ਗੱਲ ਸੁਣਨ ਲਈ ਵੀ ਤਿਆਰ ਨਹੀ ਹੈ।ਸੋ ਅੰਨੀ ਬੋਲੀ ਸਰਕਾਰ ਦੇ ਕੰਨਾ ਵਿੱਚ ਅਵਾਜ ਇਕੱਠੇ ਹੋਕੇ ਪਹੁੰਚਦੀ ਕਰੀਏ।ਪੰਜ-ਪੰਜ ਮਰਲੇ ਦੇ ਪਲਾਟ, ਮਕਾਨ ਉਸਾਰੀ ਲਈ ਗਰਾਂਟ, ਲਾਲ ਲਕੀਰ ਵਾਲੇ ਮਕਾਨਾ ਦੇ ਮਾਲਕੀ ਹੱਕ, ਮਨਰੇਗਾ ਮਜ਼ਦੂਰਾਂ ਦੀ ਦਿਹਾੜੀ 700 ਰੁਪਏ, ਸਰਕਾਰੀ ਤੇ ਗੈਰ ਸਰਕਾਰੀ ਕਰਜੇ ਮੁਆਫ, ਤੀਸਰੇ ਹਿੱਸੇ ਦੀ ਜ਼ਮੀਨ, ਜ਼ਮੀਨ ਦੀ ਮੁੜ ਵੰਡ ਆਦਿ ਮੰਗਾਂ ਲਾਗੂ ਕਰਾਈਆਂ ਜਾਣਗੀਆਂ।

# ਪ੍ਰਾਪਰਟੀ ਟੈਕਸ ਲਈ ਇੱਕ-ਮੁਸ਼ਤ ਨਿਪਟਾਰਾ ਯੋਜਨਾ 15 ਤੱਕ ਵਧਾਈ

**ਮੋਹਾਲੀ (ਗੁਰਜੀਤ ਬਿੱਲਾ)** ਮੁੱਖ ਮੰਤਰੀ ਭਗਵੰਤ ਸਿੰਘ ਮਾਨ ਦੀ ਅਗਵਾਈ ਹੇਠ ਸੂਬੇ ਦੇ ਲੋਕਾਂ ਨੂੰ ਆਪਣੇ ਬਕਾਇਆ ਜਾਇਦਾਦ ਟੈਕਸ ਬਕਾਏ ਬਿਨਾਂ ਜੁਰਮਾਨੇ ਅਤੇ ਵਿਆਜ ਦੇ, ਭੁਗਤਾਨ ਕਰਨ ਦਾ ਇੱਕ ਹੋਰ ਮੌਕਾ ਪ੍ਰਦਾਨ ਕਰਨ ਲਈ, ਪੰਜਾਬ ਸਰਕਾਰ ਨੇ ਇੱਕ-ਮੁਸ਼ਤ ਨਿਪਟਾਰਾ (ਓ ਟੀ ਐਸ) ਯੋਜਨਾ ਨੂੰ 15 ਅਗਸਤ ਤੱਕ ਵਧਾ ਦਿੱਤਾ ਹੈ।ਜਾਣਕਾਰੀ ਦਿੰਦੇ ਹੋਏ, ਡਿਪਟੀ ਕਮਿਸ਼ਨਰ ਕੋਮਲ ਮਿੱਤਲ ਨੇ ਦੱਸਿਆ ਕਿ ਓ ਟੀ ਐਸ ਸਕੀਮ, ਜੋ ਪਹਿਲਾਂ 1 ਜੁਲਾਈ ਤੋਂ 31 ਜੁਲਾਈ, 2025 ਤੱਕ ਲਾਗੂ ਸੀ, ਨੂੰ ਜ਼ਿਲ੍ਹੇ ਭਰ ਦੇ ਪ੍ਰਾਪਰਟੀ ਟੈਕਸ ਬਕਾਏਦਾਰਾਂ ਤੋਂ ਭਰਵਾਂ ਹੁੰਗਾਰਾ ਮਿਲਿਆ।ਨਤੀਜੇ ਵਜੋਂ, ਐਸ.ਏ.ਐਸ. ਨਗਰ ਜ਼ਿਲ੍ਹੇ ਦੀਆਂ ਨਗਰ ਕੌਂਸਲਾਂ ਨੇ ਸਮੂਹਿਕ ਤੌਰ 'ਤੇ ਇੱਕ ਜੁਲਾਈ ਤੋਂ ਇੱਕ ਅਗਸਤ ਤੱਕ ਜਾਇਦਾਦ ਟੈਕਸ ਦੇ 21.85 ਕਰੋੜ ਰੁਪਏ ਦੇ ਬਜਾਏ ਇਕੱਠੇ ਕੀਤੇ ਹਨ।ਨਗਰ ਕੌਂਸਲ ਵਾਰ ਅੰਕੜੇ ਦਿੰਦੇ ਹੋਏ, ਉਨ੍ਹਾਂ ਦੱਸਿਆ ਕਿ ਜ਼ੀਰਕਪੁਰ ਨਗਰ ਕੌਂਸਲ ਨੇ 13.59 ਕਰੋੜ ਰੁਪਏ ਜਮ੍ਹਾਂ ਕਰਵਾ ਕੇ ਸਭ ਤੋਂ ਵੱਧ ਮਾਲੀਆ ਇਕੱਠਾ ਕੀਤਾ, ਉਸ ਤੋਂ ਬਾਅਦ ਖਰੜ 3.75 ਕਰੋੜ ਰੁਪਏ ਨਾਲ ਦੂਜੇ ਸਥਾਨ 'ਤੇ ਰਿਹਾ ਅਤੇ ਡੇਰਾਬੱਸੀ 2.26 ਕਰੋੜ ਰੁਪਏ ਨਾਲ ਤੀਜੇ ਸਥਾਨ 'ਤੇ ਰਿਹਾ।ਬਾਕੀ ਨਗਰ ਕੌਂਸਲਾਂ ਵਿੱਚੋਂ, ਲਾਲੜੂ ਨੇ 82.98 ਲੱਖ ਰੁਪਏ, ਕੁਰਾਲੀ ਨੇ 55.2 ਲੱਖ ਰੁਪਏ, ਨਵਾਂ ਗਾਉਂ ਨੇ 52.95 ਲੱਖ ਰੁਪਏ, ਬਨੂੜ ਨੇ 34.05 ਲੱਖ ਰੁਪਏ ਅਤੇ ਘੜੂੰਆਂ ਨੇ 41,000 ਰੁਪਏ ਇਕੱਠੇ ਕੀਤੇ।ਜਿਨ੍ਹਾਂ ਵਸਨੀਕਾਂ ਨੇ ਅਜੇ ਤੱਕ ਓ ਟੀ ਐਸ ਸਕੀਮ ਦਾ ਲਾਭ ਨਹੀਂ ਲਿਆ ਹੈ, ਉਨ੍ਹਾਂ ਨੂੰ ਅਪੀਲ ਕਰਦੇ ਹੋਏ, ਡਿਪਟੀ ਕਮਿਸ਼ਨਰ ਨੇ ਕਿਹਾ ਕਿ ਉਹ ਤੁਰੰਤ ਆਪਣੇ ਸਬੰਧਤ ਨਗਰ ਕੌਂਸਲ ਦਫ਼ਤਰਾਂ 'ਚ ਜਾਣ ਅਤੇ ਵਧਾਏ ਗਏ ਸਮੇਂ ਦੇ ਅੰਦਰ ਆਪਣੇ ਜਾਇਦਾਦ ਟੈਕਸ ਦੇ ਬਕਾਏ ਦਾ ਭੁਗਤਾਨ ਕਰਨ।

# ਤੀਆਂ ਦਾ ਤਿਉਹਾਰ ਮਨਾਇਆ




**ਭੋਗਪੁਰ (ਗੁਰਪ੍ਰੀਤ ਸਿੰਘ ਭੋਗਲ)**- ਦੀ ਲੈਂਡਮਾਰਕ ਸਕੂਲ ਵਿਖੇ ਪ੍ਰਿੰਸੀਪਲ ਮਿਸ ਸੋਨਮ ਸ਼ਰਮਾ ਦੀ ਅਗਵਾਈ ਹੇਠ ਤੀਆਂ ਦਾ ਤਿਉਹਾਰ ਬੜੀ ਧੂਮ ਧਾਮ ਨਾਲ ਮਨਾਇਆ ਗਿਆ ਜਿਸ ਵਿਚ ਸਕੂਲ ਚੇਅਰਪਰਸਨ ਮਿਸਿਜ਼ ਪਰਮਜੀਤ ਕੌਰ ਅਤੇ ਪ੍ਰਧਾਨ ਮਿਸ ਮਨਜਿੰਦਰ ਕੌਰ ਮੁੱਖ ਮਹਿਮਾਨ ਵਜੋਂ ਸ਼ਾਮਿਲ ਹੋਏ। ਵਿਦਿਆਰਥੀਆਂ ਨੇ ਪੰਜਾਬੀਸੱਭਿਆਚਾਰ ਦੀ ਪੇਸ਼ਕਾਰੀ ਕਰਦਿਆਂ ਵੱਖ-ਵੱਖ ਬੋਲੀਆਂ ਤੇ ਗਿੱਧਾ ਪੇਸ਼ ਕੀਤਾ।ਇਸ ਮੌਕੇ ਵਿਦਿਆਰਥੀਆਂ ਨੂੰ ਪੰਜਾਬੀ ਸੱਭਿਆਚਾਰ ਨਾਲ ਜੋੜਨ ਲਈ ਹੋਰ ਵੀ ਜਾਣਕਾਰੀ ਦਿੱਤੀ ਗਈ। ਇਸ ਮੌਕੇ ਵਿਦਿਆਰਥੀਆਂ ਵੱਲੋਂ ਮਾਡਲਿੰਗ ਤੇ ਗੀਤ ਗਾਏ ਗਏ। ਵਿਦਿਆਰਥੀ ਤੇ ਅਧਿਆਪਕ ਪੰਜਾਬੀ ਪਹਿਰਾਵਾ ਪਹਿਨ ਕੇ ਸਕੂਲ ਪਹੁੰਚੇ। ਮਾਡਲਿੰਗ ਕਰਨ ਵਾਲੇ ਬੱਚਿਆਂ ਨੂੰ ਵੱਖ-ਵੱਖ ਖਿਤਾਬਾਂ ਨਾਲ ਸਜਾਇਆ ਗਿਆ। ਜਿਸ ਵਿਚ ਜੈਸਮੀਨ ਨੂੰ ਮਿਸ ਤੀਜ ਦਾ ਖਿਤਾਬ ਮਿਲਿਆ। ਤੀਆਂ ਦੇ ਮੇਲੇ ਨੂੰ ਸਕੂਲ ਦੇ ਸਾਰੇ ਸਟਾਫ ਅਤੇ ਬੱਚਿਆਂ ਨੇ ਬਹੁਤ ਹੀ ਉਤਸ਼ਾਹ ਨਾਲ ਮਨਾਇਆ।

# ਲੈਂਡ ਪੂਲਿੰਗ ਪਾਲਿਸੀ 'ਤੇ ਸਿਆਸੀ ਰੋਟੀਆਂ ਸੇਕ ਰਹੇ ਅਕਾਲੀ ਆਗੂ : ਜੁਗਨੂੰ

**ਕਾਲਾ ਸੰਘਿਆਂ (ਮਨਜੀਤ ਮਾਨ)**- ਲੈਂਡ ਪੂਲਿੰਗ ਪਾਲਿਸੀ ਬਾਰੇ ਵਿਸ਼ੇਸ ਤੌਰ 'ਤੇ ਗੱਲਬਾਤ ਕਰਦਿਆਂ ਆਮ ਆਦਮੀ ਪਾਰਟੀ ਦੇ ਮੀਡੀਆ ਇੰਚਾਰਜ ਇੰਦਰਜੀਤ ਸਿੰਘ ਜੁਗਨੂੰ ਨੇ ਕਿਹਾ ਲੈਂਡ ਪੂਲਿੰਗ ਪਾਲਿਸੀ 2013 ਵਿਚ ਪ੍ਰਕਾਸ਼ ਸਿੰਘ ਬਾਦਲ ਦੀ ਅਗਵਾਈ ਵਾਲੀ ਅਕਾਲੀ ਦਲ ਪਾਰਟੀ ਦੀ ਸਰਕਾਰ ਹੀ ਪੰਜਾਬ ਵਿਚ ਲੈ ਕੇ ਆਈ ਸੀ ਜੋ ਕੀ ਕਿਸਾਨਾਂ ਦਾ ਵੱਡਾ ਹਮਦਰਦ ਹੋਣ ਦਾ ਦਾਅਵਾ ਕਰਦੀ ਹੈ ਤੇ ਹੁਣ ਇਸ ਨੂੰ ਸਿਆਸੀ ਮੁੱਦਾ ਬਣਾ ਕੇ ਸ਼੍ਰੋਮਣੀ ਅਕਾਲੀ ਦਲ ਤੇ ਹੋਰ ਪਾਰਟੀਆਂ ਦੇ ਆਗੂ ਇਸ ਤੇ ਸਿਆਸੀ ਰੋਟੀਆਂ ਸੇਕ ਰਹੇ ਹਨ ਆਪ ਨੇਤਾ ਇੰਦਰਜੀਤ ਸਿੰਘ ਜੁਗਨੂੰ ਨੇ ਕਿਹਾ ਕੀ ਪਹਿਲਾ ਛੋਟੇ ਪੱਧਰ 'ਤੇ ਲੈਂਡ ਪੂਲਿੰਗ ਕੀਤੀ ਜਾ ਜਾਂਦੀ ਸੀ ਹੁਣ ਵੱਡੇ ਪੱਧਰ 'ਤੇ ਸਰਕਾਰ ਵਲੋਂ ਇਸ ਪਾਲਿਸੀ ਨੂੰ ਲਾਗੂ ਕਰਨ ਦੀ ਤਿਆਰੀ ਕੀਤੀ ਜਾ ਰਹੀ ਹੈ ਤਾਂ ਜੋ ਕਿਸਾਨਾਂ ਲਈ ਕਈ ਗੁਣਾ ਵੱਧ ਆਮਦਨ ਦੇ ਨਵੇਂ ਰਸਤੇ ਖੁੱਲ੍ਹਣ ਤੇ ਉਨਾਂ ਨੂੰ ਰੀਅਲ ਸਟੇਟ ਵਿਚ ਸਿੱਧੀ ਭਾਗੀਦਾਰੀ ਮਿਲੇ ਉਨ੍ਹਾਂ ਕਿਹਾ ਭਗਵੰਤ ਸਿੰਘ ਮਾਨ ਮੁੱਖ ਮੰਤਰੀ ਦੀ ਅਗਵਾਈ ਵਾਲੀ ਸਰਕਾਰ ਵੱਲੋਂ ਪੰਜਾਬ ਦੇ ਲੋਕਾਂ ਤੇ ਕਿਸਾਨ ਭਰਾਵਾਂ ਦੇ ਚੰਗੇ ਭਵਿੱਖ ਲਈ ਲੋਕਾਂ ਦੇ ਪਿੰਡਾਂ ਤੋਂ ਸ਼ਹਿਰਾ ਵੱਲ ਜਾਣ ਦੇ ਰੁਝਾਨ ਨੌਜਵਾਨਾਂ ਦਾ ਆਪਣਾ ਨਿੱਜੀ ਘਰ ਖਰੀਦਣ ਦਾ ਸੁਪਨਾ ਲੋਕਾਂ ਨੂੰ ਚੰਗੀਆਂ ਸਹੂਲਤਾਂ ਦੇਣਾ ਇਹ ਸਾਰੀਆਂ ਗੱਲਾਂ 'ਤੇ ਗੌਰ ਕਰਕੇ ਵੱਡੇ ਪੱਧਰ 'ਤੇ ਲੋਕ ਰਾਏ ਲੈ ਕੇ ਹੀ ਇਸ ਪਾਲਸੀ ਨੂੰ ਵੱਡੇ ਪੈਮਾਨੇ 'ਤੇ ਤਿਆਰ ਕੀਤਾ ਜਾ ਰਿਹਾ ਹੈ ਆਪ ਨੇਤਾ ਇੰਦਰਜੀਤ ਜੁਗਨੂੰ ਨੇ ਦੱਸਿਆਂ ਕਿ ਮੌਜੂਦਾ ਸਰਕਾਰ ਵਲੋਂ ਲੈਂਡ ਪੂਲਿੰਗ ਪਾਲਿਸੀ ਅਧੀਨ ਕਿਸਾਨਾਂ ਨੂੰ ਦਿੱਤੇ ਜਾਣ ਵਾਲੇ ਲਾਭ 2013 ਦੀ ਅਕਾਲੀ ਦਲ ਦੀ ਸਰਕਾਰ ਨਾਲੋਂ ਕਈ ਗੁਣਾ ਵੱਧ ਹਨ।





# ਚਿੱਟੇ ਦੇ ਨਸ਼ੇ ਤੇ ਕਫਨ ਦੀ ਬੜੀ ਡੂੰਘੀ ਸਾਂਝ : ਦਿਆਲਪੁਰੀ

**ਕਰਤਾਰਪੁਰ (ਹਰਮੇਸ਼ ਦੱਤ)** ਡਾਇਰੈਕਟਰ ਯੁਵਕ ਸੇਵਾਵਾ ਪੰਜਾਬ ਦੀਆਂ ਹਦਾਇਤਾਂ ਅਨੁਸਾਰ ਡਿਪਟੀ ਕਮਿਸ਼ਨਰ ਕਪੂਰਥਲਾ ਦੀ ਯੋਗ ਅਗਵਾਈ ਵਿੱਚ ਯੁੱਧ ਨਸ਼ਿਆ ਵਿਰੁੱਧ ਮੁਹਿੰਮ ਤਹਿਤ ਯੁਵਕ ਸੇਵਾਵਾਂ ਵਿਭਾਗ ਕਪੂਰਥਲਾ ਵੱਲੋਂ ਯੂਥ ਕਲੱਬ ਪਿੰਡ ਬਜਾਜ (ਕਪੂਰਥਲਾ) ਵਿਖੇ ਇੱਕ ਨਸ਼ਾ ਵਿਰੋਧੀ ਜਾਗਰੂਕਤਾ ਪ੍ਰੋਗਰਾਮ ਕਰਵਾਇਆ ਗਿਆ ਜਿਸ ਵਿੱਚ ਲੋਕ ਗਾਇਕ ਦਲਵਿੰਦਰ ਦਿਆਲਪੁਰੀ ਨੇ ਆਪਣੇ ਨਸ਼ਾ ਵਿਰੋਧੀ ਗੀਤਾ ਨਾਲ ਆਏ ਹੋਏ ਨੌਜਵਾਨਾਂ ਨੂੰ ਨਸ਼ੇ ਦੇ ਖਿਲਾਫ ਪ੍ਰੇਰਿਤ ਕੀਤਾ।ਦਲਵਿੰਦਰ ਦਿਆਲਪੁਰੀ ਨੇ ਇਸ ਮੌਕੇ ਬੋਲਦਿਆਂ ਆਖਿਆ ਚਿੱਟਾ ਪੀਣ ਵਾਲੇ ਦੀ ਲਾਸ਼ ਉੱਪਰ ਜਲਦੀ ਚਿੱਟਾ ਕਫਨ ਪੈਂਦਾ ਹੈ। ਸਹਾਇਕ ਡਾਇਰੈਕਟਰ ਰਵੀ ਦਾਰਾ ਨੇ ਆਖਿਆ ਕਿ ਬੜੇ ਦੁੱਖ ਦੀ ਗੱਲ ਹੈ ਜਿਹੜੇ ਬੱਚੇ ਨਿੱਕੇ ਹੁੰਦਿਆ ਸਰਕਾਰੀ ਟੀਕਿਆਂ ਕੋਲੋਂ ਭੱਜਦੇ ਸਨ ਉਹ ਅੱਜ ਚਿੱਟੇ ਦੇ ਟੀਕੇ ਨਾਲ ਮਰ ਰਹੇ ਹਨ। ਉਨ੍ਹਾਂ ਨੌਜਵਾਨਾਂ ਨੂੰ ਆਖਿਆ ਕਿ ਆਪਣੇ ਪਿੰਡ ਨੂੰ ਨਸ਼ਾ ਮੁਕਤ ਕਰਨ ਲਈ ਸਾਨੂੰ ਇਕੱਠੇ ਹੋਣਾ ਚਾਹੀਦਾ।ਇਸ ਮੌਕੇ ਕਲੱਬ ਦੇ ਪ੍ਰਧਾਨ ਸ਼ਰਨ ਜੱਸਲ ਪਿੰਡ ਦੇ ਸਰਪੰਚ ਮਨਜੀਤ ਰਾਮ ਤੋਂ ਇਲਾਵਾ ਸਮੁੱਚੀ ਪੰਚਾਇਤ ਹਾਜ਼ਰ ਸੀ।ਪ੍ਰੋਗਰਾਮ ਦੇ ਅੰਤ ਵਿੱਚ ਸਹਾਇਕ ਡਾਇਰੈਕਟਰ ਯੁਵਕ ਸੇਵਾਵਾਂ ਵੱਲੋਂ ਭਾਗੀਦਾਰਾਂ ਨੂੰ ਸਰਟੀਫਿਕੇਟ ਅਤੇ ਮੋਮੈਂਟੋਂ ਵੀ ਵੰਡੇ ਗਏ।

# ਪੁਲਸ ਕਮਿਸ਼ਨਰ ਵੱਲੋਂ ਸੀਨੀਅਰ ਅਧਿਕਾਰੀਆਂ ਨਾਲ ਉੱਚ ਪੱਧਰੀ ਮੀਟਿੰਗ

**ਜਲੰਧਰ (ਇਕਬਾਲ ਸਿੰਘ ਉੱਭੀ, ਸੁਰਿੰਦਰ ਕੁਮਾਰ)** ਪੁਲਸ ਕਮਿਸ਼ਨਰ ਜਲੰਧਰ ਧਨਪ੍ਰੀਤ ਕੌਰ ਵੱਲੋਂ ਪੁਲਸ ਲਾਈਨਜ਼ ਜਲੰਧਰ ਵਿੱਚ ਇੱਕ ਵਿਸ਼ੇਸ਼ ਮੀਟਿੰਗ ਦੀ ਅਗਵਾਈ ਕੀਤੀ, ਜਿਸਦਾ ਉਦੇਸ਼ ਸ਼ਹਿਰ ਵਿੱਚ ਅਪਰਾਧ ਰੋਕਥਾਮ ਸੰਬੰਧੀ ਪਹਿਲਕਦਮੀਆਂ ਨੂੰ ਹੋਰ ਮਜ਼ਬੂਤ ਕਰਨਾ ਅਤੇ ਨਾਗਰਿਕਾਂ ਲਈ ਸੁਰੱਖਿਅਤ ਵਾਤਾਵਰਣ ਯਕੀਨੀ ਬਣਾਉਣਾ ਸੀ।ਇਸ ਮੀਟਿੰਗ ਵਿੱਚ ਜੁਆਇੰਟ ਪੁਲਸ ਕਮਿਸ਼ਨਰ, ਡੀ ਸੀ ਪੀ ਇਨਵੈਸਟੀਗੇਸ਼ਨ, ਏ.ਡੀ.ਸੀ.ਪੀ ਇਨਵੈਸਟੀਗੇਸ਼ਨ, ਏ.ਡੀ.ਸੀ.ਪੀ ਹੈੱਡਕੁਆਰਟਰਜ਼ ਅਤੇ ਸ਼ਹਿਰ ਦੇ ਸਾਰੇ ਏ.ਸੀ.ਪੀਜ਼, ਐਸ.ਐਚ.ਓਜ਼ ਅਤੇ ਯੂਨਿਟ ਇੰਚਾਰਜ ਵੀ ਮੌਜੂਦ ਸਨ।ਮੀਟਿੰਗ ਦੌਰਾਨ ਸਨੈਚਿੰਗ, ਡਕੈਤੀ ਅਤੇ ਹੋਰ ਗੰਭੀਰ ਘਟਨਾਵਾਂ ਖ਼ਿਲਾਫ਼ ਕੀਤੀਆਂ ਕਾਰਵਾਈਆਂ ਦੀ ਵਿਸਥਾਰਪੂਰਵਕ ਸਮੀਖਿਆ ਕੀਤੀ ਗਈ।ਲੰਬਿਤ ਮਾਮਲਿਆਂ ਦੀ ਤੇਜ਼ੀ ਨਾਲ ਜਾਂਚ 'ਤੇ ਚਾਰਜਸ਼ੀਟਾਂ ਦੀ ਸਮੇਂ-ਸਿਰ ਪੇਸ਼ੀ ਯਕੀਨੀ ਬਣਾਈ ਜਾਵੇਗੀ।ਮੀਟਿੰਗ ਵਿੱਚ ਫੈਸਲਾ ਕੀਤਾ ਗਿਆ ਕਿ ਚੋਰੀ, ਡਕੈਤੀ ਅਤੇ ਹੋਰ ਸੜਕ ਅਪਰਾਧਾਂ ਨੂੰ ਰੋਕਣ ਲਈ ਰਾਤ ਸਮੇਂ ਦੀ ਪੈਟਰੋਲਿੰਗ ਅਤੇ ਵਾਧੂ ਪੁਲਸ ਟੀਮਾਂ ਦੀ ਤਾਇਨਾਤੀ ਕੀਤੀ ਜਾਵੇਗੀ।ਸੰਵੇਦਨਸ਼ੀਲ ਇਲਾਕਿਆਂ ਵਿੱਚ ਪੁਲਸ ਮੌਜੂਦਗੀ ਵਧਾਈ ਜਾਵੇਗੀ।ਆਰਗੇਨਾਈਜ਼ਡ ਅਪਰਾਧ, ਨਸ਼ਾ ਤਸਕਰੀ ਅਤੇ ਆਦਤਨ ਅਪਰਾਧੀਆਂ ਖ਼ਿਲਾਫ਼ ਟਾਰਗੇਟਡ ਮੁਹਿੰਮਾਂ ਸ਼ੁਰੂ ਕੀਤੀਆਂ ਜਾਣਗੀਆਂ। ਸਕੂਲਾਂ, ਕਾਲਜਾਂ ਅਤੇ ਮਾਰਕੀਟਾਂ ਦੇ ਨੇੜੇ ਖਾਸ ਐਂਟੀ-ਹਰਾਸਮੈਂਟ ਟੀਮਾਂ ਤਾਇਨਾਤ ਕੀਤੀਆਂ ਜਾਣਗੀਆਂ।ਨਸ਼ੇ ਵਿੱਚ ਡਰਾਈਵਿੰਗ ਅਤੇ ਓਵਰ-ਸਪੀਡਿੰਗ ਖ਼ਿਲਾਫ਼ ਸਖ਼ਤ ਕਾਰਵਾਈ ਕੀਤੀ ਜਾਵੇਗੀ।ਦੁਰਘਟਨਾ-ਸੰਭਾਵਿਤ ਅਤੇ ਵੱਧ ਟਰੈਫਿਕ ਵਾਲੇ ਇਲਾਕਿਆਂ ਵਿੱਚ ਵਾਧੂ ਕਰਮਚਾਰੀ ਤਾਇਨਾਤ ਕੀਤੇ ਜਾਣਗੇ।112 (ਐਮਰਜੈਂਸੀ) ਅਤੇ 1091 (ਮਹਿਲਾ ਹੈਲਪਲਾਈਨ) ਵਰਗੀਆਂ ਹੈਲਪਲਾਈਨਾਂ ਬਾਰੇ ਜਨਤਕ ਜਾਗਰੂਕਤਾ ਵਧਾਈ ਜਾਵੇਗੀ। ਸਾਈਬਰ ਸੈੱਲ ਨੂੰ ਵਿੱਤੀ ਧੋਖਾਧੜੀ, ਪਛਾਣ ਚੋਰੀ ਅਤੇ ਆਨਲਾਈਨ ਹਰਾਸਮੈਂਟ ਨਾਲ ਨਜਿੱਠਣ ਲਈ ਵਿਸ਼ੇਸ਼ ਤੌਰ 'ਤੇ ਤਿਆਰ ਕੀਤਾ ਜਾਵੇਗਾ।ਪੁਲਸ ਕਮਿਸ਼ਨਰ ਨੇ ਕਿਹਾ ਕਿ ਜਲੰਧਰ ਦੇ ਹਰੇਕ ਨਾਗਰਿਕ ਦੀ ਸੁਰੱਖਿਆ ਕਮਿਸ਼ਨਰੇਟ ਪੁਲਸ ਦੀ ਤਰਜੀਹ ਹੈ।



# ਮੁਫ਼ਤ ਹੱਡੀਆਂ ਤੇ ਜੋੜਾਂ ਦਾ ਮੈਡੀਕਲ ਕੈਂਪ ਲਗਾਇਆ



**ਨਵਾਂਸ਼ਹਿਰ (ਕੁਲਵਿੰਦਰ ਸਿੰਘ ਦੁਰਗਾਪੁਰੀਆ)** ਸੰਧੂ ਹਸਪਤਾਲ ਵੱਲੋਂ ਪਿੰਡ ਪੁੰਨੂ ਮਜਾਰਾ ਵਿਖੇ ਸੰਧੂ ਹਸਪਤਾਲ, ਚੰਡੀਗੜ੍ਹ ਰੋਡ, ਨਵਾਂਸ਼ਹਿਰ ਵੱਲੋਂ ਪਿੰਡ ਪੁੰਨੂ ਮਜਾਰਾ ਵਿਖੇ ਮੁਫ਼ਤ ਹੱਡੀਆਂ ਅਤੇ ਜੋੜਾਂ ਦਾ ਕੈਂਪ ਲਗਾਇਆ ਗਿਆ।ਇਹ ਕੈਂਪ ਪਿੰਡਾਂ ਵਿਚ ਚੰਗੀ ਸਿਹਤ ਸੇਵਾ ਪਹੁੰਚਾਉਣ ਦੇ ਉਦੇਸ਼ ਨਾਲ ਆਯੋਜਿਤ ਕੀਤਾ ਗਿਆ।ਕੈਂਪ ਸੰਧੂ ਹਸਪਤਾਲ ਦੇ ਔਰਥੋਪੀਡਿਕ ਸਰਜਨ, ਡਾ. ਕਣਵ ਟੰਡਨ (ਐਮ ਐਸ ਔਰਥੋ) ਦੀ ਅਗਵਾਈ ਹੇਠ ਲਗਾਇਆ ਗਿਆ। ਕੈਂਪ ਦੌਰਾਨ 100 ਤੋਂ ਵੱਧ ਮਰੀਜ਼ਾਂ ਦਾ ਮੁਫ਼ਤ ਮੈਡੀਕਲ ਚੈਕਅੱਪ ਕੀਤਾ। ਸੰਧੂ ਹਸਪਤਾਲ ਦੇ ਸੰਚਾਲਕ ਡਾ. ਜੇ ਐਸ ਸੰਧੂ ਅਤੇ ਡਾ. ਗੁਰਜੀਤ ਕੌਰ ਸੰਧੂ ਨੇ ਕੈਂਪ ਵਿੱਚ ਮਿਲੀ ਭਰਪੂਰ ਹਾਜ਼ਰੀ ਤੇ ਸਮਰਥਨ ਲਈ ਸਾਰਿਆਂ ਦਾ ਧੰਨਵਾਦ ਕੀਤਾ ਅਤੇ ਦੱਸਿਆ ਕਿ ਆਉਣ ਵਾਲੇ ਸਮੇਂ ਵਿੱਚ ਸੰਧੂ ਹਸਪਤਾਲ ਵੱਲੋਂ ਅਜਿਹੇ ਸਮਾਜ ਸੇਵਾ ਦੇ ਹੋਰ ਵੀ ਉਪਰਾਲੇ ਕੀਤੇ ਜਾਣਗੇ।

# ਦਾਣਾ ਮੰਡੀ ਦੇ ਪੁਰਾਣੇ ਫਰਸ਼ ਨੂੰ ਤੋੜ ਕੇ ਨਵੇਂ ਸਿਰੇ ਤੋਂ ਬਣਾਉਣ ਦੀ ਸ਼ੁਰੂਆਤ



**ਫਿਲੌਰ (ਨਿਰਮਲ)**- ਹਲਕਾ ਵਿਧਾਨ ਸਭਾ ਫਿਲੌਰ ਆਪ ਪਾਰਟੀ ਦੇ ਇੰਚਾਰਜ ਪ੍ਰਿੰਸੀਪਲ ਪ੍ਰੇਮ ਕੁਮਾਰ ਵੱਲੋਂ ਫਿਲੌਰ ਸਭ ਡਿਵੀਜ਼ਨ ਦੀ ਸਭ ਤੋਂ ਪੁਰਾਣੀ ਦਾਣਾ ਮੰਡੀ ਲਸਾੜਾ ਵਿਖੇ 20 ਸਾਲ ਪਹਿਲਾਂ ਲਗਾਇਆ ਗਿਆ ਫਰਸ਼ ਜੋ ਕਿ ਬੁਰੀ ਤਰ੍ਹਾਂ ਟੁੱਟ ਚੁੱਕਾ ਸੀ ਕਿਸਾਨਾਂ 'ਤੇ ਆੜਤੀਆਂ ਨੂੰ ਭਾਰੀ ਮੁਸ਼ਕਲਾਂ ਪੇਸ਼ ਆ ਰਹੀਆਂ ਸਨ ਨੂੰ ਨਵੇਂ ਸਿਰਿਓਂ ਬਣਾਉਣ ਲਈ ਪੁਰਾਣੇ ਫਰਸ਼ ਨੂੰ ਪੁੱਟਣ ਦੀ ਸ਼ੁਰੂਆਤ ਆਪਣੇ ਕਰ ਕਮਲਾ ਨਾਲ ਕੀਤੀ ਦੱਸਿਆ ਕਿ ਇਸ ਫਰਸ਼ ਨੂੰ ਬਣਾਉਣ ਤੇ ਲਗਭਗ 80 ਲੱਖ ਰੁਪਏ ਦੀ ਲਾਗਤ ਆਵੇਗੀ ਕੰਮ ਸ਼ੁਰੂ ਕਰ ਦਿੱਤਾ ਗਿਆ ਹੈ ਛੇਤੀ ਹੀ ਨਵਾਂ ਫਰਸ ਲੱਗ ਜਾਵੇਗਾ।ਇਸ ਮੌਕੇ ਸਰਬ ਹਰਦੀਪ ਦੀਪਾ, ਅਮਰੀਕ ਸਿੰਘ, ਤਰਲੋਚਨ ਸਿੰਘ, ਯਾਦਵਿੰਦਰ ਸਿੰਘ, ਕਿਸ਼ਨ ਸਿੰਘ, ਪਰਮਜੀਤ, ਜਤਿੰਦਰ ਸਿੰਘ, ਮਨਜੀਤ ਸਿੰਘ ਸਰਪੰਚ, ਭੁਪਿੰਦਰ ਸਿੰਘ, ਜਗਜੀਤ ਸਿੰਘ ਅਤੇ ਹੋਰ ਹਾਜ਼ਰ ਸਨ।

# ਕੇਂਦਰ ਤੇ ਰਾਜ ਸਰਕਾਰ ਵਿਰੁੱਧ ਪੈਨਸ਼ਨ ਵਿਹੂਣੇ ਕਰਮਚਾਰੀਆਂ ਨੇ ਕੀਤਾ ਰੋਸ ਮਾਰਚ

**ਹੁਸ਼ਿਆਰਪੁਰ (ਬਲਵੀਰ ਸਿੰਘ ਸੈਣੀ)** ਐਨ ਪੀ ਐਸ ਤੋਂ ਪੀੜਤ ਕਰਮਚਾਰੀਆਂ ਲਈ ਪੁਰਾਣੀ ਪੈਨਸ਼ਨ ਬਹਾਲ ਕਰਵਾਉਣ ਲਈ ਸੰਘਰਸ਼ ਕਰ ਰਹੀਆਂ ਪੰਜਾਬ ਦੀਆਂ ਸਿਰਮੌਰ ਜੱਥੇਬੰਦੀਆਂ ਪੁਰਾਣੀ ਪੈਨਸ਼ਨ ਬਹਾਲੀ ਸੰਘਰਸ਼ ਕਮੇਟੀ ਅਤੇ ਸੀ ਪੀ ਐਫ ਯੂਨੀਅਨ ਪੰਜਾਬ ਵੱਲੋਂ ਸਾਂਝੇ ਤੌਰ 'ਤੇ ਸੂਬਾ ਕਨਵੀਨਰ ਜਸਵੀਰ ਤਲਵਾੜਾ ਅਤੇ ਜ਼ਿਲ੍ਹਾ ਕਨਵੀਨਰ ਸੰਜੀਵ ਧੂਤ ਦੀ ਅਗਵਾਈ ਵਿੱਚ ਪੰਜਾਬ ਸਰਕਾਰ ਅਤੇ ਕੇਂਦਰ ਦੀ ਮੋਦੀ ਹਕੂਮਤ ਵੱਲੋਂ ਪੁਰਾਣੀ ਪੈਨਸ਼ਨ ਬਹਾਲੀ ਵਿੱਚ ਕੀਤੀ ਜਾ ਬੇਲੋੜੀ ਦੇਰੀ ਦੇ ਰੋਸ ਕਾਰਨ ਪੰਜਾਬ ਸਰਕਾਰ ਅਤੇ ਕੇਂਦਰ ਸਰਕਾਰ ਖ਼ਿਲਾਫ਼ ਵਰ੍ਹਦੇ ਭਾਰੀ ਮੀਂਹ ਵਿੱਚ ਰੋਹ ਭਰਪੂਰ ਰੋਸ ਮਾਰਚ ਕੱਢਿਆ। ਆਗੂਆਂ ਨੇ ਪ੍ਰੈਸ ਨੂੰ ਜਾਣਕਾਰੀ ਦਿੰਦਿਆਂ ਕਿਹਾ ਕਿ ਨੈਸ਼ਨਲ ਮੂਵਮੈਂਟ ਫਾਰ ਓਲਡ ਪੈਨਸ਼ਨ ਸਕੀਮ ਵੱਲੋਂ ਦੇਸ਼ ਪੱਧਰ 'ਤੇ ਦਿੱਤੇ ਪ੍ਰੋਗਰਾਮ ਨੂੰ ਦੋਵੇਂ ਜੱਥੇਬੰਦੀਆਂ ਨੇ ਮਿਲ ਕੇ ਜ਼ਿਲ੍ਹਾ ਪੱਧਰੀ ਰੋਸ ਮਾਰਚ ਕੀਤਾ ਹੈ।ਨੈਸ਼ਨਲ ਮੂਵਮੈਂਟ ਫਾਰ ਓਲਡ ਪੈਨਸ਼ਨ ਦੇ ਦਿੱਤੇ ਪ੍ਰੋਗਰਾਮ ਦੀ ਲੜੀ ਤਹਿਤ ਦੇਸ਼ ਦੇ ਹਰ ਜ਼ਿਲ੍ਹਾ ਹੈੱਡ-ਕੁਆਰਟਰ ਤੇ ਪੁਰਾਣੀ ਪੈਨਸ਼ਨ ਸਕੀਮ ਦੀ ਬਹਾਲੀ ਐਨ ਪੀ ਐਸ ਅਤੇ ਯੂ ਪੀ ਐਸ ਦੀ ਵਿਰੋਧਤਾ ਅਤੇ ਨਿੱਜੀਕਰਨ ਦੇ ਵਿਰੁੱਧ ਇੱਕ ਦਿਨਾਂ ਰੋਸ ਮਾਰਚ ਕੱਢਿਆ ਗਿਆ।ਇਸ ਸੰਘਰਸ਼ ਨੂੰ ਅੱਗੇ ਤੋਰਦਿਆਂ 5 ਸਤੰਬਰ 2025 ਨੂੰ ਅਧਿਆਪਕ ਦਿਵਸ ਮੌਕੇ ਦੇਸ਼ ਦੇ ਹਰ ਜ਼ਿਲ੍ਹਾ ਹੈਡ ਕੁਆਰਟਰ ਤੇ ਇੱਕ ਦਿਨਾਂ ਭੁੱਖ-ਹੜਤਾਲ ਪੁਰਾਣੀ ਪੈਨਸ਼ਨ ਸਕੀਮ ਦੀ ਬਹਾਲੀ ਲਈ ਰੱਖੀ ਜਾਵੇਗੀ ਅਤੇ 1 ਅਕਤੂਬਰ 2025 ਨੂੰ ਸੋਸ਼ਲ ਮੀਡੀਆ ਤੇ ਪੁਰਾਣੀ ਪੈਨਸ਼ਨ ਸਕੀਮ ਦੀ ਬਹਾਲੀ ਲਈ ਮੁਹਿੰਮ ਚਲਾਈ ਜਾਵੇਗੀ।ਇਸੇ ਤਰ੍ਹਾਂ 25 ਨਵੰਬਰ 2025 ਨੂੰ ਦਿੱਲੀ ਵਿਖੇ ਪੁਰਾਣੀ ਪੈਨਸ਼ਨ ਸਕੀਮ ਦੀ ਬਹਾਲੀ ਐਨ ਪੀ ਐਸ ਅਤੇ ਯੂ ਪੀ ਐਸ ਵਿਰੋਧਤਾ ਅਤੇ ਨਿੱਜੀਕਰਨ ਦੇ ਵਿਰੁੱਧ ਕੌਮੀ ਪਧਰੀ ਰੈਲੀ ਕੀਤੀ ਜਾਵੇਗੀ ਜਿਸ ਵਿੱਚ ਦੇਸ਼ ਭਰ ਦੇ ਐਨ ਪੀ ਐਸ ਮੁਲਾਜ਼ਮ ਭਾਗ ਲੈਣਗੇ। ਜੱਥੇਬੰਦੀ ਦੇ ਜ਼ਿਲ੍ਹਾ ਜਨਰਲ ਸਕੱਤਰ ਤਿਲਕ ਰਾਜ ਨੇ ਕਿਹਾ ਕਿ ਜਿੱਥੇ ਪੰਜਾਬ ਸਰਕਾਰ ਨੋਟੀਫਿਕੇਸ਼ਨ ਕਰ ਪੁਰਾਣੀ ਪੈਨਸ਼ਨ ਬਹਾਲੀ ਤੋਂ ਭੱਜ ਰਹੀ ਹੈ ਉਥੇ ਹੀ ਕੇਂਦਰ ਸਰਕਾਰ ਤੇ ਛੱਤੀਸਗੜ੍ਹ ਦੀ ਭਾਜਪਾ ਨੇ ਰਾਜ ਵਿੱਚ ਓ ਪੀ ਐੱਸ ਨੂੰ ਰੱਦ ਕਰ ਮੁੜ ਯੂਪੀਐਸ ਲਾਗੂ ਕਰ ਐਨਪੀਐਸ ਕਰਮਚਾਰੀਆਂ ਦੇ ਜ਼ਖ਼ਮਾਂ ਤੇ ਲੂਣ ਛਿੜਕ ਰਹੀ ਹੈ। ਇਸ ਮੌਕੇ ਗੌਰਮਿੰਟ ਟੀਚਰਜ਼ ਯੂਨੀਅਨ ਦੇ ਜ਼ਿਲ੍ਹਾ ਪ੍ਰਧਾਨ ਪ੍ਰਿੰਸੀਪਲ ਅਮਨਦੀਪ ਸ਼ਰਮਾ ਅਤੇ ਮੀਤ ਪ੍ਰਧਾਨ ਲੈਕਚਰਾਰ ਅਮਰ ਸਿੰਘ ਨੇ ਵਿਸ਼ੇਸ਼ ਤੌਰ ਤੇ ਸ਼ਮੂਲੀਅਤ ਕੀਤੀ। ਇਸ ਅਵਸਰ ਤੇ ਹੋਰਨਾਂ ਤੋਂ ਇਲਾਵਾ ਵਰਿੰਦਰ ਵਿੱਕੀ, ਨਰੇਸ਼ ਮਿੱਡਾ, ਤੇਜ਼ ਰਾਮ, ਲੈਕਚਰਾਰ ਸੰਜੀਵ ਕਲਸੀ, ਪ੍ਰਿੰਸ ਗੜ੍ਹਦੀਵਾਲਾ, ਅਸ਼ੋਕ ਬੁੱਲੋਵਾਲ, ਜਸਵਿੰਦਰ ਕੁਮਾਰ, ਲੈਕਚਰਾਰ ਸੁਖਦੇਵ ਸਿੰਘ, ਸੁਰਜੀਤ ਰਾਜਾ, ਸੁਖਦੇਵ ਕਾਜਲ, ਰਜਤ ਮਹਾਜਨ, ਸਤੀਸ਼ ਮੁਕੇਰੀਆਂ, ਰਣਵੀਰ ਸਿੰਘ, ਹੈੱਡ ਮਾਸਟਰ ਅਮਨਦੀਪ, ਚਮਨ ਲਾਲ, ਪਰਮਜੀਤ ਕਾਤਿਬ, ਉਪਕਾਰ ਪੱਟੀ, ਰਾਜੇਸ਼ ਅਰੋੜਾ, ਸੁਭਾਸ਼ ਠਾਕੁਰ, ਨਰਿੰਦਰ ਅਜਨੋਹਾ, ਉਂਕਾਰ ਸਿੰਘ, ਗੁਰਬਚਨ ਸਿੰਘ, ਮਨਪ੍ਰੀਤ ਕੋਟਲਾ ਨੌਧ ਸਿੰਘ, ਦਵਿੰਦਰ ਹੁਸ਼ਿਆਰਪੁਰੀ, ਸੁਰਿੰਦਰਪਾਲ, ਨੀਰਜ ਕੁਮਾਰ, ਜਸਵੀਰ ਬੋਦਲ, ਤਰਸੇਮ ਲਾਲ, ਹਰਬਿਲਾਸ, ਚਰਨਜੀਤ ਧਰਮਕੋਟ, ਨਵਜੋਤ ਸਿੰਘ ਭੁੰਗਾ, ਜੀਵਨ ਲਾਲ ਵਿਰਦੀ, ਪਵਨਵੀਰ ਪੱਟੀ, ਉਮੇਸ਼ ਦਸੂਹਾ, ਸੁਰਿੰਦਰ ਕਲਸੀ ਹਾਜ਼ਰ ਸਨ।



# 'ਇੱਕ ਸ਼ਾਮ, ਰਫੀ ਦੇ ਨਾਮ' ਸਮਾਗਮ

**ਫਗਵਾੜਾ (ਡਾ. ਰਮਨ)** ਗਾਇਕ ਮੁਹੰਮਦ ਰਫੀ ਦੀ 45ਵੀਂ ਬਰਸੀ ਮੌਕੇ ਉਹਨਾਂ ਦੇ ਪ੍ਰਸ਼ੰਸਕਾਂ ਵੱਲੋਂ ਹਰ ਸਾਲ ਦੀ ਤਰ੍ਹਾਂ ਗੁਰੂ ਹਰਗੋਬਿੰਦ ਨਗਰ ਸਥਿਤ ਬਲੱਡ ਬੈਂਕ ਵਿਖੇ 'ਇੱਕ ਸ਼ਾਮ ਰਫੀ ਦੇ ਨਾਮ' ਸਮਾਗਮ ਦਾ ਆਯੋਜਨ ਬਲੱਡ ਬੈਂਕ ਦੇ ਪ੍ਰਧਾਨ ਮਲਕੀਅਤ ਸਿੰਘ ਰਘਬੋਤਰਾ ਦੀ ਦੇਖਰੇਖ ਹੇਠ ਕੀਤਾ ਗਿਆ।ਪ੍ਰੋਗਰਾਮ ਦੀ ਸ਼ੁਰੂਆਤ ਬਤੌਰ ਮੁੱਖ ਮਹਿਮਾਨ ਪਹੁੰਚੇ ਗਾਇਕ ਵਿਜੇ ਸ਼ਰਮਾ, ਸਿਟੀ ਕੇਬਲ ਦੇ ਡਾਇਰੈਕਟਰ ਐਚ ਐਸ ਬਸਰਾ ਅਤੇ ਫਿਲਮ ਡਾਇਰੈਕਟਰ ਪ੍ਰਦੀਪ ਧੀਮਾਨ ਨੇ ਸ਼ਮਾਂ ਰੌਸ਼ਨ ਕਰਕੇ ਕੀਤਾ। ਮਲਕੀਅਤ ਸਿੰਘ ਰਘਬੋਤਰਾ ਨੇ ਅਜੋਕੀ ਪੀੜ੍ਹੀ ਨੂੰ ਮੁਹੰਮਦ ਰਫੀ ਦੇ ਜੀਵਨ ਬਾਰੇ ਚਾਨਣਾ ਪਾਇਆ। ਪ੍ਰੋਗਰਾਮ ਦੌਰਾਨ ਸੰਗੀਤ ਪ੍ਰੇਮੀਆਂ ਨੇ ਰਫੀ ਦੇ ਗੀਤਾਂ ਨੂੰ ਬੜੇ ਚਾਵਾਂ ਨਾਲ ਗਾਇਆ ਅਤੇ ਸੁਣਿਆ।ਉਪਰੰਤ ਗਾਇਕ ਦੇਵੀ ਦਾਸ, ਗਾਇਕਾ ਮੀਨੂ ਅਟਵਾਲ ਤੋਂ ਇਲਾਵਾ ਰਫੀ ਦੇ ਪ੍ਰਸ਼ੰਸਕਾਂ ਜਤਿੰਦਰ ਗੁਪਤਾ, ਹਰਚਰਨ ਭਾਰਤੀ, ਪਿਤਾ-ਪੁੱਤਰ ਰਾਜਕੁਮਾਰ ਸੋਨੀ ਤੇ ਅਭਿਸ਼ੇਕ ਸੋਨੀ, ਜਗਜੀਤ ਸਿੰਘ, ਦਿਨੇਸ਼ ਜੈਨ, ਅਸ਼ੋਕ ਸ਼ਰਮਾ, ਵਿਨੋਦ ਚਾਵਲਾ, ਇੰਦਰਜੀਤ ਅਤੇ ਮਨੋਜ ਨੇ ਰਫੀ ਦੇ ਕਈ ਮਸ਼ਹੂਰ ਸੋਲੋ ਤੇ ਦੋਗਾਣੇ ਗਾ ਕੇ ਖੂਬ ਵਾਹਵਾਹੀ ਖੱਟੀ। ਐਨ.ਆਰ.ਆਈ. ਨੀਲਮ ਹਾਂਡਾ ਨੇ ਰਫੀ ਦੇ ਨਾਲ ਆਪਣੇ ਬੇਟੇ ਦੀਆਂ ਯਾਦਾਂ ਨੂੰ ਤਾਜਾ ਕੀਤਾ। ਇਸ ਦੌਰਾਨ ਸ਼ਹੀਦ ਊਧਮ ਸਿੰਘ ਦੀ ਸ਼ਹਾਦਤ ਨੂੰ ਯਾਦ ਕਰਦਿਆਂ ਰਫੀ ਦੇ ਨਾਲ ਹੀ ਉਹਨਾਂ ਦੇ ਗੀਤ 'ਕਰ ਚਲੇ ਹਮ ਫਿਦਾ, ਜਾਨੋ ਤਨ ਸਾਥੀਓ', ਅਬ ਤੁਮਹਾਰੇ ਹਵਾਲੇ ਵਤਨ ਸਾਥੀਓ' ਰਾਹੀਂ ਸ਼ਹੀਦ ਨੂੰ ਨਿੱਘੀ ਸ਼ਰਧਾਂਜਲੀ ਦਿੱਤੀ ਗਈ। ਇਸ ਮੌਕੇ ਡਾ. ਅਸ਼ੋਕ ਗੁੰਬਰ, ਚਾਰੂਦਤ ਸੁਧੀਰ, ਰਾਜੇਸ਼ ਅਧਿਆਏ, ਭਿੰਡਰ ਸ਼ਾਹ, ਬ੍ਰਿਜ ਭੂਸ਼ਨ, ਐਸ.ਸੀ. ਚਾਵਲਾ, ਰਾਮ ਲੁਭਾਇਆ, ਡਾ. ਇੰਦਰਜੀਤ ਪਾਲ, ਡਾ. ਪ੍ਰਸ਼ਾਂਤ, ਗਜਾਨੰਦ ਅੱਗਰਵਾਲ, ਸੁਧੀਰ ਸ਼ਰਮਾ, ਵਿਨੋਦ ਮੜੀਆ, ਵਿਸ਼ਵਾ ਮਿੱਤਰ ਸ਼ਰਮਾ, ਸੰਜੀਵ ਹਾਂਡਾ, ਰੂਪ ਲਾਲ, ਮੋਹਨ ਲਾਲ ਤਨੇਜਾ, ਸੁਮਨ ਸ਼ਰਮਾ, ਸਾਉਦੀ ਸਿੰਘ, ਹਰਤੇਜ ਬੈਂਸ ਆਦਿ ਹਾਜ਼ਰ ਸਨ।



# 'ਇੱਕ ਰੁੱਖ ਮਾਂ ਦੇ ਨਾਂਅ' ਭਾਸ਼ਣ ਪ੍ਰਤੀਯੋਗਤਾ

**ਚੱਬੇਵਾਲ, ਹੁਸ਼ਿਆਰਪੁਰ (ਬਲਵੀਰ ਸਿੰਘ ਸੈਣੀ, ਓਮ ਪ੍ਰਕਾਸ਼ ਰਾਣਾ)** ਇੱਥੇ ਮਾਈ ਭਾਰਤ ਹੁਸ਼ਿਆਰਪੁਰ ਦੇ ਅਭਿਆਨ 'ਇਕ ਰੁੱਖ ਮਾਂ ਦੇ ਨਾਂਅ' ਦੇ ਤਹਿਤ ਸ਼੍ਰੀ ਗੁਰੂ ਹਰਿ ਰਾਇ ਸਾਹਿਬ ਕਾਲਜ ਫਾਰ ਵੂਮੈਨ ਚੱਬੇਵਾਲ ਵਿਖੇ ਸਤਿ ਸ਼੍ਰੀ ਅਕਾਲ ਦੁਆਬਾ ਦੇ ਪ੍ਰਧਾਨ ਰਮੇਸ਼ ਕੁਮਾਰ ਦੀ ਪ੍ਰਧਾਨਗੀ ਹੇਠ ਭਾਸ਼ਣ ਪ੍ਰਤੀਯੋਗਤਾ ਅਤੇ ਬਹੁਰੰਗ ਕਲਾਮੰਚ ਹੁਸ਼ਿਆਰਪੁਰ ਵੱਲੋਂ ਰੁੱਖ ਲਗਾਉਣ ਉਪਰ ਇੱਕ ਸਮਾਗਮ ਕੀਤਾ ਗਿਆ ਜਿਸ ਵਿੱਚ ਪ੍ਰਿੰਸੀਪਲ ਡਾ. ਮਨਜੀਤ ਕੌਰ, ਫਿਲਮ ਨਿਰਦੇਸ਼ਕ ਅਸ਼ੋਕ ਪੁਰੀ ਅਤੇ ਵਣ ਰੇਂਜ ਦਫਤਰ ਦੇ ਪ੍ਰਤੀਨਿਧਾਂ ਨੇ ਵਿਸ਼ੇਸ਼ ਤੌਰ 'ਤੇ ਭਾਗ ਲਿਆ। 'ਇਕ ਰੁੱਖ ਮਾਂ ਦੇ ਨਾਂਅ ਭਾਸ਼ਣ ਪ੍ਰਤੀਯੋਗਤਾ ਦਾ ਮੰਚ ਸੰਚਾਲਨ ਪ੍ਰੋ. ਸ਼੍ਰੀਮਤੀ ਨੀਲਮ ਸ਼ਰਮਾ ਨੇ ਕੀਤਾ। ਕਾਲਜ ਦੀ ਪ੍ਰਿੰਸੀਪਲ ਡਾ.ਮਨਜੀਤ ਕੌਰ ਨੇ ਵਣ ਰੇਂਜ ਦਫਤਰ ਅਤੇ ਮਾਈ ਭਾਰਤ ਹੁਸ਼ਿਆਰਪੁਰ ਦੀ ਟੀਮ ਨੂੰ ਜੀ ਆਇਆਂ ਕਹਿਣ ਉਪਰੰਤ ਬੱਚਿਆਂ ਵਿੱਚ ਰੁੱਖ ਲਗਾਉਣ ਦੀ ਪ੍ਰਵਿਰਤੀ ਨੂੰ ਜਾਗਰੂਕ ਕਰਨ ਲਈ ਉਨ੍ਹਾਂ ਦੇ ਕਾਲਜ ਦੀ ਚੋਣ ਕਰਨ ਲਈ ਧੰਨਵਾਦ ਕੀਤਾ। ਭਾਸ਼ਣ ਪ੍ਰਤੀਯੋਗਤਾ ਵਿੱਚ ਬੀ.ਏ. ਦੇ ਪੰਜਵੇਂ ਸਮੈਸਟਰ ਦੀ ਵਿਦਿਆਰਥਣ ਹਰਮਨਪ੍ਰੀਤ ਕੌਰ ਪਹਿਲੀ ਨੰਬਰ ਤੇ ਅਤੇ ਇਸੇ ਕਲਾਸ ਦੀ ਮਨੀਸ਼ਾ ਦੂਸਰੇ ਨੰਬਰ 'ਤੇ ਆਈਆਂ। ਬੀ.ਕਾਮ ਦੇ ਤੀਸਰੇ ਸਮੈਸਟਰ ਦੀ ਹਰਲੀਨ ਤੀਸਰੇ ਨੰਬਰ 'ਤੇ ਰਹੀ।ਇਸ ਮੌਕੇ ਰੰਗਕਰਮੀ ਅਸ਼ੋਕ ਪੁਰੀ ਨੇ 'ਇਕ ਰੁੱਖ ਮਾਂ ਦੇ ਨਾਂਅ' ਉਪਰ ਖੁੱਲੀ ਰਚਨਾ 'ਮਾਂ ਬਿਮਾਰ ਹੈ' ਨਾਲ ਸਾਰੇ ਅਧਿਆਪਕਾਂ ਅਤੇ ਵਿਦਿਆਰਥੀਆਂ ਨੂੰ ਭਾਵੁਕ ਕੀਤਾ। ਭਾਸ਼ਣ ਪ੍ਰਤੀਯੋਗਤਾ ਦੇ ਮੁਕਾਬਲੇ ਦੀ ਜੱਜ ਦੀ ਭੂਮਿਕਾ ਪ੍ਰੋ. ਹਰਿੰਦਰ ਕੌਰ ਅਤੇ ਪ੍ਰੋ. ਮਨਦੀਪ ਕੌਰ ਨੇ ਨਿਭਾਈ।ਇਸ ਮੌਕੇ ਸਤਿ ਸ਼੍ਰੀ ਅਕਾਲ ਦੁਆਬਾ ਦੇ ਪ੍ਰਧਾਨ ਰਮੇਸ਼ ਕੁਮਾਰ ਨੇ ਕਾਲਜ ਦੇ ਸਟਾਫ ਅਤੇ ਵਿਦਿਆਰਥੀਆਂ ਦਾ ਧੰਨਵਾਦ ਕਰਦੇ ਹੋਏ ਆਪਣੇ ਵਿਚਾਰ ਪੇਸ਼ ਕੀਤੇ। ਇਸ ਉਪਰੰਤ ਮੁਕਾਬਲੇ ਵਿਚ ਪਹਿਲੇ, ਦੂਜੇ ਅਤੇ ਤੀਸਰੇ ਸਥਾਨ 'ਤੇ ਆਉਣ ਵਾਲੀਆ ਵਿਦਿਆਰਥਣਾਂ ਨੂੰ ਟਰਾਫੀ ਦੇ ਕੇ ਸਨਮਾਨਤ ਕੀਤਾ ਗਿਆ।ਇਸ ਉਪਰੰਤ ਬਹੁਰੰਗ ਕਲਾਮੰਚ ਵਲੋਂ ਚਲਾਈ ਜਾ ਰਹੀ ਇਸ ਮੁਹਿੰਮ ਵਿੱਚ ਆਪਣਾ ਯੋਗਦਾਨ ਪਾਉਂਦੇ ਹੋਏ ਕਾਲਜ ਦੇ ਵਿਹੜੇ ਵਿੱਚ ਬਾਟਲ ਬਰੁਸ਼, ਟਾਹਲੀ, ਨਿੰਮ ਅਤੇ ਹੋਰ ਰੁੱਖ ਲਗਾਏ ਗਏ।ਇਸ ਉਪਰੰਤ ਬਹੁਰੰਗ ਕਲਾਮੰਚ ਹੁਸ਼ਿਆਰਪੁਰ ਵੱਲੋਂ ਪ੍ਰਿੰਸੀਪਲ ਡਾ. ਮਨਜੀਤ ਕੌਰ ਨੂੰ ਦੋਸ਼ਾਲਾ ਦੇ ਕੇ ਸਨਮਾਨਤ ਕੀਤਾ ਗਿਆ।




# ਗਲੋਬਲ ਵਿਜ਼ਡਮ ਇੰਟਰਨੈਸ਼ਨਲ ਸਕੂਲ ਜ਼ੋਨਲ ਸਪੋਰਟਸ ਟੂਰਨਾਮੈਂਟ 'ਚ ਚਮਕਿਆ



**ਡੇਰਾ ਬੱਸੀ (ਵਿਨੈ ਕੁਮਾਰ ਜੈਨ)** ਗਲੋਬਲ ਵਿਜ਼ਡਮ ਇੰਟਰਨੈਸ਼ਨਲ ਸਕੂਲ ਨੇ ਹਾਲ ਹੀ ਵਿੱਚ ਹੋਏ ਜ਼ੋਨਲ ਸਪੋਰਟਸ ਟੂਰਨਾਮੈਂਟ ਵਿੱਚ ਸ਼ਾਨਦਾਰ ਪ੍ਰਦਰਸ਼ਨ ਕਰਕੇ ਸੰਸਥਾ ਦਾ ਨਾਮ ਰੌਸ਼ਨ ਕੀਤਾ।ਅੰਡਰ-17 ਲੜਕਿਆਂ ਦੀ ਕ੍ਰਿਕਟ ਟੀਮ ਨੇ ਮੈਦਾਨ ਵਿੱਚ ਬੇਮਿਸਾਲ ਹੁਨਰ ਅਤੇ ਟੀਮ ਵਰਕ ਦਾ ਪ੍ਰਦਰਸ਼ਨ ਕਰਦੇ ਹੋਏ ਦੂਜਾ ਸਥਾਨ ਪ੍ਰਾਪਤ ਕੀਤਾ।ਸਕੂਲ ਦੀਆਂ ਪ੍ਰਾਪਤੀਆਂ ਵਿੱਚ ਵਾਧਾ ਕਰਦੇ ਹੋਏ, ਅੰਡਰ-14 ਲੜਕਿਆਂ ਅਤੇ ਲੜਕੀਆਂ ਦੀਆਂ ਬਾਸਕਟਬਾਲ ਟੀਮਾਂ ਨੇ ਜ਼ੋਨਲ ਰਾਊਂਡਾਂ ਦੌਰਾਨ ਸ਼ਾਨਦਾਰ ਪ੍ਰਤਿਭਾ ਅਤੇ ਦ੍ਰਿੜਤਾ ਦਾ ਪ੍ਰਦਰਸ਼ਨ ਕਰਨ ਤੋਂ ਬਾਅਦ ਜ਼ਿਲ੍ਹਾ ਪੱਧਰ ਲਈ ਕੁਆਲੀਫਾਈ ਕੀਤਾ।ਅੰਡਰ-17 ਲੜਕਿਆਂ ਦੀ ਬਾਸਕਟਬਾਲ ਟੀਮ ਨੇ ਤੀਜਾ ਸਥਾਨ ਪ੍ਰਾਪਤ ਕਰਕੇ ਸਕੂਲ ਦਾ ਮਾਣ ਵਧਾਇਆ ਅਤੇ ਖੇਡ ਭਾਵਨਾ ਨੂੰ ਉਜਾਗਰ ਕੀਤਾ।ਸਕੂਲ ਦੇ ਪ੍ਰਿੰਸੀਪਲ, ਡਾ. ਬਸੁੰਧਰਾ, ਨੇ ਸਾਰੇ ਭਾਗੀਦਾਰਾਂ ਨੂੰ ਉਨ੍ਹਾਂ ਦੇ ਸਮਰਪਣ ਅਤੇ ਪ੍ਰਦਰਸ਼ਨ ਲਈ ਵਧਾਈ ਦਿੱਤੀ, ਜਦੋਂ ਕਿ ਚੇਅਰਮੈਨ, ਗੁਰਦੀਪ ਸਿੰਘ ਚਹਿਲ, ਨੇ ਕੋਚਿੰਗ ਸਟਾਫ ਅਤੇ ਵਿਦਿਆਰਥੀਆਂ ਦੇ ਯਤਨਾਂ ਦੀ ਸ਼ਲਾਘਾ ਕੀਤੀ, ਖੇਡਾਂ ਰਾਹੀਂ ਸੰਪੂਰਨ ਵਿਕਾਸ ਲਈ ਸਕੂਲ ਦੀ ਵਚਨਬੱਧਤਾ 'ਤੇ ਜ਼ੋਰ ਦਿੱਤਾ।ਪੂਰੇ ਸਕੂਲ ਭਾਈਚਾਰੇ ਨੇ ਮਾਣ ਅਤੇ ਉਤਸ਼ਾਹ ਨਾਲ ਪ੍ਰਾਪਤੀਆਂ ਦਾ ਜਸ਼ਨ ਮਨਾਇਆ।

# ਪੇਂਡੂ ਮਜ਼ਦੂਰ ਯੂਨੀਅਨ ਵੱਲੋਂ ਪਰਚਾ ਰੱਦ ਕਰਨ ਦੀ ਮੰਗ

**ਨੂਰਮਹਿਲ, ਸੁਲਤਾਨਪੁਰ ਲੋਧੀ (ਬਾਲ ਕ੍ਰਿਸ਼ਨ ਬਾਲੀ, ਬਲਵੀਰ ਸ਼ਾਲ੍ਹਪੁਰੀ)**- ਪੇਂਡੂ ਮਜ਼ਦੂਰ ਯੂਨੀਅਨ ਦੇ ਆਗੂ ਗੁਰਚਰਨ ਅਟਵਾਲ, ਨੌਜਵਾਨ ਆਗੂ ਸੋਨੂ ਨੇ ਪ੍ਰੈੱਸ ਦੇ ਨਾ ਬਿਆਨ ਜਾਰੀ ਕਰਦਿਆਂ ਦੱਸਿਆ ਕਿ 2 ਅਗਸਤ ਨੂੰ ਮਜ਼ਦੂਰ ਕਿਸਾਨ ਜਥੇਬੰਦੀਆਂ ਦੀਆਂ ਇੱਕ ਸਾਂਝਾ ਵਫਦ ਜਲੰਧਰ ਐੱਸ.ਐੱਸ.ਪੀ ਦਿਹਾਤੀ ਨੂੰ ਮਿਲਿਆ ਅਤੇ ਇੱਕ ਮੰਗ ਪੱਤਰ ਵੀ ਦਿੱਤਾ ਗਿਆ। ਮੰਗ ਪੱਤਰ ਵਿੱਚ ਮੰਗ ਕੀਤੀ ਗਈ ਕਿ ਲੋਹੀਆਂ ਖਾਸ ਪੁਲਸ ਵੱਲੋਂ ਇੱਕ ਐਫ ਆਈ ਆਰ 0096/25 ਦਰਜ ਕੀਤੀ ਗਈ। ਇਹ ਐਫ ਆਈ ਆਰ 15 ਧਰਨਾਕਾਰੀਆਂ ਤੇ ਬਾਈ ਨੇਮ ਅਤੇ ਬਾਕੀ 100/150 ਅਣਪਛਾਤਿਆਂ ਤੇ ਕੀਤੀ ਗਈ ਹੈ। ਵਰਨਣਯੋਗ ਹੈ ਕਿ ਲੋਹੀਆਂ ਪੁਲਿਸ ਦਾ ਗਿੱਦੜ ਪਿੰਡੀ ਰੋਡ ਤੇ ਪੱਕਾ ਨਾਕਾ ਲੱਗਾ ਹੋਇਆ ਹੈ। ਜੋ ਫੋਰਵੀਲਰ ਗੱਡੀਆਂ ਦੇ ਚਾਲਕ ਹਨ, ਉਨਾਂ ਦਾ ਲੋਹੀਆਂ ਪੁਲਸ ਤੇ ਦੋਸ਼ ਹੈ ਕਿ ਪੁਲੀਸ ਸਾਨੂੰ ਤੰਗ ਪਰੇਸ਼ਾਨ ਕਰਦੀ ਹੈ, ਸਾਡੇ ਪਾਸੋਂ ਪੈਸੇ ਮੰਗੇ ਜਾਂਦੇ ਹਨ। ਇਸ ਸਬੰਧੀ ਅਧਿਕਾਰੀਆਂ ਨੂੰ ਦੱਸਣ ਦੀ ਕੋਸ਼ਿਸ਼ ਵੀ ਕੀਤੀ, ਪਰ ਸਾਡੀ ਸੁਣੀ ਨਹੀ ਗਈ। ਇਸ ਤੋ ਪਹਿਲਾਂ ਗੁੱਸੇ ਵਿੱਚ ਪੁਲਸ ਮੁਲਾਜਮ ਨੇ ਇੱਕ ਵਰਕਰ ਦੇ ਸਿਰ ਵਿੱਚ ਗੰਨ ਦਾ ਬੱਟ ਮਾਰਿਆ। ਮਜਦੂਰ ਨੇ ਪੁਲਸ ਤੋ ਡਰਦੇ ਨੇ ਐੱਮ.ਐੱਲ.ਆਰ ਨਹੀਂ ਕਟਵਾਈ। ਮਿੱਤੀ 19-7-25 ਨੂੰ ਕਿ ਇਸ ਰੋਸ ਵਜੋ ਪੁਲਿਸ ਦੀਆਂ ਵਧੀਕੀਆਂ ਦੇ ਖਿਲਾਫ ਗਿੱਦੜਪਿੰਡੀ ਰੋਡ ਤੇ ਧਰਨਾ ਪ੍ਰਦਰਸ਼ਨ ਕੀਤਾ ਗਿਆ। ਤੁਰੰਤ ਹੀ ਐੱਸ.ਐੱਚ.ਓ ਲਾਭ ਸਿੰਘ ਮੌਕੇ ਤੇ ਪਹੁੰਚੇ ਅਤੇ ਵਿਸ਼ਵਾਸ ਦੁਆ ਕੇ ਧਰਨਾ ਸਮਾਪਤ ਕਰਵਾ ਦਿੱਤਾ। ਅਸੀਂ ਸਮਝਦੇ ਹਾਂ ਕਿ ਪੁਲਿਸ ਨੇ ਪਰਚਾ ਕਰਕੇ ਸਾਡੇ ਨਾਲ ਨਾ ਇੰਨਸਾਫੀ ਕੀਤੀ ਹੈ ਸੋ ਅਸੀਂ ਸਮੂਹ ਜਥੇਬੰਦੀਆਂ ਵੱਲੋ ਪਰਚਾ ਰੱਦ ਕਰਨ ਦੀ ਮੰਗ ਕਰਦੇ ਹਾਂ। ਵਫਦ ਵਿੱਚ ਯੂਨਾਈਟਡ ਟਰੇਡ ਯੂਨੀਅਨ, ਪੇਂਡੂ ਮਜਦੂਰ ਯੂਨੀਅਨ, ਕਿਰਤੀ ਕਿਸਾਨ ਯੂਨੀਅਨ, ਕੁਲ ਹਿੰਦ ਖੇਤ ਮਜਦੂਰ ਯੂਨੀਅਨ, ਦਿਹਾਤੀ ਮਜਦੂਰ ਸਭਾ, ਨੌਜਵਾਨ ਭਾਰਤ ਸਭਾ ਆਦਿ ਦੇ ਆਗੂ ਸ਼ਾਮਿਲ ਹੋਏ।



## ਜਨਮ ਦਿਨ ਮੁਬਾਰਕ



ਸਨੇਹਦੀਪ ਕੌਰ
ਪਿਤਾ : ਕਮਲਦੀਪ ਸਿੰਘ
ਮਾਤਾ : ਅਮਨਦੀਪ ਕੌਰ
ਵਾਸੀ : ਗੁਰਦਾਸਪੁਰ